# ਭੁੱਲ ਦਾ ਭਾਗ



ਸੋਹਨ ਸਿੰਘ ਸੀਤਲ

WWW.SIKHBOOKCLUB.COM

# ਮੁੱਲ ਦਾ ਮਾਸ

(ਨਾਵਲ)

ਸੋਹਣ ਸਿੰਘ ਸੀਤਲ

SIKHBOOKCLUB.COM

ESTD. 1940

ਲਾਹੌਰ ਬੁੱਕ ਸ਼ਾਪ

2-ਲਾਜਪਤ ਰਾਏ ਮਾਰਕਿਟ, ਲੁਧਿਆਣਾ

**MULL DA MAAS** (*Novel*)
*by*
***Sohan Singh Seetal***

ਲਾਹੌਰ ਬੁੱਕ ਸ਼ਾਪ ਵੱਲੋਂ ਪਹਿਲੀ ਵਾਰ : 2007

SIKHBOOKCLUB.COM

*ਮੁੱਲ* : *100/- ਰੁਪਏ*

*ਪ੍ਰਕਾਸ਼ਕ* : *ਤੇਜਿੰਦਰ ਬੀਰ ਸਿੰਘ*
*ਲਾਹੌਰ ਬੁੱਕ ਸ਼ਾਪ, 2-ਲਾਜਪਤ ਰਾਏ ਮਾਰਕਿਟ,*
*ਨੇੜੇ ਸੁਸਾਇਟੀ ਸਿਨੇਮਾ, ਲੁਧਿਆਣਾ ।*

Ph. : 2740738, 6540738

E-Mail:-lahorebookshop40@Rediffmail.com

Printed in India

*ਲੇਜ਼ਰ ਸੈਟਿੰਗ* : *ਲਿਟਲ ਗ੍ਰਾਫ਼ਿਕਸ, ਜਲੰਧਰ।*

*ਛਾਪਕ* : *ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ।*

# ਮੁੱਢਲੀ ਬੇਨਤੀ

ਇਕ ਓਪਰੀ ਕਹਾਣੀ ਸੁਨਾਉਣ ਤੋਂ ਪਹਿਲਾਂ, ਥੋੜ੍ਹਾ ਜਿਹਾ ਮੈਂ ਆਪਣੇ ਬਾਰੇ ਦੱਸ ਲਵਾਂ, ਤਾਂ ਇਹ ਕੁਵੇਲੇ ਦਾ ਰਾਗ ਨਹੀਂ ਭਾਸੇਗਾ। ਮੈਂ ੧੧-੧੨ ਸਾਲ ਦੀ ਉਮਰ* ਵਿਚ ਪੰਜਾਬੀ ਕਵਿਤਾ ਲਿਖਣੀ ਆਰੰਭੀ। ਸੰਨ ੧੯੨੪ ਈ. ਤੋਂ ਮੇਰੀਆਂ ਕਵਿਤਾਵਾਂ ਪੰਜਾਬੀ ਰਸਾਲਿਆਂ ਤੇ ਅਖ਼ਬਾਰਾਂ ਵਿਚ ਛਪਣੀਆਂ ਸ਼ੁਰੂ ਹੋਈਆਂ। ੧੯੩੦ ਈ. ਵਿਚ ਮੈਂ ਪੜ੍ਹਾਈ ਛੱਡ ਕੇ ਵਾਹੀ ਦੇ ਕੰਮ ਵਿਚ ਲੱਗ ਗਿਆ; ਪਰ ਮੇਰਾ ਲਿਖਣ ਪੜ੍ਹਨ ਦਾ ਸ਼ੌਕ ਓਵੇਂ ਹੀ ਰਿਹਾ। ਉਸ ਤੋਂ ਪਿੱਛੋਂ ਮੈਂ ਨਾਟਕ ਤੇ ਛੋਟੀ ਕਹਾਣੀ ਲਿਖਣ ਲੱਗ ਪਿਆ। ੧੯੩੨-੩੩ ਵਿਚ ਮੇਰੀਆਂ ਕਈ ਕਹਾਣੀਆਂ ਪੰਜਾਬੀ ਰਸਾਲਿਆਂ ਵਿਚ ਛਪਦੀਆਂ ਰਹੀਆਂ।

੧੯੩੫ ਈ. ਤੋਂ ਮੇਰੇ ਜੀਵਨ ਦਾ ਨਵਾਂ ਦੌਰ ਸ਼ੁਰੂ ਹੋਇਆ। ਮੈਂ 'ਢਾਡੀ ਜੱਥਾ' ਬਣਾ ਕੇ ਸਿੱਖ ਧਰਮ ਦਾ ਪ੍ਰਚਾਰ ਕਰਨ ਲੱਗ ਪਿਆ। ਮੇਰਾ ਵਿਆਖਿਆ ਦਾ ਢੰਗ ਬਿਲਕੁਲ ਨਵਾਂ ਸੀ, ਜੋ ਸਰੋਤਿਆਂ ਨੇ ਬੜਾ ਪਸੰਦ ਕੀਤਾ। ਗੁਰੂ ਦੀ ਕਿਰਪਾ ਨਾਲ, ਜਿੱਥੇ ਵੀ ਮੈਂ ਗਿਆ, ਮੇਰਾ ਨਾਮ ਮੈਥੋਂ ਪਹਿਲਾਂ ਓਥੇ ਪਹੁੰਚਿਆ ਹੋਇਆ ਸੀ।

ਆਪਣੇ ਸੁਭਾਅ ਅਨੁਸਾਰ ਮੈਂ ਨਿਤ ਦਾ ਸਫ਼ਰ ਤੇ ਲੈਕਚਰ ਦੇਣ ਦਾ ਕੰਮ ਹੁੰਦਿਆਂ ਹੋਇਆਂ ਵੀ ਥੋੜ੍ਹਾ ਬਹੁਤਾ ਸਮਾਂ ਲਿਖਣ ਵਾਸਤੇ ਕੱਢ ਲੈਂਦਾ ਹਾਂ। ੧੯੪੦ ਈ. ਵਿਚ ਮੈਂ ਆਪਣੀਆਂ ਕੁਛ ਕਵਿਤਾਵਾਂ ਦਾ ਸੰਗ੍ਰਹਿ ਛਾਪਿਆ, ਜੋ ੧੯੪੨ ਈ. ਵਿਚ ਪਹਿਲੇ ਨਾਲੋਂ ਦੂਣਾ ਕਰ ਦਿੱਤਾ। ੪੨ ਤੋਂ ੪੪ ਤੱਕ ਮੈਂ ਕੁਛ ਹੋਰ ਛੋਟੀਆਂ ਛੋਟੀਆਂ ਪੁਸਤਕਾਂ ਛਾਪੀਆਂ। ੧੯੪੪ ਈ. ਵਿਚ ਮੈਂ 'ਸਿੱਖ ਰਾਜ ਕਿਵੇਂ ਗਿਆ', ਨਾਮੇ ਪੁਸਤਕ ਲਿਖੀ ਤੇ ਛਾਪੀ। ਉਸ ਨੂੰ ਪਾਠਕਾਂ ਨੇ ਹੱਦ ਤੋਂ ਵੱਧ ਪਸੰਦ ਕੀਤਾ। ਉਸ ਪੁਸਤਕ ਦੀ ਪਹਿਲੀ ਐਡੀਸ਼ਨ ਕੁਛ ਮਹੀਨਿਆਂ ਵਿਚ ਖ਼ਤਮ ਹੋ ਗਈ। ਇਸ ਨਾਲ ਮੇਰਾ ਉਤਸ਼ਾਹ ਕਾਫ਼ੀ ਵਧ ਗਿਆ। ਫਿਰ ਮੈਂ 'ਦੁਖੀਏ ਮਾਂ-ਪੁਤ', 'ਬੰਦਾ ਸਿੰਘ ਸ਼ਹੀਦ' ਆਦਿ ਕਈ ਪੁਸਤਕਾਂ ਲਿਖੀਆਂ। ਉਹਨਾਂ ਦੀ ਮੰਗ ਤੇ ਲਾਗਤ ਨੇ ਮੇਰੀ ਲਿਖਣ ਰੁਚੀ ਵਿਚ ਚੰਗਾ ਵਾਧਾ ਕੀਤਾ। ਜਿਹੜੀ ਪੁਸਤਕ 'ਮੁੱਲ

---

* ਮੇਰਾ ਜਨਮ ਸਨੀਚਰਵਾਰ, ੭ ਅਗਸਤ, ੧੯੦੯ ਈ. ਦਾ ਹੈ।

ਦਾ ਮਾਸ' ਆਪ ਦੇ ਹੱਥ ਵਿਚ ਹੈ, ਇਹ ਮੈਂ ੧੯੩੧ ਈ. ਵਿਚ ਨਾਟਕ ਦੇ ਰੂਪ ਵਿਚ ਲਿਖੀ ਸੀ। ਅੱਜ ਤੱਕ ਇਸ ਦਾ ਖਰੜਾ ਵੀ ਕੁਛ ਹੋਰ ਅਧੂਰੇ ਨਾਟਕਾਂ ਦੇ ਖਰੜਿਆਂ ਨਾਲ ਪਿਆ ਰਿਹਾ। ਇਸ ਨੂੰ ਛਾਪਣ ਦਾ ਮੇਰਾ ਹੌਸਲਾ ਨਾ ਪਿਆ। ਭਾਵੇਂ ਨਾਟਕ ਵੀ ਸਾਹਿਤ ਦਾ ਜ਼ਰੂਰੀ ਅੰਗ ਹੈ, ਪਰ ਪੰਜਾਬੀ ਪਾਠਕਾਂ ਨੂੰ ਅਜੇ ਇਸ ਦੇ ਪੜ੍ਹਨ ਦਾ ਸ਼ੌਕ ਨਹੀਂ ਪਿਆ। ਹੁਣ ਮੈਂ ਇਸ ਕਹਾਣੀ ਨੂੰ ਨਾਟਕ ਦੀ ਥਾਂ ਨਾਵਲੀ ਪੁਸ਼ਾਕ ਪਹਿਨਾ ਕੇ ਪਾਠਕਾਂ ਦੇ ਪੇਸ਼ ਕਰ ਰਿਹਾ ਹਾਂ।

ਕਾਦੀਪਿੰਡ (ਕਸੂਰ) — ਸੋਹਣ ਸਿੰਘ
੫-੪-੧੯੪੭ ਈ. — ਸੀਤਲ

## ਕੁਛ ਹੋਰ

ਇਹ ਨਾਵਲ ਛਾਪਣ ਵਾਸਤੇ ਮੈਂ ਅਜੇ ਸੋਚ ਹੀ ਰਿਹਾ ਸਾਂ, ਜਾਂ ਪੰਜਾਬ ਵੰਡਿਆ ਗਿਆ। ੨੧ ਅਗਸਤ ਨੂੰ ਮੈਂ ਆਪਣਾ ਜੱਦੀ ਪਿੰਡ (ਕਾਦੀਵਿੰਡ) ਛੱਡ ਤੁਰਿਆ। ਕੁਝ ਦਿਨ 'ਸਨਖਤਰਾ' ਤੇ 'ਸ਼ਹਾਬਪੁਰਾ ਡਿਆਲ' ਵਿਚ ਗੁਜ਼ਾਰ ਕੇ ਮੈਂ ੨੪ ਨਵੰਬਰ (੧੯੪੭) ਨੂੰ ਜ਼ੀਰੇ (ਜ਼ਿਲ੍ਹਾ ਫ਼ਿਰੋਜ਼ਪੁਰ) ਵਿਚ ਆ ਟਿਕਿਆ। (ਏਥੇ ਹੀ ਮੈਨੂੰ ਜ਼ਮੀਨ ਅਲਾਟ ਹੋਈ।) ਫਿਰ ੨੩ ਅਕਤੂਬਰ, ੧੯੪੮ ਨੂੰ ਮੈਂ ਲੁਧਿਆਣੇ ਆ ਵਸਿਆ। ਇਥੋਂ ਹੀ ਇਹ ਨਾਵਲ ਪ੍ਰਕਾਸ਼ਤ ਹੋਇਆ ਹੈ।

੨੪-੧੨-੪੮ — 'ਸੀਤਲ'

# ੧

"ਰੋਟੀ ਫੜਾਵਾਂ ਹੋਰ ?" ਸੋਭੀ ਨੇ ਚੁੱਲ੍ਹੇ ਵਿਚ ਅੱਗ ਅਗ੍ਹਾਂ ਕਰਦਿਆਂ ਪੁੱਛਿਆ।

"ਅੱਧੀ-ਕੁ।" ਹਰੀ ਸਿੰਘ ਨੇ ਬੁਰਕੀ ਲੰਘਾ ਕੇ ਉੱਤਰ ਦਿੱਤਾ।

ਪਿੰਡ ਦੀ ਚੜ੍ਹਦੀ ਬਾਹੀ ਹਰੀ ਸਿੰਘ ਦਾ ਛੋਟਾ ਜਿਹਾ ਘਰ ਹੈ। ਪਿੱਛੇ ਦੋ ਕੋਠੜੀਆਂ, ਅੱਗੇ ਸੁਫਾ, ਸੱਜੇ ਹੱਥ ਛੋਟੀ ਜਿਹੀ ਰਸੋਈ, ਸਾਹਮਣੇ ਪੰਜ ਕੁ-ਮਰਲੇ ਵਿਹੜਾ, ਬੂਹੇ ਅੱਗੇ ਛੋਟਿਆਂ ਬੂਹਿਆਂ ਵਾਲੀ ਡਿਉਢੀ ਤੇ ਉਸਦੇ ਨਾਲ ਇਕ ਮਾਲ ਵਾਲਾ ਕੋਠਾ ਹੈ। ਇਹ ਸਭ ਕੁਛ ਕੱਚੀਆਂ ਇੱਟਾਂ ਦਾ ਬਣਿਆਂ ਹੋਇਆ ਹੈ। ਵਿਹੜੇ ਦੀ ਚੜ੍ਹਦੀ ਨੁੱਕਰੇ ਇਕ ਸੰਘਣੀ ਛੱਤਰੀ ਵਾਲੀ ਨਿੰਮ ਹੈ, ਜਿਸ ਉੱਤੇ ਭੋਲੇ ਪੰਛੀਆਂ ਦੀ ਛੋਟੀ ਜਿਹੀ ਦੁਨੀਆ ਰੋਜ਼ ਰਾਤ ਨੂੰ ਵਸਦੀ ਤੇ ਦਿਨ ਨੂੰ ਉੱਜੜ ਜਾਂਦੀ ਹੈ। ਨਿੰਮ ਦੇ ਲਾਗੇ ਹੀ ਚਾਰ-ਕੁ ਪਸ਼ੂਆਂ ਦੀ ਖੁਰਲੀ ਹੈ।

ਹਰੀ ਸਿੰਘ ਮੰਜੇ 'ਤੇ ਬੈਠਾ ਰੋਟੀ ਖਾ ਰਿਹਾ ਸੀ। ਸੋਭੀ ਚੌਂਕੇ ਵਿਚ ਬੈਠੀ ਰੋਟੀਆਂ ਪਕਾ ਰਹੀ ਸੀ। ਕੋਲ ਹੀ ਉਹਨਾਂ ਦਾ ਇਕ ਪੁੱਤਰ ਤੇ ਦੋ ਧੀਆਂ ਬੈਠੀਆਂ ਸਨ। ਵੱਡੀ ਕੁੜੀ ਪੰਦਰਾਂ-ਸੋਲ੍ਹਾਂ ਸਾਲ ਦੀ ਸੋਹਣੀ ਮੁਟਿਆਰ ਸੀ। ਉਹਦਾ ਚਿਹਰਾ ਗੋਲ, ਮੱਥਾ ਚੋੜਾ, ਕੱਦ ਦਰਮਿਆਨਾ ਤੇ ਕੰਮ ਕਰਨ ਕਰਕੇ ਸਰੀਰ ਬੜਾ ਸਡੌਲ ਸੀ। ਏਸੇ ਉਮਰੇ ਉਹਦੇ ਚਿਹਰੇ ਉੱਤੇ ਉਦਾਸੀ ਮਿਲਵੀਂ ਗੰਭੀਰਤਾ ਵੇਖ ਕੇ ਮਾਲੂਮ ਹੁੰਦਾ ਸੀ ਕਿ ਉਹ ਹਰ ਵੇਲੇ ਕੁਝ ਸੋਚਦੀ ਰਹਿੰਦੀ ਸੀ।

"ਮੈਂ ਸਵੇਰ ਦੀ ਕਿੰਨੀ ਵਾਰ ਪਿੱਟ ਹਟੀ ਆਂ, ਪਰ ਸਾਰੀਆਂ ਤੇਰੇ ਕੰਨਾਂ ਕੋਲਦੀ ਜਾਂਦੀਆਂ ਨੇ।" ਸੋਭੀ ਨੇ ਰੋਟੀ ਵੇਲਦਿਆਂ ਕਿਹਾ।

ਸੁਣਦਿਆਂ ਹੀ ਵੱਡੀ ਕੁੜੀ ਚੰਦੋ ਦਾ ਸਾਰਾ ਸਰੀਰ ਕੰਬ ਉੱਠਿਆ। ਉਹਦਾ ਦਿਲ ਧੱਕ-ਧੱਕ ਵੱਜਣ ਲੱਗ ਪਿਆ ਤੇ ਚਿਹਰਾ ਅੱਗੇ ਨਾਲੋਂ ਵਧੇਰੇ ਗੰਭੀਰ ਹੋ ਗਿਆ। ਉਹਨੇ ਸਾਰੀ ਸੁਣਨ ਸ਼ਕਤੀ 'ਕੱਠੀ ਕਰਕੇ ਉੱਪਰਲੀ ਗੱਲ ਦਾ ਉੱਤਰ ਸੁਣਨ ਵਾਸਤੇ ਲਾ ਦਿੱਤੀ। 'ਉਹਦਾ ਪਿਉ ਅੱਗੋਂ ਕੀ ਕਹੇਗਾ', ਉਹ ਸਹਿਮੀ ਹੋਈ ਇਉਂ ਉਡੀਕਣ ਲੱਗੀ, ਜਿਵੇਂ ਕੋਈ ਵੱਡਾ ਅਪਰਾਧੀ ਜੱਜ ਦੇ ਮੂੰਹੋਂ ਆਖ਼ਰੀ ਹੁਕਮ—ਫਾਂਸੀ ਜਾਂ ਕਾਲੇ ਪਾਣੀ—ਸੁਣਨ ਵਾਸਤੇ ਕਾਹਲਾ ਪੈ ਰਿਹਾ ਹੁੰਦਾ ਹੈ।

"ਪਰ ਦੱਸ, ਐਡੀ ਛੇਤੀ ਕਾਹਲੇ ਪਿਆਂ ਕੀ ਬਣਦਾ ਏ?" ਪਾਣੀ ਪੀ ਕੇ ਛੰਨਾ ਮੰਜੇ 'ਤੇ ਧਰਦਿਆਂ ਹਰੀ ਸਿੰਘ ਨੇ ਦਿਲ-ਢਾਹੂ ਜਿਹੀ ਸੁਰ ਵਿਚ ਕਿਹਾ।

"ਕਾਹਲੇ ਪਿਆਂ ਕੁਛ ਨਹੀਂ ਬਣਦਾ, ਤਾਂ ਜਦੋਂ ਤੈਨੂੰ ਅੱਗਲੇ ਹਥਕੜੀਆਂ ਲਾ ਕੇ ਹਵਾਲਾਟੇ ਜਾ ਦੇਣਗੇ, ਓਦੋਂ ਤਾਂ ਕੁਛ ਬਣ ਜਾਏਗਾ ਨਾ। ਪਿੱਛੋਂ ਅਹਿਨਾਂ ਜੁਆਕਾਂ ਨੂੰ ਮੈਂ ਕਲੇਜਾ ਵੱਢ ਕੇ ਖਾਣ ਨੂੰ ਦੇ ਦਿਆਂਗੀ?"

ਜਿਉਂ-ਜਿਉਂ ਸੋਭੀ ਬੋਲ ਰਹੀ ਸੀ, ਉਹਦੀ ਵਾਜ ਵਿਚ ਤੇਜ਼ੀ ਆ ਰਹੀ ਸੀ ਤੇ ਓਦੋਂ ਦੂਣੀ ਵਧ ਰਹੀ ਸੀ ਚੰਦੋ ਦੇ ਦਿਲ ਦੀ ਧੜਕਣ। ਉਹਨੂੰ ਇਉਂ ਪਰਤੀਤ ਹੋਣ ਲੱਗਾ, ਜਿਵੇਂ ਉਹਦੇ ਮਾਪੇ ਉਸੇ ਦਾ ਕਲੇਜਾ ਕੱਢ ਕੇ ਛੋਟੇ ਬੱਚਿਆਂ ਨੂੰ ਖੁਆ ਦੇਣ ਲੱਗੇ ਹੋਣ।

ਹਰੀ ਸਿੰਘ ਵੱਲੋਂ ਕੋਈ ਉੱਤਰ ਨਾ ਮਿਲਿਆ। ਸੋਭੀ ਜ਼ਰਾ ਖਿੱਝ ਕੇ ਫਿਰ ਬੋਲੀ, "ਅੱਜ ਸ਼ਾਹ ਫਿਰ ਆਨੀਆਂ ਤਾੜਦਾ ਗਿਆ ਸੀ। ਅਖੇ: ਮੈਂ ਅੱਠਵੇਂ ਦਿਨ ਨੂੰ ਦਾਅਵਾ ਕਰ ਦੇਣਾ ਏਂ। ਮੇਰੀ ਸਹਿਮ ਨਾਲ ਰੱਤ ਸੁੱਕੀ ਪਈ ਏ, ਪਈ ਖੌਰੇ ਕੀ ਬਣਨਾ ਏਂ। ਤੇਰੇ ਭਾਣੇ ਮੈਂ ਐਵੇਂ ਕਾਹਲੀ ਪਈ ਪੈਨੀ ਆਂ।"

"ਮਖ: ਜੋ ਆਹਨੀਏਂ, ਮੈਂ ਕਰਨ ਨੂੰ ਤਿਆਰ ਆਂ, ਪਰ ਕੁਛ ਸੁੱਝੇ ਵੀ ?" ਹਰੀ ਸਿੰਘ ਦੀ 'ਵਾਜ ਵਿਚ ਉਦਾਸੀ ਸੀ।

"ਤੈਨੂੰ ਕੀ ਸੁੱਝਣਾ ਏਂ ? ਇਹ ਸਾਰੇ ਸਿਆਪੇ ਮਾਵਾਂ ਦੇ ਭਾਅ ਦੇ ਈ ਹੁੰਦੇ ਨੇ। ਬੂਹੇ ਉੱਤੇ ਹਾਥੀ ਝੂਲਦਾ ਵੇਖ ਕੇ ਮੈਨੂੰ ਤਾਂ ਤਾਪ ਚੜ੍ਹਿਆ ਰਹਿੰਦਾ ਏ। ਜੀਹਦੇ ਘਰ ਕੋਠੇ ਜਿੱਡੀ ਧੀ ਕੁਆਰੀ ਬੈਠੀ ਹੋਵੇ, ਮੈਂ ਨਹੀਂ ਜ਼ਾਣਦੀ, ਉਹਨੂੰ ਰਾਤ ਨੀਂਦ ਕਿਵੇਂ ਔਂਦੀ ਏ? ਤੂੰ ਕੋਈ ਵਰ ਘਰ ਵੇਖ ਕੇ ਕੁੜੀ ਦੇ ਹੱਥ ਪੀਲੇ ਕਰ। ਉੱਤੋਂ ਜ਼ਮਾਨਾ ਕਿਸ ਤਰ੍ਹਾਂ ਦਾ ਏ। ਨਾਲੇ ਜੱਗ ਵੱਲੋਂ ਸੁਰਖ਼ਰੂ ਹੋਈਏ, ਨਾਲੇ ਸ਼ਾਹ ਦਾ ਮੱਥਾ ਡੰਮ੍ਹਿਆ ਜਾਏ।"

ਇਹ ਗੱਲਾਂ ਸੁਣ ਕੇ ਚੰਦੋ ਦੇ ਪ੍ਰਾਣ ਹੀ ਨਿਕਲਣ 'ਤੇ ਆ ਗਏ। ਉਹਦਾ ਲਹੂ ਜੰਮਦਾ ਜਾ ਰਿਹਾ ਸੀ। ਉਹਦੇ ਦਿਲ ਦੀ ਧੜਕਣ ਬੰਦ ਹੋਣ 'ਤੇ ਆ ਗਈ ਸੀ। ਆਪਣੇ-ਆਪ ਵਿਚ ਉਹਦਾ ਸਾਹ ਘੁੱਟੀਂਦਾ ਜਾ ਰਿਹਾ ਸੀ। ਉਹ ਸੁੰਗੜਦੀ-ਸੁੰਗੜਦੀ ਧਰਤੀ ਦੇ ਵਿਚ ਸਮਾ ਜਾਣਾ ਚਾਹੁੰਦੀ ਸੀ। ਉਹ ਹਵਾ ਬਣ ਕੇ ਕਿਤੇ ਉੱਡ ਜਾਣਾ ਚਾਹੁੰਦੀ ਸੀ, ਜਿੱਥੇ ਉਹਦੇ ਕੰਨਾਂ ਤੱਕ ਇਹ ਮਾਰੂ 'ਵਾਜਾਂ ਨਾ ਪਹੁੰਚ ਸਕਣ।

ਆਖਿਰ ਕਿਉਂ ? ਏਸ ਉਮਰ ਦੀਆਂ ਕੁੜੀਆਂ ਵਾਸਤੇ ਵਿਆਹ ਦੀ ਚਰਚਾ ਸਭ ਨਾਲੋਂ ਪਿਆਰੀ ਤੇ ਮਿੱਠੀ ਹੁੰਦੀ ਹੈ। ਉਹ ਪੱਜ ਬਹਾਨੇ, ਲੁੱਕ-ਲੁੱਕ ਕੇ ਮਾਪਿਆਂ ਦੀਆਂ ਗੱਲਾਂ ਸੁਣਦੀਆਂ ਹਨ, ਉੱਪਰੋਂ ਖਿਝਦੀਆਂ ਤੇ ਦਿਲੋਂ ਰਾਜ਼ੀ ਹੁੰਦੀਆਂ ਹਨ। ਪਰ ਚੰਦੋ ਦੀ ਹਾਲਤ ਇਸ ਨਾਲੋਂ ਵੱਖਰੀ ਸੀ। ਉਹ ਨਿੱਤ ਇਹ ਝੇੜੇ ਸੁਣ-ਸੁਣ ਕੇ ਤੰਗ ਆ ਚੁੱਕੀ ਸੀ। ਉਹ ਅੱਛੀ ਤਰ੍ਹਾਂ ਸਮਝਦੀ ਸੀ ਕਿ ਉਹਦਾ ਵਿਆਹ ਕਿਹੋ


WWW.SIKHBOOKCLUB.COM 

ਜਿਹਾ ਹੋਵੇਗਾ। ਉਹਦੇ ਸਾਹਮਣੇ ਪਤੀ ਦੀ ਉਹ ਮਨੋਹਰ ਮੂਰਤੀ ਕਦੇ ਵੀ ਨਹੀਂ ਸੀ ਚਿੱਤਰੀ ਗਈ, ਜੋ ਉਹਦੇ ਮਨ-ਮੰਦਰ ਵਿਚ ਵਸ ਕੇ, ਉਸ ਨੂੰ ਠਾਕਰ-ਦੁਆਰਾ ਬਣਾ ਦੇਵੇਗੀ ਤੇ ਉਹਦੀਆਂ ਰੀਝਾਂ ਪੁਜਾਰਨ ਬਣ ਕੇ ਉਹਦੇ ਚਰਨਾਂ 'ਤੇ ਝੁਕ ਜਾਣਗੀਆਂ। ਜਿਸ ਮਾਲਕ ਦੀ ਵਿਆਖਿਆ ਉਹਦੇ ਸਾਹਮਣੇ ਰੋਜ਼ ਹੁੰਦੀ ਸੀ, ਉਹ ਮੂਸਾ ਦੇ ਰੱਬ ਵਾਂਗ ਪਹਾੜ ਸਾੜਨ ਵਾਲਾ ਹੀ ਹੁੰਦਾ ਸੀ। ਉਹਦੇ ਚਿਹਰੇ ਉੱਤੇ ਜਵਾਨੀ ਦੀ ਲਾਲੀ ਦੀ ਥਾਂ ਬੁਢਾਪੇ ਦੀਆਂ ਝੁਰੜੀਆਂ ਤੇ ਦਿਲ ਵਿਚ ਪਿਆਰ ਦੀ ਥਾਂ ਸਾੜਾ ਹੁੰਦਾ ਸੀ।

ਹਰੀ ਸਿੰਘ ਨੇ ਰੋਟੀ ਖਾ ਕੇ ਭਾਂਡੇ ਮੰਜਿਓਂ ਥੱਲੇ ਰੱਖ ਦਿੱਤੇ। ਉਹਨੇ ਉਤਲੀ ਖੱਦਰ ਦੀ ਚਾਦਰ ਨਾਲ ਹੱਥ ਸਾਫ਼ ਕਰਦਿਆਂ ਕਿਹਾ, "ਫਿਰ ਜਿਹੜਾ ਟਕਾਣਾ ਰਾਜਾ ਦੱਸਦਾ ਏ, ਓਹਾ ਕਰ ਲਈਏ ?"

"ਉਹ ਤਾਂ ਅਸਲੋਂ ਪਾਣੀ 'ਚ ਪਿਆ ਬਹਿੰਦਾ ਏ। ਮਹੁਰਾ ਵੀ ਖਾਧਾ ਤੇ ਬਣਿਆ ਵੀ ਕੁਛ ਨਾ, ਤਾਂ ਫੇਰ ਕੀ ਹੋਇਆ ?" ਸੋਭੀ ਦੀ 'ਵਾਜ ਵਿਚ ਨਿਰਾਸਤਾ ਸੀ।

"ਜਜਮਾਨ ਹਰੀ ਸਿਹਾਂ! ਘਰੇ ਜੇ ?" ਏਨੇ ਨੂੰ ਬਾਹਰੋਂ ਸੰਮਾ ਸਿੰਘ ਨਾਈ ਨੇ ਵਾਜ ਮਾਰੀ।

"ਆਈਏ, ਰਾਜਾ ਜੀ!" ਕਹਿੰਦਾ ਹੋਇਆ ਹਰੀ ਸਿੰਘ ਉੱਠ ਕੇ ਡਿਉਢੀ ਵੱਲੋਂ ਗਿਆ। ਥੋੜ੍ਹੇ ਚਿਰ ਪਿੱਛੋਂ-ਦੋ ਪਰਾਹੁਣਿਆਂ ਸਣੇ-ਉਹ ਫੇਰ ਉਸੇ ਮੰਜੇ 'ਤੇ ਆ ਬੈਠਾ। ਨਵੇਂ ਆਉਣ ਵਾਲਿਆਂ ਵਿਚੋਂ ਇਕ ਓਸੇ ਪਿੰਡ ਦਾ ਨਾਈ ਸੰਮਾ ਸਿੰਘ ਸੀ, ਤੇ ਦੂਜਾ ਕਿਸੇ ਹੋਰ ਥਾਂ ਦਾ ਪੰਡਤ। ਨਾਈ ਹਰੀ ਸਿੰਘ ਵਾਲੇ ਮੰਜੇ 'ਤੇ ਹੀ ਬਹਿ ਗਿਆ, ਤੇ ਪੰਡਤ ਲਾਗੇ ਪਏ ਦੂਜੇ ਮੰਜੇ 'ਤੇ। ਉਹਨਾਂ ਦੋਵਾਂ ਨੂੰ ਕੋਲੋ-ਕੋਲ ਵੇਖ ਕੇ ਇਉਂ ਪਰਤੀਤ ਹੁੰਦਾ ਸੀ, ਜਿਵੇਂ ਉਸ ਅਨੋਖੇ ਬੁੱਤ-ਘਾੜੇ ਨੇ ਆਪਣੀ ਰਚਨਾ ਵਿਚੋਂ ਦੋ ਢਾਂਚੇ-ਵੱਡੇ ਤੋਂ ਵੱਡਾ ਤੇ ਛੋਟੇ ਤੋਂ ਛੋਟਾ-ਨਮੂਨੇ ਵਜੋਂ ਇਸ ਦੁਨਿਆਵੀ ਨੁਮਾਇਸ਼ ਵਿਚ ਲਿਆ ਰੱਖੇ ਹਨ। ਸੰਮਾ ਸਿੰਘ ਦੇ ਸਰੀਰ ਦੀ ਚਾਰਦੀਵਾਰੀ ਮੁਰੱਬਿਆਂ ਦੇ ਹਾਤਿਆਂ ਵਾਂਗ ਜ਼ਰਾ ਖੁੱਲ੍ਹੀ ਵਲੀ ਹੋਈ ਸੀ। ਸਵਾ ਛੇ ਫੁੱਟ ਉੱਚਾ ਕੱਦ, ਖਿਲਰਵਾਂ ਪਿੰਜਰ, ਮੂੰਹ ਤੇ ਨੱਕ ਲੋੜ ਨਾਲੋਂ ਵਧੇਰੇ ਖੁੱਲ੍ਹੇ ਹੋਏ, ਹਾਥੀ ਵਾਂਗ ਢਿਲਕੇ ਹੋਏ ਕੰਨ, ਹੱਥਾਂ ਦੀਆਂ ਉਂਗਲੀਆਂ ਮੋਟੀਆਂ ਤੇ ਦੂਰ-ਦੂਰ, ਤੇ ਪੈਰਾਂ ਵੱਲੋਂ ਵੇਖ ਕੇ ਸੁਥਰੇ ਭਗਤ ਦੇ ਛਿੱਤਰ ਵਾਲੀ ਸਾਖੀ ਚੇਤੇ ਆ ਜਾਂਦੀ ਸੀ। ਇਸ ਦੇ ਉਲਟ ਪੰਡਤ ਦਾ ਠਿੰਗਣਾ ਜਿਹਾ ਕੱਦ, ਬਰਾਨੇ ਕਾਨਿਆਂ ਵਾਂਗ ਸੁੱਕੀਆਂ ਹੋਈਆਂ ਹੱਡੀਆਂ, ਦੰਦਾਂ ਤੋਂ ਸੱਖਣਾ ਆਲੇ ਵਰਗਾ ਮੂੰਹ ਤੇ ਅੱਖਾਂ ਦਾ ਐਨਕ ਹੇਠ ਭੁਲੇਖਾ



WWW.SIKHBOOKCLUB.COM 

ਜਿਹਾ ਹੀ ਪੈਂਦਾ ਸੀ। ਖ਼ੈਰ, ਦੋਮ ਸੋਮ ਰਲਾ ਕੇ ਉਹ ਦੋਵੇਂ ਦੋ ਬੰਦਿਆਂ ਜਿੱਡੇ ਹੈਗੇ ਸਨ। ਦੋਵਾਂ ਨੇ ਅੱਧੀ ਸਦੀ ਤੋਂ ਵਧੇਰੇ ਜ਼ਮਾਨਾ ਡਿੱਠਾ ਹੋਇਆ ਸੀ।

ਰਸਮੀ ਸੁੱਖ-ਸਾਂਦ ਪਿੱਛੋਂ ਮਤਲਬ ਦੀਆਂ ਗੱਲਾਂ ਸ਼ੁਰੂ ਹੋਈਆਂ। ਹਰੀ ਸਿੰਘ ਨੇ ਗੱਲ ਤੋਰੀ, "ਰਾਜਾ ਜੀ! ਬੜੀ ਉਮਰ ਏ ਤੁਹਾਡੀ। ਹੁਣੇ ਤੁਹਾਡੀਆਂ ਈ ਗੱਲਾਂ ਕਰਦੇ ਸਾਂ ਪਏ। ਚੰਦੋ ਦੀ ਮਾਂ ਤਾਂ ਦਿਨ ਵਿਚ ਦਸ-ਦਸ ਵੇਰਾਂ ਪੁੱਛਦੀ, ਅਖੇ: ਪਤਾ ਲਓ ਖਾਂ, ਰਾਜਾ ਆਇਆ ਏ ਜਾਂ ਨਹੀਂ। ਮੈਂ ਆਖਾਂ: ਭਲੀਏ ਲੋਕੇ! ਰਾਜਾ ਆਵੇਗਾ, ਤਾਂ ਸਾਡੇ ਜ਼ਰੂਰ ਆਵੇਗਾ। ਉਹਨੂੰ ਸਾਡੇ ਨਾਲੋਂ ਘੱਟ ਫਿਕਰ ਏ ?"

"ਲੱਖ ਰੁਪੈ ਦੀ ਗੱਲ ਕੀਤੀ ਜੇ, ਜਜਮਾਨ! ਜੇ ਸਾਨੂੰ ਫਿਕਰ ਨਹੀਂ ਤਾਂ ਹੋਰ ਕੀਹਨੂੰ ਹੋਣਾ ਹੋਇਆ ? ਅੱਜ ਕੱਲ੍ਹ ਤਾਂ-ਵੇਖੋ ਨਾ! ਕੁਛ ਲੋਕਾਂ ਦੇ ਤੌਰ ਈ ਹੋਰ ਹੋ ਗਏ ਨੇ। ਨਹੀਂ ਤਾਂ ਪਿਛਲੇ ਜ਼ਮਾਨੇ ਵਿਚ ਜੋ ਕੁਛ ਕਰਨ ਕਰਾਉਣ, ਲਾਗੀ। ਅਸੀਂ—ਵੇਖੋ ਨਾ-ਸਾਊਆ! ਤੁਸਾਂ ਲੋਕਾਂ ਦੀ ਪੱਤ ਹੁੰਦੇ ਆਂ। ਜੀਹਦੇ ਬੂਹੇ ਉੱਤੇ ਲਾਗੀ ਨਹੀਂ ਔਂਦਾ, ਉਹ ਸਾਊ ਕਾਹਦਾ ਏ ?" ਸੰਮਾ ਸਿੰਘ ਨੇ ਅਖ਼ੀਰਲਾ ਸ਼ਬਦ ਖ਼ਾਸ ਢੰਗ ਨਾਲ ਲਮਕਾ ਕੇ ਕਿਹਾ।

"ਠੀਕ ਏ ਜੀ!" ਹਰੀ ਸਿੰਘ ਨੇ ਹੁੰਗਾਰਾ ਭਰਿਆ।

"ਓਦੋਂ-ਜਜਮਾਨ!-ਲਾਗੀਆਂ ਦਾ ਸਾਊ ਆਮਨਾ ਰੱਖਦੇ ਸਨ। ਸਾਡਾ ਚਾਚਾ ਗੱਲਾਂ ਕਰਦਾ ਹੁੰਦਾ ਸੀ, ਅਖੇ: ਪਿੰਡ ਦੇ ਜਿੰਨੇ ਮੁੰਡੇ ਕੁੜੀਆਂ ਹੋਣੇ, ਮੈਂ ਮੰਗਾਂ ਤੇ ਮੈਂ ਵਿਆਹਵਾਂ। ਮਾਪਿਆਂ ਨੂੰ ਤਾਂ ਏਥੋਂ ਤੱਕ ਵੀ ਪਤਾ ਨਹੀਂ ਸੀ ਹੁੰਦਾ ਕਿ ਸਾਡੇ ਘਰ ਜੰਝ ਕਿੱਥੋਂ ਔਣੀ ਏਂ, ਜਾਂ ਅਸਾਂ ਕਿੱਥੇ ਢੁਕਣਾ ਏਂ ?"

"ਰਾਜਾ ਜੀ! ਓਹਾ ਦਿਨ ਚੰਗੇ ਸਨ।" ਹਰੀ ਸਿੰਘ ਦੀਆਂ ਅੱਖਾਂ ਵਿਚ ਬੀਤੇ ਦਿਨਾਂ ਦੇ ਪਰਛਾਵੇਂ ਸਨ।

"ਲੱਖ ਰੁਪੈ ਦੀ ਗੱਲ ਕੀਤੀ ਜੇ। ਹੁਣ ਤਾਂ ਅਗਲੇ ਪਿਉ ਦੇ ਪਿਉ ਨੂੰ ਫੜਦੇ ਨੇ, ਸੌ-ਸੌ ਕੁਨ੍ਹਾਂ ਕੱਢਦੇ ਨੇ। ਅਖੇ : ਮੁੰਡੇ ਦੇ ਕੰਨ ਕਿੰਨੇ ਨੇ, ਉਹਦਾ ਨੱਕ ਕਿਹੋ ਜਿਹਾ ਏ, ਉਹਦਾ ਕੁੜਤਾ ਕਿਸ ਕੱਪੜੇ ਦਾ ਸੀ, ਉਹਦੀ ਜੁੱਤੀ ਕਿੱਥੋਂ ਦੀ ਸੀਤੀ ਹੋਈ ਸੀ ? ਏਸ ਤਰ੍ਹਾਂ ਭਲਾ-ਜਜਮਾਨ!-ਵਿਹਾਰ ਤੁਰਦੇ ਨੇ ਪਏ ? ਮਾਪਿਆਂ ਦਾ ਫਰਜ਼ ਏ, ਲਾਗੀ ਨੂੰ ਸੱਦ ਕੇ ਆਖਣ, 'ਲਓ ਰਾਜਾ ਜੀ! ਐਸ ਕੰਨਿਆਂ ਦਾ ਸਾਕ ਕਰਨਾ ਏਂ', ਤੇ ਲਾਗੀ ਪੱਕ ਕਰਕੇ ਆ ਦੱਸੇ, ਕਿ ਤੁਹਾਡੇ ਘਰ ਫਲਾਨੇ ਦਿਨ ਜੰਞ ਆਵੇਗੀ। ਬੱਸ, ਦੋਹਾਂ ਧਿਰਾਂ ਦਾ ਫਿਕਰ ਲੱਥਾ।"

"ਹਾਂ ਭਈ, 'ਤਬਾਰ ਕੀਤਿਆ ਈਂ ਕੰਮ ਚੱਲੇ ਨਾ।"

"ਲੱਖ ਰੁਪੈ ਦੀ ਗੱਲ ਕੀਤੀ ਜੇ। ਸਾਡੇ 'ਤੇ ਕੋਈ 'ਤਬਾਰ ਕਰੇ, ਅਸੀਂ ਕਿਸੇ ਨੂੰ

ਧੋਖਾ ਨਹੀਂ ਦੇਂਦੇ। ਲਾਗੀਆਂ 'ਤੇ ਸੁੱਟਣ ਵਾਲਾ ਵੀ ਕਦੇ ਡੁੱਬਾ ਵੇਖਿਆ ਜੇ ?"

'ਜੀ, ਤੁਸਾਂ ਲੋਕਾਂ ਵਿਚ ਈ ਕੋਈ ਸੱਤਿਆ ਬਾਕੀ ਰਹਿ ਗਈ ਏ।" ਕੋਲੋਂ ਸੋਭੀ ਨੇ ਚੱਲ ਰਹੇ ਵਾਰਤਾਲਾਪ ਵਿਚ ਹਿੱਸਾ ਲੈਣ ਦੇ ਇਰਾਦੇ ਨਾਲ ਕਿਹਾ।

"ਜਜਮਾਨਣੀ! ਦੁਨੀਆ ਡੋਲ ਜਾਏਗੀ, ਜਿੱਦਣ ਅਸੀਂ ਡੋਲ ਗਏ।"

"ਕਿਉਂ ਨਹੀਂ। ਹੱਛਾ, ਸਾਡੇ ਕੰਮ ਦੀ ਸੁਣਾਓ।" ਹਰੀ ਸਿੰਘ ਨੇ ਆਪਣੇ ਮਤਲਬ ਵੱਲ ਆਉਣ ਦਾ ਇਸ਼ਾਰਾ ਕੀਤਾ।

"ਮਰਦ ਦੇ ਬੱਚੇ ਆਂ, ਸਰਦਾਰ ਹਰੀ ਸਿਹਾਂ! ਜਿਧਰ ਗਏ ਆਂ, ਅੱਜ ਤੱਕ ਖ਼ਾਲੀ ਕਦੇ ਨਹੀਂ ਮੁੜੇ।" ਸੰਮਾ ਸਿੰਘ ਨੇ ਮਾਣ ਨਾਲ ਛਾਤੀ ਫੁਲਾ ਕੇ ਕਿਹਾ।

"ਜੀ, ਸਾਨੂੰ ਵੀ ਤੁਹਾਡਾ ਈ ਆਸਰਾ ਏ।" ਠੀਕ ਹੀ ਸੋਭੀ ਦੀਆਂ ਆਸਾਂ ਕਿਸੇ ਆਸਰੇ ਦੀ ਭਾਲ ਵਿਚ ਸਨ।

"ਆਸਰਾ ਓਸ ਮਾਲਕ ਦਾ। ਅਸੀਂ ਕੌਣ ਆਂ? ਪਰ ਤੁਹਾਡੇ ਪੈਰਾਂ ਦਾ ਸਦਕਾ ਜਿਸ ਕੰਮ ਨੂੰ ਹੱਥ ਪਾਇਆ ਏ, ਅਧੂਰਾ ਕਦੇ ਨਹੀਂ ਛੱਡਿਆ।" ਸੰਮਾ ਸਿੰਘ ਨੂੰ ਆਪਣੀ ਤਾਕਤ ਉੱਤੇ ਪੂਰਾ ਮਾਣ ਸੀ।

"ਦੱਸੋ ਫਿਰ, ਕੀ ਕਰ ਆਏ ਜੇ ?" ਹਰੀ ਸਿੰਘ ਦੀ 'ਵਾਜ ਵਿਚੋਂ ਕਾਹਲ ਪਰਤੀਤ ਹੋ ਰਹੀ ਸੀ।

"ਪੁੱਛ ਈ ਕੁਛ ਨਾ। ਚੁੱਪ ਕਰਕੇ ਸਗਨ ਤੋਰਨ ਦੀ ਕਰੋ। ਇਹ ਵੇਲਾ ਫੇਰ ਹੱਥ ਨਹੀਂ ਔਣਾ।" ਸੰਮਾ ਸਿੰਘ ਨੇ ਆਪਣੇ ਵੱਲੋਂ ਤਸੱਲੀ ਦੁਆਈ।

"ਪਰ ਜੀ, ਤਾਂ ਵੀ ਸਾਨੂੰ ਕੁਛ ਪਤਾ ਤਾਂ ਲੱਗੇ ?" ਸੋਭੀ ਨੇ ਗੱਲ ਸਪੱਸ਼ਟ ਕਰਨ ਦੇ ਇਰਾਦੇ ਨਾਲ ਕਿਹਾ।

"ਮਖ਼ਃ ਗੱਲ ਹੀ ਨਾ ਹਲਾਓ। ਅਹਿਨਾ ਪੰਡਤ ਹੋਰਾਂ ਦਾ ਈ ਸਭ ਪਰਤਾਪ ਜੇ। ਅਸੀਂ ਤਾਂ ਇਹਨਾਂ ਦੇ ਕੀਤੇ ਨੂੰ ਕਈ ਜਰਮ ਨਹੀਂ ਭੁਲਾ ਸਕਦੇ।"

ਚਲਦੇ ਮਾਮਲੇ ਵਿਚ ਆਪਣੀ ਸੋਭਾ ਸੁਣ ਕੇ ਪੰਡਿਤ ਹੋਰਾਂ ਦੀ ਮਾਲਾ ਦੇ ਮਣਕੇ ਅੱਗੇ ਨਾਲੋਂ ਤੇਜ਼ੀ ਨਾਲ ਇਕ ਦੂਜੇ ਉੱਤੇ ਪੈਣ ਲੱਗੇ। ਜਦੋਂ ਦੇ ਆਏ ਸਨ ਪੰਡਿਤ ਹੋਰੀਂ ਮੂੰਹੋਂ ਕੁਛ ਨਹੀਂ ਸਨ ਉਚਰੇ, ਪਰ ਉਹਨਾਂ ਦੇ ਸੱਜੇ ਹੱਥ ਵਿਚ ਮਾਲਾ ਕੱਪੜਿਆਂ ਤੋਂ ਬਾਹਰ ਹੋ ਹੋ ਪੈਂਦੀ ਸੀ, ਤੇ ਓਨੀ ਹੀ ਤੇਜ਼ੀ ਨਾਲ ਉਹਨਾਂ ਦਾ ਹੇਠਲਾ ਬੁੱਲ੍ਹ ਉਤਲੇ ਨਾਲ ਜਾ ਕੇ ਵਜਦਾ ਸੀ।

ਰਾਜੇ ਨੇ ਆਪਣੀ ਗੱਲ ਨੂੰ ਚਾਲੂ ਰੱਖਦਿਆਂ ਕਿਹਾ, "ਘਰ ਸਾਰੇ ਪਿੰਡ ਵਿਚੋਂ ਚੁਣਵਾਂ ਜੇ। ਪੱਕੇ ਮਹਿਲ, ਅੰਦਰ ਬਾਹਰ ਦੌਲਤ ਨਾਲ ਭਰਿਆ ਹੋਇਆ। ਵਚਾਰੀ ਮਰਨ ਵਾਲੀ ਦੇ ਹੱਥਾਂ ਦੇ ਬਣੇ ਕੱਪੜਿਆਂ ਨਾਲ ਸੰਦੂਕ ਭਰੇ ਪਏ ਨੇ। ਦੁੱਧ, ਘਿਉ, ਕਿਸੇ ਚੀਜ਼ ਦਾ ਘਾਟਾ ਨਹੀਂ। ਘਰ ਦਾ ਕੰਮ ਧੰਦਾ ਸਭ ਲਾਗਣਾਂ ਕਰਦੀਆਂ ਨੇ। ਬਾਹਰ ਮਿੱਟੀ ਦੀ ਮੁੱਠ ਵੀ ਰੱਜਵੀਂ ਏ, ਤੇ ਆਪ ਵੀ ਪਰ੍ਹੇ 'ਚ ਬਹਿਣ ਵਾਲਾ, ਸਾਰੇ

ਪਿੰਡ ਦਾ ਮੋਹਰੀ ਏ। ਬੱਸ ਜੀ, ਇਕ ਚਿੜੀਆਂ ਦਾ ਦੁੱਧ ਨਹੀਂ, ਹੋਰ ਸੁਭ ਕੁਝ ਏ।"

"ਕੋਈ ਨਿਕਰਮਣ ਭਰੇ ਭਾਗ ਤੋਂ ਵੰਜੀ ਗਈ।" ਸੋਭੀ ਨੇ ਹਉਕਾ ਭਰਿਆ।

"ਵਚਾਰੀ ਰਾਜ ਗੱਦੀਓਂ ਡਿੱਗ ਪਈ। ਤੇ ਜਿਹੜੀ ਜਾਏਗੀ, ਤਖ਼ਤ 'ਤੇ ਜਾ ਬਹੇਗੀ।" ਸੰਮਾ ਸਿੰਘ ਨੇ ਨਵੀਂ ਜਾਣ ਵਾਲੀ ਦੇ ਭਾਗਾਂ ਨੂੰ ਸਲਾਹਿਆ।

"ਜੀ, ਪਹਿਲੇ ਟੱਬਰ 'ਚੋਂ ਕੋਈ ਕੁੜੀ ਮੁੰਡਾ ਵੀ ਹੈ ਸੂ ?"

"ਤੁਸੀਂ ਏਸ ਗੱਲ ਨੂੰ ਛੇੜੋ ਈ ਨਾ। ਜੇ ਸਾਡੇ 'ਤੇ ਸੁੱਟੀ ਜੇ, ਤਾਂ ਤੁਹਾਨੂੰ ਕਿਸ ਗੱਲ ਦੀ ਚਿੰਤਾ ?"

"ਹੱਛਾ ਫਿਰ, ਕੀ ਮੁਕਾ ਆਏ ਜੇ ?" ਹਰੀ ਸਿੰਘ ਨੇ ਛੇਤੀ ਫ਼ੈਸਲੇ 'ਤੇ ਪੁੱਜਣ ਲਈ ਕਿਹਾ।

"ਬੱਸ, ਪੰਡਤ ਹੋਰਾਂ ਦੇ ਵੀ ਵਸ ਜੇ, ਜੋ ਕੁਛ ਇਹ ਕਰਨ।"

"ਸ਼ਿਵ, ਸ਼ਿਵ, ਸ਼ਿਵ। ਅਸੀਂ ਤਾਂ ਜੀ ਇਨ੍ਹਾਂ ਦੇ ਦਾਸ ਹੋਏ। ਸਭ ਕੁਛ ਰਾਜਾ ਜੀ ਦੇ ਈ ਵਸ ਏ।" ਪੰਡਤ ਨੇ ਸਾਰਾ ਭਾਰ ਰਾਜੇ ਦੇ ਸਿਰ ਸੁੱਟ ਦਿੱਤਾ।

"ਜੀ, ਰਲ ਮਿਲ ਕੇ ਈ ਏ ਨਾ। ਹਾਂ ਫਿਰ ਰਾਜਾ ਜੀ?" ਹਰੀ ਸਿੰਘ ਨੇ ਗੱਲ ਤੋਰੀ।

"ਵੇਖੋਂ ਨਾ, ਜਜਮਾਨ ਹਰੀ ਸਿਹਾਂ! ਇਹ ਇਕ ਦਿਨ ਦਾ ਮੁਕੌਣ ਵਾਲਾ ਹਸਾਬ ਅਸਾਂ ਨਹੀਂ ਕੀਤਾ। ਘਰ ਏ ਹਾਥੀ ਦਾ ਕੁਰੰਗ: ਸਾਰੀ ਉਮਰ ਪਏ ਚਡ-ਚੂੰਡ ਖਾਇਓ। ਤੇ ਹੁਣ ਰੋਟੀ ਪਾਣੀ ਵਜੋਂ ਹਜ਼ਾਰ ਰੁਪਇਆ ਅਸਾਂ ਉਨ੍ਹਾਂ ਨੂੰ ਮਨਾਇਆ ਏ।" ਪੱਕੇ ਬਪਾਰੀ ਵਾਂਗ ਸੰਮਾ ਸਿੰਘ ਨੇ ਥੱਲਿਓਂ ਸ਼ੁਰੂ ਕੀਤਾ।

"ਏਨੇ ਨਾਲ ਤਾਂ-ਰਾਜਾ ਜੀ!-ਨਹੀਂ ਸਰਨਾ।" ਹਰੀ ਸਿੰਘ ਨੇ ਸਿਰ ਹਿਲਾ ਕੇ ਕਿਹਾ।

"ਜੀ, ਤੁਹਾਥੋਂ ਕੀ ਭੁੱਲਾ ਹੋਇਆ ਏ? ਰੁੱਘੂ ਸ਼ਾਹ ਦੀਆਂ ਗੱਲਾਂ ਓਦਣ ਸੁਣਦੇ ਈ ਸੋ ਨਾ। ਅਸੀਂ ਤਾਂ ਘਰ ਵਿਚ ਦੋ ਹਜ਼ਾਰ ਦਾ ਅਟਾ-ਸਟਾ ਲਾਈ ਬੈਠੇ ਆਂ।" ਸੋਭੀ ਨੇ ਆਪਣੀਆਂ ਲੋੜਾਂ ਵੱਲ ਇਸ਼ਾਰਾ ਕੀਤਾ।

"ਮੈਂ ਤਾਂ ਆਹਨਾ, ਆਪਾਂ ਨੂੰ ਤਿੰਨ ਹਜ਼ਾਰ ਮਿਲ ਜਾਏ।" ਸੰਮਾ ਸਿੰਘ ਨੇ ਹਮਦਰਦੀ ਪ੍ਰਗਟ ਕਰਦਿਆਂ ਕਿਹਾ। "ਪਰ ਕਿਤੋਂ ਮਿਲੇ ਵੀ ?"

"ਵੇਖੋ ਨਾ, ਕੋਈ ਮਰਦਾ ਹੀਰਾ ਚੱਟਦਾ ਏ। ਨਹੀਂ ਤਾਂ ਹੁੰਦੇ ਸਾਸੀਂ ਕੌਣ ਧੀਆਂ ਦਾ ਬੁਰਾ ਤੱਕਦਾ ਏ ? ਚੇਤਾ ਜੇ, ਜਦੋਂ ਨਨਾਣ ਦਾ ਵਿਆਹ ਕੀਤਾ ਸੀ ? ਲੋਕੀਂ ਪੁੱਤਾਂ ਉਤਦੀ ਸੁੱਟ ਨਹੀਂ ਕਰਦੇ, ਤੇ ਸਾਡੇ ਸੌਹਰੇ ਨੇ ਧੀ ਦੇ ਡੋਲੇ ਉਤਦੀ ਸੁੱਟ ਕੀਤੀ ਸੀ।" ਸੋਭੀ ਦੀਆਂ ਅੱਖਾਂ ਵਿਚ ਪੁਰਾਣਾ ਵਡੱਪਣ ਸੀ।

"ਉਹਦੇ ਵਰਗੇ ਕਿਤੇ ਘਰ-ਘਰ ਜੰਮ ਪੈਣੇ ਨੇ ? ਰਾਜਾ ਜੱਟ ਸੀ ਉਹ।" ਸੰਮਾ ਸਿੰਘ ਨੇ ਗੁਜ਼ਰ ਚੁੱਕੇ ਜਜਮਾਨ ਦੀ ਸ਼ੋਭਾ ਕਰਦਿਆਂ ਕਿਹਾ। "ਪੰਡਤ ਜੀ! ਜਜਮਾਨ

ਸਾਰੇ ਸੈਹਬ ਨੇ, ਪਰ ਉਹ ਸੂਰਮਾ ਕਰਤੂਤ ਨੂੰ ਜੰਦਰਾ ਮਾਰ ਗਿਆ ਏ। ਕਦੇ ਕੋਈ ਜੰਮੇਗਾ, ਤਾਂ ਖੋਲ੍ਹੇਗਾ। ਇਹ ਵੀ ਗੱਲ ਸੁਣਨ ਵਾਲੀ ਜੇ। ਮਰਦਾਂ ਦੀਆਂ ਗੱਲਾਂ ਈ ਪਿੱਛੇ ਰਹਿ ਜਾਂਦੀਆਂ ਨੇ। ਅਗਲਾ ਘਰ ਵੜਾ ਮੋਟਾ ਸੀ। ਥੋੜ੍ਹੇ ਦਿਨ ਪਹਿਲਾਂ ਓਸੇ ਪਿੰਡ ਸਾਡੇ ਲੰਬਰਦਾਰਾਂ ਦੀ ਬੀਬੀ ਵਿਆਹੀ ਗਈ। ਉਨ੍ਹਾਂ ਆਪਣੇ ਵੱਲੋਂ ਬੜੀ ਦਿੱਤ-ਦਾਤ ਦਿੱਤੀ। ਸਾਡੇ ਕੁੜਮ ਚੰਦ ਨੇ ਜ਼ਰਾ ਬੋਲੀ ਕੀਤੀ, ਅਖੇ: ਸੁਹਦੇ ਜਿਹੇ ਘਰ ਮੁੰਡਾ ਮੰਗ ਬੈਠੇ ਆਂ, ਉਹਨਾਂ ਅੱਗੋਂ ਕੀ ਦੇਣਾ ਏਂ। ਸਾਡੇ ਸਰਦਾਰ ਨੇ ਸੁਣਿਆ, ਤਾਂ ਮੇਰੇ ਪਿਉ ਨੂੰ ਸੱਦ ਕੇ ਆਖਣ ਲੱਗਾ : "ਰਾਜਾ ਜੀ! ਜੱਟ ਦੀ ਬੋਲੀ ਵਿਔਹਣੀ ਏ; ਕੋਈ ਇਹ ਨਾ ਆਖੇ ਕਿ ਲੰਬਰਦਾਰਾਂ ਨਾਲੋਂ ਕਿਸੇ ਗੱਲੇ ਘੱਟ ਰਹੇ ਨੇ।' ਉਹਨਾਂ-ਪੰਡਤ ਜੀ!-ਦੋ ਮਹੀਂ ਦਿੱਤੀਆਂ ਸਨ, ਅਸਾਂ ਤਿੰਨ ਦਿੱਤੀਆਂ। ਪਿੰਡ ਦਾ ਮੂੰਹ ਧੋ ਦਿੱਤਾ। ਇਕ ਘੋੜੀ, ਤਿੰਨ ਮਹੀਂ, ਛਾਪ ਕੁੜਮ ਨੂੰ, ਕੈਂਠਾ ਤੇ ਜੋੜੀ ਮੁੰਡੇ ਨੂੰ, ਤੀਹ ਤੋਲੇ ਸੋਨਾ ਬੀਬੀ ਨੂੰ, ਦੋ ਸੰਦੂਕ ਤੇ ਕੱਪੜੇ ਦਾ ਅੰਤ ਈ ਨਹੀਂ। ਤਿੰਨ ਦਿਨ ਜੰਞ ਰੱਖੀ। ਦੂਹਰੇ ਲਾਗ ਲਾਗੀਆਂ ਨੂੰ; ਸਾਡੇ ਰਾਜੇ ਨੂੰ ਗਾਂ ਦਿੱਤੀ। ਕਰਨੀ ਏਂ ਕਿਸੇ ਨੇ ਐਹੋ ਜਿਹੀ ?"

"ਰਾਜਾ ਜੀ, ਐਹੋ ਜਿਹੇ ਦਾਨੀ ਪੁਰਸ਼ ਕਦੇ-ਕਦੇ ਜੰਮਦੇ ਨੇ।" ਦਾਨ ਲੈਣ ਵਾਲੇ ਪੰਡਤ ਨੇ ਦਾਨੀ ਦੀ ਵਡਿਆਈ ਕਰਨ ਵਿਚ ਹੀ ਆਪਣੀ ਕਲਿਆਣ ਸਮਝੀ।

"ਲੱਖ ਰੁਪੈ ਦੀ ਗੱਲ ਕੀਤੀ ਜੇ। ਇਹ ਤਾਂ-ਪੰਡਤ ਜੀ! ਸਾਰੇ ਪਿੰਡ ਵਿਚੋਂ ਆਦੀ ਘਰ ਸਾਜੇ। ਦਿਨਾਂ ਦਾ ਗੇੜ ਏ, ਇਕ ਝਗੜਾ ਪੈ ਗਿਆ, ਤੇ ਕੁਛ ਸਮੇਂ ਹਾਰ ਦੇ ਗਏ।" ਸੰਮਾ ਸਿੰਘ ਨੇ ਪੁਰਾਣੀ ਵਡੱਤ ਦੇ ਪਰਦੇ ਥੱਲੇ ਹੁਣ ਦੀ ਹੀਣਤਾ ਲੁਕਾਉਣ ਦਾ ਯਤਨ ਕਰਦਿਆਂ ਕਿਹਾ।

ਚੋਖਾ ਚਿਰ ਏਹਾ ਚਰਚਾ ਹੁੰਦੀ ਰਹੀ। ਅੰਤ ਅਸਲੀ ਗੱਲਬਾਤ ਫੇਰ ਸ਼ੁਰੂ ਹੋ ਗਈ ਤੇ ਕਾਫ਼ੀ ਝਗੜੇ ਪਿੱਛੋਂ ਪੰਦਰਾਂ ਸੌ 'ਤੇ ਸੌਦਾ ਮੁੱਕ ਗਿਆ। ਸੋਭੀ ਨੇ ਫਿਰ ਪੁੱਛਿਆ, "ਜੀ ਮੁੰਡਾ ਚੰਗਾ ਬਣਦਾ ਤਣਦਾ ਏ ਨਾ ?"

"ਕੀ ਪੁੱਛਦੇ ਓ ? ਕਿਸੇ ਗੱਲ ਦਾ ਫਿਕਰ ਨਾ ਕਰੋ।" ਸੰਮਾ ਸਿੰਘ ਨੇ ਕੰਨ ਖੁਰਕਦਿਆਂ ਕਿਹਾ।

"ਤਾਂ ਵੀ, ਕਿੰਨੀ ਕੁ ਉਮਰ ਦਾ ਏ।"

"ਐਨੇ ਭਰਮ ਨਹੀਂ ਕਰੀਦੇ, ਜਜਮਾਨਣੀ! ਆਦਮੀ ਦੀ ਉਮਰ ਦਾ ਕੀ ਪੁੱਛਣਾ ? ਕਦੇ ਮਰਦ ਵੀ ਬੁੱਢੇ ਹੋਏ ਨੇ ? ਖੁਰਾਕ ਹੋਵੇ, ਤਾਂ ਬੰਦਾ ਤਾਂ ਬੁੱਢਾ ਹੁੰਦਾ ਈ ਨਹੀਂ।"

ਮਾਂ ਦੇ ਦਿਲ ਦੀ ਅਜੇ ਵੀ ਤਸੱਲੀ ਨਾ ਹੋਈ। ਏਸ ਵਿੰਗੇ ਟੇਢੇ ਉੱਤਰ ਨੇ ਉਸ

ਨੂੰ ਸਗੋਂ ਭਰਮ ਵਿਚ ਪਾ ਦਿੱਤਾ। ਉਸ ਨੇ ਫੇਰ ਪੁੱਛਿਆ, "ਤਾਂ ਵੀ ਕਿੰਨਾ-ਕੁ ਵੱਡਾ? ਪੰਝੀਆਂ ਤੀਹਾਂ ਵਰ੍ਹਿਆਂ ਦਾ ਹੋਵੇਗਾ।"

"ਬੰਦਾ ਤਾਂ ਪੰਜਾਹ ਵਰ੍ਹਿਆਂ ਤੱਕ ਵੱਡਾ ਨਹੀਂ ਕਿਹਾ ਜਾ ਸਕਦਾ। ਤੁਸੀਂ ਕਿਹੜੇ ਵਹਿਮ ਵਿਚ ਪੈ ਗਏ ਓ!" ਸੰਮਾ ਸਿੰਘ ਦੇ ਮੂੰਹੋਂ ਬਿਨਾਂ ਸੋਚੇ-ਸਮਝੇ ਹੀ ਅੱਧ-ਪਚੱਧ ਸੱਚ ਨਿਕਲ ਗਿਆ।

ਅੱਜੇ ਵਾਕ ਪੂਰਾ ਵੀ ਨਹੀਂ ਸੀ ਹੋਇਆ, ਜਾਂ ਸੁਫੇ ਦਾ ਬੂਹਾ ਇਕੋ ਵਾਰ ਖੜਕਿਆ ਤੇ ਕੋਈ ਚੀਜ਼ ਡਿੱਗਦੀ-ਡਿੱਗਦੀ ਬਚੀ। ਇਹ ਚੰਦੋ ਸੀ, ਜੀਹਦੇ ਤੱਤੇ ਲੇਖ ਬਾਹਰ ਲਿਖੇ ਜਾ ਰਹੇ ਸਨ। ਜਿਸ ਵੇਲੇ ਉਹਨੇ ਰਾਜੇ ਨਾਲ ਇਕ ਓਪਰਾ ਆਦਮੀ ਆਉਂਦਾ ਵੇਖਿਆ ਸੀ ਉਹ ਓਸੇ ਵੇਲੇ ਉੱਠ ਕੇ ਅੰਦਰ ਚਲੀ ਗਈ ਸੀ। ਪਹਿਲਾਂ ਤਾਂ ਉਹ ਪਿਛਲੀ ਕੋਠੜੀ ਵਿਚ ਜਾ ਵੜੀ ਤੇ ਦਿਲ ਵਿਚ ਧਾਰੀ ਕਿ ਇਹਨਾਂ ਦੀਆਂ ਗੱਲਾਂ ਸੁਣ ਕੇ ਕੀ ਲੈਣਾ ਏਂ। ਪਰ ਹਜ਼ਾਰ ਯਤਨ ਕਰਨ 'ਤੇ ਵੀ ਉਹਦੀ ਸੁਰਤ ਏਧਰੇ ਲੱਗੀ ਰਹੀ। ਉਹਦੇ ਅੰਦਰ ਵਰੂਲੇ ਬਣ ਕੇ ਉਠਦੇ ਤੇ ਹਉਕੇ ਬਣ ਕੇ ਨਿਕਲ ਜਾਂਦੇ। ਪਸ਼ੂਆਂ ਵਾਂਗ ਆਪਣਾ ਮੁੱਲ ਪੈਂਦਾ ਵੇਖ ਕੇ ਉਹਦੇ ਸੀਨੇ ਕਾਤੀਆਂ ਚੱਲਦੀਆਂ। ਜ਼ਰਾ ਦੂਰ ਹੋਣ ਕਰਕੇ ਉਹਨੂੰ ਸਾਰੀਆਂ ਗੱਲਾਂ ਦੀ ਸਮਝ ਨਹੀਂ ਸੀ ਪੈਂਦੀ। ਇਹ ਮਾਰੂ ਗੱਲਾਂ ਸੁਣਨ ਵਾਸਤੇ ਉਹ ਉਤਾਵਲੀ ਹੋ ਉੱਠੀ। ਉਹਨੂੰ ਇਹ ਵੀ ਪਤਾ ਨਾ ਰਿਹਾ ਕਿ ਕਿਹੜੇ ਵੇਲੇ ਉਹ ਸੁਫੇ ਦੇ ਬੂਹੇ ਨਾਲ ਲੱਗ ਕੇ ਅੰਦਰਵਾਰ ਆ ਖਲੋਤੀ। ਜਿਸ ਵੇਲੇ ਸੋਭੀ ਵਰ ਦੀ ਉਮਰ ਪੁੱਛ ਰਹੀ ਸੀ, ਉਦੋਂ ਚੰਦੋ ਦੀ ਸਾਰੀ ਸੁਰਤ ਕੱਠੀ ਹੋ ਕੇ ਓਸੇ ਪਾਸੇ ਲੱਗੀ ਹੋਈ ਸੀ। ਉਹ ਸੋਚ ਰਹੀ ਸੀ, ਕਿ ਮੈਥੋਂ ਪੰਜ ਵਰ੍ਹੇ, ਦਸ ਵਰ੍ਹੇ ਹੱਦ ਪੰਦਰਾਂ ਵਰ੍ਹੇ ਵੱਡਾ ਹੋਵੇਗਾ, ਪਰ ਜਿਉਂ ਹੀ ਉਹਨੇ 'ਪੰਜਾਹ ਵਰ੍ਹੇ' ਸੁਣਿਆ, ਉਹਦੇ ਕਲੇਜੇ ਵਿਚਦੀ ਤੀਰ ਲੰਘ ਗਿਆ। ਉਹਦਾ ਸਿਰ ਚਕਰਾ ਗਿਆ ਤੇ ਬੇਹੋਸ਼ ਜਿਹੀ ਹੋ ਕੇ ਤਖਤੇ ਨਾਲ ਜਾ ਵੱਜੀ। ਉਹ ਛੇਤੀ ਨਾਲ ਭੋਏਂ 'ਤੇ ਨਾ ਬਹਿ ਜਾਂਦੀ ਤਾਂ ਜ਼ਰੂਰ ਬੁਰੀ ਤਰ੍ਹਾਂ ਡਿਗਦੀ। ਉਹਨੂੰ ਧਰਤ-ਅਕਾਸ਼ ਦੇ ਦੋਵੇਂ ਪੁੜ ਮਿਲਦੇ ਜਾਂਦੇ ਮਾਲੂਮ ਹੋ ਰਹੇ ਸਨ।

ਸੋਭੀ ਅੰਦਰ ਆਈ, ਤੇ ਥੋੜ੍ਹੀ ਜਿਹੀ ਤਾੜਨਾ ਕਰਕੇ, ਚੰਦੋ ਨੂੰ ਬਾਹੋਂ ਫੜ ਕੇ ਇਕ ਮੰਜੇ 'ਤੇ ਬਹਾ ਗਈ। ਚੰਦੋ ਦੀ ਸੁਰਤ ਅਜੇ ਵੀ ਓਸੇ ਪਾਸੇ ਲੱਗੀ ਹੋਈ ਸੀ। ਉਹ ਸੋਚਦੀ, 'ਪੰਜਾਹ ਵਰ੍ਹਿਆਂ ਦਾ। ਛਿੰਨੀ ਦਾ ਚਾਚਾ ਅਜੇ-ਆਂਹਦੇ ਨੇ, -ਪੰਜਾਹ ਵਰ੍ਹਿਆਂ ਦਾ ਨਹੀਂ ਹੋਇਆ ਤੇ ਉਹਦੀ ਦਾੜ੍ਹੀ ਸਾਰੀ ਚਿੱਟੀ ਹੋਈ ਹੋਈ ਏ। ਮਹਿੰਦਰ ਦਾ ਬਾਪੂ ਵੀ ਪੰਜਾਹ ਵਰ੍ਹਿਆਂ ਦਾ ਨਹੀਂ, ਪਰ ਉਹਦੇ ਮੂੰਹ ਵਿਚ ਦੰਦ ਕੋਈ ਨਹੀਂ। ਮੇਰਾ ਪਿਉ ਵੀ ਅਜੇ ਪੰਜਾਹ ਵਰ੍ਹਿਆਂ ਤੋਂ ਛੋਟਾ ਦਸਦੇ ਨੇ। ਕੀ ਉਹ ਛਿੰਨੀ ਦੇ ਚਾਚੇ ਨਾਲੋਂ, ਮਹਿੰਦਰ ਦੇ ਬਾਪੂ ਨਾਲੋਂ ਤੇ ਮੇਰੇ ਪਿਓ ਨਾਲੋਂ ਵੀ ਵੱਡਾ ਏ ? ਉਹ ਸਾਰਿਆਂ

ਨਾਲੋਂ ਵੱਡਾ ਏ ? ਅਜੇ ਕੀ ਪਤਾ, ਉਹ ਪੰਜਾਹ ਵਰ੍ਹਿਆਂ ਨਾਲੋਂ ਵੀ ਵੱਡਾ ਹੋਵੇ। ਉਹਦੀ ਦਾੜ੍ਹੀ, ਉਹਦੇ ਦੰਦ, ਕੀ ਜਾਣਾ।'

ਰਾਜਾ ਤੇ ਪੰਡਤ ਕੰਮ ਮੁੱਕਾ ਸਮਝ ਕੇ ਜਾਣ ਨੂੰ ਤਿਆਰ ਹੋ ਪਏ। ਸਵੇਰੇ ਦੀ ਰੋਟੀ ਵਰਜ ਕੇ, ਉਹਨਾਂ ਦੋਹਾਂ ਨੂੰ ਬਾਹਰ ਤੋਰ ਕੇ ਹਰੀ ਸਿੰਘ ਮੁੜ ਆਇਆ। ਰਾਤ ਚੋਖੀ ਚਲੀ ਗਈ ਸੀ। ਸਾਰੇ ਥਾਂਓਂ-ਥਾਂਈਂ ਸੌਂ ਗਏ, ਪਰ ਵਿਚਾਰੀ ਚੰਦੋ ਵਾਸਤੇ ਨੀਂਦ ਕਿੱਥੇ। ਪੰਜਾਹ ਵਰ੍ਹੇ ਵਾਲੀ ਸੂਲ ਉਹਦੇ ਸੀਨੇ ਵਿਚ ਰੜਕ ਰਹੀ ਸੀ। ਇਹਨਾਂ ਹੀ ਗਿਣਤੀਆਂ ਵਿਚ ਉਹਨੇ ਰਾਤ ਨਿਭਾ ਦਿੱਤੀ।

## ੨

"ਭਾਵੇਂ ਮੈਨੂੰ ਮਾਰ ਘੱਤ। ...ਮੈਂ ਵੀ ਅੱਜ ਮਰ ਜਾਣਾ ਏਂ।"

ਗੁਰਨਾਮ ਤੇ ਹਰਭਜਨ ਦੋਵੇਂ ਹਾਣ ਸਹੇਲੀਆਂ ਸਨ। ਉਹ ਜ਼ੱਦ ਵਿਚੋਂ ਦੂਰੋਂ ਨੇੜਿਓਂ ਭੈਣਾਂ ਲੱਗਦੀਆਂ ਸਨ। ਆਪਸ ਵਿਚ ਦੋਹਾਂ ਦਾ ਬੜਾ ਗੂੜ੍ਹਾ ਪਿਆਰ ਸੀ। ਛੋਟੀਆਂ ਹੁੰਦੀਆਂ ਦੋਵੇਂ 'ਕੱਠੀਆਂ ਭਾਈ ਨਿਧਾਨ ਸਿੰਘ ਗੰਥੀ ਦੀ ਸਿੰਘਣੀ ਕੋਲੋਂ ਗੁਰਮੁਖੀ ਪੜ੍ਹੀਆਂ ਸਨ। ਦੋਹਾਂ 'ਕੱਠੀਆਂ ਪੜ੍ਹਨਾ, 'ਕੱਠੀਆਂ ਖੇਡਣਾ, 'ਕੱਠੀਆਂ ਕੱਤਣਾ ਤੇ ਕੱਠੀਆਂ ਖਾਣਾ। ਦੋਹਾਂ ਦੇ ਮਾਪਿਆਂ ਦਾ ਆਪਸ ਵਿਚ ਚੰਗਾ ਮਿਲਾਪ ਸੀ। ਸੋ ਉਹਨਾਂ ਦੇ ਸਹੇਲਪੁਣੇ ਵਿਚ ਕੋਈ ਵਿਘਨ ਨਾ ਪਿਆ। ਦੋਵੇਂ ਜੁਆਨ ਹੋਈਆਂ ਤਾਂ ਇੱਕੋ ਸਾਲ ਦੋਹਾਂ ਦੇ ਵਿਆਹ ਹੋ ਗਏ ਤੇ ਉਹ ਆਪਣੇ ਨਵੇਂ ਘਰਾਂ ਵਿਚ ਚਲੀਆਂ ਗਈਆਂ। ਉਹਨਾਂ ਦੇ ਪਿਆਰ ਵਿਚ ਫਿਰ ਵੀ ਫਰਕ ਨਾ ਆਇਆ। ਇਕ ਪੇਕੇ ਆਉਂਦੀ ਤਾਂ ਉਹ ਦੂਜੀ ਨੂੰ ਬੁਲਾ ਲੈਂਦੀ। ਏਸ ਤਰ੍ਹਾਂ ਉਹ ਪੰਜ-ਦਸ ਦਿਨ ਆਪਣੇ ਬਚਪਨ ਨੂੰ ਫਿਰ ਮੋੜ ਲਿਆਉਂਦੀਆਂ। ਜ਼ਰਾ-ਕੁ ਦੁਨੀਆ ਦਾ ਪਸਾਰਾ ਹੋਰ ਵਧਿਆ ਤਾਂ ਉਹ ਇਕ ਦੂਜੀ ਦੇ ਘਰ ਸਾਰਥਾਂ 'ਤੇ ਜਾਣ ਲੱਗ ਪਈਆਂ। ਵੇਖਣ ਵਾਲੇ ਉਹਨਾਂ ਨੂੰ ਸਕੀਆਂ ਭੈਣਾਂ ਹੀ ਸਮਝਦੇ ਸਨ।

ਇਸ ਵੇਲੇ ਹਰਭਜਨ ਦੇ ਘਰ ਇਕ ਲੜਕੀ ਤੇ ਦੋ ਲੜਕੇ ਸਨ, ਪਰ ਗੁਰਨਾਮ ਦੇ ਘਰ ਇਕੋ ਲੜਕਾ ਹੀ। ਹਰਭਜਨ ਕੌਰ ਦੇ ਦੋਹਾਂ ਭਰਾਵਾਂ ਵਿਚੋਂ ਲੜਕੀ ਕਿਸੇ ਦੇ ਘਰ ਨਹੀਂ ਸੀ। ਇਸ ਵਾਸਤੇ ਉਸ ਦੀ ਲੜਕੀ-ਸੁਰਿੰਦਰੋ-ਨਾਨਕਿਆਂ ਘਰ ਹੀ ਰਹਿੰਦੀ ਸੀ। ਗੁਰਨਾਮ ਦੇ ਘਰ ਪਲੇਠੀ ਦਾ ਪੁੱਤਰ-ਹਰਪਾਲ-ਹੋਇਆ, ਤੇ ਉਸ ਦੇ ਪਿੱਛੋਂ ਤਿੰਨ ਸਾਲ ਬਿਮਾਰ ਰਹਿਣ ਕਰਕੇ ਸਰੀਰ ਵਿਚ ਅਜਿਹਾ ਨੁਕਸ ਪਿਆ ਕਿ ਫਿਰ ਹੋਰ ਬਾਲ ਹੋਣ ਦੀ ਆਸ ਨਾ ਰਹੀ। ਉਨ੍ਹਾਂ-ਪਤੀ ਪਤਨੀ-ਦਾ ਆਪਸ ਵਿਚ ਬੜਾ ਪਿਆਰ ਸੀ। ਸੋ ਉਹ ਏਨੇ ਵਿਚ ਹੀ ਬੜੇ ਸੰਤੁਸ਼ਟ ਸਨ। ਗੁਰਨਾਮ ਕੌਰ ਪੜ੍ਹੀ-ਲਿਖੀ, ਬੜੀ ਮਿੱਠ-ਬੋਲੀ ਤੇ ਸੁਚੱਜੀ ਸੀ। ਉਸ ਦੀ

ਜ਼ਬਾਨ ਵਿਚ ਏਨੀ ਮਿਠਾਸ ਸੀ ਕਿ ਕੋਈ ਉਸ ਨਾਲ ਲੜਨਾ ਵੀ ਚਾਹੁੰਦੀ ਤਾਂ ਉਸ ਦੇ ਮੂੰਹੋਂ ਨਿਕਲਿਆ ਇਕ ਅੱਖਰ 'ਜੀ' ਉਸ ਨੂੰ ਸ਼ਾਂਤ ਕਰ ਦੇਂਦਾ। ਏਹਾ ਕਾਰਨ ਸੀ, ਕਿ ਸੱਸ, ਨਨਾਣ, ਜੇਠਾਨੀ ਤੇ ਗੁਆਂਢਣਾਂ ਸਭ ਉਸ ਦਾ ਆਦਰ ਕਰਦੀਆਂ ਸਨ।

ਗ੍ਰੰਥੀ ਨਿਧਾਨ ਸਿੰਘ ਜੀ ਬੜੇ ਰਹਿਣੀ ਵਾਲੇ ਸਿੱਖ ਸਨ। ਜਦੋਂ ਦੇ ਉਹ ਇਸ ਪਿੰਡ ਵਿਚ ਆਏ ਸਨ, ਲੋਕਾਂ ਦੀ ਕਾਇਆ ਪਲਟ ਗਈ ਸੀ। ਪਹਿਲਾਂ ਏਥੇ ਸਿੱਖੀ ਦਾ ਨਾਂਅ ਤੱਕ ਕੋਈ ਨਹੀਂ ਸੀ ਜਾਣਦਾ। ਉਹ ਸਿੱਖ ਅਖਵਾਉਂਦੇ ਹੋਏ ਵੀ ਸਿੱਖ-ਮਰਯਾਦਾ ਤੋਂ ਬੜੇ ਦੂਰ ਸਨ। ਭਾਈ ਨਿਧਾਨ ਸਿੰਘ ਜੀ ਦੇ ਉਪਦੇਸ਼ ਨਾਲ ਹੁਣ ਰੋਜ਼ ਅੰਮ੍ਰਿਤ ਵੇਲੇ ਗੁਰਦੁਆਰੇ ਵਿਚ ਬਾਣੀ ਪੜ੍ਹਨ ਵਾਲਿਆਂ ਦੀ ਚੰਗੀ ਰੌਣਕ ਹੋ ਜਾਂਦੀ ਸੀ। ਬਾਹਰ ਕੰਮ ਧੰਦੇ ਲੱਗੇ ਹੋਏ ਸਿੱਖ 'ਜਪੁਜੀ' ਸਾਹਿਬ ਦਾ ਪਾਠ ਕਰਦੇ ਸੁਣੀਂਦੇ ਸਨ। ਭਾਈ ਜੀ ਦੇ ਉੱਦਮ ਨਾਲ ਕੱਚੇ ਗੁਰਦੁਆਰੇ ਦੀ ਥਾਂ ਹੁਣ ਪੱਕਾ ਬਣ ਗਿਆ ਸੀ। ਪਿੰਡ ਵਿਚ ਮਾਲਕੀ ਸਾਰੀ ਸਿੱਖ ਜੱਟਾਂ ਦੀ ਸੀ, ਇਸ ਵਾਸਤੇ ਉਹ ਕੰਮੀਂ ਮੁਸਲਮਾਨਾਂ ਦੀ ਮਸੀਤ ਨਹੀਂ ਬਣਨ ਦੇਂਦੇ ਸਨ। ਭਾਈ ਜੀ ਨੇ ਸਾਰਿਆਂ ਨੂੰ ਸਮਝਾ ਕੇ ਕਿ 'ਸਿੱਖੀ ਹਰ ਇਕ ਨੂੰ ਖ਼ੁਸ਼ੀ ਨਾਲ ਵਸਣ ਦਾ ਹੱਕ ਦੇਂਦੀ ਹੈ, ਤੇ ਮਸਜਿਦ ਵੀ ਰੱਬ ਦਾ ਘਰ ਹੈ', ਇਕ ਪੱਕੀ ਮਸੀਤ ਬਣਵਾ ਦਿੱਤੀ। ਜਿਹੜੇ ਸਿੱਖ ਅੱਗੇ ਆਪਣੀ ਜ਼ਮੀਨ ਵਿਚ ਮਸੀਤ ਬਣਨ ਨਹੀਂ ਸੀ ਦੇਂਦੇ, ਭਾਈ ਜੀ ਦੀ ਪ੍ਰੇਰਨਾ ਨਾਲ ਉਹਨਾਂ ਪੱਲਿਓਂ ਪੈਸੇ ਦਿੱਤੇ। ਏਹਾ ਕਾਰਨ ਸੀ ਕਿ ਭਾਈ ਜੀ ਨੂੰ ਸਿੱਖ ਮੁਸਲਮਾਨ ਦੋਵੇਂ ਬੜਾ ਚੰਗਾ ਜਾਣਦੇ ਸਨ। ਆਪਣੀ ਉੱਚੀ ਰਹਿਣੀ ਕਰਕੇ ਉਹ ਸਾਰੇ ਪਿੰਡ ਵਿਚ ਪੂਜੇ ਜਾਂਦੇ ਸਨ। ਉਹ ਗਲੀ ਵਿਚਦੀ ਲੰਘਦੇ, ਤਾਂ ਸਾਰੇ ਛੋਟੇ ਵੱਡੇ ਅੱਗੋਂ ਉਠ ਕੇ ਫ਼ਤਹਿ ਬੁਲਾਉਂਦੇ। ਭਰਾਵਾਂ ਵਿਚ ਕੋਈ ਝਗੜਾ ਪੈ ਜਾਂਦਾ, ਤਾਂ ਭਾਈ ਜੀ ਦੇ ਨਿਰਪੱਖ ਫ਼ੈਸਲੇ ਨਾਲ ਦੋਹਾਂ ਵਿਚ ਸੁਲ੍ਹਾ ਹੋ ਜਾਂਦੀ। ਭਾਈ ਜੀ ਦੀ ਹੋਂਦ ਨੇ ਪਿੰਡ ਵਿਚ ਸੁਰਗ ਬਣਾ ਦਿੱਤਾ ਸੀ। ਉਹਨਾਂ ਦੀ ਛਾਤੀ ਵਿਚ ਭਾਈ ਕਨ੍ਹਈਆ ਵਰਗਾ ਦਿਲ ਸੀ, ਜੋ ਕਿਸੇ ਵੀ ਦੁਖੀ ਦੇ ਦਰਦ ਵਿਚ ਤੜਪ ਉਠਦਾ ਸੀ। ਗੁਰੂ ਕਾ ਲੰਗਰ ਅਜਿਹੀ ਸ਼ਾਨ ਨਾਲ ਚਲਦਾ ਸੀ ਕਿ ਅੱਧੀ ਰਾਤ ਮੁਸਾਫ਼ਿਰ ਆ ਜਾਵੇ ਤਾਂ ਉਸ ਨੂੰ ਰੋਟੀ ਮਿਲ ਜਾਂਦੀ ਸੀ।

ਭਾਈ ਜੀ ਦੇ ਉੱਦਮ ਨਾਲ ਗੁਰਦੁਆਰੇ ਵਿਚ ਕਈ ਸਾਲ ਤੋਂ ਪਾਠਸ਼ਾਲਾ ਚੱਲ ਰਹੀ ਸੀ। ਲੜਕਿਆਂ ਨੂੰ ਉਹ ਆਪ ਪੜ੍ਹਾਉਂਦੇ ਸਨ ਤੇ ਲੜਕੀਆਂ ਨੂੰ ਉਨ੍ਹਾਂ ਦੀ ਸਿੰਘਣੀ। ਓਸੇ ਪਾਠਸ਼ਾਲਾ ਵਿਚ ਗੁਰਨਾਮ ਤੇ ਹਰਭਜਨ ਪੜ੍ਹੀਆਂ ਸਨ। ਹੁਣ ਉਹ ਪਾਠਸ਼ਾਲਾ ਦੋ ਸਕੂਲਾਂ ਵਿਚ ਬਦਲ ਗਈ ਸੀ : ਇਕ ਪਾਸੇ ਲੜਕਿਆਂ ਦਾ ਮਿਡਲ ਸਕੂਲ ਤੇ ਇਕ ਪਾਸੇ ਲੜਕੀਆਂ ਵਾਸਤੇ ਪ੍ਰਾਇਮਰੀ। ਲੜਕੀਆਂ ਦੇ ਸਕੂਲ

ਵਿਚ, ਭਾਈ ਜੀ ਦੀ ਸਿੰਘਣੀ ਵੀ ਅਧਿਆਪਕਾ ਸੀ। ਸਕੂਲ ਦੇ ਸਮੇਂ ਤੋਂ ਪਿੱਛੋਂ ਭਾਈ ਜੀ ਨੇ ਗੁਰਦੁਆਰੇ ਵਿਚ ਧਾਰਮਿਕ ਸਿੱਖਿਆ ਵਾਸਤੇ ਕੁਛ ਸਮਾਂ ਰੱਖਿਆ ਹੋਇਆ ਸੀ, ਜਿਸ ਵਿਚ ਸਿੱਖ ਲੜਕੇ ਲੜਕੀਆਂ 'ਕੱਠੇ ਪੜ੍ਹਦੇ ਸਨ। ਉਸ ਵੇਲੇ ਭਾਈ ਸਾਹਿਬ ਜੀ ਗੁਰ-ਇਤਿਹਾਸ ਤੇ ਗੁਰਬਾਣੀ ਪੜ੍ਹਾਇਆ ਕਰਦੇ ਸਨ।

ਬੀਬੀ ਸੁਰਿੰਦਰ ਤੇ ਕਾਕਾ ਹਰਪਾਲ ਏਥੇ ਹੀ ਪੜ੍ਹਦੇ ਸਨ। ਸੁਰਿੰਦਰ ਚੌਥੀ ਜਮਾਤ ਵਿਚ ਸੀ ਤੇ ਹਰਪਾਲ ਛੇਵੀਂ ਵਿਚ। ਸੁਰਿੰਦਰ ਨਾਲੋਂ ਹਰਪਾਲ ਦੋ ਸਾਲ ਵੱਡਾ ਸੀ। ਉਹਨਾਂ ਦੀ ਉਮਰ ਦਸ ਤੇ ਬਾਰਾਂ ਸਾਲ ਦੀ ਸੀ। ਸੁਰਿੰਦਰ ਤਾਂ ਰਹਿੰਦੀ ਹੀ ਨਾਨਕਿਆਂ ਘਰ ਸੀ ਤੇ ਗੁਰਨਾਮ ਨੇ ਵੀ ਆਪਣੀ ਸੱਸ ਤੇ ਪਤੀ ਨੂੰ ਮਨਾ ਲਿਆ ਸੀ ਕਿ ਹਰਪਾਲ ਨੂੰ ਪੜ੍ਹਨ ਵਾਸਤੇ ਓਥੇ ਭੇਜ ਦਿੱਤਾ ਜਾਵੇ। ਉਹਨਾਂ ਦੇ ਪਿੰਡ ਵਿਚ ਪੜ੍ਹਾਈ ਦਾ ਕੋਈ ਪ੍ਰਬੰਧ ਨਹੀਂ ਸੀ। ਨਾਲੇ ਉਹ ਆਪਣੇ ਪੁੱਤਰ ਨੂੰ ਭਾਈ ਨਿਧਾਨ ਸਿੰਘ ਜੀ ਦੀ ਸੰਗਤ ਵਿਚ ਕੁਛ ਚਿਰ ਰੱਖਣਾ ਚਾਹੁੰਦੀ ਸੀ।

ਸੁਰਿੰਦਰ ਦਾ ਛੋਟਾ ਮਾਮਾ ਪੜ੍ਹਿਆ ਲਿਖਿਆ, ਬੜੇ ਚੰਗੇ ਸੁਭਾਅ ਦਾ ਸੀ। ਸੁਰਿੰਦਰ ਤੇ ਹਰਪਾਲ ਰਾਤ ਨੂੰ ਓਸੇ ਦੀ ਬੈਠਕ ਵਿਚ ਪੜ੍ਹਦੇ ਸਨ। ਉਹ ਬੱਚਿਆਂ ਨਾਲ ਬੜਾ ਖ਼ੁਸ਼ ਰਹਿੰਦਾ ਸੀ। ਰਾਤ ਨੂੰ ਦੋਹਾਂ ਨੂੰ ਉਹ ਸਿੱਖ ਇਤਿਹਾਸ ਵਿਚੋਂ ਸਾਖੀਆਂ ਸੁਣਾਉਂਦਾ ਹੁੰਦਾ ਸੀ। ਉਸ ਦੇ ਇਕ ਪਾਸੇ ਸੁਰਿੰਦਰ ਤੇ ਇਕ ਪਾਸੇ ਹਰਪਾਲ ਨੇ ਬਹਿ ਜਾਣਾ, ਤੇ ਕਹਿਣਾ 'ਮਾਮਾ ਜੀ, ਕੋਈ ਸੋਹਣੀ ਜੇਹੀ ਸਾਖੀ ਸੁਣਾਓ।'

ਹਰਪਾਲ ਤੇ ਸੁਰਿੰਦਰ ਦਾ ਆਪਸ ਵਿਚ ਬੜਾ ਅਨੋਖਾ ਪਿਆਰ ਸੀ। ਉਹ 'ਕੱਠੇ ਖੇਡਦੇ ਤੇ 'ਕੱਠੇ ਪੜ੍ਹਦੇ। ਉਹ ਦਿਨ ਵਿਚ ਕਈ ਵਾਰ ਲੜਦੇ ਤੇ ਕਈ ਵਾਰ ਮੰਨਦੇ। ਸੁਰਿੰਦਰ, ਹਰਪਾਲ ਦੀ ਕਦੇ ਦੁਆਤ ਡੋਲ੍ਹ ਦੇਂਦੀ, ਕਦੇ ਕਲਮ ਭੰਨ ਦੇਂਦੀ ਤੇ ਕਦੇ ਕਾਪੀ ਲੁਕਾ ਲੈਂਦੀ। ਹਰਪਾਲ ਗੁੱਸੇ ਵਿਚ ਦੋ ਤਿੰਨ ਮਾਰ ਦੇਂਦਾ ਤਾਂ ਸੁਰਿੰਦਰ ਰੋ ਪੈਂਦੀ। ਸੁਰਿੰਦਰ ਉਸ ਨਾਲੋਂ ਉਮਰੋਂ ਛੋਟੀ ਤੇ ਸਰੀਰੋਂ ਮਾੜੀ ਸੀ, ਪਰ ਜਦੋਂ ਦਾਅ ਲੱਗਦਾ, ਉਹ ਵੀ ਦੋ ਚਾਰ ਮਾਰ ਕੇ ਵੱਟਾ ਲਾਹ ਲੈਂਦੀ। ਸਕੂਲੋਂ ਛੁੱਟੀ ਹੁੰਦੀ ਤਾਂ ਉਹ ਦੋਵੇਂ ਲੜਦੇ ਹੀ ਘਰ ਆਉਂਦੇ। ਜਿੱਦਣ ਕਤਾਬਾਂ ਚੁੱਕਣ ਦੀ ਵਾਰੀ ਸੁਰਿੰਦਰ ਦੀ ਹੁੰਦੀ, ਹਰਪਾਲ ਘੂਰ-ਘੱਪ ਕੇ ਚੁਕਾ ਲੈਂਦਾ, ਪਰ ਜਿੱਦਣ ਉਸ ਦੀ ਆਪਣੀ ਵਾਰੀ ਹੁੰਦੀ, ਉਹ ਲੜ ਝਗੜ ਕੇ ਵਿਹਰ ਜਾਂਦਾ।

ਦੋਹਾਂ ਦਾ ਬਚਪਨ ਬੜਾ ਸੁਆਦੀ ਬੀਤ ਰਿਹਾ ਸੀ। ਸਾਲ ਕੁ ਪਹਿਲਾਂ ਦੀ ਗੱਲ ਹੈ, ਇਕ ਦਿਨ ਹਰਭਜਨ ਕੌਰ ਪੇਕੇ ਆਈ ਹੋਈ ਸੀ। ਉਸ ਦੀ ਭਰਜਾਈ ਨੇ ਖੀਰ ਰਿੱਧੀ। ਸੁਰਿੰਦਰ ਤੇ ਹਰਪਾਲ ਸਕੂਲੋਂ ਆਏ ਤਾਂ ਹਰਭਜਨ ਕੌਰ ਨੇ ਦੋਹਾਂ ਨੂੰ ਖੀਰ ਪਾ ਕੇ ਦਿੱਤੀ। ਇਕੋ ਮੰਜੇ ਉੱਤੇ ਬਹਿ ਕੇ ਦੋਵੇਂ ਖਾਣ ਲੱਗੇ। ਸੁਰਿੰਦਰ ਨੂੰ


WWW.SIKHBOOKCLUB.COM 

ਸ਼ਰਾਰਤ ਸੁੱਝੀ। ਉਸ ਨੇ ਹਰਪਾਲ ਦੀ ਥਾਲੀ ਵਿਚੋਂ ਚਮਚਾ ਭਰ ਕੇ ਮੂੰਹ ਵਿਚ ਪਾ ਲਿਆ। ਹਰਪਾਲ ਦੀ ਖੀਰ ਜੂਠੀ ਹੋ ਗਈ। ਉਸ ਨੂੰ ਗੁੱਸਾ ਬੜਾ ਆਇਆ, ਪਰ ਉਹ ਇਹ ਨਾ ਸੋਚ ਸਕਿਆ, ਕਿ ਕਰੇ ਕੀ ? ਉਹਨੇ ਬਿਨਾਂ ਸੋਚੇ-ਸਮਝੇ ਆਪਣੀ ਥਾਲੀ ਸੁਰਿੰਦਰ ਦੀ ਥਾਲੀ ਵਿਚ ਪਲਟ ਦਿੱਤੀ, ਤੇ ਉਸ ਨੂੰ ਗੁੱਤੋਂ ਫੜ ਕੇ ਕਹਿਣ ਲੱਗਾ, "ਹੁਣ ਮੈਂ ਵੀ ਨਾਲ ਹੀ ਖੁਆਵਾਂਗਾ।" ਦੋਵੇਂ 'ਕੱਠੇ ਖਾਣ ਲੱਗ ਪਏ। ਏਸ ਤਰ੍ਹਾਂ ਉਹਨਾਂ ਦਾ ਝਗੜਾ ਸੁਲ੍ਹਾ ਵਿਚ ਬਦਲ ਗਿਆ। ਏਸੇ ਤਰ੍ਹਾਂ ਉਹਨਾਂ ਦਾ ਬਾਲਪਨ ਰੁਸੇਵੇਂ ਮਨੇਵੇਂ ਨਾਲ ਖੇਡਦਾ ਰਹਿੰਦਾ ਸੀ।

ਅੱਜ ਵੀ ਇਕ ਅਜਿਹਾ ਹੀ ਝਗੜਾ ਸੀ। ਗੁਰਦੁਆਰੇ ਵਿਚ ਪੜ੍ਹਦਿਆਂ ਸੁਰਿੰਦਰ ਨੇ ਹਰਪਾਲ ਸਿੰਘ ਦਾ ਰੇਸ਼ਮੀ ਰੁਮਾਲ ਲੁਕਾ ਲਿਆ। ਕਈ ਵਾਰ ਮੰਗਣ 'ਤੇ ਵੀ ਉਹਨੇ ਰੁਮਾਲ ਨਾ ਦਿੱਤਾ, ਤਾਂ ਹਰਪਾਲ ਨੇ ਧੱਫਿਆਂ ਤੇ ਮੁੱਕੀਆਂ ਤੋਂ ਕੰਮ ਲੈਣਾ ਸ਼ੁਰੂ ਕੀਤਾ। ਕੁਝ ਚਿਰ ਸੁਰਿੰਦਰ ਬੈਠੀ ਮਾਰ ਖਾਂਦੀ ਰਹੀ, ਪਰ ਜਦੋਂ ਹਰਪਾਲ ਮਾਰਨੋਂ ਨਾ ਹੀ ਹਟਿਆ, ਉਹ ਅੱਗੇ ਲੱਗ ਕੇ ਭੱਜ ਉੱਠੀ। ਹਰਪਾਲ ਇਕ ਮੁੱਕੀ ਮਾਰ ਕੇ ਪੁੱਛ ਲੈਂਦਾ, "ਦੱਸ, ਰੁਮਾਲ ਦੇਣਾ ਏਂ, ਜਾਂ ਨਹੀਂ।" ਸੁਰਿੰਦਰ ਅੱਗੋਂ ਉੱਤਰ ਦੇਂਦੀ, "ਹੈਗਾ ਏ, ਪਰ ਦੇਣਾ ਨਹੀਂ।" ਏਸ ਤਰ੍ਹਾਂ ਲੜਦੇ ਲੜਾਉਂਦੇ ਉਹ ਭੱਜੇ-ਭੱਜੇ ਘਰ ਆ ਪੁੱਜੇ। ਹਰਪਾਲ ਨੇ ਖੱਬੇ ਹੱਥ ਨਾਲ ਸੁਰਿੰਦਰ ਦੀ ਗੁੱਤ ਫੜੀ ਹੋਈ ਸੀ ਤੇ ਸੱਜੇ ਹੱਥ ਨਾਲ ਕੁੱਟਦਾ ਮਾਰਦਾ ਆ ਰਿਹਾ ਸੀ। ਵਿਹੜੇ ਵਿਚ ਵੜਦਿਆਂ ਸੁਰਿੰਦਰ ਦੇ ਮੂੰਹੋਂ ਇਹ ਵਾਕ ਨਿਕਲੇ, "ਭਾਵੇਂ ਮੈਨੂੰ ਮਾਰ ਘੱਤ।...ਮੈਂ ਵੀ ਅੱਜ ਮਰ ਜਾਣਾ ਏ।"

ਅੱਗੇ ਗੁਰਨਾਮ ਤੇ ਹਰਭਜਨ ਦੋਵੇਂ-ਮਗਰਲੀ ਦੇ ਮਾਪਿਆਂ ਘਰ—ਬੈਠੀਆਂ ਗੱਲਾਂ ਕਰ ਰਹੀਆਂ ਸਨ। ਦੋਵੇਂ ਸਹੇਲੀਆਂ ਤਿੰਨ ਚਾਰ ਮਹੀਨਿਆਂ ਪਿੱਛੋਂ ਮਿਲੀਆਂ ਸਨ। ਇਹ ਵਿਛੋੜਾ ਉਹਨਾਂ ਵਾਸਤੇ ਚੋਖਾ ਲੰਮਾ ਸੀ। ਏਨੇ ਨੂੰ ਸੁਰਿੰਦਰ ਭੱਜ ਕੇ ਆਪਣੀ ਮਾਂ ਦੀ ਗੋਦ ਵਿਚ ਆ ਬੈਠੀ। ਉਹਨੂੰ ਆਸ ਸੀ ਕਿ ਮਾਂ ਉਸ ਦੀ ਸਹਾਇਤਾ ਕਰੇਗੀ, ਪਰ ਹਰਭਜਨ ਨੇ ਹਰਪਾਲ ਨੂੰ ਕੁਛ ਨਾ ਕਿਹਾ। ਉਹਨੇ ਸੁਰਿੰਦਰ ਨੂੰ ਇਕ ਦੋ ਹੋਰ ਲਾ ਦਿੱਤੀਆਂ। ਦੋਵੇਂ ਸਹੇਲੀਆਂ ਇਹ ਕੌਤਕ ਵੇਖ ਰਹੀਆਂ ਸਨ। ਸੁਰਿੰਦਰ ਨੂੰ ਬਚਾਉ ਦਾ ਦੂਜਾ ਆਸਰਾ ਨਜ਼ਰ ਪਿਆ। ਉਹ ਛੇਤੀ ਨਾਲ ਉੱਠ ਕੇ ਗੁਰਨਾਮ ਦੀ ਗੋਦ ਵਿਚ ਹੋ ਬੈਠੀ। ਹਰਪਾਲ ਨੇ ਓਥੇ ਬੈਠੀ ਨੂੰ ਵੀ ਮਾਰਨਾ ਚਾਹਿਆ, ਪਰ ਅੱਗੋਂ ਗੁਰਨਾਮ ਕੌਰ ਨੇ ਇਹ ਕਹਿ ਕੇ ਰੋਕ ਦਿੱਤਾ, "ਬੱਸ ਵੇ ਮੁੰਡਿਆ, ਹੁਣ ਮੇਰੀ ਧੀ ਨੂੰ ਹੱਥ ਲਾਇਆ, ਤਾਂ ਮੈਥੋਂ ਬੁਰਾ ਕੋਈ ਨਹੀਓਂ। ਕਿਵੇਂ ਲੱਗਾ ਹੋਇਆ ਏਂ ਕੁੱਟਣ ਵਿਚਾਰੀ ਨੂੰ।"

"ਇਹ ਫਿਰ ਮੇਰਾ ਰੁਮਾਲ ਕਿਉਂ ਨਹੀਂ ਦੇਂਦੀ ?" ਹਰਪਾਲ ਨੇ ਛਾਤੀ ਫੁਲਾ ਕੇ ਕਿਹਾ।

"ਨਾਲੇ ਐਨਾ ਕੁੱਟ ਲਿਆ ਸੂ, ਤੇ ਨਾਲੇ ਰੁਮਾਲ ਮੰਗਦਾ ਏ।" ਸੁਰਿੰਦਰ ਨੇ ਮਾਸੀ ਦੀ ਛਾਤੀ ਨਾਲ ਸਿਰ ਜੋੜ ਕੇ ਉੱਤਰ ਦਿੱਤਾ।

"ਤੇ ਹੁਣ ਮੈਂ ਛੱਡ ਦੇਣ ਲੱਗਾ ਆਂ ?"

"ਮੇਰੀ ਮਾਸੀ ਨੇ ਈ ਦਿੱਤਾ ਸੀ ਨਾ! ਜਾਹ, ਮੈਂ ਤੇਰੀ ਮਾਂ ਵੀ ਮੱਲ ਲਈ ਉ।"

ਹਰਭਜਨ ਤੇ ਗੁਰਨਾਮ ਦੋਵੇਂ ਹੱਸ ਪਈਆਂ। ਹਰਪਾਲ ਇਕ ਵਾਰ ਨਿਰੁੱਤਰ ਜਿਹਾ ਹੋ ਗਿਆ। ਉਸ ਨੂੰ ਦਿਲ ਵਿਚ ਆਪਣੀ ਹਾਰ ਪ੍ਰਤੀਤ ਹੋਣ ਲੱਗੀ, ਪਰ ਝੱਟ ਹੀ ਉਹ ਸੰਭਲ ਗਿਆ। ਉਹਨੇ ਹਰਭਜਨ ਕੌਰ ਦੀ ਗੋਦ ਵਿਚ ਬਹਿ ਕੇ ਜ਼ਰਾ ਰੁਅਬ ਨਾਲ ਕਿਹਾ, "ਜਾਹ ਮੱਲ ਲੈ। ਮੈਂ ਇਹਨੂੰ ਮਾਂ ਬਣਾ ਲਵਾਂਗਾ। ਤੂੰ ਦੋਵੇਂ ਮਾਵਾਂ ਤਾਂ ਨਹੀਂ ਮੱਲ ਲੈਂਦੀ।"

ਸੁਣ ਕੇ ਦੋਵੇਂ ਸਹੇਲੀਆਂ ਹੱਸ ਪਈਆਂ। ਉਹਨਾਂ ਨੇ ਬੱਚਿਆਂ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ। ਹਰਭਜਨ ਨੇ ਹਰਪਾਲ ਦਾ ਮੱਥਾ ਚੁੰਮਦਿਆਂ ਕਿਹਾ "ਮੇਰੀਆਂ ਜੋੜੀਆਂ ਜੁਗ-ਜੁੱਗ ਜੀਊਣ।"

## ੩

ਪੰਡਤ ਜਵਾਲਾ ਸਹਾਇ ਪਿੰਡ ਵਿਚੋਂ ਮੰਨਿਆ ਹੋਇਆ ਦਾਨਾ ਆਦਮੀ ਸੀ। ਇਕ ਆਪਣੇ ਪਿੰਡ ਵਿਚ ਹੀ ਨਹੀਂ, ਉਦਾਲੇ ਦੇ ਦਸਾਂ ਪਿੰਡਾਂ ਵਿਚ ਵੀ ਉਹਦਾ ਚੰਗਾ ਤੋਰਾ-ਸਿੱਕਾ ਸੀ। ਉਹ ਮੂੰਹੋਂ ਮਿੱਠਾ ਤੇ ਗੱਲ ਕਰਨ ਵਿਚ ਬੜਾ ਚਤਰ ਸੀ। ਭਾਵੇਂ ਉਹ ਬਹੁਤਾ ਵਿਦਵਾਨ ਨਹੀਂ, ਪਰ ਉਰਦੂ, ਹਿੰਦੀ ਤੇ ਪੰਜਾਬੀ (ਗੁਰਮੁਖੀ) ਅੱਖਰਾਂ ਵਿਚ ਕੁਛ ਨਾ ਕੁਛ ਲਿਖ ਪੜ੍ਹ ਲੈਂਦਾ ਸੀ। ਉਹਦੀ ਪਹੁੰਚ-ਛੋਟੇ ਤੋਂ ਵੱਡੇ-ਹਰ ਘਰ ਤੱਕ ਸੀ। ਭਲੇਮਾਣਸ ਤੇ ਉਚੱਕੇ ਸਾਰੇ ਉਹਦੇ ਜਾਣੂ ਸਨ। ਉਹਦੇ ਵਿਚ ਕਈ ਗੁਣ ਸਨ : ਕਿਸੇ ਨੂੰ ਲੜਾਉਣਾ ਤੇ ਕਿਸੇ ਦੀ ਸੁਲ੍ਹਾ ਕਰਾਉਣੀ, ਕਿਸੇ ਦਾ ਵਸਦਾ ਘਰ ਉਜਾੜਨਾ ਤੇ ਕਿਸੇ ਦਾ ਉਜੜਿਆ ਵਸਾਉਣਾ, ਕਿਸੇ ਦੇ ਤਵੀਤ ਕੱਢਣੇ ਤੇ ਕਿਸੇ ਨੂੰ ਪਾਉਣੇ, ਕਿਸੇ ਨੂੰ ਰਾਜ਼ੀ ਕਰਨਾ ਤੇ ਕਿਸੇ ਨੂੰ ਰੋਗ ਲਾ ਦੇਣਾ, ਕਿਸੇ ਨੂੰ ਵਰ ਤੇ ਕਿਸੇ ਨੂੰ ਸਰਾਪ। ਮੁਕਦੀ ਗੱਲ, ਉਹ ਹਰ ਮਸਾਲੇ ਪਿਪਲਾਮੂਲ ਸੀ। ਦਵਾਈ ਬੂਟੀ, ਤਵੀਤ ਧਾਗਾ, ਜੰਤਰ-ਮੰਤਰ, ਉਹ ਸਭ ਕੁਛ ਜਾਣਦਾ ਸੀ। ਇਕ ਬੰਦੇ ਵਿਚ ਐਨੇ ਗੁਣ, ਕਰਾਮਾਤ ਨਾਲੋਂ ਘੱਟ ਨਹੀਂ। ਉਹ ਮਿਲਣਸਾਰ ਐਨਾ ਸੀ ਕਿ ਹਰ ਘਰ ਦੂੱਜੇ ਚੌਥੇ ਦਿਨ ਜ਼ਰੂਰ ਫੇਰਾ ਪਾਉਂਦਾ। ਕਿਸੇ ਦੇ ਮੁੰਡੇ ਦੀ ਢਿੱਡ ਪੀੜ ਹੋਈ, ਤਾਂ ਉਹ ਆਪ ਚੂਰਨ ਲੈ ਕੇ ਹਾਜ਼ਰ। ਕਿਸੇ ਦੀ ਮਹਿੰ ਨਹੀਂ ਮਿਲੀ, ਤਾਂ ਉਸ ਨੇ ਪਾਣੀ ਕਰ ਦਿੱਤਾ। ਨੂੰਹ-ਸੱਸ ਵਿਚ ਲੜਾਈ ਹੋ ਪਈ, ਤਾਂ ਦੇਵਤਾ ਜੀ ਸਮਾਈ ਕਰਾਉਣ ਵਾਸਤੇ ਬਹੁੜ ਪਏ। ਕਿਸੇ ਦੇ ਚਰਖੇ ਦੀ ਲੱਠ ਹਿੱਲਣੋ ਨਹੀਂ ਖਲੋਂਦੀ, ਤਾਂ

ਪੰਡਿਤ ਤੋਂ ਤਵੀਤ ਕਰਾ ਕੇ ਨਾਲ ਬੰਨ੍ਹੇ! ਪੰਡਤ ਹੋਰਾਂ ਬਿਨਾਂ ਕੋਈ ਵੀ ਕਾਰਜ ਸਿਰੇ ਨਹੀਂ ਸੀ ਚੜ੍ਹ ਸਕਦਾ। ਮੁੰਡਾ ਜੰਮੇ, ਤਾਂ ਪੰਡਤ ਤੋਂ ਸੂਤਕ ਕਢਾਵੇ, ਬਾਬਾ ਮਰੇ ਤਾਂ ਪੰਡਤ ਤੋਂ ਸਤਾਰ੍ਹੀਆਂ ਕਰਾਵੇ, ਨੂੰਹ ਲਿਆਉਣੀ ਹੋਵੇ, ਤਾਂ ਪੰਡਤ ਤੋਂ ਪੱਤਰੀ ਕਢਾਵੇ, ਧੀ ਤੋਰਨੀ ਹੋਵੇ ਤਾਂ ਪੰਡਤ ਤੋਂ ਸ਼ੁੱਭ ਦਿਨ ਪੁੱਛੇ, ਕਿਸੇ ਤਾਰਾ ਡੋਬਣਾ ਜਾਂ ਚੜ੍ਹਾਉਣਾ ਹੋਵੇ ਤਾਂ ਪੰਡਤ ਨੂੰ ਨਾਲ ਲਿਜਾਵੇ, ਕਿਸੇ ਨਵੀਂ ਤੋੜੀ ਲਾਉਣੀ ਹੋਵੇ, ਤਾਂ ਪਹਿਲਾਂ ਪੰਡਤ ਦਾ ਪ੍ਰੀਤੀ-ਭੋਜਨ ਕਰੇ। ਏਥੇ ਹੀ ਬੱਸ ਨਹੀਂ, ਪਰ੍ਹੇ ਦਾ ਕੋਈ ਵੀ ਝਗੜਾ ਹੋਵੇ, ਪੰਡਤ ਦਾ ਵਿਚ ਹੋਣਾ ਜ਼ਰੂਰੀ ਸੀ। ਅੰਗੀਂ-ਸਾਕੀਂ ਹਰ ਥਾਂ ਉਹਨੇ ਨਾਲ ਪਹੁੰਚਣਾ। ਹਫ਼ਤੇ ਵਿਚ ਦੋ ਵਾਰ ਕਚਹਿਰੀ ਯਾਤਰਾ ਉਹਨੇ ਜ਼ਰੂਰ ਕਰਨੀ। ਸਫ਼ਾਈ ਦੀ ਗੁਆਹੀ ਉਸ ਤੋਂ ਭਾਵੇਂ ਦੋਵੇਂ ਧਿਰਾਂ ਦੁਆ ਲੈਣ। ਪਰਉਪਕਾਰੀ ਸੱਜਣ ਸੀ ਉਹ। ਕਿਸੇ ਨੇ ਵਿਆਹ ਦੀ ਵਰੀ ਬਣਾਉਣੀ ਹੋਵੇ ਤਾਂ ਉਸ ਦੇ ਕਈ ਜਾਣੂ ਦੁਕਾਨਦਾਰ ਸਨ, ਜਿਥੋਂ ਸੋ ਦਾ ਸੂਟਾ ਸਵਾ ਸੋ ਨੂੰ ਸਵੱਲਾ ਹੀ ਮਿਲ ਜਾਂਦਾ ਸੀ। ਉਹਦੇ ਹੱਥੀਂ ਗਹਿਣਾ ਘੜਾਓ ਤਾਂ ਤਾਂਬੇ ਦੀ ਮਿਲਾਵਟ ਬਿਨਾਂ ਸੋਨੇ 'ਤੇ ਚੰਗੀ ਲਾਲੀ ਨਹੀਂ ਸੀ ਆਉਂਦੀ। ਤੇ ਕੋਈ ਗੁਣ ਉਸ ਵਿਚ ਅਜੇ ਗੁਪਤ ਸਨ।

ਪੰਡਤ ਦੇ ਪਰਿਵਾਰ ਬਾਰੇ : ਨੂੰਹ ਪੁੱਤਰ ਨਾਲ ਨਾਰਾਜ਼ਗੀ ਹੋਣ ਕਰਕੇ, ਉਹ ਲਾਹੌਰ ਰਹਿੰਦੇ ਸਨ। ਜਦੋਂ ਦੀ ਪੰਡਤਾਣੀ ਸੁਰਗਵਾਸ ਹੋ ਗਈ ਸੀ, ਏਥੇ ਪਿੰਡ ਵਿਚ ਉਹ ਇਕੱਲਾ ਹੀ ਰਹਿੰਦਾ ਸੀ। ਪਰ ਉਹਨੂੰ ਇਕੱਲਾ ਕਹਿਣਾ ਠੀਕ ਨਹੀਂ, ਜਦ ਕਿ ਉਸ ਦੇ ਕੋਲ ਕਈ ਚੇਲੇ ਚੇਲੀਆਂ ਸਨ। ਏਸ ਪਿੰਡ, ਤੇ ਲਾਗੇ ਦੇ ਹੋਰ ਕਈਆਂ ਵਿਚ ਉਹਦੇ ਅਨੇਕਾਂ ਬਾਲਕੇ ਸਨ। ਉਹ ਉੱਤਮ ਜਾਤੀ ਦਾ ਬ੍ਰਹਿਮਣ ਸੀ। ਸੋ ਉਹਦੇ ਚਾਲ-ਚਲਣ 'ਤੇ ਸ਼ੱਕ ਕਰਨਾ ਠੀਕ ਨਹੀਂ। ਪਰ ਜਦੋਂ ਦੀ ਪੰਡਤਾਣੀ ਪਰਲੋਕ ਸਿਧਾਰੀ ਸੀ, ਉਦੋਂ ਦੀ ਚੇਲਿਆਂ ਦੇ ਨਾਲ-ਨਾਲ ਚੇਲੀਆਂ ਦੀ ਗਿਣਤੀ ਵੀ ਵਧ ਰਹੀ ਸੀ।

ਬਾਕੀ ਗੱਲ ਰਹੀ ਉਸ ਦੇ ਨਿਰਬਾਹ ਦੀ। ਉਹਦੀ ਆਮਦਨ ਦੇ ਤਾਂ ਕਈ ਵਸੀਲੇ ਸਨ, ਪਰ ਖਰਚ ਦਾ ਇਕ ਹੀ : ਕਿਸੇ ਨਵੇਂ ਬਣ ਰਹੇ ਚੇਲੇ ਚੇਲੀ ਦੀ ਮੰਦੀ ਹਾਲਤ 'ਤੇ ਤਰਸ ਖਾ ਕੇ ਉਹਦੀ ਕੁਛ ਸਹਾਇਤਾ ਕਰਨੀ। ਪੰਡਤ ਜੀ ਨੂੰ ਰੋਟੀ ਪਕਾਉਣ ਦੀ ਖੇਚਲ ਵੀ ਆਪ ਨਹੀਂ ਸੀ ਕਰਨੀ ਪੈਂਦੀ। ਬਹੁਤੇ ਦਿਨ ਉਹ ਜਜਮਾਨਾਂ ਘਰ ਆਪ ਹੀ ਵਰਜੀ ਰੱਖਦਾ ਸੀ। ਉਹ ਕਿਸੇ ਘਰ ਗਿਆ ਤਾਂ ਜਾ ਕਿਹਾ, "ਪੁੱਤਰੀ! ਮੈਂ ਅੰਮ੍ਰਿਤ ਵੇਲੇ ਵੇਦ ਮੰਤਰ ਪੜ੍ਹ ਰਿਹਾ ਸਾਂ ਤਾਂ ਮੈਨੂੰ, ਅਕਾਸ਼ਬਾਣੀ ਹੋਈ ਕਿ ਤੁਹਾਡੇ ਕਰਮੇ 'ਤੇ ਅੱਜਕੱਲ੍ਹ ਮੰਗਲ ਦਾ ਪਹਿਰਾ ਹੈ। ਆਹ ਤਵੀਤ ਉਸ ਦੇ ਗਲ ਬੰਨ੍ਹ ਦੇਣਾ ਤੇ ਹਰ ਮੰਗਲਵਾਰ ਇਸ ਨੂੰ ਧੂਪ ਦੇਂਦੇ ਰਹਿਣਾ। ਆਹ ਮਹੀਨਾ ਸੁਖ ਦਾ ਲੰਘ ਗਿਆ ਤਾਂ ਫੇਰ ਕੋਈ ਡਰ ਨਹੀਂ। ਮਗਰੋਂ ਕੜਾਹੀ ਵਜੋਂ ਕਾਕੇ ਦੇ ਤੋਲ

ਦਾ ਕਾਲਾ ਅਨਾਜ ਲਾਲ ਲੀੜੇ ਵਿਚ ਬੰਨ੍ਹ ਕੇ ਕਿਸੇ ਸਾਧੂ ਜਾਂ ਪੰਡਤ ਨੂੰ ਦਾਨ ਕਰ ਦੇਣਾ।" ਅੱਗੋਂ ਬੀਬੀ ਨੇ ਨਾਲੇ ਪੈਰੀਂ ਹੱਥ ਲਾਉਣਾ, ਨਾਲੇ ਕੁਛ ਛੱਕਣ ਵਾਸਤੇ ਕਹਿਣਾ, ਤਾਂ ਪੰਡਤ ਨੇ ਬ੍ਰਹਮ-ਵਾਕ ਕਰ ਦੇਣਾ, "ਪਰਸੋਂ ਸਵੇਰ ਦਾ ਭੋਜਨ ਤੁਹਾਡੇ ਗ੍ਰਿਹਿ ਵਿਖੇ ਹੋਵੇਗਾ।" ਕਿਸੇ ਦਿਨ ਬਾਹਰ ਗਿਆ ਕੁਵੇਲਾ ਹੋ ਜਾਏ ਤਾਂ ਕਿਸੇ ਚੇਲੀ ਨੇ ਆ ਕੇ ਰੋਟੀ ਪਕਾ ਜਾਣੀ।

ਅੱਜਕੱਲ੍ਹ ਸਰਦਾਰ ਗੰਡਾ ਸਿੰਘ ਉੱਤੇ ਪੰਡਤ ਦੀ ਖ਼ਾਸ ਦਇਆ ਦ੍ਰਿਸ਼ਟੀ ਸੀ। ਉਹ ਦੋਵੇਂ ਹਾਣੀ ਤੇ ਮੁੱਢਾਂ ਦੇ ਬੇਲੀ ਸਨ, ਪਰ ਜਿੰਨਾ ਸਨੇਹ ਉਹਨਾਂ ਵਿਚ ਇਹਨੀਂ ਦਿਨੀਂ ਸੀ, ਅੱਗੇ ਨਹੀਂ ਸੀ ਹੁੰਦਾ। ਕਦੇ-ਕਦਾਈਂ ਉਹ ਕੁਛ ਛਕ ਛਕਾ ਵੀ ਲਿਆ ਕਰਦੇ ਸਨ। ਪੰਡਤ ਨੇ ਜਿੱਦਣ ਸ਼ਹਿਰੋਂ ਆਉਣਾ, ਓਦਣ ਹੀ ਗੰਡਾ ਸਿੰਘ ਦੀ ਬੈਠਕੇ 'ਜਲਤੋਰੀ' ਤੇ 'ਲਾਲ ਪਰੀ' ਦਾ ਮਿਲਾਪ ਹੋ ਜਾਣਾ। ਪੰਡਤ ਮਾਸ ਤੇ ਸ਼ਰਾਬ ਦਾ ਤਾਂ ਨਾਂ ਤੱਕ ਨਹੀਂ ਸੀ ਲੈਂਦਾ। ਉਹ ਦੋਵਾਂ ਚੀਜ਼ਾਂ ਨੂੰ 'ਦੇਵ ਭੋਜਨ' ਤੇ 'ਗੰਗਾਜਲੀ' ਕਹਿੰਦਾ ਹੁੰਦਾ ਸੀ। ਏਹੋ ਜਿਹੇ ਜਸ਼ਨਾਂ ਉੱਤੇ ਪੰਡਤ ਖ਼ਰਚ ਕਰਨ ਨੂੰ ਵੀ ਦਲੇਰ ਸੀ। ਉਹ ਇਹ ਖ਼ਰਚ ਬਹੁਤੀ ਵਾਰ ਆਪਣੇ ਪੱਲਿਓਂ ਹੀ ਕਰਦਾ ਸੀ।

ਗੰਡਾ ਸਿੰਘ ਨਾ ਬਹੁਤਾ ਭਲਾਮਾਣਸ ਤੇ ਨਾ ਹੀ ਬੁਰਾ, ਵਿਚਲੀ ਰਾਸ ਦਾ ਜੱਟ ਸੀ। ਉਹਦੀ ਮਾਲੀ ਹਾਲਤ ਵੀ ਉਸ ਦੇ ਸੁਭਾਅ ਵਾਂਗ ਦਰਮਿਆਨੀ ਹੀ ਸੀ। ਉਹਦੀ ਘਰ ਵਾਲੀ ਮਰੀ ਨੂੰ ਚੌਥਾ ਵਰ੍ਹਾ ਬੀਤ ਰਿਹਾ ਸੀ। ਉਸ ਵਿਚੋਂ ਉਹਦੇ ਘਰ ਇਕ ਲੜਕਾ ਤੇ ਦੋ ਲੜਕੀਆਂ ਸਨ। ਵੱਡੀ ਲੜਕੀ ੨੫-੨੬ ਵਰ੍ਹੇ ਉਮਰ ਦੀ, ਨੇੜੇ ਹੀ ਦੂਜੇ ਪਿੰਡ ਵਿਆਹੀ ਹੋਈ ਸੀ। (ਉਹਦੇ ਘਰ ਦੋ ਬਾਲ ਵੀ ਸਨ)। ਉਸ਼ ਤੋਂ ਛੋਟੇ ਤਿੰਨ ਬਾਲ ਛੋਟੀ ਉਮਰੇ ਹੀ ਮਰ ਗਏ ਸਨ। ਓਦੋਂ ਵੀ ਪੰਡਤ ਨੂੰ ਦੇਵ-ਬਾਣੀ ਹੋਈ ਸੀ ਕਿ ਗੰਡਾ ਸਿੰਘ ਦੂਜਾ ਵਿਆਹ ਕਰਾ ਲਵੇ। ਪਰ ਮਾਲਕ ਦੀ ਮਿਹਰ ਨਾਲ ਓਸੇ ਸਾਲ ਉਸ ਦੇ ਘਰ ਪੁੱਤਰ ਹੋ ਪਿਆ। ਸੋ ਪੰਡਤ ਨੂੰ ਆਪਣਾ ਇਰਾਦਾ ਬਦਲਣਾ ਪਿਆ। ਲੜਕੇ ਦੇ ਪਿੱਛੋਂ ਇਕ ਲੜਕੀ ਹੋਈ। ਉਹ ਦੋਵੇਂ ਇਸ ਵੇਲੇ ਤਕ ਕਾਇਮ ਸਨ। ਮੁੰਡੇ ਦੀ ਉਮਰ ਬਾਰਾਂ ਸਾਲ ਤੇ ਕੁੜੀ ਦੀ ਨੌਂ ਸਾਲ ਸੀ। ਉਹ ਦੋਵੇਂ ਥਾਂਉਂ ਥਾਂਈਂ ਮੰਗੇ ਹੋਏ ਸਨ।

ਪੰਡਤ ਦੀ ਬੈਠਕ ਨੇ ਗੰਡਾ ਸਿੰਘ ਨੂੰ ਪਚਵੰਜਾ ਸਾਲ ਦੀ ਉਮਰ ਵਿਚ ਨਵੇਂ ਵਿਆਹ ਦੀ ਲਗਨ ਲਾ ਦਿੱਤੀ। ਨਿੱਤ ਏਹਾ ਉਪਦੇਸ਼, ਏਹਾ ਕਹਾਣੀਆਂ: ਟੱਬਰ ਬਿਨਾਂ ਕੋਈ ਹਾਲ ਨਹੀਂ, ਸਾਥਣ ਬਿਨਾਂ ਕਾਹਦੀ ਜ਼ਿੰਦਗੀ, ਘਰ ਵਾਲੀ ਬਿਨਾਂ ਕੌਣ ਪਕਾ ਕੇ ਖੁਆਉਂਦਾ ਏ, ਸੁਆਣੀ ਬਿਨਾਂ ਘਰ ਮਸਾਣ ਬਰਾਬਰ ਹੈ, ਨੂੰਹਾਂ ਦੇ ਹੱਥਾਂ ਵੱਲੇ ਵੇਖਣਾ ਨਰਕੀ ਜੀਵਨ ਹੈ...।

ਅੱਗੋਂ ਗੰਡਾ ਸਿੰਘ ਨੇ ਉਪਰਲੇ ਮਨੋਂ ਕਹਿਣਾ, "ਪੰਡਤ ਜੀ ! ਸਾਡੀ ਹੁਣ ਕੋਈ ਉਮਰ ਏ ? ਕਿਹੜੇ ਜਿਉਣ ਪਿੱਛੇ ਜੱਗ ਦੇ ਹਾਸੇ-ਹੀਣੇ ਹੋਈਏ ? ਰੱਬ ਨੇ

ਧੀਆਂ ਪੁੱਤਰ ਦਿੱਤੇ ਨੇ। ਨਵੀਂ ਆਈ ਇਹਨਾਂ ਨੂੰ ਚੰਗਿਆਂ ਜਾਣੇਗੀ ?"

"ਓ, ਸਰਦਾਰ ਗੰਡਾ ਸਿਹਾਂ!" ਪੰਡਤ ਨੇ ਉਸ ਦੇ ਜਜ਼ਬਾਤ ਨੂੰ ਟੁੰਬਦਿਆਂ ਹੋਇਆਂ ਕਹਿਣਾ, "ਤੂੰ ਅੱਜੇ ਬੁੱਢਾ ਹੋ ਗਿਆ ਏਂ ? ਕਮਲਿਆ! ਕਦੇ ਮਰਦ ਤੇ ਘੋੜੇ ਵੀ ਬੁੱਢੇ ਹੋਏ ਨੇ ? ਫਿਰ ਜੀਹਦੇ ਘਰ ਦੁੱਧ ਪੀਣ ਨੂੰ, ਘਿਉ-ਖਾਣ ਨੂੰ, ਛੱਤੀ ਪਦਾਰਥ ਛਕਣ ਨੂੰ ਹੋਣ, ਉਹ ਕਿਵੇਂ ਬੁੱਢਾ ਹੋਵੇ ? ਭਲਿਆ ਪੁਰਸ਼ਾ! ਭਾਵੇਂ ਲੱਖ ਧੀਆਂ-ਪੁੱਤਰ, ਨੌਕਰ-ਚਾਕਰ ਹੋਣ, ਪਰ ਇਸਤਰੀ ਬਿਨਾਂ ਗਤੀ ਨਹੀਂ ਹੁੰਦੀ। ਸ਼ਾਸਤਰਾਂ ਵਿਚ ਲਿਖਿਆ ਹੈ, ਕੋਈ ਯੱਗ, ਪੁੰਨ ਦਾਨ, ਸ਼ੁੱਭ ਕਾਰਜ, ਵਿਆਹ-ਸ਼ਾਦੀ, ਇਸਤਰੀ ਬਿਨਾਂ ਸੰਪੂਰਨ ਨਹੀਂ ਹੁੰਦਾ। ਤੂੰ ਇਹ ਨਹੀਂ ਵੇਖਦਾ ਕਿ ਵਿਸ਼ਨੂੰ ਭਗਵਾਨ ਤੋਂ ਲੈ ਕੇ ਸਾਰੇ ਪੀਰਾਂ ਅਵਤਾਰਾਂ ਨਾਲ ਇਸਤਰੀ ਰਹੀ ਹੈ? ਇਸਤਰੀ ਦੁਨੀਆ 'ਤੇ ਦੂਜੀ ਕੁਦਰਤ ਹੈ। ਸੌ ਦੀ ਇੱਕ ਕਿ ਇਸਤਰੀ ਬਿਨਾਂ ਮਾਨਸ ਜਨਮ ਨਰਕ ਬਰਾਬਰ ਹੈ। ਤੇ ਜਿਹੜੀ ਧੀਆਂ-ਪੁੱਤਰਾਂ ਦੀ ਗੱਲ ਕਰਦਾ ਏਂ, ਕੌਣ ਕਿਸੇ ਦੀ ਸੇਵਾ ਕਰਦਾ ਈ ? ਸਾਡੇ ਵੱਲੋ ਈ ਵੇਖ ਖਾਂ। ਮੁੰਡਾ ਵਹੁਟੀ ਨੂੰ ਲੈ ਕੇ ਲਾਹੌਰ ਜਾ ਬੈਠਾ ਈ ਤੇ ਅਸੀਂ ਬੁੱਢੇ ਵਾਰੇ ਬੂਹੇ-ਬੂਹੇ ਰੋਟੀ ਮੰਗਦੇ ਫਿਰਦੇ ਆਂ। ਅਸੀਂ ਤਾਂ ਭਲਾ ਹੋਏ, ਪਰ ਤੇਰੇ ਵਰਗਾ ਰੱਜਿਆ-ਪੁੱਜਿਆ, ਭੋਏਂ ਭਾਂਡੇ ਵਾਲਾ, ਕਿਉਂ ਕਿਸੇ ਦੇ ਹੱਥਾਂ ਵੱਲੋ ਵੇਖੇ ? ਨਾਲੇ ਇਕ ਪੁੱਤਰ ਵੀ ਕੋਈ ਰਿਜ਼ਕ ਹੁੰਦਾ ਏ ? 'ਕੱਲੇ ਨੂੰ ਤਾਂ ਸ਼ਰੀਕ ਬਾਹਰ ਨਹੀਂ ਨਿਕਲਣ ਦੇਂਦੇ। ਰਾਮ ਆਸਰੇ, ਕੌੜਾ ਘੁੱਟ ਭਰ ਲੈ। ਭਗਵਾਨ ਸਿੱਧੀਆਂ ਪਾਵੇ, ਤਾਂ ਖਵਰੇ ਇਕ ਦੋ ਪੁੱਤਰ ਹੋਰ ਹੋ ਜਾਣ। ਤੇ ਖ਼ਰਚੋਂ ਕੀ ਸੰਗਦਾ ਏਂ? ਇਹ 'ਕੱਠੀ ਕੀਤੀ ਹੋਈ ਪਿਛਲੇ ਤੇਰੇ ਮੋਏ ਦੀ ਹਿੱਕ 'ਤੇ ਧਰ ਦੇਣਗੇ ? ਅਖੇ: ਆਪ ਮੋਏ ਜੱਗ ਪਰਲੋ। ਤਕੜਾ ਹੋ ਕੇ ਵਿਆਹ ਕਰਾ ਤੇ ਚਾਰ ਦਿਨ ਜ਼ਿੰਦਗੀ ਦਾ ਸੁੱਖ ਭੋਗ।"

ਚਾਰ-ਪੰਜ ਮਹੀਨਿਆਂ ਦੇ ਉਪਦੇਸ਼ ਨਾਲ ਗੰਡਾ ਸਿੰਘ ਵਿਆਹ ਕਰਾਉਣ ਵਾਸਤੇ ਤਿਆਰ ਹੋ ਪਿਆ। ਇਸ ਕੰਮ ਦਾ ਸਾਰਾ ਭਾਰ ਪੰਡਤ ਨੇ ਆਪਣੇ ਜ਼ਿੰਮੇ ਲੈ ਲਿਆ। ਏਹੋ ਜਿਹੇ ਉਪਕਾਰੀ ਪੁਰਸ਼ ਹੀ ਬਿਗਾਨੀਆਂ ਔਕੜਾਂ ਆਪਣੇ ਸਿਰ ਲਿਆ ਕਰਦੇ ਹਨ। ਕਈ ਦਿਨਾਂ ਦੀ ਦੌੜ-ਭੱਜ ਪਿੱਛੋਂ ਪੰਡਤ ਨੇ ਸੰਮਾ ਸਿੰਘ ਦੇ ਪਿੰਡੋਂ ਗੰਡਾ ਸਿੰਘ ਵਾਸਤੇ ਸਾਕ ਲੱਭ ਹੀ ਲਿਆ, ਤੇ ਉਹ ਵੀ ਚੁਣਵਾਂ, ਪੰਦਰਾਂ ਸਾਲ ਦੀ ਉੱਚੀ ਲੰਮੀ ਗੋਰੀ ਨਿਛੋਹ ਮੁਟਿਆਰ।

ਓਧਰ ਹਰੀ ਸਿੰਘ ਨਾਲ ਚੰਦੋ ਦੇ ਸਾਕ ਦਾ ਪੱਕ ਕਰਕੇ, ਸੰਮਾ ਸਿੰਘ ਰਾਜੇ ਨੂੰ ਨਾਲ ਲੈ ਕੇ ਪੰਡਤ, ਗੰਡਾ ਸਿੰਘ ਕੋਲ ਆ ਪਹੁੰਚਾ। ਪਹਿਰ-ਕੁ ਦਿਨ ਖਲਾ ਸੀ ਜਾਂ ਦੋਹਾਂ ਨੇ ਘਰ ਵਿਚ ਚਰਨ ਆ ਪਾਏ। ਵੇਖ ਕੇ ਗੰਡਾ ਸਿੰਘ ਨੂੰ ਚਾਅ ਚੜ੍ਹ ਗਿਆ। ਉਹਦਾ ਪੈਰ ਨਾ ਭੋਇੰ 'ਤੇ ਲੱਗੇ। ਜਲ ਪਾਣੀ ਛਕਾਇਆ। ਰਾਤ ਦੀ ਰੋਟੀ ਦੀ


WWW.SIKHBOOKCLUB.COM 

ਤਿਆਰੀ ਹੋਣ ਲੱਗੀ। ਰੋਗਨ ਜੋਸ਼, ਕੀਮਾ, ਕੋਫ਼ਤੇ, ਕਈ ਚੀਜ਼ਾਂ ਤਿਆਰ ਹੋਈਆਂ। ਇਸ ਦਿਨ ਵਾਸਤੇ ਪੰਡਤ ਨੇ ਸ਼ਰਾਬ ਵੀ ਪਹਿਲੇ ਤੋੜ ਦੀ ਮੰਗਾ ਰੱਖੀ ਸੀ। ਦਿਨ ਖਲੇ ਹੀ ਪਿਆਲਾ ਆਰੰਭ ਹੋ ਗਿਆ। ਅੱਜ ਪੰਡਤ ਆਪ ਵਰਤਾਵਾ ਲੱਗਾ। ਇਸ ਵਿਚ ਵੀ ਕੁਛ ਭੇਤ ਸੀ। ਤਿੱਜੇ ਹਾੜੇ ਨੂੰ ਗੰਡਾ ਸਿੰਘ ਦੀ ਅਕਲ ਦੇ ਕਬੂਤਰ ਉੱਡ ਗਏ। ਉਸ ਨੂੰ ਜਾਣ-ਬੁੱਝ ਕੇ ਵਧੇਰੇ ਪਿਆਈ ਗਈ ਸੀ। ਪੀਤੀ ਰਾਜੇ ਤੇ ਪੰਡਤ ਨੇ ਵੀ ਸੀ, ਪਰ ਓਨੀ ਜਿੰਨੀ ਨਾਲ ਸੌਂਹ ਭੱਜ ਜਾਵੇ। ਮਾਸ ਸ਼ਰਾਬ ਨਾਲ ਗੰਡਾ ਸਿੰਘ ਨੂੰ ਰਜਾ ਕੇ ਫਿਰ ਮਤਲਬ ਦੀਆਂ ਗੱਲਾਂ ਸ਼ੁਰੂ ਹੋਈਆਂ। ਏਨੇ ਨੂੰ ਵਾਹਵਾ ਰਾਤ ਚਲੀ ਗਈ ਸੀ।

ਹਰੀ ਸਿੰਘ ਦੇ ਘਰ ਪੰਡਤ ਚੁੱਪ ਸੀ, ਤੇ ਰਾਜਾ (ਸੰਮਾ ਸਿੰਘ) ਗੱਲਾਂ ਕਰਦਾ ਸੀ। ਏਥੇ ਰਾਜਾ ਚੁੱਪ ਸੀ ਤੇ ਗੱਲਾਂ ਦੀ ਵਾਰੀ ਪੰਡਤ ਦੀ ਸੀ। ਉਹਨੇ ਆਰੰਭ ਕੀਤਾ, "ਓ, ਜਜਮਾਨ ਗੰਡਾ ਸਿਹਾਂ! ਖਵਰੇ ਕੋਈ ਗੁਣ ਜਾਨਣਾ ਈਂ, ਕਿ ਨਹੀਂ। ਤੇਰੇ ਬਦਲੇ ਫਿਰਦਿਆਂ ਸਾਡੀਆਂ ਜੁੱਤੀਆਂ ਟੁੱਟ ਗਈਆਂ ਨੇ।"

"ਦਾਦਾ...ਜਵਾਲੇ ਸ਼ਾਹ ! ਜੁੱਤੀਆਂ...ਜੁੱਤੀਆਂ ਹੋਰ ਬਥੇਰੀਆਂ। ਸਾਡੇ ਜਿਉਂਦਿਆਂ...ਤੈਨੂੰ...ਤੈਨੂੰ...ਜੁੱਤੀਆਂ ਦਾ ਘਾਟਾ ਏ ?" ਸ਼ਰਾਬ ਦੇ ਨਸ਼ੇ ਵਿਚ ਗੁੱਟ ਹੋਏ ਹੋਏ ਗੰਡਾ ਸਿੰਘ ਨੇ ਥਥਲਾ ਕੇ ਕਿਹਾ।

ਪੰਡਤ ਦਾ ਅਸਲੀ ਨਾਂ ਜਵਾਲਾ ਸਹਾਏ ਸੀ, ਪਰ ਲੋਕੀਂ ਸਿੱਧਾ ਜਵਾਲੇ ਸ਼ਾਹ ਹੀ ਕਿਹਾ ਕਰਦੇ ਸਨ। ਉਹ ਇਕ ਹਾੜਾ ਹੋਰ ਦੇਂਦਾ ਹੋਇਆ ਬੋਲਿਆ, "ਅਸਾਂ ਕਿਹਾ, ਯਾਰ ਦਾ ਘਰ ਵਸ ਪਏ, ਸਾਡੀ ਖੇਚਲ ਦੀ ਖ਼ੈਰ ਏ। ਤੇ ਅਸਾਂ ਹੁਣ ਵਸਾ ਕੇ ਛੱਡਣਾ ਏ। ਸਾਨੂੰ ਭਾਵੇਂ ਪੱਲਿਓਂ ਨਾ ਲਾਉਣੇ ਪੈਣ।"

"ਮੈਨੂੰ...ਤੁਸੀਂ...ਮੂਲੋਂ-ਮੁੱਢੋਂ...ਮਾੜਾ ਸਮਝਦੇ ਓ ? ਮੈਂ...ਮੈਂ...ਕਿਸੇ ਗੱਲੋਂ ਪਿਛਾਂਹ ਹਟਣ ਵਾਲਾ ਨਹੀਂ। ਜੋ ਤੁਹਾਡੀ ਮਰਜ਼ੀ ਏ ਕਰੋ।" ਗੰਡਾ ਸਿੰਘ ਨੇ ਸੱਜੀ ਬਾਂਹ ਨਿੱਸਲ ਕਰਕੇ ਕਿਹਾ।

"ਤੂੰ ? ਤੂੰ ਸਰਦਾਰ ਜੱਟ। ਤੇਰੇ ਵਰਗੇ ਮਾਂਵਾਂ ਨੇ ਘਰ-ਘਰ ਜੰਮਣੇ ਨੇ ? ਮਰਦ ਦਾ ਪਤਾ ਲੱਗਦਾ ਏ ਪੱਲਿਓਂ ਖ਼ਰਚਣ ਲੱਗਿਆਂ। ਪੈਸਾ ਕੀ ਚੀਜ਼ ਏ ? ਹੱਥਾਂ ਦੀ ਮੈਲ ਏ।" ਪੰਡਤ ਨੇ ਓਸੇ ਸੁਰ ਵਿਚ ਬੜੀ ਅਦੱਾ ਨਾਲ ਉੱਤਰ ਦਿੱਤਾ।

"ਉਇ, ਪੰਡਤਾ! ਪੈਸੇ...ਕੋਈ ਲੈ ਕੇ ਜੰਮਿਆਂ ਏਂ...ਕਦੇ ? ਪੈਸਾ...ਖ਼ਰਚਣ...ਵਾਸਤੇ ਹੈ। ਦੌਲਤ...ਦੁਨੀਆ ਦੀਆਂ...ਮੌਜਾਂ ਲੁੱਟਣ ਵਾਸਤੇ ਹੈ।" ਨਸ਼ੇ ਦੇ ਲੋਰ ਵਿਚ ਗੰਡਾ ਸਿੰਘ ਦਾ ਸਿਰ ਇਕ ਪਾਸੇ ਝੁਕ ਗਿਆ।

"ਅਸਾਂ ਵੀ ਆਖਿਆ, ਪਰਵਾਹ ਨਹੀਂ ਕਿਸੇ ਗੱਲ ਦੀ। ਮੈਂ ਇਹਨਾਂ ਨੂੰ (ਰਾਜੇ ਵੱਲ ਇਸ਼ਾਰਾ ਕਰਕੇ) ਆਖਿਆ: ਰਾਜਾ ਜੀ! ਵਰਤੋਂਗੇ, ਤਾਂ ਪਤਾ ਲੱਗੇਗਾ। ਸਾਡਾ

ਜਜਮਾਨ ਰਾਜਾ ਜੱਟ ਏ। ਸਾਊ ਕਿਤੇ ਘਰ-ਘਰ ਨਹੀਂ ਜੰਮਦੇ।" ਪੰਡਤ ਦੀ ਭੇਤ-ਭਰੀ ਨਜ਼ਰ ਰਾਜੇ ਨਾਲ ਟਕਰਾ ਗਈ।

ਇਕ ਜੱਟ, ਦੂਜਾ ਸ਼ਰਾਬੀ, ਇਹ ਫੁਲਾਹੁਣੀਆਂ ਸੁਣ ਕੇ, ਜੇ ਕਿਤੇ ਥੋੜ੍ਹੀ ਬਹੁਤੀ ਅਕਲ ਬਾਕੀ ਅੜੀ ਹੋਈ ਸੀ ਤਾਂ ਉਹ ਵੀ ਜਾਂਦੀ ਰਹੀ। ਉੱਚੀ ਬਾਂਹ ਕਰਕੇ ਗੰਡਾ ਸਿੰਘ ਬੋਲਿਆ, "ਪੰਡਤ ਜੀ! ਉਇ ਪੰਡਤਾ! ਤੇਰੇ ਅੱਗੇ ..... ਧੌਣ ਕੀਤੀ ਹੋਈ ਏ, ...ਜਿਹੜੀ ਛੁਰੀ.... ਮਰਜ਼ੀ ਊ ਕੁਹ ਲੈ।"

"ਸ਼ਿਵ! ਸ਼ਿਵ! ਸ਼ਿਵ! ਗੰਡਾ ਸਿੰਹਾਂ ! ਤੂੰ ਇਹ ਕੀ ਗੱਲ ਕੀਤੀ ? ਇਹ ਤੂੰ ਤਾਹਨਾ ਦਿੱਤਾ ਏ। ਤਾਹਨਾ ਨਹੀਂ, ਤਿੱਖੇ ਤੀਰ ਮਾਰ ਕੇ ਯਾਰ ਦਾ ਦਿਲ ਵਿੰਨ੍ਹ ਦਿੱਤਾ ਏ। ਤੂੰ ਮੇਰੀ ਦੋਸਤੀ 'ਤੇ ਸੱਟ ਮਾਰੀ ਏ। ਮੈਂ ਤੈਨੂੰ ਛੁਰੀ ਨਾਲ ਕੁਹ ਲਵਾਂ? ਕਸਾਈ ਵੀ ਆਪਣੇ ਮਿੱਤਰ ਉੱਤੇ ਛੁਰੀ ਨਹੀਂ ਚਲਾਉਂਦਾ। ਤੇ ਮੈਂ ? ਮੈਂ ਪੰਡਤ, ਮੈਂ ਦੇਵਤਾ, ਮੈਂ ਕਿਵੇਂ ਇਹ ਪਾਪ ਕਰ ਸਕਦਾ ਹਾਂ। ਮਿੱਤਰ ਮਾਰ ਨੂੰ ਤਾਂ ਨਰਕ ਵੀ ਨਹੀਂ ਝੱਲਦਾ। ਤੇਰੇ ਨਾਲ ਧ੍ਰੋਹ ਕਰਾਂ ਤਾਂ ਕਈ ਜਨਮ ਬ੍ਰਹਿਮਣ ਦੇ ਮਥਿਓਂ ਕਲੰਕ ਨਾ ਲਹੇ, ਇਹ ਤੂੰ ਕੀ ਆਖੀ ?"

ਪੰਡਤ ਦਾ ਤੀਰ ਐਨ ਨਸ਼ਾਨੇ 'ਤੇ ਬੈਠਾ। ਇਹ ਨਿਹੋਰੇ ਸੁਣ ਕੇ ਗੰਡਾ ਸਿੰਘ ਪੰਡਤ ਦੇ ਪੈਰਾਂ 'ਤੇ ਝੁਕ ਗਿਆ। ਉਸ ਨੇ ਭੱਰਾਈ ਹੋਈ ਸੁਰ ਵਿਚ ਕਿਹਾ, "ਮਾਫ਼...ਮਾਫ਼...ਕਰਨਾ ਦੇਵਤਾ ਜੀ! ਮੇਰਾ...ਮੇਰਾ ਇਹ...ਇਹ ਮਤਬਲ ਨਹੀਂ ਸੀ। ਜੋ...ਜਿਵੇਂ...ਜੋ...ਜਿਹੜੀ ਤੈਨੂੰ ਚੰਗੀ ਲੱਗੇ, ਕਰ ਲੈ।"

ਪੰਡਤ ਏਹੋ ਜਿਹੇ ਕੰਮਾਂ ਦਾ ਉਸਤਾਦ ਸੀ। ਉਹਨੇ ਕਈ ਪੱਤਣ ਤਰੇ ਹੋਏ ਸਨ। ਉਹਦੇ ਪੰਜੇ ਵਿਚੋਂ ਅੱਜ ਤੱਕ ਕੋਈ ਸੁੱਕਾ ਨਹੀਂ ਸੀ ਨਿਕਲਿਆ। ਉਹਨੇ ਤਾੜ ਲਿਆ ਕਿ ਹੁਣ ਸ਼ਿਕਾਰ ਪੂਰੀ ਤਰ੍ਹਾਂ ਮੇਰੇ ਜਾਲ ਵਿਚ ਫਸ ਗਿਆ ਹੈ, ਤੇ ਏਹਾ ਵੇਲਾ ਹੈ ਸੱਟ ਮਾਰਨ ਦਾ। ਉਹ ਫਿਰ ਓਸੇ ਰੰਗ ਵਿਚ ਬੋਲਿਆ, "ਪਰ ਦੱਸ, ਤੇਰੇ ਏਹੋ ਜਿਹੇ ਉਲਾਹਮੇ ਸੁਣ ਕੇ ਮੈਨੂੰ ਗੁੱਸਾ ਨਾ ਆਵੇ ? ਮੈਂ ਸਿਰੋਂ ਪਰੇ ਹੋ ਕੇ ਜ਼ੋਰ ਲਾਇਆ ਤੇ ਮਰ-ਮਰਾ ਕੇ ਇਹ ਸਾਕ ਲੱਭਾ। ਮੈਂ ਸੋਚਿਆ, ਯਾਰ ਇਹ ਨਾ ਆਖੇ ਕਿ ਕੀ ਸਹੇੜ ਸਹੇੜਿਆ ਸੁ। ਸਾਰੇ ਪਿੰਡ ਵਿਚੋਂ ਇਕ ਉਹਦੇ ਵਰਗੀ ਕੱਢ ਦੇਵੇਂ, ਤਾਂ ਨਾਂ ਵਟਾ ਛੱਡੀਂ। ਸਰੂ ਵਰਗਾ ਲੰਮਾ ਕੱਦ, ਮਿਰਗ ਵਾਂਗ ਐਡੀ ਮੋਟੀ ਅੱਖ, ਤਲਵਾਰ ਜਿਹਾ ਨੱਕ, ਮੋਤੀਆਂ ਦੀ ਲੜੀ ਦੰਦ, ਗਿੱਠ ਲੰਮੀ ਧੌਣ...।"

ਜਿਉਂ-ਜਿਉਂ ਪੰਡਤ ਰੂਪ ਦੀ ਸਿਫ਼ਤ ਕਰ ਰਿਹਾ ਸੀ, ਤਿਉਂ-ਤਿਉਂ ਬੁੱਢਾ ਸ਼ਰਾਬੀ ਗੰਡਾ ਸਿੰਘ ਚਾਅ ਵਿਚ ਫੁੱਲ ਰਿਹਾ ਸੀ। ਉਹਦਾ ਦਿਲ ਅਣ-ਮਿਣੀ ਖ਼ੁਸ਼ੀ ਵਿਚ ਉਛਲ ਰਿਹਾ ਸੀ। ਉਹਦੇ ਅੰਗ-ਅੰਗ ਵਿਚ ਬੀਤੀ ਜੁਆਨੀ ਫੇਰ ਫਰਕ ਰਹੀ ਸੀ। ਉਹ ਆਪਣੇ-ਆਪ ਵੱਲੋਂ ਬੇਕਾਬੂ ਹੋ ਰਿਹਾ ਸੀ। ਪੰਡਤ ਬੜਾ ਗਹੁ ਨਾਲ ਉਸ



WWW.SIKHBOOKCLUB.COM 

ਦੀ ਇਸ ਹਾਲਤ ਨੂੰ ਤਾੜ ਰਿਹਾ ਸੀ। ਉਹਨੇ ਆਪਣੇ ਵਿਖਿਆਨ ਨੂੰ ਸੋਹਣੇ ਢੰਗ ਨਾਲ ਚਾਲੂ ਰੱਖਿਆ। "...ਬਹੁਤਾ ਕੀ ਆਖਾਂ, ਹਜ਼ਾਰ ਵਿਚੋਂ ਇਕ ਏ। ਤੇ ਪੈਸੇ ਕੀ ਚੀਜ਼ ਨੇ ਉਹਦੇ ਸਾਹਮਣੇ। ਉਹਦੀ ਤਾਂ ਜੁੱਤੀ ਦਾ ਮੁੱਲ ਨਹੀਂ। ਕੁੱਲ ਤਿੰਨ ਹਜ਼ਾਰ ? ਤਿੰਨ ਲੱਖ ਵੀ ਥੋੜ੍ਹਾ ਏ।"

"ਤਿੰਨ ਹਜ਼ਾਰ ?" ਗੰਡਾ ਸਿੰਘ ਨੇ ਤ੍ਰਭਕ ਕੇ ਕਿਹਾ। ਉਹਦੇ ਹਵਾਸ ਗੁੰਮ ਹੋ ਗਏ। ਉਹਦਾ ਅੱਧਾ ਨਸ਼ਾ ਉਤਰ ਗਿਆ। ਉਹ ਦਿਲ ਵਿਚ ਸੱਤ ਅੱਠ ਸੌ ਜਾਂ ਹੱਦ ਹਜ਼ਾਰ ਤੱਕ ਹਿਸਾਬ ਲਾਈ ਬੈਠਾ ਸੀ। ਇਹ 'ਤਿਨ ਹਜ਼ਾਰ' ਦਾ ਸ਼ਬਦ ਉਹਦੇ ਕੰਨਾਂ ਵਿਚ ਗੋਲੇ ਵਾਂਗ ਫਟਿਆ। ਉਹਦੇ ਤ੍ਰਭਕਣ ਨਾਲ ਦੋਹਾਂ ਸ਼ਿਕਾਰੀਆਂ ਦੇ ਦਿਲ ਵੀ ਜ਼ਰਾ ਕੰਬੇ, ਪਰ ਉਹ ਕੋਈ ਨਵੇਂ ਸ਼ਿਕਾਰੀ ਨਹੀਂ ਸਨ, ਜੋ ਹੌਸਲਾ ਹਾਰ ਜਾਂਦੇ। ਪੰਡਤ ਨੇ ਇਕ ਹੋਰ ਹਾੜ੍ਹਾ ਫੜਾਉਂਦਿਆਂ ਕਿਹਾ, "ਕਿਉਂ ਤੇਰਾ ਸਾਹ ਉਤਾਂਹ ਹੀ ਗਿਆ ? ਫੜ ਪੀ, ਤੇਰਾ ਜੀ ਥਾਂਵੇਂ ਹੋਵੇ। ਕਿਤੇ ਹਉਕੇ ਨਾਲ ਈ ਨਾ ਮਰ ਜਾਵੀਂ ? ਨਾਲੇ ਪਰੀ ਵਰਗੀ ਵਹੁਟੀ ਮੰਗਣੀ, ਤੇ ਨਾਲੇ ਖਰਚੋਂ ਸੰਗਣਾ। ਇਹ ਮਰਦਾਂ ਦੇ ਹੌਸਲੇ ਨੇ? ਜਾਹ ਉਇ, ਤੂੰ ਤਾਂ ਜੱਟਾਂ ਵਾਲੀ ਈ ਵੱਢ ਦਿੱਤੀ। ਇਹ ਰਾਜਾ ਕੀ ਆਖੇਗਾ ? ਮੈਂ ਤਾਂ ਓਧਰ ਪੱਕ ਕਰ ਆਇਆਂ।"

"ਲੱਖ ਰੁਪੈ ਦੀ ਗੱਲ ਕੀਤੀ ਜੇ, ਪੰਡਤ ਜੀ! ਕਿਤੇ ਖਲੋਣ ਜੋਗੇ ਰਹਾਂਗੇ ਏਸ ਤਰ੍ਹਾਂ ?" ਰਾਜੇ ਸੰਮਾ ਸਿੰਘ ਨੇ ਹੱਥ ਮਲਦਿਆਂ ਕਿਹਾ।

"ਰਾਜਾ ਜੀ, ਤੁਸਾਂ ਕੀ ਸਮਝਿਆ ਏ ਸਾਨੂੰ ? ਮੈਨੂੰ ਭਾਵੇਂ ਪੱਲਿਓਂ ਨਾ ਪਾਉਣੇ ਪੈਣ ? ਅਸੀਂ ਕੀਤੀ ਜਬਾਨ 'ਤੇ ਪੂਰੇ ਉਤਰਾਂਗੇ। ਥੁੱਕ-ਥੁੱਕ ਕੇ ਚੱਟਣੀ ਮਰਦਾਂ ਦਾ ਕੰਮ ਏਂ ? ਜਾਓ, ਤੁਸੀਂ ਘਰ ਜਾ ਕੇ ਸਾਹਿਆ ਪੱਕਾ ਕਰੋ।" ਪੰਡਤ ਨੇ ਗੰਡਾ ਸਿੰਘ ਦੀ ਥਾਂ ਹਾਮੀ ਭਰ ਦਿੱਤੀ।

ਏਨੇ ਚਿਰ ਨੂੰ ਗੰਡਾ ਸਿੰਘ ਦਾ ਦਿਲ ਜ਼ਰਾ-ਕੁ ਟਿਕਾਣੇ ਹੋਇਆ। ਤਿੰਨ ਹਜ਼ਾਰ ਵਾਲੀ ਪੰਡ ਉਹਨੂੰ ਏਨੀ ਭਾਰੀ ਦਿੱਸੀ ਕਿ ਉਹਦੇ ਹੇਠ ਉਸ ਦਾ ਮਣਕਾ ਟੁੱਟ ਜਾਵੇਗਾ। ਔਤਕੀਂ ਦੇ ਹਾੜ੍ਹੇ ਨੇ ਉਹਨੂੰ ਕੋਈ ਨਸ਼ਾ ਨਾ ਦਿੱਤਾ। ਸਹਿਜ ਨਾਲ ਸਿਰ ਫੇਰ ਕੇ ਉਹਨੇ ਕਿਹਾ, "ਨਹੀਂ, ਪੰਡਤ ਜੀ, ਇਹ ਸੌਦਾ ਵਾਰਾ ਨਹੀਂ ਖਾਂਦਾ। ਐਨੀ ਰਕਮ ਨਹੀਂ ਨਿਭਦੀ।"

"ਕਿਉਂ ਮਰਨ ਲੱਗਾ ਏਂ! ਸੌ ਘੱਟ ਦੇ ਦੇਈਂ। ਮੈਂ ਪੱਲਿਓਂ ਪਾ ਦਿਆਂਗਾ।" ਪੰਡਤ ਨੇ ਉਹਦੇ ਮੋਢੇ 'ਤੇ ਥਾਪੀ ਦੇ ਕੇ ਕਿਹਾ।

"ਨਹੀਂ, ਜਵਾਲੇ ਸ਼ਾਹ!" ਗੰਡਾ ਸਿੰਘ ਨੇ ਸਿਰ ਫੇਰਦਿਆਂ ਕਿਹਾ, "ਮੇਰੀ ਸਲਾਹ ਈ ਹਟ ਗਈ ਏ ਵਿਆਹ ਕਰੌਣ ਦੀ। ਕੀ ਲੈਣਾ ਏਂ ਬੁੱਢੇ ਵਾਰੇ ਜੰਜਾਲ ਗਲ ਪਾ ਕੇ।"



WWW.SIKHBOOKCLUB.COM 

ਸੁਣ ਕੇ ਪੰਡਤ ਤੇ ਰਾਜੇ ਦੀ ਖ਼ਾਨਿਉਂ ਗਈ। ਉਹਨਾਂ ਨੂੰ ਇਉਂ ਭਾਸਣ ਲੱਗਾ ਜਿਵੇਂ ਜ਼ਿਮੀਂਦਾਰ ਦੇ ਖਲਵਾੜੇ ਨੂੰ ਕੋਈ ਅੱਗ ਲਾ ਦੇਣ ਲੱਗਾ ਹੋਵੇ। ਦੋਹਾਂ ਘਬਰਾਇਆਂ ਹੋਇਆਂ ਇਕ ਦੂੱਜੇ ਵੱਲੋ ਤੱਕਿਆ। ਫਿਰ ਉਹ ਲੱਗੇ ਹੌਲੀ ਹੌਲੀ ਘਟਣ। ਆਖ਼ਰ ਪੱਕੇ ਖਿਡਾਰੀ ਸਨ, ਰਾਤ ਦੇ ਦੋ ਵਜੇ ਤੱਕ ਖਪ ਖਪਾ ਕੇ ਗੋਟ ਮਾਰ ਹੀ ਲਈਓ ਨੇ। ਪੰਝੀ ਸੌ 'ਤੇ ਸੌਦਾ ਪੱਕਾ ਹੋ ਗਿਆ।

ਗੇਂਡਾ ਸਿੰਘ ਨੂੰ ਸ਼ਰਾਬ ਨਾਲ ਅੰਨ੍ਹਿਆਂ ਕਰਕੇ, ਜੁੱਲੇ ਵਿੱਚ ਸੁੱਟ ਕੇ, ਦੋਵੇਂ ਪੰਡਤ ਦੇ ਬ੍ਰਹਮ-ਆਸ਼ਰਮ ਵਿੱਚ ਆ ਬਿਰਾਜੇ। ਸੌਣ ਲੱਗਿਆਂ ਰਾਜੇ ਨੇ ਕਿਹਾ, "ਲੈ ਭਈ, ਬੜਾ ਚੀਹੜਾ ਨਿਕਲਿਆ ਈ। ਮੈਂ ਤਾਂ ਡਰ ਹੀ ਗਿਆ ਸਾਂ; ਪਈ ਖਵਰੇ ਅਸਲੋਂ ਈਂ ਗਿਆ। ਫੇਰ ਕਾਬੂ ਆ ਹੀ ਗਿਆ।"

ਟਿੰਡ ਵਰਗੀ ਨੰਗੀ ਸਿਰੀ ਉੱਤੇ ਬੋਦੀ ਨੂੰ ਹਿਲਾਉਂਦਾ ਪੰਡਤ ਬੋਲਿਆ, "ਉਇ, ਫਿਰ ਵੀ ਉਸਤਾਦ ਆਂ ਇਹਨਾਂ ਕੰਮਾਂ ਦੇ। ਸ਼ੇਰ ਦੇ ਪੰਜੇ ਵਿਚ ਆਇਆ ਸ਼ਿਕਾਰ ਵੀ ਕਦੇ ਬਚ ਕੇ ਨਿਕਲਿਆ ਏ? ਜੋ ਮਿਲਿਆ, ਸੋ ਲਾਹੇ ਦਾ। ਪੰਦਰਾਂ ਸੌ ਨਹੀਂ, ਤਾਂ ਹਜ਼ਾਰ ਈ ਸਹੀ।"

8

ਭਗਤ ਫੱਗੂ ਮੱਲ ਦਾ ਕੰਮ ਉਸ ਵੇਲੇ ਸਾਰੀ ਮੰਡੀ ਵਿਚੋਂ ਚੰਗਾ ਸੀ। ਉਸ ਦਾ ਪਿਤਾ, 'ਸੰਤ ਰਾਮ ਰਾਮ ਦਿਆਲ' ਦੀ ਆੜ੍ਹਤ ਉੱਤੇ ਮੁਨੀਮੀ ਦਾ ਕੰਮ ਕਰਦਾ ਹੁੰਦਾ ਸੀ। ਪਹਿਲੋ-ਪਹਿਲ ਕੁਛ ਵਰ੍ਹੇ ਫੱਗੂ ਮੱਲ ਨੂੰ ਵੀ ਓਹਾ ਕੰਮ ਕਰਨਾ ਪਿਆ। ਓਦੋਂ ਨਾ ਉਸ ਨੂੰ ਕੋਈ 'ਭਗਤ' ਤੇ ਨਾ 'ਮੱਲ' ਕਹਿੰਦਾ ਸੀ, ਸਗੋਂ ਫੱਗੂ ਮੁਨੀਮ ਕਹਿ ਕੇ ਬੁਲਾਉਂਦੇ ਸਨ। ਉਸ ਨੂੰ ਬਾਈ ਰੁਪੈ ਵਿਚ ਸਾਰਾ ਮਹੀਨਾ ਗੁਜ਼ਾਰਾ ਕਰਨਾ ਪੈਂਦਾ ਸੀ। ਚੰਗੇ ਭਾਗਾਂ ਨੂੰ ਉਸ ਦੀ ਜਾਣ-ਪਛਾਣ ਇਲਾਕੇ ਦੇ ਜ਼ੈਲਦਾਰ ਚੌਧਰੀ ਨੂਰ ਮੁਹੰਮਦ ਨਾਲ ਹੋ ਗਈ। ਜ਼ੈਲਦਾਰ ਪੰਜ ਸੌ ਘੁਮਾਂ ਜ਼ਮੀਨ ਦਾ ਮਾਲਕ ਤੇ ਚੰਗਾ ਪੈਸੇ ਵਾਲਾ ਸੀ। ਉਸ ਨੂੰ ਜ਼ੈਲਦਾਰੀ ਅਕਲ ਕਰਕੇ ਨਹੀਂ, ਦੌਲਤ ਕਰਕੇ ਮਿਲੀ ਹੋਈ ਸੀ। ਉਸ ਦੀ ਵਿੱਦਿਆ ਬਾਬਤ ਏਨਾ ਕਹਿਣਾ ਹੀ ਕਾਫ਼ੀ ਹੈ ਕਿ ਉਹ ਉਰਦੂ ਅੱਖਰਾਂ ਵਿਚ ਆਪਣਾ ਨਾਂ ਲਿਖ ਲੈਂਦਾ ਸੀ; ਭਾਵੇਂ ਉਹ ਅਲਾਹਬਾਦੀ ਟਾਈਪ ਵਰਗੇ ਹੀ ਹੁੰਦੇ ਸਨ। ਉਸ ਦਾ ਹਿਸਾਬ-ਕਿਤਾਬ 'ਸੰਤ ਰਾਮ ਰਾਮ ਦਿਆਲ' ਆੜ੍ਹਤੀਏ ਨਾਲ ਮੁੱਦਤ ਤੋਂ ਚਲਿਆ ਆਉਂਦਾ ਸੀ। ਫੱਗੂ ਮੁਨੀਮ ਨੇ ਜਾਚ ਲਿਆ ਕਿ ਉਹ ਬੰਦਾ ਉਸ ਦੇ ਕੰਮ ਆਉਣ ਵਾਲਾ ਸੀ। ਉਸ ਨੇ ਜ਼ੈਲਦਾਰ ਦੀ ਬੜੀ ਆਉ ਭਗਤ ਕਰਨੀ। ਜ਼ੈਲਦਾਰ ਵੀ ਵਿੱਸ ਗਿਆ ਕਿ ਸਾਰੀ ਆੜ੍ਹਤ ਉੱਤੇ ਜੇ ਕੋਈ ਕਿਸੇ ਦਾ ਆਦਰ ਕਰਨ ਵਾਲਾ ਬੰਦਾ ਹੈ ਤਾਂ ਫੱਗੂ ਮੁਨੀਮ। ਇਹ ਗੱਲ ਕਿਸੇ ਹੱਦ ਤੱਕ ਹੈ

ਵੀ ਸੱਚੀ ਸੀ। ਜਿਸ ਵੇਲੇ ਚੌਧਰੀ ਨੇ ਆੜ੍ਹਤ 'ਤੇ ਆ ਜਾਣਾ, ਫੱਗੂ ਨੇ ਸਾਰੇ ਕੰਮ ਛੱਡ ਕੇ ਉਸ ਦੀ ਸੇਵਾ ਵਿਚ ਰੁੱਝ ਜਾਣਾ; ਕਿਧਰੇ ਮੰਜਾ ਵਿਛਾ, ਕਿਧਰੇ ਬਰਫ਼ ਸੋਢਾ ਮੰਗਾ, ਕਿਧਰੇ ਹੁੱਕਾ ਤਾਜ਼ਾ ਕਰਾ ਤੇ ਜੇ ਉਸ ਨੇ ਰਾਤ ਰਹਿਣਾ ਹੋਵੇ, ਤਾਂ ਸ਼ਰਾਬ ਦੀ ਬੋਤਲ ਵੀ ਲਿਆ ਦੇਣੀ। ਨਿਸ਼ਕਾਮ ਸੇਵਾ ਨੂੰ ਮੇਵਾ ਭਾਵੇਂ ਕਦੋਂ ਲੱਗੇ, ਪਰ ਸਕਾਮ ਸੇਵਾ ਫਲ ਛੇਤੀ ਲੈ ਆਉਂਦੀ ਹੈ। ਫੱਗੂ ਮੁਨੀਮ ਦੀ ਪ੍ਰੇਰਨਾ ਨਾਲ ਚੌਧਰੀ ਮੰਨ ਗਿਆ ਕਿ ਆਪਣੀ ਵੱਖਰੀ ਆੜ੍ਹਤ ਖੋਲ੍ਹ ਲਈ ਜਾਵੇ। ਕਾਰ-ਵਿਹਾਰ ਦਾ ਫ਼ੈਸਲਾ ਹੋ ਗਿਆ ਕਿ ਰਕਮ ਸਾਰੀ ਪਹਿਲਾਂ ਚੌਧਰੀ ਪਾਵੇ ਤੇ ਆੜ੍ਹਤ ਦਾ ਕੰਮ ਸਾਰਾ ਫੱਗੂ ਮੱਲ ਦੇ ਜ਼ਿੰਮੇ ਹੋਵੇ। ਹਿੱਸਾ ਦੋਹਾਂ ਧਿਰਾਂ ਦਾ ਅੱਧੋ ਅੱਧ। ਫਿਰ ਨਾਮ ਰੱਖਣ ਦੀ ਵਿਚਾਰ ਹੋਈ ਤਾਂ ਇਹ ਚੰਗਾ ਨਾ ਸਮਝਿਆ ਗਿਆ ਕਿ ਐਡੇ ਵੱਡੇ ਚੌਧਰੀ ਇਲਾਕੇ ਦੇ ਜ਼ੈਲਦਾਰ ਦਾ ਨਾਂ ਬਾਣੀਆਂ ਵਾਂਗ ਦੁਕਾਨ ਦੇ ਬੂਹੇ ਅੱਗੇ ਲਿਖਿਆ ਜਾਏ। ਸੋ ਇਹ ਸੇਵਾ ਵੀ ਫੱਗੂ ਮੱਲ ਨੂੰ ਹੀ ਬਖ਼ਸ਼ੀ ਗਈ।

ਸ਼ੁੱਭ ਦਿਹਾੜੇ ਆੜ੍ਹਤ ਦਾ ਮਹੂਰਤ ਕੀਤਾ ਗਿਆ। ਬੂਹੇ ਅੱਗੇ ਮੋਟੇ ਅੱਖਰਾਂ ਵਿੱਚ ਲਿਖਿਆ ਹੋਇਆ ਫੱਟਾ 'ਭਗਤ ਫੱਗੂ ਮੱਲ ਸੇਠੀ, ਆੜ੍ਹਤੀ' ਲਾਇਆ ਗਿਆ। ਬਾਹਰ ਪਿੰਡਾਂ ਵਿੱਚ ਜ਼ੈਲਦਾਰ ਦਾ ਜ਼ੋਰ ਤੇ ਦੁਕਾਨ ਦਾ ਸਾਰਾ ਭਾਰ ਫੱਗੂ ਮੱਲ ਵਰਗੇ ਮਿਹਨਤੀ ਬੰਦੇ ਦੇ ਹੱਥ, ਦਿਨਾਂ ਵਿਚ ਹੀ ਆੜ੍ਹਤ ਦਾ ਕੰਮ ਚੰਗਾ ਚੱਲ ਪਿਆ। ਜ਼ੈਲਦਾਰ ਤਾਂ ਕਦੇ ਕਦਾਈਂ ਹੀ ਆੜ੍ਹਤ 'ਤੇ ਆਉਂਦਾ ਸੀ, ਪਰ ਫੱਗੂ ਮੱਲ ਰਾਤ ਦਿਨੇ ਲੱਕ ਬੰਨ੍ਹ ਕੇ ਆਪਣੇ ਕੰਮ ਵਿੱਚ ਲੱਗਾ ਰਹਿੰਦਾ ਸੀ। ਈਸ਼ਵਰ ਨੇ ਕੰਮ ਵਿੱਚ ਬਰਕਤ ਵੀ ਚੰਗੀ ਪਾਈ। ਰਾਤ ਨੂੰ ਦੁਕਾਨ ਵਿੱਚ ਮਾਲ ਦੀਆਂ ਵੀਹ ਢੇਰੀਆਂ ਹੋਣ ਤਾਂ ਸਵੇਰ ਨੂੰ ਇੱਕੀ ਹੋ ਜਾਣੀਆਂ; ਵੀਹ ਮਾਲਕਾਂ ਦੀਆਂ ਤੇ ਇੱਕੀਵੀਂ ਫੱਗੂ ਮੱਲ ਦੀ। ਮਾਇਆ ਨੇ ਵਰ ਦਿੱਤਾ। ਇਕ ਸਾਲ ਵਿਚ ਹੀ ਫੱਗੂ ਮੱਲ ਪੈਰਾਂ ਸਿਰ ਹੋ ਗਿਆ।

ਫੱਗੂ ਮੱਲ ਨੂੰ ਬਪਾਰ ਦਾ ਚੰਗਾ ਠਰਕ ਪੈ ਗਿਆ ਸੀ। ਉਸ ਨੇ ਸੌਦਾ ਕਰਨਾ ਤੇ ਪੰਜ ਦਸ ਦਿਨ ਵਿਚ ਹੀ ਮਾਲ ਅਗ੍ਹਾਂ ਵੇਚ ਦੇਣਾ। ਨਫ਼ਾ ਬਚ ਗਿਆ ਤਾਂ ਉਹ ਉਹਦਾ ਆਪਣਾ ਤੇ ਜੇ ਘਾਟਾ ਪੈ ਗਿਆ ਤਾਂ ਉਹ ਦੁਕਾਨ ਦਾ। ਦੁਕਾਨ ਸਾਰੀ ਚੌਧਰੀ ਜ਼ੈਲਦਾਰ ਦੀ ਹੀ ਸਮਝੀ ਜਾਂਦੀ ਸੀ, ਭਾਵੇਂ ਵਹੀਆਂ ਖਾਤਿਆਂ ਵਿਚ ਉਹਦਾ ਨਾਂ ਸੌਂਹ ਖਾਣ ਨੂੰ ਵੀ ਨਹੀਂ ਲਿਖਿਆ ਜਾਂਦਾ ਸੀ। ਬਾਹਰ ਪਿੰਡਾਂ ਵਿਚ ਪੈਸੇ ਖਿਲਾਰਨੇ ਫੱਗੂ ਮੱਲ ਨੇ ਤੇ ਉਗਰਾਹੁਣੇ ਜ਼ੈਲਦਾਰ ਨੇ। ਜੇ ਕੋਈ ਜ਼ਿਮੀਂਦਾਰ ਬੀ ਵਾਸਤੇ ੨੫ ਰੁਪੈ ਲੈ ਜਾਂਦਾ ਤੇ ਦੋ ਵਾਰ ਦੁਕਾਨ 'ਤੇ ਮਾਲ ਲੈ ਆਉਂਦਾ, ਤਾਂ ਫੱਗੂ ਮੱਲ ਆਪਣੇ ਰੁਪੈ ਖਰੇ ਕਰ ਲੈਂਦਾ, ਪਰ ਦੁਕਾਨ ਦੇ ਜਿਉਂ ਦੇ ਤਿਉਂ ਖਲੋਂ ਰਹਿੰਦੇ। ਚਾਰ ਸਾਲ ਵਿਚ ਜ਼ੈਲਦਾਰ ਦੀ ਪਾਈ ਰਾਸ ਦੁਕਾਨ ਵਿਚ ਹੀ ਨਿਖੁੱਟ ਗਈ, ਪਰ

ਫੱਗੂ ਮੱਲ ਨੇ ਸ਼ਹਿਰ ਵਿਚ ਦੋ ਮਕਾਨ ਖ਼ਰੀਦ ਲਏ। ਜ਼ੈਲਦਾਰ ਨੇ ਤੰਗ ਆ ਕੇ ਜ਼ੋਰ ਦਿੱਤਾ ਕਿ ਆੜ੍ਹਤ ਦਾ ਹਿਸਾਬ ਕਰ ਲਿਆ ਜਾਵੇ। ਹੁਣ ਫੱਗੂ ਮੱਲ ਨੂੰ ਫ਼ਿਕਰ ਬਣਿਆ, ਪਰ ਉਹਦੀ ਔਕੜ ਰਾਮ ਨੇ ਆਪੇ ਹੱਲ ਕਰ ਦਿੱਤੀ। ਜੇਠ ਦੇ ਮਹੀਨੇ ਤੱਤੀ ਤੱਤੀ ਸ਼ਰਾਬ ਪੀਣ ਕਰਕੇ ਜ਼ੈਲਦਾਰ ਦੀ ਅਚਾਨਕ ਮੌਤ ਹੋ ਗਈ। ਉਸ ਦੇ ਚਾਲ੍ਹੀਏ ਤੋਂ ਵਿਹਲਾ ਹੋ ਕੇ ਉਸ ਦਾ ਪੁੱਤਰ ਜਾਨ ਮੁਹੰਮਦ ਦੁਕਾਨ 'ਤੇ ਆਇਆ, ਕਿ ਕੁਛ ਹਿਸਾਬ ਪੱਤਾ ਕੀਤਾ ਜਾਵੇ। ਫੱਗੂ ਮੱਲ ਭਾਵੇਂ ਇਹਨਾਂ ਦਿਨਾਂ ਵਿਚ ਚਾਰ ਵੇਰਾਂ ਪਿੰਡ ਗਿਆ ਸੀ ਜ਼ੈਲਦਾਰ ਦਾ ਅਫ਼ਸੋਸ ਕਰਨ ਵਾਸਤੇ ਤੇ ਹਰ ਵਾਰ ਬੜਾ ਰੱਜ ਕੇ ਰੁੰਨਾ ਸੀ। ਪਰ ਅੱਜ ਫੇਰ ਉਸ ਦੇ ਪੁੱਤਰ ਨੂੰ ਦੁਕਾਨ 'ਤੇ ਵੇਖ ਕੇ ਉਸ ਦਾ ਰੋਣ ਠੱਲ੍ਹਿਆ ਨਾ ਰਿਹਾ। ਉਹ ਹਿਸਾਬ ਦੀਆਂ ਵਹੀਆਂ ਫੋਲਦਾ ਤੇ ਫੇਰ ਰੋਣ ਲੱਗ ਪੈਂਦਾ। ਜਾਨ ਮੁਹੰਮਦ ਉਸ ਨੂੰ ਬਥੇਰਾ ਹੌਂਸਲਾ ਦੇਂਦਾ, ਪਰ ਫੱਗੂ ਮੱਲ ਧੀਰਜ ਨਾ ਧਰਦਾ। ਉਹ ਕਹਿੰਦਾ, "ਚੌਧਰੀ ਜੀ! ਤੁਹਾਡਾ ਪਿਤਾ ਨਹੀਂ, ਉਹ ਮੇਰਾ ਪਿਤਾ ਮਰ ਗਿਆ ਏ। ਉਸ ਦੇ ਰਾਜ ਵਿਚ ਜੋ ਮੈਂ ਸੁੱਖ ਲਏ ਹਨ, ਮੈਨੂੰ ਕਦੇ ਭੁੱਲਣੇ ਨੇ?" ਉਸ ਨੇ ਕਹਿਣਾ, 'ਭਗਤ ਫੱਗੂ ਮੱਲ! ਇਕ ਮੇਰਾ ਪੁੱਤਰ ਜਾਨ ਮੁਹੰਮਦ ਏ, ਤੇ ਦੂਜਾ ਤੂੰ ਏਂ।' ਪਿੱਛੇ ਰੂੰ ਵਿੱਚੋਂ ਘਾਟਾ ਪੈ ਗਿਆ, ਤਾਂ ਕਹਿਣ ਲੱਗਾ, 'ਪੁੱਤਰ! ਮੇਰੇ ਜਿਉਂਦਿਆਂ ਤੂੰ ਕੋਈ ਚਿੰਤਾ ਨਹੀਂ ਕਰਨੀ।' ਚੌਧਰੀ ਜੀ! ਜਿਸ ਵੇਲੇ ਉਸ ਨੇ ਆੜ੍ਹਤ 'ਤੇ ਆ ਜਾਣਾ, ਮਜਲਸਾਂ ਲੱਗ ਜਾਣੀਆਂ, ਬੋਤਲਾਂ ਖੁੱਲ੍ਹ ਪੈਣੀਆਂ, ਤੇ....ਤੇ।"

'ਤੇ....ਤੇ' ਕਰਦਾ ਕਰਦਾ ਫੱਗੂ ਮੱਲ ਮੂੰਹ ਪਰਨੇ ਜਾ ਪਿਆ। ਦੋਂਹ ਬੰਦਿਆਂ ਨੇ ਮਸਾਂ ਜਿਹੇ ਉਸ ਨੂੰ ਨੱਪ ਘੁੱਟ ਕੇ ਹੋਸ਼ ਵਿਚ ਆਂਦਾ। ਇਸ ਸਾਰੇ ਰੋਣੇ ਧੋਣੇ ਦਾ ਫੱਗੂ ਮੱਲ ਦੇ ਦਿਲ 'ਤੇ ਭਾਵੇਂ ਕੋਈ ਅਸਰ ਸੀ ਤੇ ਭਾਵੇਂ ਨਹੀਂ, ਪਰ ਗਭਰੂ ਜਾਨ ਮੁਹੰਮਦ ਦੇ ਦਿਲ 'ਤੇ ਬੜਾ ਡੂੰਘਾ ਅਸਰ ਪਿਆ। ਉਸ ਦੇ ਪਿਤਾ ਦੀ ਮੌਤ ਦਾ ਫੱਗੂ ਮੱਲ ਨੂੰ ਏਨਾ ਦੁੱਖ ਹੋਊ, ਉਸ ਨੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ। ਜਿਹੜੇ ਵਿਰੋਧੀ ਖ਼ਿਆਲ ਉਹ ਦਿਲ ਵਿਚ ਲੈ ਕੇ ਆਇਆ ਸੀ, ਇਸ ਇਕ ਘਟਨਾ ਨੇ ਸਾਰੇ ਕੱਢ ਦਿੱਤੇ। ਸਾਰਾ ਦਿਨ ਏਸੇ ਤਰ੍ਹਾਂ ਲੰਘ ਗਿਆ।

ਚੌਧਰੀ ਜਾਨ ਮੁਹੰਮਦ ਦੇ ਰਾਤ ਕੱਟਣ ਵਾਸਤੇ ਆੜ੍ਹਤ ਉੱਤੇ ਪਿਛਲਾ ਚੁਬਾਰਾ ਸਜਾਇਆ ਗਿਆ। ਅਜੇ ਦੋ ਕੁ ਘੜੀਆਂ ਰਾਤ ਗਈ ਸੀ, ਜਾਨ ਮੁਹੰਮਦ ਪਲੰਘ 'ਤੇ ਲੇਟਿਆ ਕੁਛ ਸੋਚ ਹੀ ਰਿਹਾ ਸੀ ਜਾਂ ਫੱਗੂ ਮੱਲ ਬਰਾਂਡੀ ਦੀ ਬੋਤਲ ਲੈ ਕੇ ਚੁਬਾਰੇ 'ਤੇ ਪਹੁੰਚ ਗਿਆ। ਜਾਨ ਮੁਹੰਮਦ ਨੇ ਬਥੇਰੀ ਨਾਂਹ ਨੁੱਕਰ ਕੀਤੀ, ਪਰ ਫੱਗੂ ਮੱਲ ਨੇ ਇਕ ਨਾ ਮੰਨੀ। ਉਹਨੇ ਹਾੜਾ ਭਰ ਕੇ ਅਗ੍ਹਾਂ ਵਧਾਉਂਦਿਆਂ ਕਿਹਾ, "ਚੌਧਰੀ ਜੀ! ਜ਼ੈਲਦਾਰ ਸਾਹਿਬ ਨੇ ਕਈ ਵਾਰ ਕਹਿਣਾ, 'ਭਗਤ ਫੱਗੂ ਮੱਲ! ਵੇਖੀਂ, ਕਿਤੇ ਮੇਰੇ ਮਰੇ ਪਿੱਛੋਂ ਇਸ ਰਸਮ ਨੂੰ ਭੁਲਾ ਨਾ ਦੇਈਂ। ਮੇਰੇ ਪੁੱਤਰ ਨੂੰ ਮੇਰੇ ਵਰਗਾ

ਸਮਝੀਂ। ਉਹਦੀ ਸੇਵਾ ਵਿਚ ਕੋਈ ਕਸਰ ਨਾ ਛੱਡੀਂ। ਜਿੱਦਣ ਇਸ ਚੁਬਾਰੇ ਵਿਚ ਪਿਆਲਾ ਨਾ ਚੱਲਿਆ ਤੇ ਸਾਜ਼ ਨਾ ਵੱਜੇ, ਓਦਣ ਸਮਝੀਂ ਚੌਧਰੀ ਨੂਰ ਮੁਹੰਮਦ ਮਰ ਗਿਆ ਏ।' ਸੋ ਚੌਧਰੀ ਜੀ! ਜੇ ਤੁਸੀਂ ਅੱਜ ਮੇਰੇ ਹੱਥੋਂ ਨਾ ਪੀਉਗੇ, ਤਾਂ ਮੈਂ ਚੁਬਾਰੇ ਤੋਂ ਛਾਲ ਮਾਰ ਕੇ ਮਰ ਜਾਵਾਂਗਾ। ਫੜੋ, ਲਵੋ ਅੱਲਾਹ ਦਾ ਨਾਂ। ਭਾਵੇਂ ਮੂੰਹ ਹੀ ਜੁਠਾਓ। ਬੱਸ, ਚੌਧਰੀ ਹੋਰਾਂ ਦੇ ਨਾਮ ਸਦਕਾ।"

ਉੱਨੀ ਵੀਹ ਸਾਲ ਦਾ ਗਭਰੂ ਜਾਨ ਮੁਹੰਮਦ ਸੋਚ ਨਾ ਸਕਿਆ ਕਿ ਕੀ ਕਰੇ ਤੇ ਕੀ ਨਾ ਕਰੇ। ਅੰਤ ਉਸ ਨੇ ਪਿਉ ਦੇ ਨਾਂ ਦਾ ਵਾਸਤਾ ਸੁਣ ਕੇ ਗਲਾਸੀ ਫੜੀ ਤੇ ਵਿਚੋਂ ਦੋ ਘੁੱਟ ਭਰ ਲਏ। ਉਹ ਬਾਕੀ ਦੀ ਵਧੀ ਭੋਇੰ 'ਤੇ ਡੋਲ੍ਹਣ ਹੀ ਲੱਗਾ ਸੀ, ਜਾਂ ਝੱਟ ਕਰਕੇ ਫੱਗੂ ਮੱਲ ਨੇ ਹੱਥੋਂ ਗਲਾਸੀ ਫੜ ਲਈ ਤੇ ਕਿਹਾ, "ਵਾਹ ਚੌਧਰੀ ਜੀ! ਇਹ ਚੀਜ਼ ਭੋਇੰ 'ਤੇ ਡੋਲ੍ਹਣ ਵਾਲੀ ਏ? ਇਸ ਦੀ ਕਦਰ ਸਾਡੇ ਵੱਡੇ ਚੌਧਰੀ ਹੋਰਾਂ ਤੋਂ ਪੁੱਛਣੀ ਸੀ, ਗੰਗਾ ਜਲੀ ਜਾਂ ਆਬੇਜ਼ਮਜ਼ਮ ਇਸ ਦੇ ਮੁਕਾਬਲੇ 'ਤੇ ਕੀ ਚੀਜ਼ ਏ। ਲਿਆਓ, ਇਹ ਪਿਆਲਾ ਇਸ ਖ਼ਾਕਸਾਰ ਨੂੰ ਇਨਾਇਤ ਕਰੋ।" ਇਹ ਕਹਿੰਦਿਆਂ ਕਹਿੰਦਿਆਂ ਫੱਗੂ ਮੱਲ ਪਿਆਲੀ ਵਿਚ ਵਧੀ ਸ਼ਰਾਬ ਪੀ ਗਿਆ। ਜਾਨ ਮੁਹੰਮਦ ਵੇਖ ਕੇ ਹੈਰਾਨ ਰਹਿ ਗਿਆ। ਉਹ ਸੋਚਣ ਲੱਗਾ, "ਮੈਂ ਮੁਸਲਮਾਨ, ਇਹ ਹਿੰਦੂ। ਹਿੰਦੂ ਮੁਸਲਮਾਨ ਦੇ ਹੱਥ ਦਾ ਪਾਣੀ ਨਾ ਪੀਏ, ਪਰ ਏਹ?" ਉਹ ਇਹਨਾਂ ਸੋਚਾਂ ਵਿੱਚ ਹੀ ਸੀ ਜਾਂ ਫੱਗੂ ਮੱਲ ਨੇ ਦੂਜੀ ਵਾਰ ਪਿਆਲੀ ਭਰ ਕੇ ਜਾਨ ਮੁਹੰਮਦ ਵੱਲ ਵਧਾਉਂਦਿਆਂ ਕਿਹਾ, "ਹੇ ਬਹਿਸ਼ਤ ਨਿਵਾਸੀ ਚੌਧਰੀ ਸਾਹਿਬ! ਇਹ ਤੁਹਾਡੇ ਪੁੱਤਰ ਦੀ ਪਰਖ ਦਾ ਪਿਆਲਾ ਹੈ।"

ਝਿਜਕਦਿਆਂ ਝਿਜਕਦਿਆਂ, ਜਾਨ ਮੁਹੰਮਦ ਨੇ ਕੰਬਦੇ ਹੱਥਾਂ ਨਾਲ ਪਿਆਲਾ ਫੜ ਕੇ ਪੀ ਲਿਆ। ਫਿਰ ਇਕ ਹੋਰ, ਇਕ ਹੋਰ। ਰਾਤ ਪਹਿਰ-ਕੁ ਬੀਤ ਗਈ। ਥੱਲਿਓਂ ਕੁਛ ਬੰਦਿਆਂ ਦੇ ਪੌੜੀਆਂ ਚੜ੍ਹਨ ਦੀ 'ਵਾਜ ਆਈ। ਪਹਿਲਾਂ ਇਕ ਮਰਾਸੀ ਕੱਛ ਵਿਚ ਸਾਰੰਗੀ ਮਾਰੀ ਅੰਦਰ ਆਇਆ। ਫੱਗੂ ਮੱਲ ਨੇ ਜ਼ਰਾ ਰੁਅਬ ਨਾਲ ਕਿਹਾ, "ਉਏ ਈਦੇ! ਏਨਾ ਕੁਵੇਲਾ? ਵੱਡੇ ਚੌਧਰੀ ਸਾਹਿਬ ਅੱਜ ਹੁੰਦੇ ਤਾਂ ਤੁਸੀਂ ਏਸੇ ਵੇਲੇ ਆਉਂਦੇ?"

"ਹਜੂਰ! ਤਿਆਰੀ ਕਰਦਿਆਂ ਕੁਛ ਦੇਰ ਹੋ ਗਈ, ਮਾਫ਼ ਕਰਨਾ।" ਈਦੇ ਨੇ ਦੂਹਰੀ ਸਲਾਮ ਕਰਕੇ ਕਿਹਾ।

ਏਨੇ ਨੂੰ ਇਕ ਅਧਖੜ ਵੇਸਵਾ ਤੇ ਇਕ ਮੁਟਿਆਰ ਅੰਦਰ ਆ ਗਈਆਂ। ਮਗਰੇ ਇਕ ਹੋਰ ਮਰਾਸੀ ਜੋੜੀ ਵਾਲਾ। ਆਉਂਦਿਆਂ ਹੀ ਉਸ ਅਧਖੜ ਵੇਸਵਾ ਨੇ ਬੜੀ ਅਦੱਾ ਨਾਲ ਮੱਥੇ ਕੋਲ ਹੱਥ ਲੈਜਾ ਕੇ ਸਲਾਮ ਕੀਤੀ ਤੇ ਬੋਲੀ, "ਹਜੂਰ! ਮੇਰਾ ਤਾਂ ਸੁਹਾਗ ਵੱਡੇ ਚੌਧਰੀ ਸਾਹਿਬ ਨਾਲ ਗਿਆ। ਹੁਣ ਤਾਂ ਮੈਨੂੰ ਇਸ ਬਾਲੜੀ ਦਾ

ਫ਼ਿਕਰ ਏ। ਚੌਧਰੀ ਸਾਹਿਬ ਤਾਂ ਕਿਹਾ ਕਰਦੇ ਸਨ ਕਿ....।" ਇਸ ਤੋਂ ਅਗ੍ਹਾਂ ਉਸ ਨੇ ਮੂੰਹੋਂ ਤਾਂ ਕੁਛ ਨਾ ਕਿਹਾ, ਪਰ ਜਾਨ ਮੁਹੰਮਦ ਤੇ ਨਾਲ ਦੀ ਮੁਟਿਆਰ ਵੱਲੇ ਵਾਰੋ ਵਾਰੀ ਤਕ ਕੇ ਬਿਨਾਂ ਕਹੇ ਹੀ ਸਭ ਕੁਝ ਸਮਝਾ ਦਿੱਤਾ।

ਫੱਗੂ ਮੱਲ ਨੇ ਉਸ ਮੁਟਿਆਰ ਵੱਲ ਤੱਕ ਕੇ ਜਾਨ ਮੁਹੰਮਦ ਨੂੰ ਕਿਹਾ, "ਚੌਧਰੀ ਸਾਹਿਬ! ਏਹਾ ਹੈ ਹਯਾਤ ਬੇਗਮ। ਸਾਰੇ ਸ਼ਹਿਰ ਵਿਚ ਇਸ ਦੀ ਜੁੱਤੀ ਵਰਗੀ ਵੀ ਹੋਰ ਕੋਈ ਨਹੀਂ।"

ਆਪਣੀ ਤਾਰੀਫ਼ ਸੁਣ ਕੇ ਹਯਾਤ ਬੇਗਮ ਨੇ ਬੜੀ ਅਦਾ ਨਾਲ ਸਿਰ ਝੁਕਾਇਆ ਤੇ ਤਿਰਛੀ ਨਜ਼ਰ ਨਾਲ ਜਾਨ ਮੁਹੰਮਦ ਵੱਲ ਤੱਕ ਕੇ ਮੁਸਕਰਾ ਦਿੱਤਾ। ਸਾਜ਼ ਵੱਜੇ, ਗ਼ਜ਼ਲ ਸ਼ੁਰੂ ਹੋਈ ਤੇ ਹਯਾਤ ਬੇਗਮ ਗੌਣ ਨੱਚਣ ਦੇ ਨਾਲ-ਨਾਲ ਜਾਨ ਮੁਹੰਮਦ ਨੂੰ ਭਰ-ਭਰ ਕੇ ਪਿਆਉਣ ਵੀ ਲੱਗੀ।

ਰਾਤ ਅੱਧੀ-ਕੁ ਚਲੀ ਗਈ। ਬਾਕੀ ਸਾਰੇ ਵਾਰੋ ਵਾਰੀ ਚਲੇ ਗਏ। ਚੁਬਾਰੇ ਵਿਚ ਰਹਿ ਗਏ ਜਾਨ ਮੁਹੰਮਦ ਤੇ ਹਯਾਤ ਬੇਗਮ।

ਅਗਲੇ ਦਿਨ ਹਿਸਾਬ ਸ਼ੁਰੂ ਹੋਇਆ। ਫੱਗੂ ਮੱਲ ਵਹੀ ਤੋਂ ਪੜ੍ਹ-ਪੜ੍ਹ ਸੁਣਾਈ ਗਿਆ ਤੇ ਜਾਨ ਮੁਹੰਮਦ ਕੋਲ ਬੈਠਾ ਸਿਰ ਨੀਵਾਂ ਕੀਤੀ ਸੁਣੀ ਗਿਆ।

"ਅਹਿ ਰਕਮ ਛੋਨੇ ਵਿਚੋਂ ਘਾਟਾ ਪਿਆ, ਅਹਿ ਰਕਮ ਚੌਧਰੀ ਸਾਹਿਬ ਦੋ ਰਾਤਾਂ ਚੁਬਾਰੇ 'ਤੇ ਰਹੇ। ਅਹਿ ਰਕਮ ਚੌਧਰੀ ਸਾਹਿਬ ਨਿਆਜ਼ ਬੇਗਮ ਨਾਲ ਦਰਿਆ 'ਤੇ ਸੈਰ ਕਰਨ ਗਏ...ਤੇ ਅਹਿ ਰਕਮ ਅੱਜ ਰਾਤ ਦਾ ਸਾਰਾ ਖ਼ਰਚ। ਸੋ, ਹੁਣ ਤਕ ੩੨੯੧੭॥ =)॥ ਤੁਹਾਡੇ ਖਾਤੇ ਵਿਚ ਚਲੇ ਗਏ। ਚੌਧਰੀ ਸਾਹਿਬ ਨੇ ਦੁਕਾਨ ਵਿੱਚ ਸਾਰੀ ਰਾਸ ਪੰਝੀ ਹਜ਼ਾਰ ਰੁਪੈ ਪਾਈ ਸੀ। ੫੭੧੮॥ =)॥ ਬਚਤ ਹੋਈ। ਹੁਣ ਬਾਕੀ ਮੇਰੇ ਤੁਹਾਡੇ ਵੱਲੇ ਵਧੇ ਦੋ ਹਜ਼ਾਰ, ਇਕ ਸੌ ਨੜਿੰਨਵੇਂ ਰੁਪੈ, ਸਵਾ ਤਿੰਨ ਆਨੇ। ਜੀਹਦੇ ਨਾਲ ਚੌਧਰੀ ਜੀ! ਐਨਾ ਚਿਰ ਵਰਤੇ ਹੋਈਏ, ਉਸ ਨਾਲ ਤੱਤੀ ਠੰਢੀ ਵੀ ਸਹਿਣੀ ਪੈਂਦੀ ਏ। ਆਸ ਹੈ, ਐਦਕੀਂ ਸੌਣੀ ਤੋਂ ਆਪ ਮੇਰਾ ਹਿਸਾਬ ਸਾਫ਼ ਕਰ ਦਿਉਗੇ। ਮੈਂ ਤਾਂ ਚੌਧਰੀ ਜੀ! ਹਾਂ ਹੀ ਤੁਹਾਡੇ ਆਸਰੇ। ਹੁਣ ਆੜ੍ਹਤ ਦਾ ਸਾਰਾ ਭਾਰ ਮੈਨੂੰ 'ਕੱਲੇ ਨੂੰ ਹੀ ਚੁੱਕਣਾ ਪਵੇਗਾ, ਪਰ ਤੁਹਾਡੇ ਵਰਗੇ ਸੱਜਣਾਂ ਦੇ ਹੁੰਦਿਆਂ ਮੈਨੂੰ ਘਬਰਾਉਣ ਦੀ ਕੀ ਲੋੜ ਏ? ਰਾਮ ਭਲੀ ਕਰੇਗਾ।"

ਚੌਧਰੀ ਦਾ ਹਿਸਾਬ ਕਤਾਬ ਨਿਬੜਿਆ, ਪਰ ਆੜ੍ਹਤ ਓਸੇ ਤਰ੍ਹਾਂ ਚਲਦੀ ਰਹੀ।

ਇਸ ਵੇਲੇ ਫੱਗੂ ਮੱਲ ਸ਼ਹਿਰ ਦੇ ਧਨਾਢ ਪੁਰਸ਼ਾਂ ਵਿੱਚੋਂ ਗਿਣਿਆ ਜਾਂਦਾ ਸੀ। ਉਸ ਦੇ ਸ਼ਹਿਰ ਵਿਚ ਕਈ ਮਕਾਨ ਸਨ, ਜਿਨ੍ਹਾਂ ਦਾ ਚੰਗਾ ਕਿਰਾਇਆ ਆਉਂਦਾ ਸੀ।

ਇਕ ਕੱਪੜੇ ਦੀ ਤਕੜੀ ਦੂਕਾਨ ਚਲਦੀ ਸੀ ਤੇ ਆੜ੍ਹਤ ਤਾਂ ਸਾਰੀ ਮੰਡੀ ਵਿੱਚੋਂ ਸਿੱਟਾ ਸੀ। ਉਦਾਲੇ ਦੇ ਪੰਦਰਾਂ ਵੀਹਾਂ ਪਿੰਡਾਂ ਵਿਚ ਉਸ ਦੀਆਂ ਸਾਮੀਆਂ ਸਨ। ਹਰ ਛੇ ਮਹੀਨੇ ਵਿਆਜ ਤਰਦਾ ਰਹੇ ਤਾਂ ਉਹਨੇ ਸਾਮੀ ਕੋਲੋਂ ਤੱਦੀ ਨਾਲ ਮੂਲ ਕਦੇ ਨਹੀਂ ਸੀ ਮੰਗਿਆ।

ਹੁਣ ਉਸ ਨੂੰ 'ਫੱਗੂ', 'ਫੱਗੂ ਮੁਨੀਮ' ਜਾਂ 'ਫੱਗੂ ਮੱਲ' ਕੋਈ ਨਹੀਂ ਸੀ ਕਹਿੰਦਾ, ਸਗੋਂ 'ਭਗਤ ਜੀ' ਕਹਿ ਕੇ ਬੁਲਾਉਂਦੇ ਸਨ ਸਾਰੇ। ਉਹ 'ਭਗਤ' ਅਖਵਾਉਣ ਵਾਸਤੇ ਪਹਿਲਾਂ ਤੋਂ ਹੀ ਬੜਾ ਚਾਰਾ ਕਰਦਾ ਰਿਹਾ ਸੀ, ਪਰ ਇਹ ਖ਼ਿਤਾਬ ਦੌਲਤ ਤੋਂ ਪਹਿਲਾਂ ਉਹਨੂੰ ਪ੍ਰਾਪਤ ਨਾ ਹੋਇਆ। ਛੋਟੇ ਹੁੰਦੇ ਤੋਂ ਹੀ ਉਹ ਰੋਜ਼ ਮੰਦਰ ਵਿਚ ਜਾਂਦਾ ਸੀ। ਉਸ ਨੇ ਬੜੀ ਮਸਤੀ ਨਾਲ ਛੈਣੇ ਵਜਾਉਣੇ, ਭਜਨ ਗਾਉਣੇ ਤੇ ਠਾਕਰਾਂ ਸਾਮ੍ਹਣੇ ਨੱਚਣਾ, ਪਰ ਫਿਰ ਵੀ ਉਹਨੂੰ 'ਭਗਤ' ਕੋਈ ਨਹੀਂ ਸੀ ਕਹਿੰਦਾ। ਸਭ ਤੋਂ ਵੱਡਾ ਦੁੱਖ ਉਸ ਨੂੰ ਏਹਾ ਸੀ। ਜਦ ਪਹਿਲੋ-ਪਹਿਲ ਉਸ ਨੇ ਆਪਣੀ ਆੜ੍ਹਤ ਉੱਤੇ 'ਭਗਤ ਫੱਗੂ ਮੱਲ ਸੇਠੀ' ਲਿਖਿਆ ਤਾਂ ਲੋਕੀਂ ਪੜ੍ਹ ਕੇ ਹੱਸਦੇ ਸਨ। ਕੁਛ ਮਨਚਲੇ ਉਸ ਨੂੰ ਦੂਕਾਨ 'ਤੇ ਬੈਠੇ ਨੂੰ ਵੇਖ ਕੇ ਹਾਸੇ ਠੱਠੇ ਨਾਲ 'ਏ ਭਗਤ ਜੀ! ਨਮਸਤੇ।' ਕਹਿ ਕੇ ਲੰਘ ਜਾਂਦੇ। ਇਸ ਹਾਸੇ ਤੋਂ ਉਸ ਨੂੰ ਖ਼ੁਸ਼ੀ ਵੀ ਹੁੰਦੀ ਤੇ ਦੁੱਖ ਵੀ। ਅੰਤ ਇਹ ਧਾਰਨ ਕੀਤਾ ਲਕਬ ਹਾਸੇ ਠੱਠੇ ਦੀਆਂ ਘਾਟੀਆਂ ਲੰਘ ਕੇ ਆਪਣੇ ਅਸਲੀ ਰੂਪ ਵਿਚ ਆ ਗਿਆ। ਹੁਣ ਇਸ ਦੇ ਉਚਾਰਣ ਵਿਚ ਠੱਠਾ ਨਹੀਂ ਰਹਿ ਗਿਆ ਸੀ, ਸਗੋਂ ਸ਼ਰਧਾ ਤੇ ਰੁਅਬ ਆ ਗਏ ਸਨ।

ਭਗਤ ਬਣ ਕੇ ਭਗਤ ਫੱਗੂ ਮੱਲ ਭਗਤਾਂ ਵਾਲੇ ਕੰਮਾਂ ਵਿਚ ਵਧੇਰੇ ਉੱਦਮ ਕਰਨ ਲੱਗ ਪਿਆ। ਕੰਨਿਆਂ ਪਾਠਸ਼ਾਲਾ, ਮੰਦਰ, ਅਨਾਥਾਲੇ ਤੇ ਗਊਸ਼ਾਲਾ ਵਾਸਤੇ ਸਭ ਤੋਂ ਪਹਿਲਾਂ ਉਸ ਨੇ ਉਗਰਾਹੀ ਦੇਣੀ। ਇਹਨਾਂ ਕੰਮਾਂ ਵਾਸਤੇ ਉਹਨੇ ਦੂਕਾਨ ਉੱਤੇ ਵੱਖੋ-ਵੱਖ ਸੰਦੂਕੜੀਆਂ ਲਾਈਆਂ ਹੋਈਆਂ ਸਨ। ਮਾਲ ਵੇਚਣ ਵਾਲੇ ਹਰ ਗਾਹਕ ਤੇ ਕਰਜ਼ ਲੈਣ ਜਾਂ ਅਦਾ ਕਰਨ ਵਾਲੀ ਹਰ ਸਾਮੀ ਨੂੰ ਉਹਨਾਂ ਵਿੱਚ ਹਿਸਾਬ ਅਨੁਸਾਰ ਕੁਛ ਨਾ ਕੁਛ ਪਾਉਣਾ ਪੈਂਦਾ ਸੀ। ਉਹ ਧਰਮ ਖਾਤਾ ਅਖਵਾਉਂਦਾ ਸੀ। ਸ਼ਹਿਰੋਂ ਬਾਹਰ ਉਸ ਨੇ ਇਕ ਹਵੇਲੀ ਬਣਵਾਈ, ਜਿਸ ਦਾ ਨਾਮ 'ਭਗਤ ਕੁਟੀਆ' ਰਖਿਆ। ਇਹ ਆਏ ਗਏ ਸਾਧੂਆਂ ਦੇ ਤੇ ਉਸ ਦੀਆਂ ਸਾਮੀਆਂ ਦੇ ਟਿਕਣ ਵਾਸਤੇ ਸੀ। ਓਥੇ ਹਰ ਵੇਲੇ ਕੋਈ ਨਾ ਕੋਈ ਸਾਧੂ ਟਿਕਿਆ ਰਹਿੰਦਾ, ਜੋ ਭਗਵਾਨ ਦੀ ਅਰਾਧਨਾ ਕਰਨ ਦੀ ਥਾਂ, ਭਗਤ ਫੱਗੂ ਮੱਲ ਦੀ ਹੀ ਉਸਤਤ ਕਰਦਾ ਰਹਿੰਦਾ। ਹਰ ਮਹੀਨੇ ਦੀ ਸੰਗਰਾਂਦ ਨੂੰ ਮੰਦਰ ਵਿਚ ਪੁਜਾਰੀ ਕਿਸੇ ਨਾ ਕਿਸੇ ਬਹਾਨੇ ਉਸ ਦੀ ਭਗਤੀ ਤੇ ਦਾਨੀ ਸੁਭਾਅ ਦੀ ਵਿਆਖਿਆ ਜ਼ਰੂਰ ਕਰਦਾ; ਕਿਉਂਕਿ ਏਸ ਕੰਮ ਵਾਸਤੇ ਉਸ ਨੂੰ ਫੱਗੂ ਮੱਲ ਵੱਲੋਂ ਰੋਜ਼ੀਨਾ ਮਿਲਦਾ ਸੀ। ਆਪਣੀ ਆੜ੍ਹਤ ਦੇ

ਬੂਹੇ ਅੱਗੇ ਉਸ ਨੇ ਲੰਮੀ ਸਾਰੀ ਖੁਰਲੀ ਬਣਾਈ ਹੋਈ ਸੀ, ਜਿਸ ਉੱਤੇ ਪੰਜ ਸੱਤ ਲੰਡੀਆਂ ਲੂਲੀਆਂ ਗਾਈਂ ਰੋਜ਼ ਪੱਠਾ ਦਾਣਾ ਖਾਂਦੀਆਂ ਸਨ। ਏਸੇ ਭਾਵ ਦਾ ਇਕ ਵੱਡਾ ਸਾਰਾ ਫੱਟਾ (ਬੋਰਡ) ਵੀ ਉਹਦੀ ਦੁਕਾਨ 'ਤੇ ਲੱਗਾ ਹੋਇਆ ਸੀ।

ਭਗਤ ਪੰਛੀਆਂ ਦੀ ਆਜ਼ਾਦੀ ਦਾ ਬੜਾ ਚਾਹਵਾਨ ਸੀ। ਉਸ ਨੇ ਆਪ ਭਾਵੇਂ ਇਕ ਤੋਤਾ ਪਿੰਜਰੇ ਵਿਚ ਪਾ ਕੇ ਦੁਕਾਨ 'ਤੇ ਰਖਿਆ ਹੋਇਆ ਸੀ, ਪਰ ਰੋਜ਼ ਪੰਜ ਬਟੇਰੇ ਸ਼ਿਕਾਰੀਆਂ ਕੋਲੋਂ ਖ਼ਰੀਦ ਕੇ ਛੁਡਾਉਂਦਾ ਸੀ। ਏਸ ਕੰਮ ਵਾਸਤੇ ਉਸ ਨੇ ਇਕ ਝਿਉਰ ਨਾਲ ਠੇਕਾ ਕੀਤਾ ਹੋਇਆ ਸੀ। ਉਹ ਸਵੇਰੇ ਉਠ ਕੇ ਭਗਤ ਨੂੰ ਪੰਜ ਬਟੇਰੇ ਦੇ ਜਾਂਦਾ। ਭਗਤ ਉਹਨਾਂ ਨੂੰ ਪਿੰਜਰੇ ਵਿਚ ਪਾ ਕੇ, ਮੰਦਿਰ ਵਿਚ ਭਗਵਾਨ ਦੀ ਮੂਰਤੀ ਅੱਗੇ ਮੱਥਾ ਟੇਕ, ਸਾਰਿਆਂ ਦੇ ਸਾਹਮਣੇ ਉੱਡਾ ਦੇਂਦਾ। ਪੁਜਾਰੀ ਹੱਥ ਜੋੜ ਕੇ ਅਰਦਾਸ ਕਰ ਦੇਂਦਾ, "ਹੇ ਭਗਵਾਨ! ਤੇਰੇ ਭਗਤ ਨੇ ਪੰਖੇਰੂਆਂ ਦੀ ਬੰਦ ਖ਼ਲਾਸ ਕਰਾਈ ਹੈ, ਆਪ ਨੇ ਭਗਤ ਜੀ ਦੀ ਜਮ-ਫਾਸ ਕੱਟਣੀ।"

ਇਕ ਦਿਨ ਝਿਉਰ ਬਟੇਰੇ ਲੈ ਕੇ ਨਾ ਆਇਆ। ਉਸ ਦੇ ਘਰੋਂ ਪਤਾ ਕੀਤਾ ਗਿਆ। ਉਹ ਕਿਤੇ ਬਾਹਰ ਗਿਆ ਹੋਇਆ ਸੀ। ਇਕ ਹੋਰ ਸ਼ਿਕਾਰੀ ਕੋਲ ਬਟੇਰੇ ਤਾਂ ਸਨ, ਪਰ ਉਸ ਨਾਲ ਭਗਤ ਜੀ ਦਾ ਭਾਅ ਨਾ ਬਣਿਆ। ਭਗਤ ਸੋਚਾਂ ਵਿਚ ਪੈ ਗਿਆ ਕਿ ਅੱਜ ਮੰਦਿਰ ਵਿਚ ਕੀ ਲੈ ਕੇ ਜਾਵੇ ? ਭਗਵਾਨ ਸੰਕਟ-ਹਰਨ ਹੈ। ਸੋ ਔਖੀ ਵੇਲੇ ਭਗਤ ਨੂੰ ਬਹੁੜ ਪਿਆ। ਉਸ ਦੀ ਬੁਝਾਰਤ ਦਾ ਉੱਤਰ ਮਿਲ ਗਿਆ। "ਕੀ ਬਟੇਰਿਆਂ ਦੀ ਥਾਂ ਚਿੜੀਆਂ ਠੀਕ ਨਹੀਂ ? ਸਗੋਂ ਠੀਕ ਤੋਂ ਵੀ ਵੱਧ।" ਬੱਸ, ਖ਼ਿਆਲ ਆਉਂਦਿਆਂ ਹੀ ਭਗਤ ਫੱਗੂ ਮੱਲ ਕੂਕਾਂ ਮਾਰਨ ਲੱਗ ਪਿਆ, "ਓ ਰਾਮੂੰ! ਓ ਰੁੱਘੂ, ਉਇ ਘਸੀਟੇ! ਕਿਧਰ ਮਰਗਿਓ ਤੁਸੀਂ ? ਓਧਰ ਪੂਜਾ ਦਾ ਸਮਾਂ ਜਾ ਰਿਹਾ ਹੈ। ਲੋਕ ਪੂਜਾ ਕਰਕੇ ਚਲੇ ਗਏ, ਪਰ ਭਗਤ ਨਾ ਪੁੱਜਾ, ਤਾਂ ਪੁਜਾਰੀ ਕੀਹਦੀ ਅਰਦਾਸ ਕਰੇਗਾ ? ਛੇਤੀ ਕਰੋ, ਅਗਲੇ ਅੰਦਰ ਦਾ ਬੂਹਾ ਢੋ ਕੇ ਪੰਜ ਚਿੜੀਆਂ ਫੜੋ।"

ਹੁਕਮ ਦੀ ਢਿੱਲ ਸੀ। ਪੰਜ ਚਿੜੀਆਂ ਫੜ ਕੇ ਭੇਟ ਕੀਤੀਆਂ ਗਈਆਂ ਤੇ ਭਗਤ ਹੋਰੀਂ ਪਿੰਜਰੇ ਵਿਚ ਪਾ ਕੇ ਮੰਦਰ ਨੂੰ ਚਲਦੇ ਬਣੇ।

ਪਿਛਲੇ ਸਾਲ ਭਗਤ ਜੀ ਨੇ ਬੜਾ ਵੱਡਾ ਬ੍ਰਹਮਭੋਜ (ਯੱਗ) ਕੀਤਾ। ਅਨੇਕਾਂ ਪੰਡਤ ਤੇ ਸਾਧੂ ਉਹਨਾਂ ਦੀ ਕੁੱਟੀਆਂ ਵਿਚ 'ਕੱਠੇ ਹੋਏ। ਤਿੰਨ ਦਿਨ 'ਕੱਠ ਰਿਹਾ। ਇਕ ਦਿਨ ਪੂਰੀ ਕੜਾਹ, ਇਕ ਦਿਨ ਲੱਡੂ ਜਲੇਬੀ ਤੇ ਇਕ ਦਿਨ ਖੀਰ ਤੇ ਮਾਹਲ ਪੂੜਾ ਵਰਤਿਆ। ਰੱਬ ਦਾਤਾ ਹੈ : ਏਨਾ ਖ਼ਰਚ ਕਰ ਕਰਾ ਕੇ ਵੀ ਭਗਤ ਨੂੰ ਘਾਟੇ ਦੀ ਥਾਂ ਸਗੋਂ ਬਚਤ ਹੋਈ, ਕਿਉਂਕਿ ਇਸ ਸ਼ੁੱਭ ਕਾਰਜ ਵਾਸਤੇ ਪਿੰਡਾਂ ਵਿਚਲੀਆਂ ਸਾਮੀਆਂ ਕੋਲੋਂ ਧਰਮ ਦੇ ਨਾਂ ਉੱਤੇ ਬਹੁਤ ਕੁਝ ਉਗਰਾਹਿਆ ਗਿਆ ਸੀ।

ਏਸ ਤਰ੍ਹਾਂ ਦੇ ਦਾਨੀ ਪੁਰਸ਼ ਸਨ ਭਗਤ ਫੱਗੂ ਮੱਲ ਜੀ।

ਅੱਜ ਸਵੇਰੇ ਮੰਦਰ ਤੋਂ ਵਾਪਸ ਆ ਕੇ ਭਗਤ ਜੀ ਨੇ ਬਾਹਰਲੀ ਖੁਰਲੀ ਵਿਚ ਝਾਤੀ ਮਾਰੀ, ਤਾਂ ਥੱਲੇ ਦਾਣਾ ਪਿਆ ਦਿੱਸਿਆ। ਵੇਖ ਕੇ ਭਗਤ ਜੀ ਨੂੰ ਕ੍ਰੋਧ ਆ ਗਿਆ। ਬੜੇ ਗੁੱਸੇ ਨਾਲ ਨੌਕਰ ਨੂੰ ਵਾਜ ਮਾਰੀ, "ਓ ਰਾਮੂੰ!"

ਖਰਵ੍ਹੀ 'ਵਾਜ ਸੁਣ ਕੇ ਰਾਮੂੰ ਅੰਦਰੋਂ ਭੱਜਿਆ ਆਇਆ ਤੇ ਹੱਥ ਜੋੜ ਕੇ ਬੋਲਿਆ, "ਹੁਕਮ, ਭਗਤ ਜੀ!"

ਭਗਤ ਹੋਰੀਂ ਅੱਖਾਂ ਵਿਚੋਂ ਅੱਗ ਬਰਸਾਉਂਦੇ ਹੋਏ ਖੁਰਲੀ ਵੱਲੋ ਇਸ਼ਾਰਾ ਕਰਕੇ ਬੋਲੇ, "ਓ ਗਧੇ ਦੇ ਅਵਤਾਰ! ਏਧਰ ਵੇਖ। ਤੂੰ ਲੁੱਟ ਦਾ ਮਾਲ ਸਮਝ ਲਿਆ ਏ, ਜੋ ਏਸ ਤਰ੍ਹਾਂ ਲੁਟਾਈ ਜਾ ਰਿਹਾ ਏਂ ? ਐਨਾ ਦਾਣਾ ? ਸੱਤਿਆ ਨਾਸ! ਹੇ ਪ੍ਰਭੂ! ਮੂਰਖਾਂ ਨੂੰ ਕਦੋਂ ਗਿਆਨ ਬਖਸ਼ੋਗੇ ?"

"ਜੀ...ਜੀ...ਹਜ਼ੂਰ ਨੇ ਕੱਲ੍ਹ...ਕੱਲ੍ਹ ਮੰਦਰ ਵਿਚ ਫ਼ੁਰਮਾਇਆ ਸੀ, ਕਿ ਹੁਣ ਧਰਮ ਅਰਥ ਗਊਆਂ ਨੂੰ ਪੰਜ ਪੰਜ ਸੇਰ ਦਾਣਾ ਮਿਲਿਆ ਕਰੇਗਾ।" ਨੌਕਰ ਸਿਰ ਤੋਂ ਪੈਰਾਂ ਤੱਕ ਕੰਬਦਾ ਹੋਇਆ ਬੋਲਿਆ।

"ਓ ਉੱਲੂ! ਮੈਂ ਮੰਦਰ ਵਿਚ ਕਿਹਾ ਸੀ, ਨਾ ਕਿ ਤੈਨੂੰ ਹੁਕਮ ਕੀਤਾ ਸੀ। ਜੇ ਤੂੰ ਸਾਡੇ ਕਹਿਣ ਅਨੁਸਾਰ ਲੁਟਾਉਂਦਾ ਰਿਹੋਂ, ਤਾਂ ਚੰਗਾ ਧਰਮ ਖਾਤਾ ਚਲਾਵੇਂਗਾ?" ਭਗਤ ਜੀ ਨੇ ਵਧੇਰੇ ਖਿੱਝ ਕੇ ਕਿਹਾ।

"ਖਿਮਾ...ਖਿਮਾ ਕਰੋ। ਅੱਗੋਂ ਲਈ ਜਿਵੇਂ ਸਰਕਾਰ ਫ਼ੁਰਮਾਏਗੀ, ਓਵੇਂ ਹੋਵੇਗਾ।" ਰਾਮੂੰ ਨੇ ਅੱਧ ਤੱਕ ਝੁਕ ਕੇ ਕਿਹਾ।

ਜ਼ਰਾ ਠੰਢੇ ਹੋ ਕੇ, ਭਗਤ ਜੀ ਰਾਮੂੰ ਦੇ ਮੋਢੇ 'ਤੇ ਹੱਥ ਧਰ ਕੇ ਬੋਲੇ, "ਵੇਖ, ਸਭ ਤੋਂ ਪਹਿਲਾਂ ਧਰਮਖਾਤੇ ਦੀ ਆਮਦਨ ਦਾ ਹਿਸਾਬ ਕਰ। ਫਿਰ ਉਸ ਵਿਚੋਂ ਆਪਣੀ ਤਨਖ਼ਾਹ ਜੋਗੇ ਬਚਾ ਕੇ ਰੱਖ। ਤੇ ਬਾਕੀ ਐਸੇ ਢੰਗ ਨਾਲ ਖ਼ਰਚ ਕਰ ਕਿ ਤੇਰਾ ਖਾਤਾ ਕਦੇ ਘਾਟੇ ਵਿਚ ਨਾ ਜਾਵੇ। ਪਿਛਲਾ ਨੌਕਰ ਸਭ ਕੰਮ ਭੁਗਤਾ ਕੇ ਮੈਨੂੰ ਵੀ ਕੁਛ ਖ਼ਰਚ ਵਜੋਂ ਦਿਆ ਕਰਦਾ ਸੀ। ਮੈਂ ਮੰਦਰ ਵਿਚ ਕੰਨਿਆਂ ਪਾਠਸ਼ਾਲਾ ਦੀਆਂ ਲੜਕੀਆਂ ਵਾਸਤੇ ਢਾਕੇ ਦੀ ਮਲਮਲ ਦੀਆਂ ਚੁੰਨੀਆਂ ਕਹਾਂ, ਤਾਂ ਤੂੰ ਗਾਂਧੀ ਦੀ ਮਲਮਲ ਖ਼ਰੀਦ ਕੇ ਪੁਚਾ। ਮੈਂ ਸੰਤਾਂ ਵਾਸਤੇ ਦੇਸੀ ਘਿਉ ਦੀਆਂ ਪੂਰੀਆਂ ਕਹਾਂ, ਤਾਂ ਤੂੰ ਡਾਲਡਾ ਵਰਤ। ਗਊਆਂ ਵਾਸਤੇ ਪੰਜ ਸੇਰ ਦਾਣਾ ਕਿਹਾ ਜਾਏ, ਤਾਂ ਤੂੰ ਪੰਜ ਪਾ ਹੀ ਸਮਝ, ਸਗੋਂ ਇਸ ਵਿਚੋਂ ਵੀ ਕੁਛ ਬਚਤ ਕਰ। ਤੇ ਜਿਹੜੀ ਇਹ ਗ਼ਲਤੀ ਕੀਤੀ ਊ, ਇਸ ਦਾ ਪ੍ਰਾਸਚਿੱਤ ਇਵੇਂ ਹੀ ਹੋ ਸਕਦਾ ਹੈ ਕਿ ਹੁਣ ਪੰਜ ਦਿਨ ਸਿਰਫ਼ ਛਾਣ ਦੇ ਧੂੜੇ ਤੋਂ ਹੀ ਕੰਮ ਲਿਆ ਜਾਵੇ, ਸਮਝੇ ?"

" ਜੀ ਹਜ਼ੂਰ।" ਸਿਰ ਝੁਕਾ ਕੇ ਰਾਮੂੰ ਨੇ ਭਗਤ ਕੋਲੋਂ ਜਾਨ ਛੁਡਾਈ।

ਹਰੀ ਸਿੰਘ ਵੀ ਏਸੇ ਭਗਤ ਫੱਗੂ ਮੱਲ ਦੀ ਸਾਮੀ ਸੀ। ਉਸ ਨੇ ਚੰਦੋ ਦੇ ਵਿਆਹ ਵਾਸਤੇ ਰਾਜੇ ਸੰਮਾ ਸਿੰਘ ਤੋਂ ਕੁਛ ਅਗਾਊਂ ਮੰਗਿਆ, ਪਰ ਉਸ ਨੇ ਇਹ ਆਖ ਕੇ ਨਿਰਾਸ਼ ਕਰ ਦਿੱਤਾ, "ਜਜਮਾਨ! ਮੈਂ ਘਰੋਂ ਸੌ ਪੰਜਾਹ ਦੇ ਦੇਂਦਾ ਹਾਂ ਪਰ ਅਗਲੇ ਘਰੋਂ ਜਾ ਕੇ ਪਹਿਲਾਂ ਨਹੀਂ ਮੰਗਣੇ। ਉਹ ਕੀ ਸਮਝਣਗੇ ? ਮੇਰੇ ਜਜਮਾਨ ਅਸਲੋਂ ਗਏ ਗੁਜਰੇ ਨੇ ? ਜਿਵੇਂ ਵੀ ਹੋਵੇ, ਘਰੋਂ ਈਂ ਵੇਲਾ ਟਪਾਓ।"

ਹੋਰ ਕੋਈ ਪਾਸਾ ਨਾ ਦਿੱਸਿਆ ਤਾਂ ਹਰੀ ਸਿੰਘ ਨੇ ਆਪਣੇ ਸ਼ਾਹ 'ਤੇ ਹੀ ਓਟ ਟਿਕਾਈ। ਤਿੰਨਾਂ ਚੌਹ ਘਰਾਂ ਤੋਂ ਦੁੱਧ 'ਕੱਠਾ ਕਰਕੇ ਉਹਨੇ ਖੋਆ ਮਾਰਿਆ। ਖੋਏ ਦੀ ਵਲਟੋਹੀ ਸਿਰ 'ਤੇ, ਛੱਲੀਆਂ ਦਾ ਮਗਰਾ ਮੋਢੇ ਉੱਤੇ, ਉਹ ਸਵੇਰੇ ਹੀ ਘਰੋਂ ਤੁਰ ਪਿਆ। ਭਗਤ ਜੀ ਅਜੇ ਦੁਕਾਨ ਸਜਾ ਕੇ ਬੈਠੇ ਹੀ ਸਨ, ਜਾਂ ਹਰੀ ਸਿੰਘ ਨੇ ਆ ਫ਼ਤਹਿ ਬੁਲਾਈ। ਖੋਆ ਤੇ ਛੱਲੀਆਂ ਰਾਮੂੰ ਘਰ ਨੂੰ ਲੈ ਗਿਆ। ਹਰੀ ਸਿੰਘ ਭਗਤ ਹੋਰਾਂ ਨੂੰ ਮੁੱਠੀਆਂ ਭਰਨ ਲੱਗ ਪਿਆ। ਯਾਰਾਂ-ਕੁ ਵਜੇ ਭਗਤ ਹੋਰੀਂ ਘਰ ਰੋਟੀ ਖਾਣ ਚਲੇ ਗਏ। ਹਰੀ ਸਿੰਘ ਉਸੇ ਤਰ੍ਹਾਂ ਭੁੱਖਾ-ਭਾਣਾ ਦੁਕਾਨ 'ਤੇ ਬੈਠਾ ਰਿਹਾ। ਉਹਦੇ ਅੰਦਰ ਵਲ੍ਹੇਟ ਵਿਰਨ ਲੱਗੇ, ਤਾਂ ਉਹ ਲੱਗਾ ਸੋਚਣ, "ਓ ਮਨਾ ਮੂਰਖਾ! ਤੂੰ ਖੋਏ ਵਿਚੋਂ ਈ ਥੋੜ੍ਹਾ ਬਹੁਤਾ ਕੱਢ ਕੇ ਖਾ ਲੈ, ਹੋਰ ਸ਼ਾਹ ਤਾਂ ਤੇਰੇ ਵਾਸਤੇ ਪਰੌਂਠੇ ਨਹੀਂ ਘੱਲਣ ਲੱਗਾ।" ਏਸ ਤਰ੍ਹਾਂ ਇਕ ਵੱਜ ਗਿਆ। ਅੰਤ ਉਸ ਦੀ ਭਗਤੀ ਪੂਰੀ ਹੋਈ, ਤੇ ਉਹਦੇ ਵਾਸਤੇ ਭਗਤ ਜੀ ਦਾ ਨੌਕਰ ਰੋਟੀ ਲੈ ਕੇ ਆਇਆ, ਤਿੰਨ ਹੌਲੇ-ਹੌਲੇ ਖ਼ੁਸ਼ਕ ਫੁਲਕੇ, ਮੂੰਗੀ ਦਾ ਦਾਲ ਤੇ ਨਾਲ ਪੂਦਨੇ ਦੀ ਚੱਟਣੀ। ਓਹਾ ਖਾ ਕੇ ਹਰੀ ਸਿੰਘ ਨੇ ਸਬਰ ਸ਼ੁਕਰ ਕਰ ਲਿਆ।

ਦੋ ਵਜੇ ਭਗਤ ਜੀ ਫਿਰ ਦੁਕਾਨ 'ਤੇ ਆਏ। ਹਰੀ ਸਿੰਘ ਨੇ ਆਪਣੇ ਆਉਣ ਦਾ ਕਾਰਨ ਦੱਸਿਆ। ਭਗਤ ਨੇ ਰੁੱਖੇ ਸ਼ਬਦਾਂ ਵਿਚ ਉੱਤਰ ਦਿੱਤਾ, "ਭਾਈ ਹਰੀ ਸਿਹਾਂ! ਇਹਨਾਂ ਦਿਨਾਂ ਵਿਚ ਤਾਂ ਕੁਛ ਨਹੀਂ ਹੋ ਸਕਦਾ। ਅੱਜਕਲ੍ਹ ਕੁਛ ਪੈਸਿਆਂ ਦੀ ਟੋਟ ਏ। ਅਖੇ: ਸਖੀ ਨਾਲੋਂ ਸੂਮ ਭਲਾ, ਜੋ ਤੁਰਤ ਦੇ ਜਵਾਬ। ਨਾਲੇ ਅਸਾਂ ਤਾਂ ਹੁਣ ਉਧਾਰ ਉੱਕਾ ਈ ਬੰਦ ਕਰ ਦਿੱਤਾ ਏ। ਸਗੋਂ ਕਿਸੇ ਦਿਨ ਪਹਿਲਾ ਹਿਸਾਬ ਵੀ ਸਾਫ਼ ਕਰ ਦਿਹ ਭਈ!"

ਇਹ ਕੋਰਾ ਜਵਾਬ ਸੁਣ ਕੇ ਹਰੀ ਸਿੰਘ ਦੇ ਪੈਰਾਂ ਥੱਲਿਓਂ ਮਿੱਟੀ ਨਿਕਲ ਗਈ। ਉਹ ਘੁੰਮਣ ਘੇਰ ਵਿਚ ਪੈ ਗਿਆ, 'ਹੁਣ ਕਿਧਰ ਜਾਵਾਂ ? ਇਹ ਕਾਰਜ ਕਿਵੇਂ ਨੇਪਰੇ ਚੜ੍ਹੇਗਾ ? ਸ਼ਾਹ ਨੇ ਇਹ ਕੇਹੀ ਕੀਤੀ ? ਅੱਗੇ ਇਹਦਾ ਕੁਛ ਮਾਰਿਆ ਹੋਇਆ ਤਾਂ ਨਹੀਂ। ਪੈਸੇ ਦੇਣੇ ਨੇ, ਤਾਂ ਇਹਨੇ ਪੂਰਾ ਬਿਆਜ ਲੈਣਾ ਏਂ। ਕੋਈ ਮੈਨੂੰ ਪੁੰਨ ਤਾਂ ਨਹੀਂ ਕਰਨ ਲੱਗਾ। ਤੇ ਜੇ ਉਧਾਰ ਨਹੀਂ ਦੇਣਾ ਤਾਂ ਛੱਲੀਆਂ ਤੇ ਖੋਆ ਕਿਹੜੇ ਵਹੁ ਵਿਚ ਰੱਖਿਆ ਸੂ ? ਮੁੱਠੀਆਂ ਕਿਸ ਨਾਂ ਦੀਆਂ ਭਰਾਈਆਂ ਸੂ ?...।



WWW.SIKHBOOKCLUB.COM 

ਏਸੇ ਤਰ੍ਹਾਂ ਉਹ ਕਿੰਨਾ ਚਿਰ ਸੋਚਾਂ ਵਿਚ ਪਿਆ ਰਿਹਾ। ਅੰਤ ਉਹਨੇ ਫਿਰ ਤਰਲਾ ਲਿਆ, "ਸ਼ਾਹ ਜੀ! ਕਾਲਿਆਂ ਤੋਂ ਚਿੱਟੇ ਆ ਗਏ ਨੇ ਤੁਹਾਡੇ ਨਾਲ ਵਰਤਦਿਆਂ। ਕਦੇ ਇਕ ਪੈਸੇ ਦਾ ਵਲ ਪਿਆ ਹੋਵੇ, ਤਾਂ ਆਖੋ। ਇਹ ਕੰਨਿਆਂ ਦਾਨ ਏਂ। ਮੈਂ ਕਿਸੇ ਹੋਰ ਕੰਮ 'ਤੇ ਖਰਚ ਨਹੀਂ ਕਰਨੇ। ਜੇਹੀ ਮੇਰੀ ਧੀ, ਤੇਹੀ ਤੁਹਾਡੀ ਆਪਣੀ ਧੀ। ਮੈਨੂੰ ਨਰਾਸਾ ਨਾ ਮੋੜੋ। ਤੇ ਵਿਆਹ ਜੋ ਮਰਜੀ ਜੇ ਲਾ ਲਵੋ। ਵਿਆਹ ਤੋਂ ਪਿੱਛੋਂ ਮੈਂ ਕੌਡੀ-ਸੁੱਧਾ ਸਭ ਕੁਛ ਤਾਰ ਦਿਆਂਗਾ।"

ਦੋ ਘੰਟੇ ਮਿਨਤਾਂ ਕਰਾ ਕੇ ਸ਼ਾਹ ਤਿੰਨ ਸੌ ਰੁਪਏ ਦੇਣੇ ਮੰਨ ਗਿਆ। ਗੁੱਘੂ ਸ਼ਾਹ ਨੂੰ (ਜਿਸ ਦੇ ਸਪੁਰਦ ਉਧਾਰ ਖਾਤਾ ਸੀ) ਹੁਕਮ ਹੋਇਆ ਕਿ ਨਾਂਵਾਂ ਲਿਖਾ ਲਵੇ ਤੇ ਹਿਸਾਬ ਕਰਕੇ ਪੈਸੇ ਦੇ ਦੇਵੇ। ਗੁੱਘੂ ਸ਼ਾਹ ਨੇ ਵਹੀ ਖੋਲ੍ਹੀ ਤੇ ਟਿਕਟ ਲਾ ਕੇ ਤਿੰਨ ਸੌ ਰੁਪੈ ਦਾ ਨਾਂਵਾਂ ਲਿਖਿਆ। ਹਰੀ ਸਿੰਘ ਨੇ ਅੰਗੂਠਾ ਲਾ ਦਿੱਤਾ। ਗੁੱਘੂ ਸ਼ਾਹ ਉਹਨੂੰ ਹਿਸਾਬ ਕਰਕੇ ਸੁਣਾਉਣ ਲੱਗਾ, "ਪੰਜ ਰੁਪੈ ਸੈਂਕੜਾ ਸਿਰ-ਤਾ-ਪਾ (ਸ਼ਾਹ ਵਾਸਤੇ ਸਿਰ ਤੋਂ ਪੈਰਾਂ ਤਕ ਪੁਸ਼ਾਕ), ਇਹ ਹੋਏ ਪੰਦਰਾਂ ਰੁਪੈ, ਦੋ ਰੁਪੈ ਸੈਂਕੜੇ ਦੇ ਹਿਸਾਬ ਪਹਿਲੀ ਛਿਮਾਹੀ ਦਾ ਵਿਆਜ ਛੱਤੀ ਰੁਪੈ, ਇਕ ਰੁਪਇਆ ਸੈਂਕੜਾ ਧਰਮ ਖਾਤਾ, ਹੋਏ ਤਿੰਨ ਰੁਪੈ ਤੇ ਇਕ ਰੁਪਇਆ ਸੈਂਕੜਾ ਗੁਮਾਸ਼ਤਾ, ਕੁੱਲ ਖਰਚ ਹੋਇਆ ਸਤਵੰਜਾ ਰੁਪੈ। ਤਿੰਨ ਸੌ ਵਿਚੋਂ ਗਏ ਸਤਵੰਜਾ, ਬਾਕੀ ਰਹੇ ਦੋ ਸੌ ਤਿਰਤਾਲੀ ਰੁਪੈ। ਲੌ ਸਰਦਾਰ ਜੀ। ਸੋਘੇ ਕਰੋ।"

## ੫

ਚੰਦੋ ਦੇ ਵਿਆਹ ਦੀਆਂ ਤਿਆਰੀਆਂ ਹੋ ਰਹੀਆਂ ਸਨ। ਸਾਹਿਆ ਪੱਕਾ ਹੋ ਚੁੱਕਾ ਸੀ। ਉਸ ਦੇ ਮਾਂ ਪਿਉ ਸਵੇਰ ਦੇ ਸ਼ਹਿਰੋਂ ਕੱਪੜੇ ਬਨਾਉਣ ਗਏ ਹੋਏ ਸਨ। ਉਹ ਆਪਣੇ ਛੋਟੇ ਭੈਣ-ਭਰਾ ਨੂੰ ਘਰ ਬਹਾ ਕੇ ਆਪਣੀ ਹਾਣ-ਸਹੇਲੀ ਹਰਬੰਸੋ ਨਾਲ ਸਾਗ ਲੈਣ ਚਲੀ ਗਈ। ਹੁਣੇ-ਹੁਣੇ ਹੀ ਹਰਬੰਸੋ ਦਾ ਮੁਕਲਾਵਾ ਹੋਇਆ ਸੀ। ਉਹ ਪਰਸੋਂ ਸਹੁਰਿਆਂ ਤੋਂ ਆਈ ਸੀ। ਉਹਨੂੰ ਵਰ ਤੇ ਘਰ ਬੜਾ ਚੰਗਾ ਮਿਲਿਆ ਸੀ। ਉਹ ਸੋਨੇ ਨਾਲ ਲੱਦੀ, ਰੇਸ਼ਮੀ ਸੂਟ ਪਹਿਨੀਂ, ਚੰਦੋ ਨਾਲ ਗੱਲੀਂ ਜੁੱਟੀ ਹੋਈ ਸੀ। ਉਹ ਰੰਗ ਦੀ ਕਾਲੀ ਤਾਂ ਨਹੀਂ ਸੀ, ਪਰ ਚੰਦੋ ਦੇ ਸਾਹਮਣੇ ਉਸ ਦਾ ਰੂਪ ਕੋਈ ਕੀਮਤ ਨਹੀਂ ਸੀ ਰੱਖਦਾ। ਉਹ ਚੰਦੋ ਨਾਲੋਂ ਕੱਦ ਦੀ ਮਧਰੀ, ਸਰੀਰੋਂ ਭਾਰੀ ਤੇ ਰੰਗ ਦੀ ਸਾਉਲੀ ਸੀ। ਉਹ ਰੂਪਵਾਨ ਨਹੀਂ, ਪਰ ਭਾਗਵਾਨ ਜ਼ਰੂਰ ਸੀ।

ਸਾਗ ਤੋੜ ਕੇ ਦੋਵੇਂ ਸਹੇਲੀਆਂ ਪੈਲੀ ਦੇ ਬੰਨੇ 'ਤੇ ਬਹਿ ਗਈਆਂ। ਦੋਹਾਂ ਦੇ ਅੰਦਰ ਸਾਂਝੀ ਤੜਪ ਸੀ। ਇਕ ਦੇ ਗੱਲਾਂ ਸੁਣਨ ਦੀ ਤੇ ਦੂਜੀ ਦੇ ਸੁਨਾਉਣ ਦੀ। ਚੰਦੋ ਨੇ ਹਰਬੰਸੋ ਦੀ ਬਨਾਰਸੀ ਚੁੰਨੀ ਦੀ ਕੰਨੀ ਫੜ ਕੇ ਵੇਖਦਿਆਂ ਪੁੱਛਿਆ, 'ਬੰਸੋ ਆਹ ਚੁੰਨੀ, ਕਿੰਨੇ ਦੀ ਆਈ ਊ ?"



WWW.SIKHBOOKCLUB.COM 

ਹਰਬੰਸੋ-ਜੋ ਚਰੋਕਣੀ ਆਪਣੇ ਲੀੜਿਆਂ ਦੀ ਸ਼ੋਭਾ ਸੁਣਾਉਣ ਵਾਸਤੇ ਕਾਹਲੀ ਪੈ ਰਹੀ ਸੀ-ਬੜੇ ਮਾਣ ਨਾਲ ਬੋਲੀ, "ਇਹ ਕੱਲ੍ਹੀ ਚੁੰਨੀ ਪੰਜਾਂ ਘੱਟ ਸੌ ਦੀ ਆਈ ਊ। ਮੇਰਾ ਸਹੁਰਾ ਧੁਰ ਬਨਾਰਸੋਂ ਲਿਆਇਆ ਏ। ਅਜੇ ਇਹਦੇ ਨਾਲ ਦਾ ਸੂਟ ਵੇਖ ਲਵੇਂ ਤਾਂ ਦੰਗ ਰਹਿ ਜਾਏਂ। ਸਾਰਾ ਤਿੱਲੇ ਨਾਲ ਮੜ੍ਹਿਆ ਹੋਇਆ ਏ, ਵੰਨ-ਸੁਵੰਨੇ ਬੂਟੇ ਪਾਏ ਹੋਏ ਨੇ, ਧੁੱਪੇ ਕਰੀਏ ਤਾਂ ਸੋਨੇ ਵਾਂਗ ਚਮਕਦਾ ਏ। ਕਿਸੇ ਮਾੜੇ ਦੀ ਤਾਕਤ ਏ ਏਹੋ ਜਹੀ ਵਰੀ ਢੋਣ ਦੀ। ? ਮੇਰੀ ਸੱਸ ਆਹੰਦੀ ਸੀ, ਤਿੰਨ ਸੌ ਪੂਰੇ ਦਾ ਆਇਆ ਏ। ਇਕ ਮੇਰਾ ਫਰੋਜੀ ਸੂਟ ਏ। ਉਹਦੇ ਨਾਲ ਦਾ ਤਾਂ ਏਥੋਂ ਕੱਪੜਾ ਈ ਨਹੀਂ ਮਿਲਦਾ। ਦਿੱਲੀਓਂ ਆਇਆ ਈ। ਇਕ ਸੂਟ ਗੋਟੇ ਵਾਲਾ ਏ। ਸਾਰੇ ਸ਼ਹਿਰ ਵਿਚੋਂ ਵੱਡਾ ਦਰਜੀ ਏ, ਜੀਹਨੇ ਉਹ ਸੀਤਾ ਏ। ਪੰਜ ਸੁੱਚੀਆਂ ਵਰੀਆਂ ਤੇ ਤਿੰਨ ਦੂੱਜੀਆਂ।"

ਅਜੇ ਪਤਾ ਨਹੀਂ, ਉਹ ਕਿੰਨਾ ਚਿਰ ਏਸੇ ਵਿਖਿਆਨ ਨੂੰ ਚਾਲੂ ਰੱਖਦੀ, ਪਰ ਵਿਚੋਂ ਹੀ ਚੰਦੋ ਨੇ ਗੱਲ ਟੋਕ ਦਿੱਤੀ, "ਤੇਰੇ ਮਾਪਿਆਂ ਵੀ ਤਾਂ ਅੱਗੋਂ ਓਨੇ ਹੀ ਦਿੱਤੇ ਨੇ ਨਾ।"

"ਅਜੇ ਤਾਂ ਮੇਰੀ ਭੂਆ ਨੇ ਸਾਰੇ ਦੇਣ ਨਹੀਂ ਦਿੱਤੇ। ਉਹ ਆਹੰਦੀ ਸੀ, ਇਕੋ ਵੇਰ ਦੇਣ ਨਾਲੋਂ, ਜਿੰਨੀ ਵੇਰ ਧੀ ਆਵੇ, ਓਨੀ ਵੇਰ ਦੇਈਏ।"

"ਅਣੀਏਂ ਬੰਸੋ! ਤੇਰੀ ਸੱਸ ਕੇਹੀ ਕੁ ਏ?"

"ਬੜੀਈ ਚੰਗੀ। ਮੇਰੇ ਸੁੱਤਿਆਂ-ਸੁੱਤਿਆਂ ਹੀ ਉਹਨੇ ਦੁੱਧ ਰਿੜਕ, ਆਟਾ ਗੁੰਨ੍ਹ, ਪਾਣੀ ਤੱਤਾ ਕਰ, ਸਾਰਾ ਕੰਮ ਮੁਕਾ ਲੈਣਾ। ਮੈਨੂੰ ਉਠਾ ਕੇ ਉਹਨੇ ਬੜੇ ਲਾਡ ਨਾਲ ਆਖਣਾ, 'ਉਠ ਪੁੱਤ! ਮਾਂ ਸਦਕੇ, ਨ੍ਹਾ-ਧੋ ਲੈ।' ਉਹਨੇ ਦੂਜੇ ਅੰਦਰ ਪਾਣੀ ਰੱਖ ਦੇਣਾ ਤੇ ਮੈਂ..."

"ਆਹੰਦੇ ਨੇ, ਘਰ ਬੜਾ ਸੋਹਣਾ ਬਣਿਆ ਹੋਇਆ ਏ।" ਚੰਦੋ ਨੇ ਫੇਰ ਵਿਚੋਂ ਹੀ ਗੱਲ ਟੋਕ ਦਿੱਤੀ।

"ਕੀ ਪੁੱਛਦੀ ਏਂ ? ਪੱਕੇ ਮਹਿਲ; ਹੱਦ ਮੁੱਕੀ ਪਈ ਏ।"

"ਆਪਣੇ ਲੰਬਰਦਾਰਾਂ ਵਰਗਾ ?"

"ਊਂਹ! ਗੱਲ ਕਢੀ ਸੂ। ਇਹ ਕੀ ਏ ? ਏਦੋਂ ਕਿਤੇ ਵਧੀਆ। ਅੰਦਰੋ ਪੱਕੇ ਖੁਰੇ ਬਣੇ ਹੋਏ, ਫਰਸ਼ ਲੱਗੇ ਹੋਏ। ਮੈਂ ਨ੍ਹਾ ਹਟਣਾ, ਤਾਂ ਮਾਂ ਜੀ ਨੇ ਨਵਾਂ ਸੂਟ ਕੋਲ ਲਿਆ ਰੱਖਣਾ। ਮੈਂ ਬਥੇਰਾ ਆਖਣਾ, 'ਮਾਂ ਜੀ! ਆਹ ਤਾਂ ਅਜੇ ਕੱਲ੍ਹ ਈ ਪਾਇਆ ਏ।' ਉਹਨੇ ਆਖਣਾ, 'ਫੇਰ ਕੀ ਹੋਇਆ। ਨਵੇਂ ਸੂਟ ਵਿਚ ਤੂੰ ਮੈਨੂੰ ਬੜੀ ਚੰਗੀ ਲੱਗਦੀ ਏਂ।"

'ਰੋਜ ਨਵਾਂ ਸੂਟ!" ਚੰਦੋ ਨੇ ਹੈਰਾਨੀ ਨਾਲ ਪੁੱਛਿਆ।

"ਰੋਜ ਨਵਾਂ ਸੂਟ!" ਹਰਬੰਸੋ ਦੀਆਂ ਅੱਖਾਂ ਵਿਚ ਕਈ ਸੂਟ ਝਲਕ ਰਹੇ ਸਨ।

ਚੰਦੋ ਦਾ ਧਿਆਨ ਆਪਣੇ ਪਾਟੇ ਹੋਏ ਕੁੜਤੇ ਤੇ ਟਾਕੀਆਂ ਵਾਲੀ ਸਲਵਾਰ 'ਤੇ ਚਲਾ ਗਿਆ। ਜ਼ਿੰਦਗੀ ਵਿਚ ਤਜਰਬੇ ਨੇ ਉਹਨੂੰ ਅਜੇ ਏਨਾ ਹੀ ਸਿਖਾਇਆ ਸੀ ਕਿ ਹਰ ਇਕ ਦੇ ਕੇਵਲ ਦੋ ਸੂਟ ਹੁੰਦੇ ਨੇ: ਇਕ ਜਾਣ-ਆਉਣ ਵਾਲਾ ਰਾਖਵਾਂ ਤੇ ਇਕ ਉਦਾਲੇ ਪਾਉਣ ਵਾਲਾ। ਜਿੰਨਾ ਚਿਰ ਪਹਿਲਾ ਪਾਟ ਕੇ ਲੀਰੋ ਲੀਰ ਨਾ ਹੋ ਜਾਏ, ਓਨਾ ਚਿਰ ਹੋਰ ਨਵਾਂ ਨਹੀਂ ਬਣ ਸਕਦਾ। ਉਹਨੇ ਆਪਣੇ ਵਾਸਤੇ 'ਕੱਠੇ ਦੋ ਸੂਟ ਸੀਪਦੇ ਕਦੇ ਨਹੀਂ ਸਨ ਵੇਖੇ। ਹਰਬੰਸੋ ਦੀਆਂ ਗੱਲਾਂ ਸੁਣ ਕੇ ਉਹ ਆਪਣੇ-ਆਪ ਨੂੰ ਭੁੱਲ ਗਈ। ਉਹਨੂੰ ਵਿਆਹ ਦਾ ਦਿਨ ਨੇੜੇ ਆਉਂਦਾ ਚੰਗਾ-ਚੰਗਾ ਲੱਗਣ ਲੱਗਾ। ਉਹ ਦਿਨ ਉਹਦੇ ਵਾਸਤੇ ਨਵੇਂ ਸੂਟ ਤੇ ਗਹਿਣੇ ਲੈ ਕੇ ਆਵੇਗਾ।

ਉਹ ਅਜੇ ਏਸੇ ਸੁਆਦ ਵਿਚ ਡੁੱਬੀ ਹੋਈ ਸੀ, ਜਾਂ ਹਰਬੰਸੋ ਨੇ ਉਹਦੀ ਸੁਰਤ ਉਖੇੜ ਦਿੱਤੀ। ਹਰਬੰਸੋ ਬੋਲੀ : "ਮੈਂ ਨਵਾਂ ਸੂਟ ਪਾ ਕੇ ਪਲੰਘ ਉੱਤੇ ਆ ਬਹਿਣਾ। ਮੇਰੀ ਸੱਸ ਨੇ ਪੰਜੀਰੀ ਦਾ ਛੰਨਾ ਭਰ ਕੇ ਲਿਆ ਦੇਣਾ। ਮੈਂ ਕਹਿਣਾ, 'ਮਾਂ ਜੀ! ਮੈਥੋਂ ਨਹੀਂ ਏਨੀ ਖਾਧੀ ਜਾਣੀ। ਉਹਨੇ ਕਹਿਣਾ, "ਨਾ ਪੁੱਤ! ਨਾਂਹ ਨਹੀਂ ਕਰੀਦੀ। ਤੇਰੀ ਮਾਂ ਆਖੇਗੀ, ਮੇਰੀ ਧੀ ਨੂੰ ਲਿੱਸਿਆਂ ਕਰ ਘੱਲਿਆ ਨੇ।' ਅਣੀਏ ਚੰਦੋ! ਉਹਦੇ ਮੂੰਹੋਂ 'ਪੁੱਤ' ਆਖਣਾ ਬੜੀ ਈ ਫਬਦਾ ਸੀ।"

"ਫਿਰ ਤੇਰਾ ਜੀ ਤਾਂ ਲੱਗਾ ਰਿਹਾ ਹੋਣਾ ਏ ?"

"ਇਕ ਮੇਰਾ ਛੋਟਾ ਜਿਹਾ ਦਿਉਰ ਏ। ਜੀ ਤਾਂ ਓਹਾ ਲਾਈ ਰੱਖਦਾ ਸੀ। ਉਹਨੇ ਕਦੇ ਕੁਛ ਲਿਆ ਦੇਣਾ ਹੱਟੀਓਂ, ਕਦੇ ਕੁਛ। ਮੇਰੀ ਛੋਟੀ ਨਨਾਣ ਨੇ ਛੇੜਨਾ, ਆਖਣਾ, 'ਜਗੀਰਿਆ! ਭਾਬੀ ਨੂੰ ਆਖ, ਜਦੋਂ ਮੁੜ ਕੇ ਆਵੇਂਗੀ, ਮੇਰੇ ਵਾਸਤੇ ਨਿੱਕੀ ਜੇਹੀ ਵਹੁਟੀ ਲਈ ਆਵੀਂ।' ਉਹਨੇ ਆਖਣਾ, 'ਊਂਹ, ਮੈਂ ਤਾਂ ਭਾਬੀ ਜਿੱਡੀ ਵਹੁਟੀ ਲੈਣੀ ਏਂ। ਇਹਦੇ ਵਰਗੀ ਸੋਹਣੀ।' ਬੱਸ, ਉਹਨੇ ਸਾਰਾ ਦਿਨ ਮੇਰੇ ਕੋਲ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਰਹਿਣਾ।"

"ਹੱਛਾ, ਹੋਰ ਦੱਸ! ਭਾਈਆ ਕੇਹਾ ਕੁ ਏ ?"

ਸਭ ਤੋਂ ਸੁਖਦਾਈ ਚਰਚਾ ਏਹੋ ਸੀ, ਜਿਸ ਦੇ ਸੁਣਨ ਸੁਨਾਉਣ ਵਾਸਤੇ ਦੋਵੇਂ ਕਾਹਲੀਆਂ ਪੈ ਰਹੀਆਂ ਸਨ। ਦੋਹਾਂ ਦੀਆਂ ਛਾਤੀਆਂ ਵਿਚ ਦਿਲ ਧੜਕ ਰਹੇ ਸਨ। ਹਰਬੰਸੋ ਦਾ ਦਿਲ ਭਰਿਆ ਪਿਆ ਸੀ। ਉਹ ਸਾਰੀਆਂ ਗੱਲਾਂ ਕਿਸੇ ਸਹੇਲੀ ਨਾਲ ਕਰਨਾ ਚਾਹੁੰਦੀ ਸੀ। ਉਹ ਦੂਰ ਬੈਠੀ ਵੀ ਪਤੀ-ਪਿਆਰ ਦਾ ਸੁਖ ਮਾਨਣਾ ਚਾਹੁੰਦੀ ਸੀ, ਉਸ ਦੀਆਂ ਯਾਦਾਂ ਦੁਹਰਾ ਕੇ। ਖ਼ੁਸ਼ੀ ਨੂੰ ਇਕੋ ਵਾਰ ਨਾ ਪਰਗਟ ਕਰਨ ਦੇ ਇਰਾਦੇ ਨਾਲ ਉਹ ਬੋਲੀ, "ਤੇ ਤੂੰ ਨਹੀਂ ਡਿੱਠਾ ਹੋਇਆ?"

ਚੰਦੋ ਨੇ ਜੋ ਕੁਛ ਪੁੱਛਿਆ ਸੀ, ਉਸ ਦਾ ਸਹੀ ਉੱਤਰ ਇਹ ਨਹੀਂ ਸੀ। ਉਹਨੇ

ਫਿਰ ਦੁਬਾਰਾ ਪੁੱਛਿਆ, "ਮੈਂ ਤਾਂ ਵਿਆਹ ਨੂੰ ਵੇਖਿਆ ਸੀ। ਓਦੋਂ ਤਾਂ ਅਜੇ ਉਹਨੂੰ ਦਾੜ੍ਹੀ ਵੀ ਨਹੀਂ ਸੀ ਆਈ। ਬੜਾ ਭੋਲਾ ਜਿਹਾ ਪ੍ਰਤੀਤ ਹੁੰਦਾ ਸੀ, ਵੇਖਣ ਨੂੰ ਤਾਂ ਚੰਗਾ ਏ, ਸੁਭਾਅ ਖਵਰੇ ਕਿਹੋ ਜਿਹਾ ਹੋਵੇ ?"

"ਅੜੀਏ! ਬਖੇੜਾ ਤਾਂ ਨਾ ਕਰੇਂਗੀ ?"

"ਭਾਵੇਂ ਕੇਹੀ ਸੌਂਹ ਲੈ ਲੈ।"

"ਸੱਚੀ ਪੁੱਛਦੀ ਏਂ, ਤਾਂ ਮੇਰਾ ਹੁਣ ਜੀ ਨਹੀਂਓਂ ਲੱਗਦਾ। ਆਹਨੀ ਆਂ, ਉੱਡ ਕੇ ਵੀ ਓਥੇ ਅੱਪੜ ਪਵਾਂ। ਸਾਰੀ ਰਾਤ ਸਾਨੂੰ ਗੱਲਾਂ ਕਰਦਿਆਂ ਲੰਘ ਜਾਣੀ। ਮੇਰੀ ਠੋਡੀ ਨੂੰ ਉਤਾਂਹ ਚੁੱਕ ਕੇ ਉਹਨੇ ਆਖਣਾ, "ਤੂੰ ਮੈਨੂੰ ਬੜੀ ਸੋਹਣੀ ਲੱਗਦੀ ਏਂ। ਤੇਰੇ ਵਰਗੀ ਸ਼ਕਲ ਵਾਲੀ ਅੱਜ ਤੱਕ ਨਹੀਂ ਵੇਖੀ। ਤੂੰ ਚਲੀ ਜਾਵੇਂਗੀ, ਤਾਂ ਮੇਰਾ ਜੀ ਨਹੀਂ ਲੱਗਣਾ।" ਉਹਨੇ ਰੋਜ ਹੱਟੀਓਂ ਕੁਛ ਨਾ ਕੁਛ ਲਿਆਉਣਾ। ਅਸਾਂ 'ਕੱਠਿਆਂ ਰਾਤ ਨੂੰ ਖਾਣਾ। ਮਾਂ ਜੀ ਨੇ ਸਾਡੇ ਸਰ੍ਹਾਣੇ ਦੁੱਧ ਦੀ ਗੜਵੀ ਰੱਖ ਜਾਣੀ। ਉਹ ਅਸਾਂ ਦੋਹਾਂ ਇਕੋ ਗਲਾਸ ਵਿਚ ਪੀਣਾ।"

"ਕੱਠਿਆਂ ? ਉਹਨੇ ਤੇਰਾ ਜੂਠਾ ਪੀ ਜਾਣਾ ?"

"ਜੂਠ ਕੇਹੀ ? ਉਹਨੇ ਸਗੋਂ ਆਖਣਾ, 'ਤੇਰੇ ਬੁੱਲ੍ਹਾਂ ਨਾਲ ਲੱਗ ਕੇ ਦੁੱਧ ਮਿੱਠਾ ਹੋ ਜਾਂਦਾ ਏ'।"

ਚੰਦੋ ਆਪਣੇ ਬੁੱਲ੍ਹਾਂ ਉੱਤੇ ਜੀਭ ਫੇਰਨ ਲੱਗ ਪਈ। ਜੁਆਨੀ ਆਪਣੇ ਬੁੱਲ੍ਹਾਂ ਵਿਚੋਂ ਮਿਠਾਸ ਭਾਲ ਰਹੀ ਸੀ। ਭੋਲੀ ਕੀ ਜਾਣੇ ਕਿ ਮਿਠਾਸ ਆਪਣੇ ਬੁੱਲ੍ਹਾਂ ਵਿਚ ਨਹੀਂ, ਪਿਆਰੇ ਦੇ ਬੁੱਲ੍ਹਾਂ ਵਿਚ ਹੁੰਦੀ ਹੈ। ਚੰਦੋ ਨੂੰ ਇਹਨਾਂ ਗੱਲਾਂ ਵਿਚੋਂ 'ਮਿੱਠੇ ਸੁਪਨੇ' ਵਾਂਗ ਸੁੱਖ ਪ੍ਰਤੀਤ ਹੋ ਰਿਹਾ ਸੀ। ਉਹਨੇ ਫਿਰ ਦੁਹਰਾ ਕੇ ਪੁੱਛਿਆ "ਕੀ ਕਹਿਣਾ ਉਹਨੇ : ਤੂੰ ਬੜੀ ਸੋਹਣੀ ਲੱਗਦੀ ਏਂ?"

"ਹਾਂ! ਉਹਨੇ ਕਹਿਣਾ, 'ਮੇਰੀ ਨਾਜੋ'। ਨੰਗੇ ਮੂੰਹ ਬਾਹਰ ਨਾ ਨਿਕਲਿਆ ਕਰ, ਤੈਨੂੰ ਵੇਖ ਕੇ ਵਚਾਰਾ ਚੰਦ ਸ਼ਰਮਾ ਜਾਂਦਾ ਏ।"

ਚੰਦੋ ਅੰਦਰ ਹੀ ਅੰਦਰ ਆਪਣੇ ਰੂਪ 'ਤੇ ਝਾਤੀ ਮਾਰਨ ਲੱਗੀ। ਉਹ ਹਰਬੰਸੋ ਨਾਲੋਂ ਬਹੁਤ ਸੋਹਣੀ ਸੀ। ਹੋਰ ਕਿਸੇ ਚੀਜ਼ ਦਾ ਭਾਵੇਂ ਨਹੀਂ, ਪਰ ਉਹਨੂੰ ਆਪਣੇ ਰੂਪ ਦਾ ਮਾਣ ਜ਼ਰੂਰ ਸੀ। ਉਹਨੂੰ ਇਉਂ ਭਾਸਣ ਲੱਗਾ, ਜਿਵੇਂ ਕੋਈ ਉਸ ਦੇ ਕੰਨ ਕੋਲ ਕਹਿ ਰਿਹਾ ਏ, 'ਤੂੰ ਹਰਬੰਸੋ ਵਰਗੀਆਂ ਲੱਖਾਂ ਨਾਲੋਂ ਸੋਹਣੀ ਏਂ। ਮੈਂ ਸਾਰੀ ਦੁਨੀਆ ਨਾਲੋਂ ਤੈਨੂੰ ਵਧੇਰੇ ਪਿਆਰ ਕਰਦਾ ਹਾਂ।'

ਚੰਦੋ ਆਪਣੇ ਪਾਗਲਪਨ ਵਿਚ ਡੁੱਬੀ ਹੋਈ ਸੀ ਤੇ ਹਰਬੰਸੋ ਆਪਣੀਆਂ ਯਾਦਾਂ ਵਿਚ। ਉਹ ਬੋਲੀ ਗਈ, 'ਹੈਂ ਨੀ! ਇਕ ਦਿਨ ਦੀ ਮੈਂ ਤੈਨੂੰ ਗੱਲ ਸੁਣਾਵਾਂ। ਮੇਰੇ ਉੱਤੇ ਜੌਹਰਜੱਟ ਦਾ ਕਾਲਾ ਲੀੜਾ ਸੀ। ਉਹ ਆਇਆ ਤਾਂ ਮੈਂ ਜਾਣ ਕੇ ਘੁੰਡ

ਕੱਢ ਲਿਆ। ਜੇ ਉਹ ਇਸ ਪਾਸੇ ਹੋਵੇ ਤਾਂ ਮੈਂ ਉਸ ਪਾਸੇ ਮੂੰਹ ਕਰ ਲਵਾਂ। ਜੇ ਉਸ ਪਾਸੇ ਹੋਵੇ, ਤਾਂ ਮੈਂ ਇਸ ਪਾਸੇ। ਉਹ ਗੌਣ ਲੱਗ ਪਿਆ : 'ਇਹ ਰੁਸੇਵੇਂ ਸੋਹਣਿਆਂ ਦੇ ਜਾਨ ਮੰਗਦੇ ਨੇ।' ਏਸੇ ਤਰ੍ਹਾਂ ਦਾ ਕਿੰਨਾ ਹੀ ਕੁਛ। ਮੈਨੂੰ ਤਾਂ ਯਾਦ ਵੀ ਨਹੀਂ ਰਿਹਾ। ਪਰ ਜਦੋਂ ਯਾਦ ਔਂਦਾ ਏ, ਮੇਰੇ ਕੰਨਾਂ ਵਿਚ ਓਹਾ 'ਵਾਜਾਂ ਔਣ ਲੱਗ ਪੈਂਦੀਆਂ ਨੇ। ਉਹਨੇ ਰੇਸ਼ਮੀ ਰੁਮਾਲ ਦੇ ਪੱਲੇ ਬੰਨ੍ਹ ਕੇ ਰੁਪਈਏ ਦਿੱਤੇ, ਤਾਂ ਮੈਂ ਘੁੰਡ ਲਾਹਿਆ। ਉਹਨੇ ਭੋਇੰ ਤੋਂ ਉਂਗਲ ਨੂੰ ਮਿੱਟੀ ਲਾ ਕੇ ਮੇਰੇ ਮੱਥੇ ਵਿਚ ਲਾ ਦਿੱਤੀ, ਤੇ ਆਖਣ ਲੱਗਾ, 'ਕਿਤੇ ਮੇਰੀ ਹੀ ਨਜ਼ਰ ਨਾ ਲੱਗ ਜਾਵੇ।' ਸਾਡੀ ਸਾਰੀ ਰਾਤ ਏਸੇ ਤਰ੍ਹਾਂ ਲੰਘ ਜਾਣੀ।'

"ਅੜੀਏ, ਧਰਮੋ ਧਰਮੀ ਦੱਸੀਂ, ਉਥੇ ਪੇਕੇ ਵੀ ਕਦੇ ਯਾਦ ਆਏ ਸੀ ਕਿ ਨਹੀਂ?"

"ਜੇ ਸਚੀਆਂ ਪੁਛਨੀ ਏਂ, ਤਾਂ 'ਕੱਲ੍ਹੀ ਬੈਠੀ ਨੂੰ ਤਾਂ ਸਭ ਕੁਛ ਯਾਦ ਔਂਦਾ ਸੀ ਤੇ ਜਦੋਂ ਦੋਵੇਂ ਹੁੰਦੇ ਸਾਂ, ਓਦੋਂ ਤਾਂ ਨਵੇਂ ਪਿਆਰ ਵਿਚ ਰੱਬ ਵੀ ਯਾਦ ਨਹੀਂ ਸੀ ਔਂਦਾ।"

"ਜਦੋਂ ਤੇਰਾ ਭਰਾ ਗਿਆ ਏ ਤੈਨੂੰ ਲੈਣ, ਓਦੋਂ ਤਾਂ ਤੂੰ ਬੜੀ ਛੇਤੀ ਤਿਆਰ ਹੋ ਪਈ ਹੋਵੇਂਗੀ, ਪੇਕਿਆਂ ਦਾ ਨਾਂ ਸੁਣ ਕੇ।"

"ਲੋਕ ਲੱਜ ਨਹੀਂ ਛੱਡਦੀ, ਨਹੀਂ ਤਾਂ ਏਸ ਉਮਰ ਸਹੁਰਿਆਂ ਤੋਂ ਔਣ ਨੂੰ ਕੀਹਦਾ ਜੀ ਕਰਦਾ ਏ? ਉਹ ਅੱਖੀਂ ਭਰ ਕੇ ਆਖਣ ਲੱਗਾ, 'ਤੂੰ ਤਾਂ ਭੈਣਾਂ-ਭਰਾਵਾਂ ਵਿਚ ਪਰਚ ਜਾਵੇਂਗੀ, ਤੇ ਸਾਡਾ ਜੀ ਕਿਵੇਂ ਲੱਗੇਗਾ?' ਸਚੀਂ! ਮੇਰਾ ਰੋਣ ਨਿਕਲ ਗਿਆ ਸੁਣ ਕੇ।" ਲੰਮਾ ਸਾਰਾ ਹਉਕਾ ਲੈ ਕੇ ਉਹਨੇ ਆਪਣੀ ਗੱਲ ਜਾਰੀ ਰੱਖੀ। "ਯਾਦ ਔਂਦਾ ਏ, ਤਾਂ ਕਲੇਜੇ ਵਿਚ ਛੁਰੀਆਂ ਵਜਦੀਆਂ ਨੇ। ਰਾਤ ਸੁੱਤੀ ਪਈ ਓਸੇ ਦੇ ਸੁਫਨੇ ਵਿਹੰਦੀ ਰਹਿੰਦੀ ਆਂ, ਪਰ ਸੁਫਨੇ ਵਿਛੋੜੇ ਦੀ ਅੱਗ ਤਾਂ ਨਹੀਂ ਨਾ ਬੁਝਾ ਸਕਦੇ। ਜੇ ਸੱਚੀ ਪੁੱਛੇਂ, ਸੁਹਾਗ ਸੁਰਗ ਤੇ ਵਿਛੋੜਾ ਨਰਕ ਏ।"

"ਜਦ ਸਹੁਰੇ ਐਨੇ ਚੰਗੇ ਹੁੰਦੇ ਨੇ ਤਾਂ ਇਹ ਦੱਸ ਕਿ ਕੁੜੀਆਂ ਸਹੁਰੇ ਜਾਂਦੀਆਂ ਰੋਂਦੀਆਂ ਕਿਉਂ ਨੇ ?"

"ਤੇਰਾ ਵਿਆਹ ਹੁਣ ਹੋਣਾ ਏਂ ਨਾ! ਪਤਾ ਕਰ ਲਈਂ।" ਹਰਬੰਸੋ ਨੇ ਹੱਸ ਕੇ ਉੱਤਰ ਦਿੱਤਾ, "ਸਾਡਾ ਭਾਈਆ ਵੀ ਰੋਜ ਕਾਂ ਉਡੌਂਦਾ ਹੋਣਾ ਏਂ।"

ਇਸ ਵੇਲੇ ਤੱਕ ਚੰਦੋ ਕਿਸੇ ਅਣਮਿਣੀ ਖ਼ੁਸ਼ੀ ਵਿਚ ਰੱਤੀ ਹੋਈ ਸੀ। ਬੇਖ਼ਬਰ ਜੁਆਨੀ ਆਪਣੇ-ਆਪ ਵਿਚ ਹੀ ਮਸਤ ਸੀ। ਉਹ ਹਰਬੰਸੋ ਦੇ ਰੂਪ ਵਿਚ ਪਿਆਰ ਭਿੰਨੀਆਂ ਗੱਲਾਂ ਦਾ ਅਨੰਦ ਮਾਣ ਰਹੀ ਸੀ। ਉਹ ਇਉਂ ਅਨੁਭਵ ਕਰ ਰਹੀ ਸੀ, ਜਿਵੇਂ ਇਹ ਸਭ ਕੁਛ ਉਹਦੇ ਆਪਣੇ ਨਾਲ ਵਰਤ ਰਿਹਾ ਹੁੰਦਾ ਹੈ। ਪਰ ਜਿਉਂ ਹੀ



WWW.SIKHBOOKCLUB.COM 

ਹਰਬੰਸੋ ਦੇ ਮੂੰਹੋਂ ਉਹਨੇ ਆਪਣੇ ਵਿਆਹ ਦੀ ਗੱਲ ਸੁਣੀ, ਰਾਜੇ ਦਾ ਦੱਸਿਆ ਹੋਇਆ ਪੰਜਾਹ ਸਾਲ ਦਾ ਬੁੱਢਾ ਵਰ ਉਹਦੀਆਂ ਅੱਖਾਂ ਸਾਹਮਣੇ ਆ ਗਿਆ। ਉਸ ਦੇ ਚਾਅ ਤੇ ਰੀਝਾਂ ਸਭ ਸਾੜੇ ਵਿਚ ਬਦਲ ਗਈਆਂ। ਉਹਦੇ ਦਿਲੋਂ ਵਰੂਲੇ ਉੱਠ ਕੇ ਸਿਰ ਨੂੰ ਚੜ੍ਹ ਗਏ। ਇਕੇਵਾਰ ਉਹਦੇ ਅੰਦਰੋਂ ਬਲਦਾ ਹਉਕਾ ਨਿਕਲਿਆ। ਉਹ ਪਾਗ਼ਲ ਹੋ ਉੱਠੀ। ਹਰਬੰਸੋ ਅਜੇ ਵੀ ਉਹਦੇ ਨਾਲ ਗੱਲਾਂ ਕਰਨੀਆਂ ਚਾਹੁੰਦੀ ਸੀ। ਜਿੰਨੀਆਂ ਉਹਦੇ ਅੰਦਰ ਸਨ, ਉਨ੍ਹਾਂ ਦਾ ਸੌਵਾਂ ਹਿੱਸਾ ਵੀ ਅਜੇ ਬਾਹਰ ਨਹੀਂ ਸੀ ਨਿਕਲੀਆਂ, ਪਰ ਹੁਣ ਸੁਣਨ ਵਾਲਾ ਕੋਈ ਨਹੀਂ ਸੀ।

"ਉਹ! ਆਪਾਂ ਨੂੰ ਤਾਂ ਆਈਆਂ ਨੂੰ ਕਿੰਨਾ ਈ ਚਿਰ ਹੋ ਗਿਆ ਏ।" ਕਹਿੰਦੀ ਹੋਈ ਚੰਦੋ ਉੱਠ ਕੇ ਘਰ ਨੂੰ ਤੁਰ ਪਈ।

ਹਰਬੰਸੋ ਅਜੇ ਵੀ ਆਪਣੀਆਂ ਹੀ ਗੱਲਾਂ ਕਰ ਰਹੀ ਸੀ, ਪਰ ਹੁਣ ਚੰਦੋ ਨੂੰ ਉਹਨਾਂ ਦੀ ਸਮਝ ਨਹੀਂ ਸੀ ਪੈਂਦੀ। ਦੋਵੇਂ ਘਰੋ-ਘਰੀ ਜਾ ਪੁੱਜੀਆਂ।

ਚੰਦੋ ਜਾਂਦਿਆਂ ਹੀ ਮੰਜੇ 'ਤੇ ਢਹਿ ਪਈ। ਉਹਨੂੰ ਇਉਂ ਪ੍ਰਤੀਤ ਹੋ ਰਿਹਾ ਸੀ ਕਿ ਉਹਦੇ ਸਰੀਰ ਵਿਚ ਕੋਈ ਸਾਹ-ਸਤ ਬਾਕੀ ਨਹੀਂ ਰਿਹਾ। ਉਹ ਮੂੰਹ ਵਲ੍ਹੇਟ ਕੇ ਲੰਮੀ ਪੈ ਗਈ। ਉਹਦੀ ਛੋਟੀ ਭੈਣ ਪੰਜ-ਚਾਰ ਹਾਣ-ਸਹੇਲੀਆਂ ਨਾਲ ਗੁੱਡੀ-ਗੁੱਡਾ ਖੇਡ ਰਹੀ ਸੀ। ਸੁਫ਼ਨੇ ਵਾਂਗ ਉਹਨਾਂ ਦੀਆਂ 'ਵਾਜਾਂ ਚੰਦੋ ਦੇ ਕੰਨਾਂ ਵਿਚ ਪੈ ਰਹੀਆਂ ਸਨ। ਅੱਧ-ਬੇਹੋਸ਼ੀ ਦੀ ਹਾਲਤ ਵਿਚ ਉਹ ਸੁਣ ਰਹੀ ਸੀ। ਛੋਟੀਆਂ ਕੁੜੀਆਂ ਨੇ ਗੁੱਡੀ-ਗੁੱਡੇ ਦਾ ਮੰਗਣਾ ਕਰ ਦਿੱਤਾ। ਗੁੱਡੇ ਵਾਲੀ ਕੁੜੀ ਨੇ ਗੁੱਡੀ ਵਾਲੀ ਨੂੰ ਕਿਹਾ, "ਭੈਣ! ਮੈਂ ਕੁਝ ਬਮਾਰ ਸ਼ਮਾਰ ਰਹਿੰਦੀ ਆਂ। ਜਿਵੇਂ ਜਾਣੋ, ਸਾਨੂੰ ਹੁਣ ਵਿਆਹ ਦੇ ਦਿਓ।"

'ਵੇਖੋਂ ਨਾ ਭੈਣ!" ਦੂਸਰੀ ਨੇ ਅੱਗੋਂ ਗੁੱਡੀ ਦਾ ਘੁੰਡ ਸੁਆਰਦਿਆਂ ਉੱਤਰ ਦਿੱਤਾ, "ਐਨੇ ਕਾਹਲੇ ਨਹੀਂ ਪਈਦਾ। ਐਦਕੀਂ ਨਰਾਤਿਆਂ ਵਿਚ ਅਸੀਂ ਵਿਆਹ ਦੇ ਦਿਆਂਗੇ। ਵਰੀ ਤੇ ਟੂੰਬਾਂ ਜ਼ਰਾ ਚੰਗੀਆ ਔਣ। ਵੇਖਣ ਵਾਲੇ ਇਹ ਨਾ ਆਖਣ, ਕਿ ਕੀ ਸਹੇੜਿਆ ਨੇ।"

ਏਨੇ ਨੂੰ ਤਿੱਜੀ ਕੁੜੀ ਨੇ ਕੋਲੋਂ ਭਾਨੀ ਮਾਰ ਦਿੱਤੀ। ਉਹਨੇ ਠੋਡੀ 'ਤੇ ਉਂਗਲ ਰੱਖ ਕੇ ਕਿਹਾ, "ਵੇਖੋਂ ਨਾ ਬੇਬੇ! ਗੱਲ ਕੀਤੀ ਤਾਂ ਜਾਂਦੀ ਏ ਦੂਰ; ਪਰ ਤੁਹਾਡਾ ਨਿਭਾਅ ਨਹੀਂ ਜੇ ਹੋਣਾ। ਉਹਨਾਂ ਦਾ ਗੁੱਡਾ ਅਸਲੋਂ ਬੁੱਢਾ ਜੇ। ਉਹਦੇ ਮੂੰਹ ਵਿਚ ਤਾਂ ਦੰਦ ਵੀ ਨਹੀਂ ਰਹੇ। ਅੱਗੇ ਤੁਸੀਂ ਸਿਆਣੇ ਓਂ। ਅਜੇ ਡੁੱਲ੍ਹਿਆਂ ਬੇਰਾਂ ਦਾ ਕੁਛ ਨਹੀਂ ਵਿਗੜਿਆ।"

"ਨਾ ਭੈਣ!" ਗੁੱਡੀ ਵਾਲੀ ਨੇ ਅੱਗੋਂ ਖੱਬਾ ਹੱਥ ਹਿਲਾ ਕੇ ਕਿਹਾ। "ਇਹ ਗੱਲ ਏ, ਤਾਂ ਮੈਂ ਓਥੇ ਕਦੇ ਨਹੀਂ ਗੁੱਡੀ ਦੇਣੀ। ਮੈਂ ਡੋਬ ਤਾਂ ਨਹੀਂ ਲੈਣੀ।"



WWW.SIKHBOOKCLUB.COM 

ਏਸ ਨਾਟਕ ਨੂੰ ਉਹ ਬਾਲੜੀਆਂ ਬੜੀ ਖੁਸ਼ੀ ਨਾਲ ਨਿਭਾਅ ਰਹੀਆਂ ਸਨ। ਜਿਸ ਕੁੜੀ ਨੇ ਏਧਰ ਚੁਗ਼ਲੀ ਲਾਈ ਸੀ, ਓਸੇ ਨੇ ਓਧਰ ਗੁੱਡੇ ਵਾਲੀ ਨੂੰ ਜਾ ਕਿਹਾ, "ਕਿਉਂ ਭੈਣ! ਹੁਣ ਕੀ ਬਣੇ ? ਗੁੱਡੀ ਵਾਲਿਆਂ ਤਾਂ-ਸੁਣਿਆ ਏ-ਜਵਾਬ ਦੇ ਦਿੱਤਾ ਏ। ਇਹ ਕੋਈ ਬੱਚਿਆਂ ਦੀ ਖੇਡ ਏ ? ਤੁਹਾਡੇ ਨਾਲ ਜਬਾਨ ਨਹੀਂ ਨੇ ਕੀਤੀ ਹੋਈ ? ਤੁਸੀਂ ਮੇਲਾ ਲੈ ਕੇ ਜਾਓ।"

ਓਥੋਂ ਹੀ ਮੇਲਾ ਤਿਆਰ ਹੋ ਪਿਆ। ਬਾਕੀ ਦੀਆਂ ਤਿੰਨੇ ਚਾਰੇ ਕੁੜੀਆਂ ਗੁੱਡੀ ਵਾਲੀ ਵੱਲੇ ਸਾਮ੍ਹਣੀਆਂ ਹੋ ਬੈਠੀਆਂ। "ਕਿਉਂ ਭੈਣ! ਇਹ ਕੀ ਨਿਆਂ ? ਵਰ੍ਹੇ ਦਾ ਗੁੱਡਾ ਮੰਗਿਆ ਹੋਇਆ, ਤੇ ਹੁਣ ਤੂੰ ਸਾਨੂੰ ਜਵਾਬ ਦੇਂਦੀ ਏਂ?"

ਗੁੱਡੀ ਵਾਲੀ ਅੱਗੋਂ ਪੁੱਠਾ ਹੱਥ ਦੇਂਦੀ ਬੋਲੀ, "ਬੱਸ ਬੇਬੇ ! ਮੈਂ ਤੁਹਾਥੋਂ ਕੁਛ ਲੈ ਕੇ ਨਹੀਂ ਖਾ ਲਿਆ। ਕੋਈ ਦੰਮਾਂ ਦੀ ਝੋਲੀ ਨਹੀਂ ਭਰਾ ਲਈ। ਤੁਸਾਂ ਮੇਰੇ ਨਾਲ ਕੇਹੀ ਕੀਤੀ ? ਇਹ ਬੁੱਢਾ ਬਾਬਾ ਮੇਰੀ ਗੁੱਡੀ ਵਾਸਤੇ ਈ ਰੱਖਿਆ ਹੋਇਆ ਸੀ? ਮੈਂ ਕੱਲ੍ਹ ਦੀ ਬਾਲੜੀ ਨੂੰ ਬੁੱਢੇ ਦੇ ਗਲ ਮੜ੍ਹ ਦਿਆਂ। ਮੈਂ ਤਾਂ ਭਾਵੇਂ ਮਰ ਜਾਵਾਂ, ਪਰ ਬੁੱਢੇ ਗੁੱਡੇ ਨਾਲ ਆਵਦੀ ਗੁੱਡੀ ਨਾ ਵਿਆਹਵਾਂ।"

ਅੱਗੋਂ ਸਾਰੀਆਂ ਨੇ ਵਾਰੋ ਵਾਰੀ ਉੱਤਰ ਦਿੱਤੇ, "ਤੇ ਤੂੰ ਸਾਡੇ ਨਾਲ ਪਹਿਲਾਂ ਜਬਾਨ ਕਿਉਂ ਕੀਤੀ ਸੀ? ਅੱਜ ਸਾਡਾ ਗੁੱਡਾ ਬੁੱਢਾ ਹੋ ਗਿਆ ਏ?... ਲੋਹੇ ਵਰਗੇ ਉਹਦੇ ਅਜੇ ਦੰਦ ਨੇ।...ਅੱਧੀ ਦਾੜ੍ਹੀ ਤਾਂ ਉਹਦੀ ਅਜੇ ਕਾਲੀ ਏ।..."

ਚੰਦੋ ਇਹ ਸਾਰੀਆਂ ਗੱਲਾਂ ਸੁਣ ਰਹੀ ਸੀ। ਉਹ ਜ਼ਹਿਰ-ਬੁਝਿਆਂ ਤੀਰਾਂ ਵਾਂਗ ਉਹਦੇ ਸੀਨੇ ਵਿਚ ਖੁੱਭ ਰਹੀਆਂ ਸਨ। ਇਕ ਕੁੜੀ ਨੇ ਬੜੀ ਠਰ੍ਹਾ ਕੇ ਗੱਲ ਕੀਤੀ, "ਵੇਖੋ ਨਾ ਬੇਬੇ! ਨਾ ਰੌਲਾ ਪਾਉ, ਨਾ ਪੁਆਓ। ਪੰਜਾਹ ਵਰ੍ਹਿਆਂ ਦਾ ਗੁੱਡਾ ਕੋਈ ਬੁੱਢਾ ਨਹੀਂ ਹੋ ਗਿਆ।"

'ਪੰਜਾਹ ਵਰ੍ਹਿਆਂ' ਵਾਲਾ ਵਾਕ ਚੰਦੋ ਦੇ ਹਿਰਦੇ ਵਿਚ ਫੱਟੇ ਹੋਏ ਥਾਂ 'ਤੇ ਲੱਗਾ। ਉਹ ਪਾਗ਼ਲ ਹੋ ਉੱਠੀ। ਉਸ ਦੇ ਅੰਦਰ ਧੁਖਦੀ, ਭਾਂਬੜ ਬਣ ਕੇ ਬਲ ਉਠੀ। ਉਸ ਨੇ ਕੁੜੀਆਂ ਦੀਆਂ ਗੁੱਡੀਆਂ ਮਰੋੜ ਘੱਤੀਆਂ, ਪਟੋਲ੍ਹੇ ਪਾੜ ਸੁੱਟੇ, ਬਾਜੀਆਂ ਭੰਨ ਸੁੱਟੀਆਂ ਤੇ ਕ੍ਰੋਧ ਵਿਚ ਇਕ-ਇਕ, ਦੋ-ਦੋ ਸਾਰੀਆਂ ਨੂੰ ਟਿਕਾ ਦਿੱਤੀਆਂ। ਸਾਰੇ ਘਰ ਵਿਚ ਚੀਕ ਚਿਹਾੜਾ ਪੈ ਗਿਆ। ਕੁੜੀਆਂ ਵਿਚਾਰੀਆਂ ਰੋਂਦੀਆਂ ਧੋਂਦੀਆਂ ਬਾਹਰ ਨੂੰ ਭੱਜ ਗਈਆਂ। ਉਸ ਵੇਲੇ ਚੰਦੋ ਦੀਆਂ ਅੱਖਾਂ ਵਿਚੋਂ ਲਾਟਾਂ ਨਿਕਲ ਰਹੀਆਂ ਸਨ। ਉਹ ਸਭ ਕੁਛ ਸਾੜ ਕੇ ਸੁਆਹ ਕਰ ਦੇਣਾ ਚਾਹੁੰਦੀ ਸੀ। ਭੁੱਖੀ ਸ਼ੇਰਨੀ ਵਾਂਗ ਉਹ ਏਧਰ-ਓਧਰ ਫਿਰਨ ਲੱਗੀ। ਨਿੰਮ ਉੱਤੇ ਚਿੜੀਆਂ ਦਾ ਰੌਲ਼ਾ ਸੁਣ ਕੇ ਉਸ ਨੂੰ ਇਉਂ ਪ੍ਰਤੀਤ ਹੋਇਆ, ਜਿਵੇਂ ਉਹ ਸਭ ਓਸੇ ਦੀ ਹਾਲਤ 'ਤੇ ਹੱਸ ਰਹੀਆਂ ਸਨ। ਉਹਨੇ ਦੋ ਇੱਟਾਂ ਮਾਰ ਕੇ ਸਭ ਚਿੜੀਆਂ ਉਡਾ ਦਿੱਤੀਆਂ।



WWW.SIKHBOOKCLUB.COM 

ਬੱਧੇ ਹੋਏ ਸਾਗ ਵਿਚੋਂ ਸਰ੍ਹੋਂ ਦੇ ਦੋ-ਚਾਰ ਫੁੱਲ ਗੋਰੀ ਦੀਆਂ ਸੁਨਹਿਰੀ ਵਾਲੀਆਂ ਵਾਂਗ ਪਲਮ ਰਹੇ ਸਨ। ਵੇਖ ਕੇ ਚੰਦੋ ਨੂੰ ਹਰਬੰਸੋ ਦਿਆਂ ਕੰਨਾਂ ਦਾ ਚੇਤਾ ਆ ਗਿਆ। ਉਹਨੇ ਉਹ ਫੁੱਲ ਤੋੜ ਕੇ ਪੈਰਾਂ ਥੱਲੇ ਮਿੱਧ ਘੱਤੇ ਤੇ ਸਾਰਾ ਸਾਗ ਗੰਦਲ ਗੰਦਲ ਕਰਕੇ ਵਿਹੜੇ ਵਿਚ ਖਿਲਾਰ ਦਿੱਤਾ। ਓਸੇ ਵੇਲੇ ਉਹਦੀ ਮਾਂ ਦੀ ਤਸਵੀਰ ਉਹਦੀਆਂ ਅੱਖਾਂ ਦੇ ਸਾਮ੍ਹਣੇ ਆ ਗਈ। ਉਸ ਨੂੰ ਇਉਂ ਭਾਸਣ ਲੱਗਾ, ਜਿਵੇਂ ਉਹਦੀ ਮਾਂ ਬੁੱਢੇ ਜਵਾਈ ਕੋਲੋਂ ਧੀ ਦੇ ਮਾਸ ਬਦਲੇ ਦੰਮਾਂ ਦੀ ਝੋਲੀ ਭਰਾ ਰਹੀ ਹੈ। ਇਕੋ ਵਾਰ ਸਾਰਾ ਕਹਿਰ ਧੂੰਆਂ ਬਣ ਕੇ ਚੰਦੋ ਦੇ ਸਿਰ ਨੂੰ ਚੜ੍ਹਿਆ ਤੇ ਉਹ ਬੇਹੋਸ਼ ਹੋ ਕੇ ਭੋਇੰ 'ਤੇ ਡਿੱਗ ਪਈ।

ਉਸ ਨੂੰ ਹੋਸ਼ ਆਈ ਤਾਂ ਉਹਦੀ ਮਾਂ ਕੋਲ ਖਲੋਤੀ ਕਹਿ ਰਹੀ ਸੀ, "ਕਿਉਂ ਕੁੜੇ! ਇਹ ਕੀ ਬਣਾਇਆ ਹੋਇਆ ਈ? ਮੈਂ ਤਾਂ ਤੇਰੇ ਸਿਆਪੇ ਵਿਚ ਸਵੇਰ ਦੀ ਉੱਜੜੀ ਹੋਈ ਹੁਣ ਆਈ ਆਂ ਤੇ ਤੂੰ ਪੱਟੀ ਖਣਪੱਟੀ ਲਈ ਪਈ ਏਂ। ਰੋਟੀ ਟੁੱਕ ਦਾ ਫ਼ਿਕਰ ਨਹੀਂ ਸੀ?"

ਚੰਦੋ ਨੇ ਇਸ ਗੱਲ ਦਾ ਕੋਈ ਉੱਤਰ ਨਾ ਦਿੱਤਾ। ਰਹਿ ਰਹਿ ਕੇ ਉਹਦੇ ਦਿਲ ਵਿਚ ਆਉਂਦੀ, "ਕੁੜੀਆਂ ਟਾਕੀਆਂ ਦੀ ਗੁੱਡੀ ਨੂੰ ਬੁੱਢੇ ਗੁੱਡੇ ਨਾਲ ਵਿਆਹੁਣ ਲਈ ਤਿਆਰ ਨਹੀਂ, ਪਰ ਮੇਰੀ ਮਾਂ ਢਿੱਡੋਂ ਕੱਢੀ ਧੀ ਨੂੰ...।" ਇਸ ਤੋਂ ਅੱਗੇ ਨਿਰੇ ਹਉਕੇ ਹੀ ਮੁਟਿਆਰ ਦੇ ਦਿਲ ਵਿਚ ਰਹਿ ਗਏ।

SIKHBOOKCLUB.COM

## ੬

ਦੁਸੌਂਧਾ ਸਿੰਘ ਬੜਾ ਮਿਹਨਤੀ ਆਦਮੀ ਸੀ। ਕਈਆਂ ਗੁਣਾਂ ਦੇ ਨਾਲ ਉਸ ਵਿਚ ਇਕ ਔਗਣ ਵੀ ਸੀ। ਉਹ ਕੰਜੂਸ ਹੱਦ ਦਰਜੇ ਦਾ ਸੀ। ਉਹ ਦਿਨ ਵਿਚ ਦੋ ਵਾਰ ਤੋਂ ਵੱਧ ਖਾਣ ਦੇ ਹੱਕ ਵਿਚ ਨਹੀਂ ਸੀ। ਉਹ ਘਰ ਵਾਲੀ ਨੂੰ ਸਦਾ ਏਹੋ ਸਮਝਾਉਂਦਾ ਰਹਿੰਦਾ ਸੀ ਕਿ ਦਿਨ ਵਿਚ ਇਕ ਵਾਰ ਤੌੜੀ-ਦਾਲ ਜਾਂ ਕਦੇ ਕਦਾਈਂ ਕੋਈ ਸਸਤੀ ਜਿਹੀ ਸਬਜ਼ੀ-ਰਿੰਨ੍ਹੋ ਜੋ ਦੋਵੇਂ ਵੇਲੇ ਖਾਣ ਪਿੱਛੋਂ ਬਾਕੀ ਨਾ ਬਚੇ। ਕਦੇ ਰੋਟੀ ਖਾਣ ਪਿੱਛੋਂ ਰਾਤ ਨੂੰ ਇਕ ਫੁਲਕਾ ਬਚ ਰਹੇ ਤਾਂ ਉਹਨੇ ਗੁੱਸੇ ਹੋ ਕੇ ਆਖਣਾ, "ਇਹ ਜਿਹੜਾ ਅੰਨ ਖ਼ਰਾਬ ਕੀਤਾ ਈ ਕਿਸ ਕੰਮ ਆਵੇਗਾ? ਅੰਨ ਦਾ ਜਿੰਨਾ ਕਦਰ ਕਰੋਗੇ, ਓਨਾ ਰੱਬ ਬਹੁਤਾ ਦੇਵੇਗਾ। ਇਹਨੂੰ ਪੋਣੇ ਵਿਚ ਵਲੇਟ ਕੇ ਰੱਖੋ, ਦਿਨੇ ਗਰਮ ਕਰਕੇ ਖਾ ਲਵਾਂਗੇ।" ਉਹ ਘਰ ਵਿਚ ਕੁੱਤਾ ਨਹੀਂ ਸੀ ਰੱਖਦਾ। ਉਸ ਨੂੰ ਰੋਟੀ ਖਾਣ ਪਿੱਛੋਂ ਬੁਰਕੀ ਪਾਉਣੀ ਪੈਂਦੀ ਸੀ। ਉਹ ਇਹ ਵੀ ਕਿਹਾ ਕਰਦਾ ਸੀ ਕਿ ਜਿਹੜਾ ਆਦਮੀ ਸਵੇਰੇ ਦੋ ਰੋਟੀਆਂ ਖਾਵੇ, ਉਹਨੂੰ ਰਾਤ ਨੂੰ ਕੇਵਲ ਇਕ ਖਾਣੀ ਚਾਹੀਦੀ ਹੈ ਤਾਂ ਜੋ ਨੀਂਦ ਬਹੁਤੀ ਨਾ ਆਵੇ, ਨਾਲੇ ਅੰਨ ਘੱਟ ਖ਼ਰਚ ਹੋਵੇ।

ਉਹ ਇਸ ਦਲੀਲ ਨੂੰ ਕਦੇ ਨਹੀਂ ਸੀ ਮੰਨਦਾ ਕਿ ਭੁਲੇਖੇ ਨਾਲ ਆਟਾ ਵਧੇਰੇ ਗੁੜ ਗਿਆ ਹੈ। ਉਹ ਕਹਿੰਦਾ ਹੁੰਦਾ ਸੀ, ਜਦ ਦੋ ਸੇਰ ਤੋਰੀਏ ਦਾ ਬੀ ਚੌਹ ਕਨਾਲਾਂ ਵਿਚ ਇਕੋ ਜਿਹਾ ਖਿਲਾਰਿਆ ਜਾ ਸਕਦਾ ਹੈ ਤਾਂ ਮੁੱਠਾਂ ਨਾਲ ਮਿਣ ਕੇ ਆਟਾ ਪੂਰਾ ਨਹੀਂ ਗੁੱਧਾ ਜਾ ਸਕਦਾ? ਸਭ ਤੋਂ ਵਧੇਰੇ ਨਾਰਾਜ਼ ਉਹ ਓਦੋਂ ਹੁੰਦਾ ਜਦ ਉਹਦੇ ਘਰ ਵਾਲੀ ਮੰਗਤੇ ਨੂੰ ਖ਼ੈਰ ਪਾ ਦੇਂਦੀ। ਇਹ ਘਾਟਾ ਪੂਰਾ ਕਰਨ ਬਦਲੇ ਉਹ ਕਈ ਵਾਰ ਉਹਨੂੰ ਦੋ-ਦੋ ਮਹੀਨੇ ਪੇਕੇ ਭੇਜ ਦਿਆ ਕਰਦਾ ਸੀ।

ਉਹ ਤੇੜ ਹਮੇਸ਼ਾ ਨਿੱਕਰ ਕਾਟ ਦਾ ਕੱਛਾ ਪਹਿਨਦਾ ਸੀ; ਸਿਰਫ਼ ਏਸ ਵਾਸਤੇ ਕਿ ਉਸ ਉੱਤੇ ਕੱਪੜਾ ਥੋੜ੍ਹਾ ਖ਼ਰਚ ਹੁੰਦਾ ਹੈ। ਗਲ ਵਿਚ ਅੱਧੀਆਂ ਬਾਂਹੀ ਵਾਲੀ ਬਾਰਾਂ ਗਿਰਾਂ ਲੰਮੀ ਕੁੜਤੀ ਤੇ ਸਿਰ 'ਤੇ ਢਾਈ ਗਜ਼ ਦਾ ਸਾਫ਼ਾ, ਏਨੇ ਵਿਚ ਹੀ ਉਹਦੀ ਪੁਸ਼ਾਕ ਪੂਰੀ ਹੋ ਜਾਂਦੀ ਸੀ। ਇਹ ਤਿੰਨੇ ਕੱਪੜੇ ਘਰ ਦੇ ਉਣੇ ਖੱਦਰ ਦੇ ਹੁੰਦੇ। ਉਹ ਸੁਦੇਸ਼ੀ ਪਹਿਨਣ ਦਾ ਹਾਮੀ ਸੀ, ਪਰ ਮਹਾਤਮਾ ਗਾਂਧੀ ਦੇ ਉਪਦੇਸ਼ ਕਰਕੇ ਨਹੀਂ। ਇਕ ਪੋਸ਼ਾਕ ਉਹਨੇ ਹੋਰ ਵੀ ਬਣਾ ਕੇ ਰੱਖੀ ਹੋਈ ਸੀ : ਲੱਠੇ ਦੀ ਚਾਦਰ, ਟਵਿੱਲ ਦਾ ਕੁੜਤਾ ਤੇ ਮਲਮਲ ਦੀ ਪੱਗ। ਉਹਨੂੰ ਉਹ ਕਿਸੇ ਸੰਬੰਧੀ ਕੋਲ ਜਾਂ ਕਚਹਿਰੀ ਜਾਣ ਲੱਗਾ ਪਹਿਨਦਾ ਹੁੰਦਾ ਸੀ। ਉਹ ਕੇਵਲ ਦੋ ਕੰਮਾਂ ਵਾਸਤੇ ਸ਼ਹਿਰ ਜਾਂਦਾ ਸੀ: ਇਕ ਖੇਤੀ ਵਾਸਤੇ ਬੀ ਲੈਣ ਲਈ ਤੇ ਇਕ ਕਿਸੇ ਤੋਂ ਜ਼ਮੀਨ ਦੀ ਰਜਿਸਟਰੀ ਕਰਾਉਣ ਲਈ। ਸਾਰੀ ਉਮਰ ਵਿਚ ਉਹਨੇ ਇਕੋ ਮੇਲਾ ਵੇਖਿਆ ਸੀ; ਅੰਮ੍ਰਿਤਸਰ ਦੀਪਮਾਲਾ ਦਾ। ਉਦੋਂ ਉਹਦਾ ਇਕ ਰੁਪਇਆ ਸਵਾ ਨੌਂ ਆਨੇ ਖ਼ਰਚ ਹੋ ਗਿਆ : ਡੂਢ ਰੁਪਇਆ ਆਉਣ-ਜਾਣ ਦਾ ਰੇਲ ਦਾ ਕਿਰਾਇਆ ਤੇ ਪੰਜ ਪੈਸੇ ਦਰਬਾਰ ਸਾਹਿਬ ਮੱਥਾ ਟੇਕਣ ਦਾ। ਰੋਟੀ ਦੋ ਦਿਨਾਂ ਦੀ ਉਹ ਘਰੋਂ ਲੈ ਗਿਆ ਸੀ। ਉਹ ਹਰ ਸਾਲ ਪੋਨਾ ਕਮਾਦ ਬੀਜਦਾ ਸੀ, ਪਰ ਆਪ ਗੰਨਾ ਚਰ੍ਹੀ ਦਾ ਚੂਪਦਾ ਹੁੰਦਾ ਸੀ।

ਇਹ ਤਸਵੀਰ ਦਾ ਹਨ੍ਹੇਰਾ ਪਾਸਾ ਹੈ, ਨਹੀਂ ਤਾਂ ਉਹਦੇ ਵਿਚ ਗੁਣ ਵੀ ਬਥੇਰੇ ਸਨ। ਉਹ ਜੱਟਾਂ ਵਾਂਗ ਥੋੜ੍ਹੀ-ਥੋੜ੍ਹੀ ਗੱਲੋਂ ਲੜਾਈ ਸਹੇੜਨ ਦਾ ਹਾਮੀ ਨਹੀਂ ਸੀ। ਉਹ ਕਹਿੰਦਾ ਸੀ ਕਿ ਪੁਲਿਸ ਦੀਆਂ ਮਿੰਨਤਾਂ ਕਰਨ ਨਾਲੋਂ ਭਰਾ ਦੀ ਕੌੜੀ ਸਹਿ ਲੈਣੀ ਮਾੜੀ ਨਹੀਂ। ਨਾ ਉਸ ਨੂੰ ਚੁਗ਼ਲੀ ਕਰਨ ਦੀ ਆਦਤ ਸੀ ਤੇ ਨਾ ਕਿਸੇ ਨੂੰ ਕੌੜਾ ਬੋਲ ਕੇ ਦੁਸ਼ਮਣ ਬਣਾਉਣ ਦੀ। ਉਹ ਕਿਸੇ ਦਾ ਨੁਕਸਾਨ ਕਰਨ ਵਿਚ ਰਾਜ਼ੀ ਨਹੀਂ ਸੀ। ਆਪਣਾ ਪਸ਼ੂ ਉਹਨੇ ਕਿਸੇ ਦੀ ਪੈਲੀ ਵਿਚ ਕਦੇ ਪੈਣ ਨਹੀਂ ਸੀ ਦਿੱਤਾ। ਉਹਦੀ ਖੇਤੀ ਵਿਚ ਕਿਸੇ ਦਾ ਪੈ ਜਾਏ, ਤਾਂ ਉਹ ਮੋੜ ਕੇ ਅਗ੍ਹਾਂ ਭਜਾ ਦੇਂਦਾ ਸੀ, ਪਰ ਵਾਗੀ ਨੂੰ ਗਾਲ੍ਹ ਤੱਕ ਨਹੀਂ ਸੀ ਕੱਢਦਾ। ਉਹ ਤਾਰਿਆਂ ਦੀ ਛਾਵੇਂ ਖੇਤ ਵਿਚ ਚਲਾ ਜਾਂਦਾ ਸੀ ਤੇ ਤਾਰਿਆਂ ਦੀ ਛਾਵੇਂ ਹੀ ਘਰ ਪਰਤਦਾ ਸੀ। ਉਹ ਕਹਿੰਦਾ ਸੀ,



WWW.SIKHBOOKCLUB.COM 

ਜਿਹੜਾ ਸਮਾਂ ਬੰਦੇ ਨੇ ਵਿਹਲੇ ਬਹਿ ਕੇ ਗੁਆਉਣਾ ਹੈ ਉਹ ਪੈਲੀ ਵਿਚੋਂ ਘਾਹ ਚੁਣੇ ਜਾਂ ਮੰਜੇ ਜੋਗਾ ਵਾਣ ਹੀ ਵੱਟੇ। ਉਹਦੀਆਂ ਪੱਸਲੀਆਂ ਭਾਵੇਂ ਵੱਖ-ਵੱਖ ਦੀਹਦੀਆਂ ਸਨ, ਪਰ ਉਹਦਾ ਸਰੀਰ ਲੋਹੇ ਦਾ ਬਣਿਆ ਹੋਇਆ ਸੀ, ਜੋ ਸਾਰਾ ਦਿਨ ਕੰਮ ਕਰਦੇ ਥਕਦਾ ਨਹੀਂ ਸੀ। ਉਹਦੀ ਮਿਹਨਤ ਦਾ ਉਹਨੂੰ ਫਲ ਵੀ ਬਥੇਰਾ ਮਿਲਿਆ ਹੋਇਆ ਸੀ। ਜਦ ਉਹਨੇ ਆਪਣਾ ਜੀਵਨ ਆਰੰਭ ਕੀਤਾ ਸੀ, ਉਹਨੂੰ ਜੱਦੀ ਜ਼ਮੀਨ ਵੀਹ ਵਿਘੇ ਆਈ ਸੀ। ਪਰ ਹੁਣ ਉਹਨੇ ਗਵਾਂਢੀਆਂ ਦੀ ਗਹਿਣੇ ਲੈ ਲੈ ਕੇ ਸੌ ਵਿਘਾ ਬਣਾ ਲਈ ਸੀ। ਉਹ ਆਪਣੇ ਦੋਹਾਂ ਪੁੱਤਰਾਂ ਨੂੰ ਕਿਹਾ ਕਰਦਾ, "ਮੈਂ ਆਪਣੇ ਪਿਉ ਨਾਲੋਂ ਪੰਜ ਗੁਣਾ ਪੈਲੀ ਵਧਾਈ ਏ। ਹੁਣ ਵੇਖਾਂਗਾ ਤੁਸੀਂ ਮੇਰੇ ਨਾਲੋਂ ਕਿੰਨੀ ਵਧਾਉਂਦੇ ਓ। ਪੈਸਾ ਕਮਾਓ ਤੇ ਕਿਤੇ ਸਕਾਰਥੇ ਲਾਓ, ਐਵੇਂ ਖਾਣ ਹੰਢਾਉਣ ਵਿਚ ਨਾ ਉਡਾ ਦਿਓ। ਬੱਸ, ਏਹਾ ਜੀਵਨ ਦਾ ਮਨੋਰਥ ਏ।"

ਦੁਸੰਧਾ ਸਿੰਘ ਦੀ ਪਿੰਡ 'ਚੋਂ ਦੋ ਬੰਦਿਆਂ ਨਾਲ ਵਧੇਰੇ ਜਾਣ-ਪਛਾਣ ਸੀ, ਇਕ ਪਿੰਡ ਦੇ ਪਟਵਾਰੀ ਨਾਲ ਤੇ ਇਕ ਪੰਡਤ ਜਵਾਲਾ ਸਹਾਏ ਨਾਲ। ਇਹਨੀਂ ਦਿਨੀਂ ਪੰਡਤ ਨੂੰ ਵਿਹਲ ਬੜਾ ਘੱਟ ਮਿਲਦਾ ਸੀ। ਉਹ ਗੰਡਾ ਸਿੰਘ ਦੇ ਵਿਆਹ ਦਾ ਪ੍ਰਬੰਧ ਕਰਨ ਵਿਚ ਰੁੱਝਾ ਰਹਿੰਦਾ ਸੀ। ਪੰਜ-ਸੱਤ ਸੌ ਰੁਪਈਆ ਤਾਂ ਗੰਡਾ ਸਿੰਘ ਕੋਲ ਨਕਦ ਹੈਗਾ ਸੀ, ਤੇ ਬਾਕੀ ਤਿੰਨ ਕੁ ਹਜ਼ਾਰ ਦਾ ਹੋਰ ਪ੍ਰਬੰਧ ਕਰਨਾ ਸੀ। ਇਹ ਭਾਰ ਪੰਡਤ ਨੇ ਆਪਣੇ ਸਿਰ ਲਿਆ ਹੋਇਆ ਸੀ। ਏਸ ਕੰਮ ਵਿਚ ਪੰਡਤ ਨੂੰ ਦੁਸੰਧਾ ਸਿੰਘ ਦੀ ਸਹਾਇਤਾ ਦੀ ਤੇ ਦੁਸੰਧਾ ਸਿੰਘ ਨੂੰ ਪੰਡਤ ਦੀ ਕਿਰਪਾ ਦੀ ਲੋੜ ਸੀ। ਮੋਘੇ ਦੇ ਨੇੜੇ ਹੀ ਗੰਡਾ ਸਿੰਘ ਦੀ ਪੰਦਰਾਂ ਵਿਘੇ ਜ਼ਮੀਨ ਸੀ। ਉਹ ਦੁਸੰਧਾ ਸਿੰਘ ਦੇ ਖੇਤ ਦੇ ਨੇੜੇ ਲੱਗਦੀ ਸੀ। ਏਸ ਚੀਜ਼ ਨੇ ਪੰਡਤ ਤੇ ਦੁਸੰਧਾ ਸਿੰਘ ਨੂੰ ਹੋਰ ਨੇੜੇ ਕਰ ਦਿੱਤਾ ਸੀ। ਦੁਸੰਧਾ ਸਿੰਘ ਜਾਣਦਾ ਸੀ ਕਿ ਪੰਡਤ ਦੀ ਕਿਰਪਾ ਬਿਨਾਂ ਉਹ ਜ਼ਮੀਨ ਮਿਲਣੀ ਨਹੀਂ। ਇਸ ਵਾਸਤੇ ਅੱਜਕੱਲ੍ਹ ਉਹ ਪੰਡਤ ਦੀ ਬੜੀ ਖ਼ੁਸ਼ਾਮਦ ਕਰਦਾ ਸੀ। ਉਹ ਇਹ ਵੀ ਜਾਣਦਾ ਸੀ ਕਿ ਸੱਖਣਾ ਮੱਥਾ ਟੇਕਣ ਨਾਲ ਦੇਵਤਾ ਮੰਨਣ ਨਹੀਂ ਲੱਗਾ; ਕੁਛ ਨਾ ਕੁਛ ਭੇਟਾ ਚੜ੍ਹਾਉਣੀ ਪਵੇਗੀ।

ਪਿਛਲੇ ਅੰਦਰੋਂ ਮਿੱਟੀ ਦੀ ਭੜੋਲੀ ਲਾਗਿਉਂ ਡੂਢ ਗਿੱਠ ਡੂੰਘੀ ਥਾਂ ਪੁੱਟ ਕੇ ਦੁਸੰਧਾ ਸਿੰਘ ਨੇ ਇਕ ਮਿੱਟੀ ਦੀ ਕੁੱਜੀ ਕੱਢੀ। ਸਿਰ ਵਾਲਾ ਸਾਫ਼ਾ ਭੋਇੰ 'ਤੇ ਵਿਛਾ ਕੇ ਉਹਨੇ ਉਸ ਉੱਤੇ ਉਹ ਕੁੱਜੀ ਪਲਟ ਦਿੱਤੀ। ਚਾਂਦੀ ਦੇ ਸਿੱਕੇ ਇਕ-ਦੂਜੇ ਉੱਤੇ ਵੱਜ ਕੇ ਖੜਕੇ ਤਾਂ ਉਹ ਬਾਹਰ ਨੂੰ ਕੰਨ ਲਾ ਕੇ ਸੁਣਨ ਲੱਗਾ ਕਿ ਕਿਸੇ ਤੀਜੇ ਕੰਨ ਵਿਚ ਤਾਂ ਇਹ 'ਵਾਜ ਨਹੀਂ ਪਈ? ਨਿਰਾ ਓਪਰਿਆਂ ਕੋਲੋਂ ਹੀ ਨਹੀਂ, ਉਹ ਆਪਣੀ ਘਰ ਵਾਲੀ ਤੇ ਪੁੱਤਰਾਂ ਕੋਲੋਂ ਵੀ ਚੋਰੀ ਪੈਸੇ ਰਖਿਆ ਕਰਦਾ ਸੀ। ਉਸ ਨੇ ਦਸਾਂ ਦਸਾਂ ਦੀਆਂ ਪੰਜ ਢੇਰੀਆਂ ਸਾਫ਼ੇ ਦੇ ਇਕ ਪੱਲੇ ਉੱਤੇ ਲਾਈਆਂ ਤੇ ਬਾਕੀ ਦੇ

ਰੁਪਈਏ ਕੁੱਜੀ ਵਿਚ ਪਾ ਦਿੱਤੇ। ਉਹਨੇ ਇਕ-ਇਕ ਢੇਰੀ ਉੱਤੇ ਉਂਗਲ ਰੱਖ ਕੇ ਚਾਰ ਵਾਰ ਗਿਣੀਆਂ। ਫਿਰ ਇਕ ਢੇਰੀ ਚੁੱਕ ਕੇ ਕੁੱਜੀ ਵਿਚ ਪਾਉਣ ਵਾਸਤੇ ਉਸ ਦੇ ਮੂੰਹ ਉੱਤੇ ਹੱਥ ਧਰ ਕੇ ਕਿੰਨਾ ਚਿਰ ਉਹ ਸੋਚਦਾ ਰਿਹਾ। ਖੱਬੇ ਹੱਥ ਦੀ ਉਂਗਲ ਨਾਲ ਉਹਨੇ ਬਾਕੀ ਢੇਰੀਆਂ ਇਕ ਵਾਰ ਫਿਰ ਗਿਣੀਆਂ। ਪਲ-ਕੁ ਪਿੱਛੋਂ ਕੁੱਜੀ ਉੱਤੋਂ ਹੱਥ ਚੁੱਕ ਕੇ ਉਹਨੇ ਪੰਜਵੀਂ ਢੇਰੀ ਫਿਰ ਪਹਿਲੇ ਥਾਂ ਰੱਖ ਦਿੱਤੀ। ਉਹਨੇ ਦੋਬਾਰਾ ਹਰ ਇਕ ਢੇਰੀ ਨੂੰ ਗਿਣ ਕੇ ਕੱਪੜੇ 'ਤੇ ਰਖਿਆ ਤੇ ਕੁੱਜੀ ਫੜ ਕੇ ਟੋਏ ਵਿਚ ਰੱਖ ਦਿੱਤੀ। ਮਿੱਟੀ ਪਾਉਣ ਤੋਂ ਪਹਿਲਾਂ ਉਹਨੇ ਇਕ ਵਾਰ ਨਿਗ੍ਹਾ ਹੀ ਨਿਗ੍ਹਾ ਵਿਚ ਢੇਰੀਆਂ ਗਿਣੀਆਂ। ਉਹਨੇ ਕੁੱਜੀ ਟੋਏ ਵਿਚੋਂ ਕੱਢ ਲਈ, ਇਕ ਢੇਰੀ ਫੜ ਕੇ ਉਸ ਵਿਚ ਪਾ ਦਿੱਤੀ ਤੇ ਕੁੱਜੀ ਟੋਏ ਵਿਚ ਨੱਪ ਦਿੱਤੀ। ਬਾਕੀ ਦੇ ਰੁਪਈਏ ਸਾਫ਼ੇ ਪੱਲੇ ਬੰਨ੍ਹ ਕੇ ਉਹ ਉਠ ਬੈਠਾ। ਤੁਰਨ ਲੱਗਾ ਕੁਛ ਸੋਚ ਕੇ ਉਹ ਫਿਰ ਅਟਕ ਗਿਆ। ਉਹਨੇ ਸਿਰ ਨੂੰ ਇਸ ਢੰਗ ਨਾਲ ਹਿਲਾਇਆ, ਜਿਵੇਂ ਕੋਈ ਕਹਿੰਦਾ ਹੈ, 'ਨਹੀਂ, ਏਨੇ ਨਹੀਂ।' ਉਹਨੇ ਫੇਰ ਕੁੱਜੀ ਪੁੱਟ ਕੇ ਉਸ ਵਿੱਚੋਂ ਦਸ ਰੁਪਏ ਹੋਰ ਕੱਢ ਕੇ ਸਾਫ਼ੇ ਵਿੱਚ ਬੰਨ੍ਹ ਲਏ, ਤੇ ਕੁੱਜੀ ਓਸੇ ਤਰ੍ਹਾਂ ਨੱਪ ਦਿੱਤੀ। ਉਹ ਸਹਿਜ ਸਹਿਜ ਆਪਣੇ ਮੰਜੇ 'ਤੇ ਆ ਪਿਆ। ਉਹਨੇ ਬੁੱਕਲ ਵਿਚ ਹੀ ਰੁਪਈਏ ਗਿਣੇ, ਜੋ ਪੰਜਾਹ ਸਨ।

ਅਜੇ ਦੋ ਘੜੀਆਂ ਦਾ ਤੜਕਾ ਸੀ ਜਾਂ ਰੁਪਈਆਂ ਦੀ ਗੰਢ ਤੇ ਦੁੱਧ ਦੀ ਗੜਵੀ ਲੈ ਕੇ ਦੁਸੰਧਾ ਸਿੰਘ ਨੇ ਪੰਡਤ ਦਾ ਬੂਹਾ ਜਾ ਖੜਕਾਇਆ। ਅੰਦਰੋਂ ਬੂਹਾ ਖੋਲ੍ਹਦਿਆਂ ਪੰਡਤ ਨੇ ਪਛਾਣ ਕੇ ਕਿਹਾ, "ਆਈਏ, ਜੀ ਆਇਆਂ ਨੂੰ।"

ਦੋਵੇਂ ਠਾਕਰਾਂ ਵਾਲੇ ਅੰਦਰ ਜਾ ਬੈਠੇ। ਦੁਸੰਧਾ ਸਿੰਘ ਨੇ ਦੁੱਧ ਤੇ ਰੁਪਈਆਂ ਦੀ ਗੰਢ ਪੰਡਤ ਅੱਗੇ ਧਰ ਦਿੱਤੀ। ਪੰਡਤ ਨੇ ਜ਼ਰਾ ਰੁੱਖੇ ਜਿਹੇ ਸ਼ਬਦਾਂ ਵਿਚ ਕਿਹਾ, "ਵਾਹ, ਦੁਸੰਧਾ ਸਿਹਾਂ! ਪੰਡਤਾਂ ਨੂੰ ਵਢੀ ਖੁਆਉਂਦਾ ਏਂ? ਜੇ ਮੁਰਾਦ ਲੈਣੀ ਊਂ, ਤਾਂ ਔਧਰ ਭਗਵਾਨ ਅੱਗੇ ਭੇਟਾ ਧਰ।" ਦੁਸੰਧਾ ਸਿੰਘ ਨੇ ਦੁੱਧ ਦੀ ਗੜਵੀ ਭਗਵਾਨ ਦੀ ਮੂਰਤੀ ਅੱਗੇ ਰੱਖ ਦਿੱਤੀ ਤੇ ਪੰਜਾਹ ਰੁਪਈਆਂ ਦੀ ਗੰਢ ਲਾਗੇ ਪਲਟ ਦਿੱਤੀ। ਰੁਪਈਏ ਖੜਕੇ ਤਾਂ ਦੋਵਾਂ ਦੇ ਦਿਲ ਤ੍ਰਭਕ ਉੱਠੇ। ਇਕ ਨੇ ਕਿਹਾ "ਏਨੇ ਥੋੜ੍ਹੇ ?" ਤੇ ਇਕ ਨੇ "ਏਨੇ ਸਾਰੇ" ? ਨਿਗ੍ਹਾ ਹੀ ਨਿਗ੍ਹਾ ਵਿਚ ਪੰਡਤ ਨੇ ਰੁਪਈਆਂ ਦੀ ਗਿਣਤੀ ਦਾ ਅਟਸਟਾ ਲਾਇਆ। ਸੱਜੇ ਹੱਥ ਦੀ ਚੀਚੀ ਕੋਲ ਦੀ ਉਂਗਲ ਦੁੱਧ ਵਿਚ ਡਬੋ ਕੇ ਪੰਡਤ ਨੇ ਭਗਵਾਨ ਕ੍ਰਿਸ਼ਨ ਦੇ ਮੂੰਹ ਨੂੰ ਲਾਈ ਤੇ ਅਰਦਾਸ ਕੀਤੀ, "ਹੇ ਫਲ ਦਾਤਾ, ਸੰਕਟ ਹਰਨ, ਦਯਾ ਨਿਧ, ਮੁਰਲੀ ਮਨੋਹਰ, ਕ੍ਰਿਸ਼ਨ ਮੁਰਾਰੀ! ਭਗਤ ਦੀ ਭਾਵਨਾ ਪੂਰੀ ਕਰੋ। ਜਿਸ ਦਿਨ ਰਜਿਸਟਰੀ ਹੋ ਜਾਏਗੀ, ਭਗਤ ਏਨੀ ਭੇਟਾ ਹੋਰ ਚੜ੍ਹਾਵੇਗਾ।"

'ਹੋਰ ਭੇਟਾ' ਵਾਲੀ ਗੱਲ ਸੁਣ ਕੇ ਦੁਸੰਧਾ ਸਿੰਘ ਕੰਬ ਉਠਿਆ। ਉਹਨੇ ਮਸਾਂ



WWW.SIKHBOOKCLUB.COM 

ਆਪਣੇ ਦਿਲ ਨੂੰ ਕਾਬੂ ਰਖਿਆ। ਜਿਹੜਾ ਪੰਧ—ਆਪਣੇ ਘਰ ਤੋਂ ਪੰਡਤ ਦੇ ਨਿਵਾਸ-ਅਸਥਾਨ ਤੱਕ—ਉਹਨੇ ਜਾਂਦਿਆਂ ਹੋਇਆਂ ਪੰਜਾਂ ਮਿੰਟਾਂ ਵਿਚ ਕੀਤਾ ਸੀ, ਵਾਪਸ ਆਉਂਦਿਆਂ ਪੰਦਰਾਂ ਮਿੰਟਾਂ ਵਿਚ ਮੁਕਾਇਆ। ਉਹ ਆਉਂਦਾ ਹੀ ਇਉਂ ਮੰਜੇ 'ਤੇ ਢਹਿ ਪਿਆ, ਜਿਵੇਂ ਮਹੀਨੇ ਦਾ ਬੀਮਾਰ ਹੁੰਦਾ ਹੈ।

ਦੁਸੰਧਾ ਸਿੰਘ ਦੀ ਸੇਵਾ ਕੀਤੀ ਥਾਂ ਪਈ। ਤਿੰਨ ਹਜ਼ਾਰ ਰੁਪੈ ਵਿਚ ਪੰਦਰਾਂ ਵਿਘੇ ਜ਼ਮੀਨ ਗੰਡਾ ਸਿੰਘ ਨੇ ਦਸ ਸਾਲ ਵਾਸਤੇ ਗਹਿਣੇ (ਰਿਹਨ) ਕਰ ਦਿੱਤੀ। ਸੌ ਰੁਪਇਆ ਪੰਡਤ ਤੇ ਏਨਾ-ਕੁ ਹੀ ਪਟਵਾਰੀ ਲੈ ਗਿਆ। ਲਿਖਾਈ ਪੜ੍ਹਾਈ ਤੇ ਰਜਿਸਟਰੀ ਦਾ ਖ਼ਰਚ ਵੱਖਰਾ ਰਿਹਾ।

੭

ਚੰਦੋ ਦੇ ਵਿਆਹ ਦਾ ਦਿਨ ਨੇੜੇ ਆ ਗਿਆ। ਉਹਨੂੰ ਤੇਲ ਚੜ੍ਹਾਇਆ ਗਿਆ। ਸਹੇਲੀਆਂ ਸੁਹਾਗ ਗਾਵੇਂ ਤੇ ਮਾਂ ਨੇ ਸਗਨ ਕੀਤੇ। ਉਸਦੀ ਸੁਹਲ ਜਹੀ ਵੀਣੀ ਨਾਲ ਕਲਿਝੜੇ ਬੱਧੇ ਗਏ। ਕੁੜੀਆਂ ਨੇ ਗੁੱਟ ਉੱਤੇ ਮੌਲੀ ਦਾ ਗੱਾਨਾ ਬੰਨ੍ਹ ਦਿੱਤਾ। ਉਹਦੇ ਮੰਜੇ ਲਾਗੇ ਬੈਠੀਆਂ ਕੁੜੀਆਂ ਗੀਤ ਗਾ ਰਹੀਆਂ ਸਨ ਤੇ ਉਹਦੀਆਂ ਸੱਧਰਾਂ ਅੰਦਰੇ-ਅੰਦਰ ਕੁਰਲਾ ਰਹੀਆਂ ਸਨ। ਸਗਨਾਂ ਦਾ ਸੁੱਭਰ ਉਹਨੂੰ ਜਵਾਨੀ ਦੀਆਂ ਰੀਝਾਂ ਦਾ ਕਫ਼ਨ ਪ੍ਰਤੀਤ ਹੋ ਰਿਹਾ ਸੀ। ਹੱਥਾਂ ਦੀ ਮਹਿੰਦੀ ਉਹਦੇ ਦਿਲ ਵਿਚ ਭਾਂਬੜ ਬਾਲ ਰਹੀ ਸੀ। 'ਪੰਜਾਹ ਸਾਲ' ਦਾ ਸੂਲ ਉਹਦੇ ਸੀਨੇ ਵਿਚ ਵਰਮ ਬਣ ਗਿਆ ਸੀ। ਕਈ ਦਿਨ ਤੋਂ ਉਹਨੇ ਖਾਧਾ ਪੀਤਾ ਕੁਛ ਨਹੀਂ ਸੀ। ਉਹ ਸੀਨੇ ਦੀ ਲੱਗੀ ਨੂੰ ਅੱਖਾਂ ਦੇ ਪਾਣੀ ਨਾਲ ਬੁਝਾਉਣ ਦਾ ਯਤਨ ਕਰ ਰਹੀ ਸੀ। ਉਹਦੇ ਅੰਦਰੋਂ ਹਉਕੇ ਬਲ-ਬਲ ਨਿਕਲਦੇ ਸਨ। ਜਿਉਂ-ਜਿਉਂ ਵਿਆਹ ਦਾ ਸਮਾਂ ਨੇੜੇ ਆਉਂਦਾ ਜਾਂਦਾ ਸੀ, ਉਹਦੀਆਂ ਆਹੀਂ ਨਿਖੁੱਟਦੀਆਂ ਜਾਂਦੀਆਂ ਸਨ।

ਜੰਞ ਦਾ ਢੁਕਾਉ ਹੋ ਗਿਆ। ਗੰਡਾ ਸਿੰਘ ਨੇ ਗਈ ਹੋਈ ਜੁਆਨੀ ਨੂੰ ਮੋੜ ਲਿਆਉਣ ਵਿਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਡਾਕਟਰ ਦੀ ਮਦਦ ਨਾਲ ਉਹਨੇ ਦੰਦਾਂ ਦੀ ਗਿਣਤੀ ਇਕ ਵਾਰ ਫੇਰ ਪੂਰੀ ਕਰ ਲਈ ਸੀ। ਕਿਸੇ ਤੱਤੀ ਦੇ ਕਾਲੇ ਲੇਖਾਂ ਵਾਂਗ ਉਹਦੇ ਧੌਲੇ ਵੀ ਸ਼ਰਮਾ ਕੇ ਕਾਲੇ ਬਸਮੇ ਉਹਲੇ ਲੁਕ ਗਏ ਸਨ। ਸਭ ਕੁਛ ਹੋ ਗਿਆ, ਪਰ ਹਜ਼ਾਰ ਯਤਨ ਕਰਨ 'ਤੇ ਵੀ ਚਿਹਰੇ ਦੀਆਂ ਝੁਰੜੀਆਂ ਸਿਹਰੇ ਦੀਆਂ ਤਾਰਾਂ ਵਿਚਦੀ ਝਾਤੀਆਂ ਮਾਰ ਕੇ ਆਪਣਾ-ਆਪ ਦੱਸਣੋਂ ਨਾ ਟਲੀਆਂ। ਦਰਦ ਵਾਲੇ ਦਿਲਾਂ ਨੇ ਲਾੜੇ ਨੂੰ ਵੇਖ ਕੇ ਹਉਕੇ ਭਰੇ। ਕੁੜੀਆਂ ਵੇਖ ਕੇ ਘਰੋ-ਘਰੀ ਜਾ ਝੋਰੇ ਝੁਰੀਆਂ। ਹਰਬੰਸੋ ਚੰਦੋ ਦੇ ਗਲ ਲੱਗ ਕੇ ਆ ਰੋਈ। ਉਹਦੇ ਰੋਣ ਦਾ ਕਾਰਨ ਚੰਦੋ ਤੋਂ ਭੁੱਲਾ ਹੋਇਆ ਨਹੀਂ ਸੀ। ਹਰਬੰਸੋ ਨੇ ਹੰਝੂ ਕੇਰਦਿਆਂ ਕਿਹਾ,

"ਮੇਰੀ ਚੰਦੋ ਰਾਣੀ! ਚੰਦ ਨੂੰ ਗ੍ਰਹਿਣ ਲੱਗ ਗਿਆ।" ਸੁਣ ਕੇ ਚੰਦੋ ਦੀਆਂ ਚੀਕਾਂ ਨਿਕਲ ਗਈਆਂ। ਉਹ ਹਰਬੰਸੋ ਦੇ ਗਲ ਨੂੰ ਚੰਬੜ ਗਈ।

ਰਾਤ ਹੋ ਗਈ। ਜਾਂਞੀ ਮਾਂਞੀ ਸਭ ਥਾਂਉਂ ਥਾਂਈਂ ਸੌਂ ਗਏ। ਚੰਦੋ ਅਗਲੇ ਅੰਦਰ ਪੀਹੜੀ 'ਤੇ ਮੂੰਹ ਸਿਰ ਵਲ੍ਹੇਟੀ ਬੈਠੀ ਸੀ। ਬਾਹਰੋਂ ਪੈਰਾਂ ਦੀ 'ਵਾਜ਼ ਆਈ। ਆਪੋਂ ਹੀ ਉਹਦੀ ਸੁਰਤ ਓਸ ਪਾਸੇ ਜਾ ਲੱਗੀ। ਉਹਦੀ ਮਾਂ ਅੰਦਰ ਆਈ ਤੇ ਕੋਲ ਆ ਕੇ ਕਹਿਣ ਲੱਗੀ, "ਕੁੜੇ! ਤੂੰ ਅਜੇ ਸੁੱਤੀ ਨਹੀਂ?" ਚੰਦੋ ਨੇ ਅੱਗੋਂ ਉੱਤਰ ਕੋਈ ਨਾ ਦਿੱਤਾ, ਪਰ ਉੱਠ ਕੇ ਲਾਗੇ ਪਏ ਮੰਜੇ 'ਤੇ ਲੰਮੀ ਪੈ ਗਈ। ਉਹਦੀ ਮਾਂ ਨੇ ਉੱਤੇ ਇਕ ਹੋਰ ਲੀੜਾ ਪਾ ਦਿੱਤਾ।

ਸੋਭੀ ਨੇ ਥੱਲੇ ਚਾਦਰ ਸੁੱਟ ਕੇ ਉੱਪਰ ਚਿੱਟੀ ਦੋਹਰ ਵਿਛਾ ਦਿੱਤੀ। ਲਾਲਟੈਣ ਦੀ ਬੱਤੀ ਜ਼ਰਾ ਉੱਚੀ ਕਰਕੇ ਉਹਨੇ ਲਾਗੇ ਪਏ ਖੰਡ ਵਾਲੇ ਪੀਪੇ 'ਤੇ ਧਰ ਦਿੱਤੀ। ਏਨੇ ਨੂੰ ਹਰੀ ਸਿੰਘ, ਰਾਜਾ ਸੰਮਾ ਸਿੰਘ ਤੇ ਪੰਡਤ ਜਵਾਲਾ ਸਹਾਏ ਅੰਦਰ ਆ ਗਏ। ਹਰੀ ਸਿੰਘ ਨੇ ਦੋਹਰ ਵੱਲੇ ਇਸ਼ਾਰਾ ਕਰਕੇ ਕਿਹਾ, "ਆਓ ਜੀ, ਬੈਠੋ।" ਦੋਹਰ ਦੇ ਇਕ ਪਾਸੇ ਪੰਡਤ ਤੇ ਰਾਜਾ ਤੇ ਇਕ ਪਾਸੇ ਹਰੀ ਸਿੰਘ ਬਹਿ ਗਿਆ। ਸੋਭੀ ਵੀ ਨੇੜੇ ਹੀ ਭੋਇੰ 'ਤੇ ਹੋ ਬੈਠੀ।

ਚੰਦੋ ਨੇ ਮੂੰਹ ਉੱਤੇ ਲੀੜਾ ਲਿਆ ਹੋਇਆ ਸੀ, ਅੱਖਾਂ ਮੀਟੀਆਂ ਹੋਈਆਂ ਸਨ, ਪਰ ਉਹ ਫਿਰ ਵੀ ਸਭ ਕੁਛ ਵੇਖ ਰਹੀ ਸੀ। ਉਹ ਜਾਣਦੀ ਸੀ ਕਿ ਇਹ ਸਾਰੇ ਕਿਸ ਕੰਮ ਵਾਸਤੇ 'ਕੱਠੇ ਹੋਏ ਸਨ। ਉਹਦਾ ਦਿਲ ਅੰਦਰੇ ਅੰਦਰ ਘੱਟ ਰਿਹਾ ਸੀ। ਗ਼ਮਾਂ ਦੇ ਭਾਰ ਥੱਲੇ ਵਿਚਾਰੀ ਦਾ ਦਮ ਘੁੱਟੀ ਦਾ ਜਾਂਦਾ ਸੀ। ਉਹਦੇ ਜੀ ਵਿਚ ਕਈ ਆਉਂਦੀਆਂ ਸਨ। ਉਹ ਆਪਣੇ-ਆਪ ਨੂੰ ਕਿਸੇ ਹਨ੍ਹੇਰੇ ਨਰਕ ਵਿਚ ਡਿੱਗਦੀ ਜਾਂਦੀ ਅਨੁਭਵ ਕਰ ਰਹੀ ਸੀ। ਉਹਦੀ ਰੁੜ੍ਹਦੀ ਜਾਂਦੀ ਸੁਰਤ ਫਿਰ ਪਿੱਛੇ ਪਰਤੀ, ਜਦ ਉਹਦੇ ਕੰਨਾਂ ਵਿਚ ਪੰਡਤ ਦੀ 'ਵਾਜ ਪਈ, "ਲਓ, ਰਾਜਾ ਜੀ!"

"ਝੋਲੀ ਕਰ ਜਜਮਾਨ ਹਰੀ ਸਿਹਾਂ!" ਰਾਜੇ ਨੇ ਥੈਲੀ ਅਗ੍ਹਾਂ ਵਧਾਉਂਦਿਆਂ ਕਿਹਾ।

ਏਨੀ ਸੁਣ ਕੇ ਚੰਦੋ ਦੇ ਅੰਦਰ ਖ਼ਿਆਲਾਂ ਦਾ ਤੂਫ਼ਾਨ ਮੱਚ ਉਠਿਆ। ਉਹਦੀਆਂ ਡੱਕ ਡੱਕ ਰੱਖੀਆਂ, ਝੱਖੜ ਬਣ ਕੇ ਝੁੱਲ ਪਈਆਂ। ਉਹ ਸੋਚਣ ਲੱਗੀ, 'ਕੀ ਇਹ ਮਾਪੇ ਅਖਵਾਉਣ ਦੇ ਹੱਕਦਾਰ ਰਹਿ ਗਏ ਨੇ? ਜਿਹੜਾ ਝੋਲੀ ਕਰਕੇ ਧੀ ਦੇ ਪੈਸੇ ਪੁਆ ਲਵੇ, ਉਸ ਨੂੰ ਪਿਉ ਕਹਿਣਾ ਪਾਪ ਨਹੀਂ? ਅਜੇ ਵੀ ਮਾਂ ਤੇ ਡਾਇਣ ਵਿਚ ਕੋਈ ਫ਼ਰਕ ਰਹਿ ਗਿਆ ਏ? ਏਸੇ ਨੂੰ ਹੀ ਕੰਨਿਆ-ਦਾਨ ਕਹਿੰਦੇ ਨੇ ? ਪਿਤਾ ਦਾ ਧਰਮ ਏਹਾ ਹੁੰਦਾ ਏ? ਗਊ ਦੀ ਧੌਣ 'ਤੇ ਛੁਰੀ ਚਲਾਉਣ ਵਾਲਾ ਕਸਾਈ ਇਹਨਾਂ ਨਾਲੋਂ ਵਧੇਰੇ ਪਾਪੀ ਹੁੰਦਾ ਏ? ਅਜੇ ਵੀ ਇਹ ਮੈਨੂੰ ਧੀ ਹੀ ਕਿਹਾ ਕਰਨਗੇ?...।'



WWW.SIKHBOOKCLUB.COM 

ਪੈਸਿਆਂ ਦੀ ਗਿਣਨ ਦੀ 'ਵਾਜ ਉਹਨੇ ਸੁਣੀ। ਨੋਟਾਂ ਦੀ ਖੜ-ਖੜ ਤੇ ਚਾਂਦੀ ਦੀ ਟਣ-ਟਣ ਉਸ ਸੁਹਲ ਕਲੀ ਦੇ ਦਿਲ ਉੱਤੇ ਵਦਾਣ ਦੀਆਂ ਸੱਟਾਂ ਵਾਂਗ ਪੈਂਦੀ ਸੀ। ਰਾਜਾ ਤੇ ਪੰਡਤ ਪੰਦਰਾਂ ਸੌ ਤਾਰ ਕੇ ਚਲੇ ਗਏ ਤੇ ਚੰਦੋ ਨੂੰ ਜਿਉਂਦੀ ਜਾਨ ਨਰਕ ਵਿਚ ਧੱਕਾ ਦੇ ਗਏ। ਪੈਸੇ ਸੰਭਾਲ ਕੇ ਹਰੀ ਸਿੰਘ ਤੇ ਸੋਭੀ ਵੀ ਬਾਹਰ ਨਿਕਲੇ। ਜਾਂਦਿਆਂ-ਜਾਂਦਿਆਂ ਮਾਂ ਦੇ ਹਿਰਦੇ ਵਿਚੋਂ ਹਉਕੇ ਨਾਲ ਸ਼ਬਦ ਨਿਕਲੇ : "ਧੀਏ! ਤੇਰੇ ਭਾਗ।"

ਇਹਨਾਂ ਥੋੜ੍ਹੇ ਜਿਹੇ ਸ਼ਬਦਾਂ ਨੇ ਚੰਦੋ ਦੀ ਬਲਦੀ ਉੱਤੇ ਤੇਲ ਪਾ ਦਿੱਤਾ। ਉਹ ਬਿਨਾਂ ਬੋਲੇ ਕਹਿ ਰਹੀ ਸੀ। 'ਤੂੰ ਮੇਰੇ ਭਾਗਾਂ 'ਤੇ ਕਿਉਂ ਝੂਰੇਂ? ਕੀ ਮੇਰੇ ਭਾਗਾਂ ਨੂੰ ਤੂੰ ਹੀ ਸਾੜ ਕੇ ਸੁਆਹ ਨਹੀਂ ਕੀਤਾ? ਹਲਾਲ ਹੋ ਰਹੇ ਬੱਕਰੇ ਵਾਸਤੇ ਕਸਾਈ ਰਹਿਮ ਦੀਆਂ ਗੱਲਾਂ ਕਿਉਂ ਕਰੇ? ਸ਼ਕਾਰ ਦੇ ਤੜਫਣ ਨਾਲ ਸ਼ਕਾਰੀ ਨੂੰ ਕੀ? ਮਾਸ ਦੇ ਭੁੱਖੇ ਨੂੰ ਇਸ ਨਾਲ ਕੀ ਵਾਸਤਾ ਕਿ ਮਰਨ ਵਾਲਾ ਕਿਵੇਂ ਸਿਸਕ ਸਿਸਕ ਕੇ ਜਾਨ ਦੇਂਦਾ ਏ? ਰੱਤ ਦੇ ਤਿਹਾਏ ਨੂੰ ਪਾਪ ਤੋਂ ਸੰਗਣ ਨਾਲ ਕੀ? ਆਹ! ਮਾਂ ਹੀ ਬੱਚੀ ਨੂੰ ਵਿਹੁ ਦੀ ਗੁੜ੍ਹਤੀ ਦੇਵੇ, ਤਾਂ ਫੇਰ ਕੌਣ ਰੱਖੇ? ਪਰ ਮੇਰੀ ਮਾਂ ਤੋਂ ਤਾਂ ਏਨੀ ਵੀ ਨਾ ਸਰੀ। ਕੀ ਏਸ ਨਾਲੋਂ ਉਹ ਚੰਗੀਆਂ ਨਹੀਂ, ਜੋ ਜੰਮਦੀਆਂ ਧੀਆਂ ਨੂੰ ਅਫ਼ੀਮ ਦੇ ਕੇ ਮਾਰ ਦੇਂਦੀਆਂ ਨੇ ? ਪਰ ਮੇਰੀ ਮਾਂ ਏਸ ਤਰ੍ਹਾਂ ਕਿਉਂ ਕਰਦੀ ? ਮੈਂ ਛੋਟੀ ਹੁੰਦੀ ਮਰ ਜਾਂਦੀ, ਤਾਂ ਇਹ ਅੱਜ ਥੈਲੀਆਂ ਕੀਹਦੇ ਵੱਟੇ ਗਿਣਾਉਂਦੇ?...।'

ਇਹਨਾਂ ਹੀ ਵਹਿਣਾਂ ਵਿਚ ਚੰਦੋ ਦੀ ਰਾਤ ਗੁਜ਼ਰ ਗਈ, ਪਰ ਇਹਨਾਂ ਚੌਂਹ ਜੁੱਗਾਂ ਵਿਚ ਉਹਦੀ ਉਮਰ ਨਾ ਗੁਜ਼ਰੀ।

ਤੜਕਾ ਹੋ ਗਿਆ। ਮਰਾਸਣਾਂ ਪ੍ਰਭਾਤੀ ਗਾਉਣ ਲੱਗੀਆਂ। ਕੁੜੀਆਂ ਨੇ ਸੁਹਾਗ ਛੋਹੇ। ਸਹੇਲੀਆਂ ਨੇ ਚੰਦੋ ਨੂੰ ਨੁਹਾਇਆ ਤੇ ਸੁੱਭਰ ਵਿਚ ਵਲ੍ਹੇਟ ਕੇ ਵੇਰਿਆਂ 'ਤੇ ਲਿਆ ਬਿਠਾਇਆ। ਪਚਵੰਜਾ ਸਾਲ ਦੇ ਬੁਢਾਪੇ ਦੇ ਗਲ ਸੋਲਾਂ ਸਾਲ ਦੀ ਵਿਲਕਦੀ ਜੁਆਨੀ ਮੜ੍ਹ ਦਿੱਤੀ ਗਈ। ਚੌਂਹ ਲਾਵਾਂ ਨੇ ਵਿਚਾਰੀ ਦੀ ਆਜ਼ਾਦੀ ਦੇ ਚਾਰੇ ਬੂਹੇ ਬੰਦ ਕਰ ਦਿੱਤੇ। ਭਾਈ ਜੀ ਦੇ ਉਪਦੇਸ਼-'ਇਸਤਰੀ ਨੂੰ ਆਪਣੇ ਪਤੀ ਨੂੰ ਪਰਮੇਸ਼ਰ ਸਮਝ ਕੇ ਪੂਜਾ ਕਰਨੀ ਚਾਹੀਦੀ ਹੈ',-ਨੇ ਚੰਦੋ ਦੇ ਫੱਟਾਂ 'ਤੇ ਲੂਣ ਛਿੜਕਣ ਦਾ ਕੰਮ ਕੀਤਾ। ਮੁਕਦੀ ਗੱਲ, ਵਿਆਹ ਹੋ ਗਿਆ। ਸੁਹਲ ਫੁੱਲਾਂ 'ਤੇ ਨੱਚਣ ਯੋਗ ਬੁਲਬੁਲ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿੱਤੀ ਗਈ।

ਪਿਛਲੇ ਪਹਿਰ ਵਿਦਾਇਗੀ ਹੋਈ। ਰੋਂਦੀ ਚੰਦੋ ਦਾ ਡੋਲਾ ਚਾਰ ਕਹਾਰ ਚੁੱਕ ਤੁਰੇ। ਵਿਦਿਆ ਕਰਨ ਲੱਗਿਆਂ ਮਾਂ ਪਿਉ ਨੇ ਧੀ ਦੇ ਸਿਰ 'ਤੇ ਪਿਆਰ ਦਿੱਤਾ। ਸ਼ਿਬਲੀ ਦੇ ਫੁੱਲਾਂ ਵਾਂਗ, ਪਿਆਰ ਦੇਣ ਵਾਲੇ ਹੱਥ ਚੰਦੋ ਨੂੰ ਪੱਥਰਾਂ ਨਾਲੋਂ ਵੀ ਮਾਰੂ ਜਾਪੇ। ਉਹਦਾ ਦਿਲ ਚੀਰ ਕੇ ਚੀਕਾਂ ਨਿਕਲਣ ਲੱਗੀਆਂ। ਡੋਲੀ ਤੁਰ ਪਈ, ਪਰ



WWW.SIKHBOOKCLUB.COM 

ਉਹਦੀ ਡੋਲੀ ਨਾ ਹੀਰ ਵਰਗੀ ਸੀ, ਨਾ ਰੁਕਮਣੀ ਵਰਗੀ। ਨਾ ਉਹਦਾ ਪਿੱਛੇ ਕੋਈ ਰਾਂਝਾ ਸੀ ਤੇ ਨਾ ਅੱਗੇ ਕੋਈ ਕਾਹਨ। ਨਿਕਦਰੇ ਅਰਮਾਨ ਦੌਲਤ ਦੀ ਸ਼ਮ੍ਹਾਂ ਉੱਤੇ ਪਰਵਾਨੇ ਬਣ ਕੇ ਸੜ ਮਰੇ।

੬

ਜੁਆਨੀ ਵਾਰੇ ਗੰਡਾ ਸਿੰਘ ਦਾ ਸਰੀਰ ਪਤਲਾ ਤੇ ਕੱਦ ਲੰਮਾ ਸੀ; ਪਰ ਹੁਣ ਬੁਢਾਪੇ ਦੇ ਭਾਰ ਨਾਲ ਉਹਦਾ ਥੋੜ੍ਹਾ ਜਿਹਾ ਕੁੱਬ ਨਿਕਲ ਆਇਆ ਸੀ। ਉਹਦਾ ਰੰਗ ਪਹਿਲਾਂ ਹੀ ਕੁਛ ਪੱਕਾ ਸੀ, ਜੋ ਝੁਰੜੀਆਂ ਦੇ ਪਰਛਾਵਿਆਂ ਥੱਲੇ ਵਧੇਰੇ ਕਾਲਾ ਹੋ ਗਿਆ। ਉਹਦਾ ਮੂੰਹ ਸੁੱਕਾ ਹੋਇਆ ਤੇ ਗੱਲਾਂ ਕੁਛ ਅੰਦਰ ਨੂੰ ਧਸੀਆਂ ਹੋਈਆਂ ਸਨ। ਸਾਹਮਣਿਆਂ ਦੰਦਾਂ ਵਿਚੋਂ ਕੇਵਲ ਇਕੋ ਉਤਲਾ ਬਾਕੀ ਰਹਿ ਗਿਆ ਸੀ। ਵਿਆਹ ਵੇਲੇ ਨਵੇਂ ਲੱਗਣ ਲੱਗੇ, ਤਾਂ ਡਾਕਟਰ ਨੂੰ ਉਹ ਵੀ ਪੁੱਟਣਾ ਪਿਆ, ਕਿਉਂਕਿ ਉਹ ਬੜਾ ਲੰਮਾ ਤੇ ਉੱਚਾ ਸੀ, ਜੋ ਬਾਕੀ ਬੀਹੜ ਨੂੰ ਠੀਕ ਨਹੀਂ ਸੀ ਬਹਿਣ ਦੇਂਦਾ। ਹਨ੍ਹਵਾਂ ਵਿਚੋਂ ਵੀ ਅੱਧ-ਪਚੱਧ ਹੀ ਬਾਕੀ ਸਨ। ਉਹਦੇ ਕੇਸ ਏਨੇ ਖਰ੍ਹਵੇ ਸਨ, ਜਿੰਨੇ ਅਫ਼ਰੀਕਾ ਦੇ ਹਬਸ਼ੀਆਂ ਦੇ। ਉਹਦੀ ਦਾੜ੍ਹੀ ਵਿਰਲੀ ਤੇ ਬੜੀ ਬੇ-ਢਬੀ ਜਿਹੀ ਸੀ, ਜੋ ਹਰ ਵੇਲੇ ਖਿਲਰੀ ਰਹਿੰਦੀ ਸੀ। ਦਾੜ੍ਹੀ ਤਾਂ ਸਾਰੀ ਚਿੱਟੀ ਹੋ ਚੁੱਕੀ ਸੀ, ਪਰ ਸਿਰ ਵਿਚ ਅਜੇ ਪੰਝੀ ਫ਼ੀਸਦੀ ਕਾਲ਼ੇ ਹੈ ਸਨ। ਬਾਕੀ ਸਰੀਰ ਤੋਂ ਹਟ ਕੇ ਜਦ ਉਹਦੀਆਂ ਪਿੰਞਣੀਆਂ ’ਤੇ ਨਿਗ੍ਹਾ ਜਾਂਦੀ ਤਾਂ ਇਉਂ ਭੁਲੇਖਾ ਪੈਂਦਾ ਸੀ, ਜਿਵੇਂ ਲੱਕੜ ਦੀਆਂ ਲਾਵੀਆਂ ਲੱਗੀਆਂ ਹੁੰਦੀਆਂ ਹਨ। ਕੋਈ ਡਾਕਟਰ ਏਦੋਂ ਚੰਗੀਆਂ ਲਾ ਦੇਣ ਦੀ ਹਾਮੀ ਭਰਦਾ, ਤਾਂ ਉਹ ਦੰਦਾਂ ਵਾਂਗ ਇਹ ਵੀ ਬਦਲ ਲੈਂਦਾ। ਮੁਕਦੀ ਗੱਲ, ਉਹਦੇ ਹੁਲੀਏ ਵੱਲੇ ਵੇਖ ਕੇ ਕਿਸੇ ਵੀ ਜੁਆਨੀ ਨੂੰ ਮਜਬੂਰ ਨਹੀਂ ਸੀ ਕੀਤਾ ਜਾ ਸਕਦਾ ਕਿ ਉਹਨੂੰ ਪਿਆਰ ਕਰੇ।

ਉਹਦੇ ਇਸ ਵਿਆਹ ਤੋਂ ਘਰ ਦੇ ਤੇ ਸੰਬੰਧੀ, ਸਾਰੇ ਨਾਰਾਜ਼ ਸਨ। ਉਹਦੀ ਵੱਡੀ ਧੀ ਤੇ ਜੁਆਈ ਤਾਂ ਬਹੁਤੇ ਹੀ ਗੁੱਸੇ ਸਨ। ਜਿਥੇ ਉਹਦਾ ਲੜਕਾ-ਸੂਰਤ ਸਿੰਘ-ਮੰਗਿਆ ਹੋਇਆ ਸੀ, ਉਹਨਾਂ ਵੀ ਏਸੇ ਗੱਲੋਂ ਗੁੱਸੇ ਹੋ ਕੇ ਜਵਾਬ ਦੇ ਦਿੱਤਾ ਸੀ। ਉਹਦੇ ਵਿਆਹ ’ਤੇ ਖ਼ੁਸ਼ ਸਨ ਤਾਂ ਕੇਵਲ ਦੋ ਬੰਦੇ: ਪੰਡਤ ਜਵਾਲਾ ਸਹਾਇ ਤੇ ਰਾਜਾ ਸੰਮਾ ਸਿੰਘ।

ਵਿਆਹੀ ਆਈ ਚੰਦੋ ਇਕ ਦਿਨ ਓਪਰਿਆਂ ਵਾਂਗ ਸਹੁਰੇ ਘਰ ਰਹਿ ਕੇ ਚਲੀ ਗਈ। ਨਾ ਉਹਦੇ ਕਿਸੇ ਸਗਨ ਮਨਾਏ, ਨਾ ਰੀਝਾਂ ਲਾਹੀਆਂ, ਨਾ ਕਿਸੇ ਢਾਕੇ ਚੁੱਕ ਕੇ ਲਿਆਂਦਾ, ਨਾ ਪਾਣੀ ਵਾਰ ਕੇ ਪੀਤਾ, ਨਾ ਖੰਡ-ਘਿਉ ਦੀਆਂ ਬੁਰਕੀਆਂ ਦਿੱਤੀਆਂ। ਹਾਂ, ਸਭ ਕਾਸੇ ਦੇ ਵੱਡੇ ਗੰਡਾ ਸਿੰਘ ਦੀ ਵੱਡੀ ਧੀ-ਤੇਜੋ-ਨੇ ਅਜਿਹੀਆਂ

ਬੋਲੀਆਂ ਕੀਤੀਆਂ, ਜੋ ਚੰਦੋ ਨੂੰ ਪੱਛਾਂ 'ਤੇ ਲੂਣ ਵਾਂਗ ਲੱਗੀਆਂ।

ਇਕ ਮਹੀਨੇ ਪਿੱਛੋਂ ਚੰਦੋ ਦਾ ਮੁਕਲਾਵਾ ਹੋ ਗਿਆ। ਗਹਿਣਿਆਂ ਨਾਲ ਲੱਦੀ ਤੇ ਰੇਸ਼ਮੀ ਵਰੀ ਵਿਚ ਵਲ੍ਹੇਟੀ ਹੋਈ ਉਹ ਨਵੇਂ ਪਿੰਜਰੇ ਵਿਚ ਆ ਗਈ। ਆਪਣੇ ਗੋਟੇ ਮੜ੍ਹੇ ਸੂਟ ਵੱਲ ਵੇਖ ਕੇ ਉਹਨੂੰ ਹਰਬੰਸੋ ਯਾਦ ਆ ਗਈ। ਇਸ ਵੇਲੇ ਉਹ ਆਪਣੇ-ਆਪ ਨੂੰ ਸਹੇਲੀ ਨਾਲੋਂ ਕਿਸੇ ਗੱਲੇ ਘੱਟ ਨਹੀਂ ਸੀ ਸਮਝਦੀ। ਉਹਦੀਆਂ ਕੋਮਲ ਉਂਗਲਾਂ ਵਿਚ ਤਿੰਨ ਛਾਪਾਂ ਸਨ, ਨਾਜ਼ਕ ਵੀਣੀਆਂ ਬੰਦਾਂ ਤੇ ਕੜਿਆਂ ਨਾਲ ਸ਼ੁਸ਼ੋਭਤ ਸਨ, ਸਿਰ 'ਤੇ ਚੰਦ ਤੇ ਗਲ ਵਿਚ ਕੈਂਠਾ ਸੀ; ਕੰਨਾਂ ਵਿਚ ਨੀਲੇ ਨਗਾਂ ਵਾਲੇ ਕਾਂਟੇ ਸਨ। ਉਸ ਦੇ ਸੂਟਕੇਸ ਵਿਚ ਚਾਰ ਵਰੀਆਂ ਸਨ: ਦੋ ਸਾਧਾਰਨ ਤੇ ਦੋ ਬਹੁਤ ਕੀਮਤੀ। ਇਕ ਤਾਂ ਗੋਟੇ ਨਾਲ ਏਨੀ ਮੜ੍ਹੀ ਹੋਈ ਸੀ ਕਿ ਕੁਛ ਚਿਰ ਹੰਢੀ ਹੋਣ 'ਤੇ ਵੀ ਉਹਦੀ ਸ਼ਬ ਵਿਚ ਫਰਕ ਨਹੀਂ ਸੀ ਪਿਆ। ਉਹ ਦਿਲ ਹੀ ਦਿਲ ਵਿਚ ਹਰਬੰਸੋ ਨਾਲ ਗੱਲਾਂ ਕਰ ਰਹੀ ਸੀ। ਉਸ ਵੇਲੇ ਸਹੇਲੀ ਆਪਣੇ ਕੱਪੜਿਆਂ ਦੀ ਨਹੀਂ, ਸਗੋਂ ਉਸ ਦੇ ਗਹਿਣਿਆਂ ਦੀ ਸ਼ੋਭਾ ਕਰ ਰਹੀ ਸੀ। ਉਹਦੇ ਗਹਿਣੇ ਵੇਖ ਕੇ ਹਰਬੰਸੋ ਦੀ ਨਜ਼ਰ ਵੀ ਲਲਚਾ ਰਹੀ ਸੀ। ਏਸ ਖ਼ਿਆਲੀ ਖੁਸ਼ੀ ਦੇ ਵਹਿਣ ਵਿਚ ਰੁੜ੍ਹੀ ਜਾ ਰਹੀ ਚੰਦੋ ਕੁਝ ਸਮੇਂ ਵਾਸਤੇ ਆਪਣੀ ਅਸਲੀ ਅਵਸਥਾ ਨੂੰ ਭੁੱਲ ਗਈ ਸੀ। ਚੰਗਾ ਹੁੰਦਾ, ਜੇ ਏਸੇ ਭੁੱਲ ਵਿਚ ਹੀ ਉਹਦਾ ਜੀਵਨ ਬਤੀਤ ਹੋ ਜਾਂਦਾ। ਪਰ ਉਸ ਵਿਚਾਰੀ ਦੇ ਏਡੇ ਭਾਗ ਕਿੱਥੇ ? ਅਚਨਚੇਤ ਹੀ ਅੰਦਰ ਬੈਠੀ ਹਰਬੰਸੋ ਨੇ ਆਪਣੇ ਪਤੀ ਦੀ ਗੱਲ ਛੇੜ ਦਿੱਤੀ, ਉਹਦੀ ਮੱਸ-ਫਿਰਦੀ ਜੁਆਨੀ, ਅੰਮ੍ਰਿਤ ਬਰਸਾਉਂਦੇ ਨੇਤਰ, ਹਸੂੰ-ਹਸੂੰ ਕਰਦਾ ਚਿਹਰਾ ਤੇ ਪਿਆਰ ਨਾਲ ਭਰ-ਭਰ ਉਛਲਦਾ ਦਿਲ। ਇਹ ਖ਼ਿਆਲ ਆਉਂਦਿਆਂ ਹੀ ਚੰਦੋ ਦੀ ਸੁਪਨਿਆਂ ਦੀ ਪੀਂਘ ਅੱਧ ਅਸਮਾਨੇ ਟੁੱਟ ਕੇ ਬੁਢਾਪੇ ਦੇ ਪੈਰਾਂ ਵਿਚ ਆ ਪਈ।

ਸੁਹਾਗ-ਰਾਤ ਇਸਤਰੀ ਜੀਵਨ ਵਿਚ ਇਕ ਵਾਰ ਆਇਆ ਕਰਦੀ ਹੈ। ਸੁਹਾਗ-ਘਰ ਵਿਚ ਬੈਠੀ ਚੰਦੋ ਆਪਣੇ ਦੇਵਤਾ ਦੀ ਨਹੀਂ, ਜਮਦੂਤ ਦੀ ਉਡੀਕ ਕਰ ਰਹੀ ਸੀ। ਇਕ ਇਕ ਪਲ ਵਿਚ ਉਹਦੀ ਫੁਰਨਿਆਂ ਦੀ ਦੁਨੀਆ ਬਣ-ਬਣ ਕੇ ਢਹਿੰਦੀ ਸੀ। ਉਹਦੇ ਮਨ ਦੀ ਓਹਾ ਹਾਲਤ ਸੀ, ਜੋ ਬਕਰੀਦ ਤੋਂ ਪਹਿਲੀ ਰਾਤ ਕੁਰਬਾਨੀ ਦੇ ਬੱਕਰੇ ਦੀ ਹੁੰਦੀ ਹੈ। ਇਕੋ ਖ਼ਿਆਲ ਵਿਚ ਸਾਰਾ ਸੰਸਾਰ ਉਹਦੀਆਂ ਅੱਖਾਂ ਅੱਗੋਂ ਗੁਜ਼ਰ ਜਾਂਦਾ ਸੀ। ਸਹਿਮੀ ਹੋਈ ਉਹ ਦਰਵਾਜ਼ੇ ਵੱਲੇ ਕੰਨ ਲਾਈ ਬੈਠੀ ਸੀ।

ਓਧਰ ਗੰਡਾ ਸਿੰਘ ਆਪਣੇ ਜੁੰਡੀਦਾਰ-ਪੰਡਤ ਜਵਾਲਾ ਸਹਾਇ-ਨਾਲ ਲੌਢੇ ਵੇਲੇ ਤੋਂ ਹੀ ਸ਼ਰਾਬ ਵਿਚ ਰੁੱਝਾ ਹੋਇਆ ਸੀ। ਰੋਜ਼ ਨਾਲੋਂ ਅੱਜ ਉਹਨੇ ਅਫ਼ੀਮ ਵੀ ਦੂਣੀ ਖਾਧੀ ਸੀ, ਤੇ ਸ਼ਰਾਬ ? ਜ਼ਿੰਦਗੀ ਵਿਚ ਉਹਨੂੰ ਏਨਾ ਮਨਭਾਉਂਦਾ ਨਸ਼ਾ ਕਦੇ



WWW.SIKHBOOKCLUB.COM 

ਨਹੀਂ ਸੀ ਆਇਆ। ਏਸੇ ਵਿਹਾਰ ਵਿਚ ਡੇਢ ਪਹਿਰ ਰਾਤ ਨਿੱਭ ਗਈ।

ਚੰਦੋ ਅਜੇ ਵੀ ਓਸੇ ਤਰ੍ਹਾਂ ਕਿਸੇ ਵਹਿਣ ਵਿਚ ਡੁੱਬੀ ਬੈਠੀ ਸੀ। ਉਸ ਵੇਲੇ ਉਹਨੂੰ ਆਪਣੇ-ਆਪ ਦੀ ਬੜੀ ਥੋੜ੍ਹੀ ਹੋਸ਼ ਸੀ। ਬੂਹਾ ਖੜਕਿਆ ਤੇ ਲੜਖੜਾਉਂਦਾ ਹੋਇਆ ਗੰਡਾ ਸਿੰਘ ਅੰਦਰ ਵੜਿਆ। ਉਹਦੇ ਨਾਲ ਹੀ ਮੂੰਹ ਵਿਚੋਂ ਆ ਰਹੀ ਸ਼ਰਾਬ ਦੀ ਬਦਬੋ ਨਾਲ ਕਮਰਾ ਭਰ ਗਿਆ। ਚੰਦੋ ਨੇ ਘੁੰਡ ਵਾਲਾ ਪੱਲਾ ਜ਼ਰਾ ਹੋਰ ਨੀਂਵਾਂ ਕਰ ਲਿਆ। ਉਹ ਸੁੰਗੜ ਕੇ ਅੱਧੀ ਰਹਿ ਗਈ। ਡਿਗਦਾ ਢਹਿੰਦਾ ਗੰਡਾ ਸਿੰਘ ਮੰਜੇ ਕੋਲ ਅਪੜ ਪਿਆ। ਉਹਨੇ ਸੱਜੇ ਹੱਥ ਨਾਲ ਚੰਦੋ ਦੇ ਸਿਰੋਂ ਲੀੜਾ ਖਿਚਦਿਆਂ ਭੜਾਂਦੀ 'ਵਾਜ ਵਿਚ ਕਿਹਾ, "ਚਾਂਦੀ...ਚਾਂਦੀ ਨਾਲ ਤੋਲ ਕੇ ਲਿਆਂਦੀ...ਏ, ਤੇ ਬਹਿੰਦੀ ਏ...ਲੁਕ...ਲੁਕ ਕੇ।"

ਸਾੜਿਆਂ ਭਰੇ ਬੁਢਾਪੇ ਦੇ ਮੂੰਹੋਂ ਨਿਕਲੇ ਹੋਏ ਇਹ ਸ਼ਬਦ ਚੰਦੋ ਦਾ ਸੀਨਾ ਚੀਰ ਗਏ। ਉਹਦੀ ਆਤਮਾ ਭੱਠ ਵਿਚ ਪਈ ਮੱਛੀ ਵਾਂਗ ਲੁੱਛਣ ਲੱਗ ਪਈ। ਉਹ ਦੋਵੇਂ ਪਤੀ ਤੇ ਪਤਨੀ ਸਨ, ਪਰ ਦੋਵਾਂ ਦੀ ਉਮਰ ਵਿਚ ਦਾਦੇ ਪੋਤਰੀ ਜਿੰਨਾ ਫ਼ਰਕ ਸੀ। ਜੁਆਨੀ-ਜੁਆਨੀ ਨੂੰ ਚਾਹੁੰਦੀ ਹੈ, ਬਾਵਾ ਆਦਮ ਦੇ ਹਾਣ ਨੂੰ ਨਹੀਂ। (ਇਸਤਰੀ ਆਪਣਾ ਕੁਆਰਾਪਨ ਆਪਣੇ ਦੇਵਤਾ ਦੀ ਭੇਟਾ ਕਰਨ ਵਾਸਤੇ ਸੰਭਾਲ ਕੇ ਰੱਖਦੀ ਹੈ, ਕਿਸੇ ਦੈਂਤ ਹੱਥੋਂ ਲੁੱਟੇ ਜਾਣ ਵਾਸਤੇ ਨਹੀਂ) ਉਹ ਕੁਆਰਪਨ ਦੇ ਕੇ ਸੁਹਾਗ ਚਾਹੁੰਦੀ ਹੈ, ਜੋ ਉਸ ਦੀ ਦੇਹੀ ਤੇ ਆਤਮਾ ਨੂੰ ਸੁਹਾਗਣ ਕਰ ਦੇਵੇ।

ਯੂਸਫ਼ ਦੇ ਖੂਹ ਵਰਗੀ ਡਰਾਉਣੀ ਰਾਤ ਨਿਭ ਗਈ। ਜੁਆਨੀ ਬੁਢਾਪੇ ਦੇ ਪੈਰਾਂ ਥੱਲੇ ਕੁਚਲੀ ਗਈ। ਚੰਦੋ ਦਾ ਕੁਆਰਪਨ ਲੁੱਟਿਆ ਗਿਆ, ਪਰ ਉਹਦੀਆਂ ਰੀਝਾਂ ਸੁਹਾਗ ਤੋਂ ਸੱਖਣੀਆਂ ਹੀ ਰਹੀਆਂ। ਸ਼ਬੇ-ਮਿਹਰਾਜ ਵਾਂਗ ਇਕ ਰਾਤ ਵਿਚ ਹੀ ਉਸ ਅਬਲਾ ਦੀ ਦਸ ਸਾਲ ਉਮਰ ਬੀਤ ਗਈ। ਉਹਦੇ ਜੋਬਨ ਦਾ ਫੁੱਲ ਖਿੜਦਿਆਂ ਸਾਰ ਕੁਮਲਾ ਗਿਆ। ਦਿਨ ਚੜ੍ਹਦੇ ਨੂੰ ਉਹਦੇ ਭਾਅ ਦੀ ਸਾਰੀ ਦੁਨੀਆਂ ਹੀ ਬਦਲ ਚੁੱਕੀ ਸੀ।

ਚੰਦੋ ਨ੍ਹਾ ਧੋ ਕੇ ਵਿਹਲੀ ਹੋਈ। ਅੰਦਰ ਦੀ ਲੱਗੀ ਬੁਝਾਉਣ ਵਾਸਤੇ ਉਹਨੇ ਕੁਛ ਮੂੰਹ ਪਾਇਆ। ਏਨੇ ਨੂੰ ਤੇਜੋ (ਗੰਡਾ ਸਿੰਘ ਦੀ ਵੱਡੀ ਧੀ) ਆਪਣੇ ਸਹੁਰਿਆਂ ਨੂੰ ਤਿਆਰ ਹੋ ਪਈ। ਉਹਨੇ ਚੰਦੋ ਦੇ ਸੂਟਕੇਸ ਦਾ ਬੂਹਾ ਲਾਹਿਆ ਤੇ ਵਿਚੋਂ ਦੋਵੇਂ ਚੰਗੀਆਂ ਵਰੀਆਂ ਕੱਢ ਲਈਆਂ। ਚੰਦੋ ਨੀਂਵੀਂ ਨਜ਼ਰ ਵੇਖਦੀ ਰਹੀ, ਪਰ ਸਮਝੀ ਕੁਛ ਨਾ। ਓਧਰੋਂ ਵਿਹਲੀ ਹੋ ਕੇ ਤੇਜੋ ਚੰਦੋ ਵੱਲ ਆਈ। ਉਹ ਮੱਥੇ 'ਤੇ ਅਠਾਰਾਂ ਵੱਟ ਪਾ ਕੇ ਬੋਲੀ, "ਲਿਆ, ਹਾਹ ਚੰਦ, ਬੰਦ ਤੇ ਕੈਂਠਾ ਲਾਹ ਦੇ। ਮੈਂ ਆਪਣੀਆਂ ਚੀਜ਼ਾਂ ਕਿਸੇ ਭਈਆ-ਪਿੱਟੀ ਦੇ ਰੋਲਣ ਵਾਸਤੇ ਨਹੀਂ ਛੱਡ ਜਾਣੀਆਂ।"

ਚੰਦੋ ਦੇ ਹੋਸ਼ ਉੱਡ ਗਏ। ਉਹ ਨਿਰਾ ਪੱਥਰ ਦਾ ਬੁੱਤ ਬਾਕੀ ਰਹਿ ਗਈ। ਤੇਜੋ


WWW.SIKHBOOKCLUB.COM 

ਨੇ ਵਾਰੀ-ਵਾਰੀ ਉਹਦੇ ਦੋਹ ਹੱਥਾਂ ਵਿਚੋਂ ਬੰਦ ਲਾਹ ਲਏ। ਫਿਰ ਵਿਚਾਰੀ ਦੇ ਸਿਰ ਤੋਂ ਲੀੜਾ ਲਾਹ ਕੇ ਉਹਨੇ ਚੰਦ ਖੋਲ੍ਹ ਲਏ ਤੇ ਗਲੋਂ ਕੈਂਠਾ ਉਤਾਰ ਲਿਆ। ਸੋਨਾ ਚਲਾ ਗਿਆ। ਚੰਦੋ ਕੋਲ ਰਹਿ ਗਿਆ ਬਾਕੀ ਮੁਲੰਮਾ ਹੀ ਮੁਲੰਮਾ। ਇਹ ਵੀ ਮੁਲੰਮਾ, ਉਹ ਵੀ ਮੁਲੰਮਾ।

੯

"ਉਡ ਖਾਂ, ਕਾਵਾਂ! ਮੇਰੀ ਭੈਣ ਔਂਦੀ ਏ?" ਹਰਭਜਨ ਨੇ ਬਨੇਰੇ ਵੱਲ ਵੇਖ ਕੇ ਕਿਹਾ।

"ਤੇ ਮੇਰੀ ਮਾਸੀ ਜੀ।" ਸੁਰਿੰਦਰ ਨੇ ਆਪਣੀ ਮਾਂ ਦੀ ਹਾਂ ਵਿਚ ਹਾਂ ਮਿਲਾਈ।

ਹਰਭਜਨ ਕੌਰ ਨੂੰ ਤੀਜਾ ਦਿਨ ਸੀ ਪੇਕੇ ਆਈ ਨੂੰ। ਉਹਨੇ ਗੁਰਨਾਮ ਕੌਰ ਨੂੰ ਸੁਨੇਹਾ ਭੇਜਿਆ ਹੋਇਆ ਸੀ ਤੇ ਕੱਲ੍ਹ ਤੋਂ ਓਸੇ ਦੀ ਉਡੀਕ ਕਰ ਰਹੀ ਸੀ। ਅੱਜ ਤਾਂ ਉਹਨੂੰ ਪੂਰਾ ਯਕੀਨ ਸੀ, ਕਿ ਗੁਰਨਾਮ ਕੌਰ ਆਵੇਗੀ। ਉਹ ਵਿਹੜੇ ਵਿਚ ਬੈਠੀ ਕਿਤਾਬ ਪੜ੍ਹ ਰਹੀ ਸੀ ਤੇ ਵਿਚੋਂ ਵਾਰੋਂ ਬੂਹੇ ਵੱਲੇ ਝਾਤੀ ਮਾਰ ਲੈਂਦੀ ਸੀ। ਸੁਰਿੰਦਰ ਦਰਵਾਜ਼ੇ ਨਾਲ ਦੀ ਬੈਠਕ ਵਿਚ ਸਕੂਲ ਦਾ ਕੰਮ ਕਰ ਰਹੀ ਸੀ। ਏਨੇ ਨੂੰ ਇਕ ਘੋੜੀ ਵਾਲਾ ਲਾਗੀ ਸਾਮ੍ਹਣੇ ਘਰ ਨੂੰ ਮੁੜਿਆ। ਵੇਖ ਕੇ ਹਰਭਜਨ ਕੌਰ ਨੇ ਕਿਤਾਬ ਮੰਜੇ 'ਤੇ ਰੱਖ ਦਿੱਤੀ ਤੇ ਕਿਸੇ ਦੇ ਮਿਲਣ ਵਾਸਤੇ ਤਿਆਰ ਹੋਣ ਲੱਗੀ। ਉਹਦਾ ਕਿਆਸ ਠੀਕ ਨਿਕਲਿਆ। ਘੋੜੀ ਦੇ ਮਗਰ ਮਗਰ ਗੁਰਨਾਮ ਕੌਰ ਆ ਰਹੀ ਸੀ। ਉਹ ਆਪਣੇ ਪੇਕਿਆਂ ਦੇ ਘਰ ਜਾਣ ਦੀ ਥਾਂ, ਪਹਿਲਾਂ ਏਧਰੇ ਮੁੜੀ। ਹਰਭਜਨ ਨੇ ਖ਼ੁਸ਼ੀ ਵਿਚ ਮਸਤ ਹੋ ਕੇ ਕਿਹਾ, "ਅੱਜ ਤਾਂ ਵਾਹਿਗੁਰੂ ਤੋਂ ਜੋ ਮੰਗਿਆ ਏ, ਮਿਲ ਗਿਆ ਏ।"

"ਤਾਂ ਕੋਈ ਚੰਗੀ ਚੀਜ਼ ਮੰਗ ਲੈਂਦੀਓਂ।" ਗੁਰਨਾਮ ਨੇ ਗਲਵੱਕੜੀ ਪਾਉਂਦਿਆਂ ਕਿਹਾ।

"ਮੈਂ ਤਾਂ ਓਹਾ ਮੰਗ ਕੀਤੀ ਏ, ਜੋ ਚੰਗੀ ਲੱਗੀ ਏ। ਤੇਰੇ ਦਿਲ ਦੀ ਭਾਵੇਂ ਨਾ ਬੁਝੀ ਗਈ ਹੋਵੇ।" ਹਰਭਜਨ ਨੇ ਸਹੇਲੀ ਨੂੰ ਪਿਆਰ ਨਾਲ ਘੁੱਟ ਕੇ ਉੱਤਰ ਦਿੱਤਾ।

ਸੁਰਿੰਦਰ ਵੀ 'ਵਾਜ ਸੁਣ ਕੇ ਅੰਦਰੋਂ ਭੱਜੀ ਆਈ। ਉਹਨੇ ਗੁਰਨਾਮ ਨੂੰ ਨਿੱਘੀ ਜੱਫੀ ਪਾ ਕੇ ਕਿਹਾ, "ਮਾਸੀ ਜੀ, ਸਤਿ ਸ੍ਰੀ ਅਕਾਲ।"

'ਆ ਮੇਰੀ ਛਿੰਦੀ ਧੀ" ਗੁਰਨਾਮ ਨੇ ਉਹਨੂੰ ਬਾਹੀਂ ਵਿਚ ਲੈ ਲਿਆ। ਫਿਰ ਸੁਰਿੰਦਰ ਤਾਂ ਅੰਦਰ ਚਲੀ ਗਈ ਗੁਰਨਾਮ ਦੇ ਜਲਪਾਣੀ ਦੀ ਆਹਰ ਕਰਨ ਤੇ ਉਹ ਦੋਵੇਂ ਮੰਜੇ 'ਤੇ ਬਹਿ ਗਈਆਂ। ਗੁਰਨਾਮ ਨੇ ਚਾਅ ਨਾਲ ਕਿਹਾ, "ਨਾਲੇ ਭਜੀ! ਵਧਾਇਓਂ। ਤੇਰੇ ਹਰਪਾਲ ਦਾ ਛੁਹਾਰਾ ਆਇਆ ਏ।"

"ਗੁਰੂ ਸਭ ਨੂੰ ਵਧਾਵੇ।"

"ਸੁੱਖ ਨਾਲ ਕਿਹੜੇ ਪਿੰਡੋਂ?"

"ਲਾਗੇ ਸਰਦਾਰਾਂ ਦੇ ਪਿੰਡੋਂ, ਜ਼ੈਲਦਾਰ ਦੀ ਪੋਤਰੀ ਦਾ।"

ਇਹ ਵਾਕ ਸੁਰਿੰਦਰ ਨੇ ਵੀ ਸੁਣੇ। ਉਹ ਸਿਰ ਤੋਂ ਪੈਰਾਂ ਤੱਕ ਕੰਬ ਉੱਠੀ। ਉਹਦੇ ਦਿਲ ਵਿਚ ਹਲਚਲ ਮੱਚ ਗਈ। ਕਿੰਨਾ ਚਿਰ ਉਹ ਆਪ ਵੀ ਨਾ ਸਮਝ ਸਕੀ ਕਿ ਉਹਦੇ ਅੰਦਰ ਕੀ ਹੋ ਰਿਹਾ ਹੈ। ਉਹਨੂੰ ਇਉਂ ਪ੍ਰਤੀਤ ਹੋਇਆ, ਜਿਵੇਂ ਉਹਦੇ ਕਲੇਜੇ ਨੂੰ ਕਿਸੇ ਰੁੱਗ ਭਰ ਲਿਆ ਹੋਵੇ। ਉਹ ਘਬਰਾ ਕੇ ਅੰਦਰੋਂ ਬਾਹਰ ਨੂੰ ਉੱਠ ਭੱਜੀ। ਸਾਮ੍ਹਣੇ ਆਪਣੀ ਮਾਂ ਤੇ ਮਾਸੀ ਨੂੰ ਵੇਖ ਕੇ ਉਹ ਸੁਫੇ ਦੀ ਦਲ੍ਹੀਜ ਫੜ ਕੇ ਖਲੋ ਗਈ। ਉਹਦੇ ਜੀ ਨੂੰ ਕੁਝ ਹੋ ਰਿਹਾ ਸੀ। ਪਰ 'ਕੀ?' ਤੇ 'ਕਿਉਂ?' ਦਾ ਉੱਤਰ ਉਹ ਨਹੀਂ ਸੀ ਦੇ ਸਕਦੀ। ਕੁਛ ਚਿਰ ਪਿੱਛੋਂ ਉਹਨੇ ਆਪਣੀ ਹਾਲਤ 'ਤੇ ਕਾਬੂ ਪਾਇਆ ਤੇ ਗੁਰਨਾਮ ਵਾਸਤੇ ਦੁੱਧ ਦਾ ਗਲਾਸ ਲੈ ਕੇ ਬਾਹਰ ਆਈ। ਅੱਗੇ ਓਹਾ ਵਾਰਤਾ ਚੱਲ ਰਹੀ ਸੀ।

"ਪੱਕ ਹੋ ਗਿਆ?" ਹਰਭਜਨ ਨੇ ਤਸੱਲੀ ਕਰਨ ਲਈ ਪੁੱਛਿਆ।

"ਐਡੀ ਛੇਤੀ? ਤੇ ਸਲਾਹ ਤੋਂ ਬਿਨਾਂ ਈ?"

"ਮੇਰੀ ਸਲਾਹ ਤੇਥੋਂ ਵੱਖਰੀ ਏ? ਜਿਵੇਂ ਤੁਸੀਂ ਰਾਜ਼ੀ, ਓਵੇਂ ਮੈਂ।"

"ਤੇਰੇ ਭਾਈਆ ਜੀ ਤਾਂ ਅਜੇ ਦੇਰ ਪਾਉਣਾ ਚਾਹੁੰਦੇ ਸਨ, ਪਰ ਮਾਂ ਜੀ ਪੇਸ਼ ਨਹੀਂ ਜਾਣ ਦੇਂਦੇ।"

"ਜਿਹੜਾ ਕੰਮ ਹੋ ਜਾਏ, ਮਾੜਾ ਨਹੀਂ।...ਪਹਿਲਾਂ ਦੁੱਧ ਪੀ ਲੈ।"

"ਦਿਨੇ ਹਰਪਾਲ ਨੂੰ ਨਾਲ ਲੈ ਜਾਵਾਂਗੀ।" ਗੁਰਨਾਮ ਨੇ ਗਲਾਸ ਫੜਦਿਆਂ, ਕਿਹਾ। ਪੱਕ-ਪੱਕਾ ਹੋ ਜਾਏਗਾ, ਤਾਂ ਤੈਨੂੰ ਲਾਗੀ ਘੱਲਾਂਗੀ। ਮੇਰੇ ਭਾਈਆ ਜੀ ਨੂੰ ਤੇ ਸੁਰਿੰਦਰ ਨੂੰ ਨਾਲ ਲੈ ਕੇ ਆਵੀਂ।"

ਇਹ ਗੱਲਾਂ ਸੁਣ ਕੇ ਸੁਰਿੰਦਰ ਨੂੰ ਫੇਰ ਕੁਝ ਹੋਣ ਲੱਗ ਪਿਆ। ਉਸ ਤੋਂ ਕੋਲ ਖਲੋਤਾ ਨਾ ਗਿਆ। ਉਹ ਘਬਰਾਈ ਹੋਈ ਅੰਦਰ ਚਲੀ ਗਈ। ਦੁੱਧ ਪੀ ਕੇ ਗੁਰਨਾਮ ਨੇ ਹਰਭਜਨ ਦਾ ਹੱਥ ਫੜ ਕੇ ਕਿਹਾ, "ਆ, ਓਧਰ ਵੀ ਪਤਾ ਦੇਈਏ।" ਦੋਵੇਂ ਸਹੇਲੀਆਂ ਦੂਜੇ ਘਰ ਨੂੰ ਤੁਰ ਪਈਆਂ।

ਦੋਹਾਂ ਘਰਾਂ ਵਿਚ ਖ਼ੁਸ਼ੀਆਂ ਹੀ ਖ਼ੁਸ਼ੀਆਂ ਸਨ। ਅੱਧੀ ਰਾਤ ਗੱਲਾਂ ਕਰਦਿਆਂ ਨਿਭ ਗਈ ਤੇ ਬਾਕੀ ਦੀ ਰੀਝਾਂ ਭਰੇ ਸੁਪਨੇ ਵੇਖਦਿਆਂ। ਇਕ ਸੁਰਿੰਦਰ ਹੀ ਸੀ, ਜਿਸ ਨੂੰ ਸਾਰੀ ਰਾਤ ਨੀਂਦ ਨਹੀਂ ਸੀ ਆਈ। ਉਹਨੂੰ ਇਉਂ ਭਾਸ ਰਿਹਾ ਸੀ, ਜਿਵੇਂ ਕਿਸੇ ਨੇ ਉਸ ਤੋਂ ਪ੍ਰਾਣਾਂ ਵਰਗੀ ਪਿਆਰੀ ਚੀਜ਼ ਖੋਹ ਲਈ ਹੋਵੇ। ਇਹ ਪਹਿਲਾ ਦਿਨ ਸੀ, ਜਦ ਉਹਦੇ ਅੰਦਰ ਅਜਿਹੀਆਂ ਸੋਚਾਂ ਪੈਦਾ ਹੋਈਆਂ। ਇਸ ਵੇਲੇ ਉਹ



WWW.SIKHBOOKCLUB.COM 

ਉਸ ਉਮਰ ਵਿਚੋਂ ਲੰਘ ਰਹੀ ਸੀ, ਜਦ ਬਚਪਨ ਪੱਲਾ ਖਿਸਕਾਈ ਜਾਂਦਾ ਹੈ ਤੇ ਜੁਆਨੀ ਜ਼ੋਬਨ ਦੇ ਚਾਵਾਂ ਨੂੰ ਨਵੇਂ ਰੰਗ ਵਿਚ ਨੱਚਣਾ ਸਿਖਾਉਂਦੀ ਹੈ। ਸਾਰੀ ਰਾਤ ਦੀ ਸੋਚ ਪਿੱਛੋਂ ਉਹ ਇਸ ਸਿੱਟੇ 'ਤੇ ਪੁੱਜੀ ਕਿ ਉਹ ਹਰਪਾਲ ਨੂੰ ਪਿਆਰ ਕਰਦੀ ਹੈ।

ਸਵੇਰ ਦਾ ਅੰਨ-ਪਾਣੀ ਖਾ ਕੇ ਗੁਰਨਾਮ ਤੇ ਹਰਪਾਲ ਤਿਆਰ ਹੋ ਪਏ। ਜਾਣ ਤੋਂ ਪਹਿਲਾਂ ਹਰਪਾਲ ਸੁਰਿੰਦਰ ਨੂੰ ਮਿਲਣ ਆਇਆ। ਉਹਦੇ ਅੰਗ-ਅੰਗ ਵਿਚੋਂ ਖ਼ੁਸ਼ੀ ਪ੍ਰਗਟ ਹੋ ਰਹੀ ਸੀ। ਓਧਰ ਸੁਰਿੰਦਰ ਵੀ ਘਰੋਂ ਉਹਨੂੰ ਮਿਲਣ ਵਾਸਤੇ ਚੱਲੀ ਸੀ। ਦੋਵੇਂ ਬੂਹੇ ਲਾਗੇ ਮਿਲ ਪਏ। ਮੁਸਕਰਾਉਂਦਿਆਂ ਹੋਇਆਂ ਹਰਪਾਲ ਨੇ ਕਿਹਾ, "ਸੁਰਿੰਦਰ! ਤੂੰ ਚੱਲਣਾ ਨਹੀਂ? ਅਜੇ ਤਿਆਰ ਨਹੀਂ ਹੋਈ।"

"ਜਾਣ, ਜਿਨ੍ਹਾਂ ਨੂੰ ਚਾਅ ਏ।" ਸੁਰਿੰਦਰ ਨੇ ਨੀਵੇਂ ਧਿਆਨ ਹੀ ਉੱਤਰ ਦਿੱਤਾ।

"ਤੇ ਤੈਨੂੰ ਕੋਈ ਚਾਅ ਨਹੀਂ?"

"ਨਹੀਂ।" ਸੁਰਿੰਦਰ ਦੀਆਂ ਅੱਖਾਂ ਵਿਚ ਦਿਲੀ ਪੀੜ ਝਲਕ ਰਹੀ ਸੀ।

"ਇਸ ਦਾ ਅਰਥ?" ਹਰਪਾਲ ਨੇ ਹੈਰਾਨ ਹੋ ਕੇ ਪੁੱਛਿਆ।

ਉੱਤਰ ਦੇਣ ਦੀ ਥਾਂ ਸੁਰਿੰਦਰ ਨੇ ਜੇਬ ਵਿਚੋਂ ਤਹਿ ਕੀਤਾ ਹੋਇਆ ਰੁਮਾਲ ਕੱਢਿਆ ਤੇ ਬਿਨਾਂ ਉਤਾਂਹ ਝਾਕੇ ਹਰਪਾਲ ਵੱਲੇ ਵਧਾ ਦਿੱਤਾ।

"ਸੁਰਿੰਦਰ! ਤੈਨੂੰ ਕੀ ਹੋ ਗਿਆ ਏ?" ਹਰਪਾਲ ਨੇ ਉਹਨੂੰ ਮੋਢਿਆਂ ਤੋਂ ਹਿਲਾਉਂਦਿਆਂ ਕਿਹਾ।

ਸੁਰਿੰਦਰ ਦੀਆਂ ਅੱਖਾਂ ਵਿਚ ਹੰਝੂ ਡਲ੍ਹਕ ਆਏ। ਉਹ ਆਪ-ਮੁਹਾਰੀ ਬੋਲ ਉੱਠੀ, "ਇਸ ਰੁਮਾਲ ਬਦਲੇ ਗੁੱਤ ਪੁਟਵਾਈ ਸੀ, ਮਾਰ ਖਾਧੀ ਸੀ। ਸੋਚਿਆ ਸੀ, ਇਹ ਸਦਾ ਮੇਰਾ ਰਹੇਗਾ, ਪਰ ਹੁਣ ਇਹਦੀ ਮਾਲਕ ਕੋਈ ਹੋਰ ਬਣ ਗਈ ਏ।" ਉਹਦੀਆਂ ਅੱਖਾਂ ਵਿਚ ਆਏ ਹੋਏ ਹੰਝੂ ਭੋਇੰ 'ਤੇ ਢਹਿ ਪਏ। ਉਹ ਛੇਤੀ ਨਾਲ ਰੁਮਾਲ ਹਰਪਾਲ ਦੀ ਜੇਬ ਵਿਚ ਟੰਗ ਦੇ ਵਾਪਸ ਮੁੜ ਗਈ। ਏਨੇ ਸਮੇਂ ਵਿਚ ਉਹਨੇ ਇਕ ਵਾਰ ਵੀ ਨਿਗ੍ਹਾ ਉਤਾਂਹ ਕਰਕੇ ਹਰਪਾਲ ਦੇ ਚਿਹਰੇ ਵੱਲ ਨਾ ਤੱਕਿਆ।

ਉਹ ਚਲੀ ਗਈ। ਹਰਪਾਲ ਸੱਜੇ ਹੱਥ ਨਾਲ ਰੁਮਾਲ ਨੂੰ ਜੇਬ ਵਿਚ ਟਟੋਲਦਾ ਕਿੰਨਾ ਚਿਰ ਸਿਰ ਨੀਂਵਾਂ ਕਰਕੇ ਖਲੋਤਾ ਰਿਹਾ। ਉਹਦਾ ਨਵੇਂ ਛੁਹਾਰੇ ਦਾ ਚਾਅ ਕਿਸੇ ਦੇ ਇਕੋ ਹਉਕੇ ਨਾਲ ਉੱਡ ਗਿਆ। ਸੁਰਿੰਦਰ ਆਪਣੇ ਅੰਦਰ ਲੱਗੀ ਉਹਦੇ ਅੰਦਰ ਵੀ ਲਾ ਗਈ। ਖ਼ੁਸ਼ੀਆਂ ਵੰਡਣ ਆਇਆ ਉਹ ਗ਼ਮਾਂ ਦੀ ਸੁਗਾਤ ਲੈ ਕੇ ਪਿੱਛੇ ਮੁੜਿਆ। ਨਾਲ ਦੀ ਬੈਠਕ ਵਿਚ ਕਿਸੇ ਕੰਮ ਆਈ ਹਰਭਜਨ ਕੌਰ ਨੇ ਇਹ ਸਭ ਕੁਛ ਵੇਖ ਤੇ ਸੁਣ ਲਿਆ। ਦੋ ਮਾਸੂਮ ਜਿੰਦਾਂ ਨਾਲ ਤੀਜੀ ਉਹ ਵੀ ਸੋਚਾਂ ਵਿਚ ਪੈ ਗਈ।

ਦੂਜੇ ਸਾਰੇ ਗੁਰਨਾਮ ਤੇ ਹਰਪਾਲ ਨੂੰ ਤੋਰਨ ਗਏ, ਪਰ ਸੁਰਿੰਦਰ ਨਾ ਗਈ।



WWW.SIKHBOOKCLUB.COM 

ਬਾਹਰੋਂ ਆ ਕੇ ਹਰਭਜਨ ਕੌਰ ਨੇ 'ਵਾਜ ਮਾਰੀ, "ਸੁਰਿੰਦਰ!"

ਛੇਤੀ ਨਾਲ ਅੱਖਾਂ ਪੂੰਝ ਕੇ ਸੁਰਿੰਦਰ ਬਾਹਰ ਆਈ। ਭਾਵੇਂ ਉਹਨੇ ਆਪਣੀ ਇਸ ਹਾਲਤ ਨੂੰ ਲੁਕਾਉਣ ਦਾ ਬੜਾ ਯਤਨ ਕੀਤਾ, ਪਰ ਉਹ ਲੁਕਾ ਨਾ ਸਕੀ, ਰੋਈਆਂ ਹੋਈਆਂ ਅੱਖਾਂ ਗੁਝੀਆਂ ਨਾ ਰਹੀਆਂ। ਹਰਭਜਨ ਨੇ ਉਸ ਨੂੰ ਸਿਰ ਤੋਂ ਪੈਰਾਂ ਤੱਕ ਗਹੁ ਨਾਲ ਵੇਖ ਕੇ ਬਿਨਾਂ ਕੁਝ ਪੁੱਛਿਆਂ ਦੱਸਿਆਂ ਕਹਿ ਦਿੱਤਾ, "ਜਾਹ, ਪੜ੍ਹ ਬਹਿ ਕੇ।"

ਦੋਵੇਂ ਵੱਖੋ-ਵੱਖ ਸੋਚਾਂ ਵਿਚ ਡੁੱਬ ਗਈਆਂ। ਸੁਰਿੰਦਰ ਦੇ ਅੰਦਰ ਤਾਂ ਇਕੋ ਸੀ, ਪਰ ਹਰਭਜਨ ਦੇ ਦਿਲ ਵਿਚ ਕਈ ਆਉਂਦੀਆਂ ਸਨ। ਜੋ ਕੁਛ ਉਹਨੇ ਵੇਖਿਆ ਸੁਣਿਆ ਸੀ, ਉਸ ਤੋਂ ਉਹਨੂੰ ਤਸੱਲੀ ਸੀ ਕਿ ਉਹਨਾਂ ਦਾ ਪ੍ਰੇਮ ਸੁੱਚਾ ਤੇ ਅੱਜ ਹੀ ਨਵੇਂ ਰੰਗ ਵਿਚ ਬਦਲਿਆ ਸੀ। ਪਿਛਲੇ ਪਹਿਰ ਤੱਕ ਉਹ ਦਿਲ ਨਾਲ ਫ਼ੈਸਲਾ ਨਾ ਕਰ ਸਕੀ, ਕਿ ਕੀ ਕਰੇ? ਉਹ ਸੋਚਦੀ, 'ਆਪਸ ਵਿਚ ਵਿਆਹ ਹੀ ਇਹਨਾਂ ਦਾ ਜੀਵਨ ਸੁਖੀ ਰੱਖ ਸਕੇਗਾ।' ਫਿਰ ਵਿਰੋਧੀ ਖ਼ਿਆਲ ਸਾਮ੍ਹਣੇ ਆ ਖਲੋਂਦੇ, 'ਸਾਡੇ ਮਾਪੇ ਨਹੀਂ ਮੰਨਣ ਲੱਗੇ। ਜੇ ਭਲਾ ਉਹ ਮੰਨ ਗਏ, ਤਾਂ ਗੁਰਨਾਮ ਦੀ ਸੱਸ ਤੇ ਮਾਲਕ? ਉਹ ਘਰੋਂ ਬੜੇ ਤਕੜੇ ਨੇ। ਤੇ ਮੈਂ? ਜਿੰਨਾ ਉਹਨਾਂ ਨੂੰ ਕਿਤੇ ਹੋਰਥੋਂ ਮਿਲ ਸਕਦਾ ਏ, ਮੈਂ ਨਹੀਂ ਦੇ ਸਕਦੀ। ਤੇ ਜੇ ਇਹ ਨਾ ਹੋਇਆ, ਤਾਂ ਸੁਰਿੰਦਰ ਦੀ ਜ਼ਿੰਦਗੀ? ਗੁਰਨਾਮ ਮੇਰਾ ਕਿਹਾ ਮੋੜਨ ਤਾਂ ਨਹੀਂ ਲੱਗੀ। ਪਰ ਮੈਂ ਮੂੰਹ ਪਾੜ ਕੇ ਉਹਨੂੰ ਕਿਵੇਂ ਆਖਾਂ?' ਇਹ ਵਿਚਾਰਾਂ ਨਾ ਉਹਦਾ ਖਹਿੜਾ ਛੱਡਦੀਆਂ ਸਨ ਤੇ ਨਾ ਉਹਦੀ ਬੇੜੀ ਕਿਸੇ ਬੰਨੇ ਲੱਗਣ ਦੇਂਦੀਆਂ ਸਨ। ਅੰਤ, ਦਿਲ ਨਾਲ ਕੋਈ ਪੱਕਾ ਫ਼ੈਸਲਾ ਕਰਕੇ ਉਹ ਉੱਠੀ ਤੇ ਬੂਹੇ ਲਾਗਲੀ ਬੈਠਕ ਵਿਚ ਜਾ ਕੇ ਗੁਰਨਾਮ ਨੂੰ ਚਿੱਠੀ ਲਿਖਣ ਲੱਗ ਪਈ :

"ਮੇਰੀ ਪਿਆਰੀ ਗੁਰਨਾਮ!

ਤੂੰ ਹੈਰਾਨ ਹੋਵੇਂਗੀ ਕਿ ਮੈਂ ਐਡੀ ਛੇਤੀ ਮਗਰੇ ਚਿੱਠੀ ਕਿਉਂ ਘੱਲ ਰਹੀ ਹਾਂ। ਇਸ ਦਾ ਪੂਰਾ ਉੱਤਰ ਮੈਂ ਆਪ ਵੀ ਨਹੀਂ ਜਾਣਦੀ। ਜੋ ਕੁਝ ਮੇਰੇ ਦਿਲ ਵਿਚ ਹੈ, ਉਹ ਤੈਨੂੰ ਦੱਸਣਾ ਚਾਹੁੰਦੀ ਹਾਂ। ਤੂੰ ਮੇਰੀ ਚਿੱਠੀ ਵੇਖਦਿਆਂ ਸਾਰ ਆ। ਸ਼ਾਇਦ ਏਸ ਤਰ੍ਹਾਂ ਕਿਸੇ ਦਾ ਜੀਵਨ ਬਰਬਾਦ ਹੋਣ ਤੋਂ ਬਚ ਜਾਏ। ਪਰਸੋਂ ਆ ਕੇ ਤੂੰ ਉਹ ਕੁਛ ਨਹੀਂ ਕਰ ਸਕੇਂਗੀ, ਜੋ ਭਲਕੇ ਆਉਣ ਨਾਲ ਹੋ ਸਕੇਗਾ। ਮੇਰੇ ਬੱਚੇ ਦੇ ਸਗਨ ਤੂੰ ਮੇਰੇ ਕੋਲੋਂ ਜਾ ਕੇ ਹੀ ਕਰੀਂ। ਮੈਨੂੰ ਭਰੋਸਾ ਹੈ ਕਿ ਤੂੰ ਮੇਰੇ ਪਿਆਰ ਦਾ ਸਦਕਾ ਸਵੇਰੇ ਹੀ ਮੇਰੇ ਕੋਲ ਅੱਪੜ ਜਾਵੇਂਗੀ।

ਸਤਿ ਸ੍ਰੀ ਅਕਾਲ।

ਤੇਰੀ ਹਰਭਜਨ"



WWW.SIKHBOOKCLUB.COM 

ਉਹਨੇ ਚਿੱਠੀ ਲਫ਼ਾਫ਼ੇ ਵਿਚ ਬੰਦ ਕਰ ਕੇ ਲਾਗੀ ਹੱਥ ਗੁਰਨਾਮ ਕੌਰ ਨੂੰ ਭੇਜ ਦਿੱਤੀ। ਗੁਰਨਾਮ ਨੇ ਦੋ ਤਿੰਨ ਵਾਰ ਚਿੱਠੀ ਪੜ੍ਹੀ; ਪਰ ਇਹਨਾਂ ਸਾਧਾਰਨ ਜਹੇ ਸ਼ਬਦਾਂ ਦਾ ਉਹ ਪੂਰਾ ਅਰਥ ਨਾ ਸਮਝ ਸਕੀ। ਉਹਨੇ ਆਪਣੇ ਪਤੀ ਨੂੰ ਚਿੱਠੀ ਦੇਂਦਿਆਂ ਕਿਹਾ, "ਹਰਭਜਨ ਦਾ ਇਸ ਤੋਂ ਕੀ ਭਾਵ ਏ?"

ਬੜੇ ਧਿਆਨ ਨਾਲ ਚਿੱਠੀ ਪੜ੍ਹ ਕੇ ਉਸ ਨੇ ਉੱਤਰ ਦਿੱਤਾ "ਉਸ ਦਾ ਭਾਵ? ਤੂੰ ਸਵੇਰੇ ਹੀ ਚਲੀ ਜਾਹ। ਤੇਰੇ ਆਏ ਬਿਨਾਂ ਸਾਕ ਦੀ ਕੋਈ ਵਿਚਾਰ ਨਹੀਂ ਹੋਵੇਗੀ। ਕੋਈ ਅਜਿਹੀ ਗੱਲ ਹੋਵੇ ਤਾਂ ਤੂੰ ਆਪਣੀ ਸਹੇਲੀ ਦੇ ਪਿਆਰ ਦੀ ਕਦਰ ਕਰੀਂ।"

ਚਿੱਠੀ ਭੇਜ ਕੇ ਵੀ ਹਰਭਜਨ ਉਹਨਾਂ ਸੋਚਾਂ ਤੋਂ ਛੁਟਕਾਰਾ ਨਾ ਪਾ ਸਕੀ। ਸਾਰੀ ਰਾਤ ਮਾਂਵਾਂ ਧੀਆਂ ਜਾਗਦੀਆਂ ਕੱਟੀ। ਦਿਨ ਚੜ੍ਹਿਆ। ਜਿਉਂ ਜਿਉਂ ਸੂਰਜ ਉੱਚਾ ਆਉਂਦਾ ਜਾਂਦਾ, ਹਰਭਜਨ ਦਾ ਦਿਲ ਉਡੀਕ ਵਿਚ ਕਾਹਲਾ ਪੈਂਦਾ ਜਾਂਦਾ। ਅੰਤ ਇਹਨਾਂ ਲੰਮੀਆਂ ਘੜੀਆਂ ਦਾ ਅੰਤ ਹੋਇਆ। ਬੂਹਿਓਂ ਮੁੜਦੀ ਗੁਰਨਾਮ ਦਿੱਸੀ। ਦੋਵੇਂ ਸਹੇਲੀਆਂ ਗਲਵੱਕੜੀ ਪਾ ਕੇ ਮਿਲੀਆਂ। ਇਕ ਦੇ ਚਿਹਰੇ 'ਤੇ ਖ਼ੁਸ਼ੀ ਸੀ ਤੇ ਇਕ ਕਿਸੇ ਡੂੰਘੀ ਸੋਚ ਵਿਚ ਡੁੱਬੀ ਹੋਈ ਸੀ। ਸੁਰਿੰਦਰ ਵੀ ਆਪਣੀ ਮਾਸੀ ਨੂੰ ਮਿਲੀ, ਪਰ ਸੰਗਦੀ ਸੰਗਦੀ। ਮੰਜੇ 'ਤੇ ਬਹਿੰਦਿਆਂ ਗੁਰਨਾਮ ਬੋਲੀ, 'ਹਰਭਜਨ! ਤੇਰੀ ਚਿੱਠੀ ਨੇ ਮੈਨੂੰ ਫ਼ਿਕਰ ਪਾ ਦਿੱਤਾ। ਮੈਂ ਸੋਚਾਂ, ਖ਼ਬਰੇ ਕੀ ਅਜਿਹੀ ਗੱਲ ਏ? ਤੂੰ ਮੈਨੂੰ ਏਥੇ ਈ ਕਿਉਂ ਨਾ ਦੱਸਿਆ?"

"ਚੰਗਾ ਹੋਇਆ, ਤੂੰ ਆ ਗਈ। ਮੈਂ ਹੁਣ ਸਭ ਕੁਛ ਦੱਸਦੀ ਆਂ। ਆਪਾਂ ਜ਼ਰਾ ਬੈਠਕ ਵਿਚ ਚਲੀਆਂ ਚੱਲੀਏ।"

ਦੋਵੇਂ ਸਹੇਲੀਆਂ ਬੈਠਕ ਵਿਚ ਜਾ ਬੈਠੀਆਂ। ਹਰਭਜਨ ਨੇ ਜੋ ਕੁਛ ਵੇਖਿਆ ਸੁਣਿਆ ਸੀ, ਹਰਪਾਲ ਤੇ ਸੁਰਿੰਦਰ ਬਾਰੇ ਸਭ ਕੁਛ ਜਿਉਂ ਦਾ ਤਿਉਂ ਦੱਸ ਦਿੱਤਾ। ਪਿੱਛੋਂ ਅੱਠ ਪਹਿਰ ਸੁਰਿੰਦਰ ਨੇ ਜਿਵੇਂ ਕੱਟੇ ਸਨ, ਉਹ ਵੀ ਆਖ ਸੁਣਾਇਆ। ਉਹ ਨੀਂਵੀਂ ਪਾਈ ਸਭ ਕੁਛ ਕਹੀ ਗਈ। ਉਹਦਾ ਦਿਲ ਕੰਬ ਰਿਹਾ ਸੀ ਤੇ ਲੱਜਿਆ ਨਾਲ ਸਿਰ ਝੁਕਿਆ ਹੋਇਆ ਸੀ। ਗੁਰਨਾਮ ਦਾ ਦਿਲ ਸਹੇਲੀ ਦੇ ਗ਼ਮ ਵਿਚ ਡੁੱਬਾ ਹੋਇਆ ਸੀ। ਜਦ ਉਹਦੇ ਸੋਚਣ ਦੀ ਵਾਰੀ ਆਈ ਤਾਂ ਉਹਨੂੰ ਆਪਣੇ ਪਤੀ ਦਾ ਪਿਛਲਾ ਵਾਕ ਯਾਦ ਆ ਗਿਆ, "ਤੂੰ ਆਪਣੀ ਸਹੇਲੀ ਦੇ ਪਿਆਰ ਦੀ ਕਦਰ ਕਰੀਂ"। ਇਸ ਗੱਲ ਨੇ ਉਹਦੀ ਸਾਰੀ ਚਿੰਤਾ ਦੂਰ ਕਰ ਦਿੱਤੀ। ਨਾਲ ਹੀ ਉਹਨੂੰ ਬਚਪਨ ਚੇਤੇ ਆ ਗਿਆ। ਉਹ ਜ਼ਰਾ ਕੁ ਸ਼ਰਾਰਤੀ ਲਹਿਜੇ ਵਿਚ ਬੋਲੀ, "ਕੁੜੇ ਭਜੀ! ਤੂੰ ਐਡੀ ਸ਼ਰਮਾਕਲ ਕਦੋਂ ਦੀ ਬਣ ਗਈ ਏਂ? ਅੱਖਾਂ ਸਿੱਧੀਆਂ ਕਰਕੇ ਮੇਰੇ ਨਾਲ ਗੱਲ ਕਰ। ਨਹੀਂ ਤਾਂ ਮੈਂ ਕੁਛ ਨਹੀਂ ਸੁਣਦੀ।" ਤੇ ਉਹਨੇ ਹਰਭਜਨ ਨੂੰ ਜੱਫੀ ਵਿਚ ਲੈ ਲਿਆ।



WWW.SIKHBOOKCLUB.COM 

ਦੋਵੇਂ ਸਹੇਲੀਆਂ ਹੱਸ ਪਈਆਂ। ਇਹ ਹਾਸਾ ਵੀ ਹਰਭਜਨ ਦੀ ਲੱਜਿਆ ਦੂਰ ਨਾ ਕਰ ਸਕਿਆ। ਉਹਦਾ ਹੱਥ ਫੜ ਕੇ ਗੁਰਨਾਮ ਬਾਹਰ ਆ ਬੈਠੀ। ਸੁਰਿੰਦਰ ਨੂੰ ਗੋਦ ਵਿਚ ਲੈ ਕੇ ਉਹ ਹਰਭਜਨ ਨੂੰ ਸੰਬੋਧਨ ਕਰਕੇ ਬੋਲੀ, "ਵੇਖ੍ਹਾਂ! ਮੇਰੀ ਕੁੜੀ ਨੂੰ ਰੁਆ ਰੁਆ ਕੇ ਮਾਰਿਆ ਸੂ। ਕਿੱਡੀ ਨਿਰਦਈ ਏ। ਮੈਂ ਤੀਜੇ ਦਿਨ ਨੂੰ ਆਵਾਂਗੀ ਤੇ ਆਪਣੀ ਬੱਚੀ ਵਾਸਤੇ ਬੜੀ ਚੰਗੀ ਚੀਜ਼ ਲਿਆਵਾਂਗੀ, ਜਿਹੜੀ ਇਹਨੂੰ ਸਾਰੀ ਦੁਨੀਆ ਨਾਲੋਂ ਚੰਗੀ ਲੱਗੇ।"

ਅੰਨ ਪਾਣੀ ਛੱਕ ਕੇ ਗੁਰਨਾਮ ਓਸੇ ਵੇਲੇ ਵਾਪਸ ਮੁੜ ਗਈ। ਉਹਦਾ ਪਤੀ ਤੇ ਸੱਸ ਏਸ ਗੱਲ ਨੂੰ ਬੜੀ ਖ਼ੁਸ਼ੀ ਨਾਲ ਮੰਨ ਗਏ। ਹਰਪਾਲ ਦੇ ਕੰਨਾਂ ਵਿਚ ਸੂੰਧਕ ਪਈ, ਤਾਂ ਉਹਦਾ ਦਿਲ ਖ਼ੁਸ਼ੀ ਨਾਲ ਨੱਚ ਉਠਿਆ। ਵੇਖਣ ਆਏ ਹੋਏ ਲਾਗੀ ਨੂੰ ਜਵਾਬ ਦੇ ਦਿੱਤਾ ਗਿਆ। ਕੀਤੇ ਹੋਏ ਬਚਨ ਮੁਤਾਬਿਕ ਤਿੱਜੇ ਦਿਨ ਗੁਰਨਾਮ ਆਪਣੇ ਪਤੀ ਨੂੰ ਨਾਲ ਲੈ ਕੇ ਫਿਰ ਹਰਭਜਨ ਕੋਲ ਆ ਗਈ। ਆਉਂਦਿਆਂ ਹੀ ਗੁਰਦੇਵ ਸਿੰਘ (ਗੁਰਨਾਮ ਦਾ ਪਤੀ) ਨੇ ਹੱਸਦਿਆਂ ਹੱਸਦਿਆਂ ਕਿਹਾ, "ਬੀਬੀ ਹਰਭਜਨ! ਆਹਰ ਪਾਹਰ ਕਰੋ। ਅਸੀਂ ਅੱਜ ਤੁਹਾਡੇ ਪਰਾਹੁਣੇ ਆਂ।"

"ਜੀ ਆਇਆਂ ਨੂੰ। ਧੰਨ ਭਾਗ ਮੇਰੇ, ਜੇ ਤੁਸਾਂ ਸੇਵਾ ਬਖਸ਼ੀ ਏ ਤਾਂ!" ਹਰਭਜਨ ਬੜੇ ਆਦਰ ਨਾਲ ਅੱਗੋਂ ਉੱਠ ਕੇ ਮਿਲੀ। ਉਹਦੇ ਚਿਹਰੇ 'ਤੇ ਖ਼ੁਸ਼ੀ ਝਲਕ ਰਹੀ ਸੀ।

"ਇਕ ਦਿਨ ਨਹੀਂ, ਹੁਣ ਨਿੱਤ ਸੇਵਾ ਬਖ਼ਸ਼ਿਆ ਕਰਾਂਗੇ।" ਗੁਰਦੇਵ ਸਿੰਘ ਨੇ ਪੱਕੇ ਦਾਈਏ ਨਾਲ ਕਿਹਾ।

ਰਸਮੀ ਸੁੱਖ ਸਾਂਦ ਪਿੱਛੋਂ ਵਿਹਾਰ ਦੀਆਂ ਗੱਲਾਂ ਸ਼ੁਰੂ ਹੋਈਆਂ। ਗੁਰਦੇਵ ਸਿੰਘ ਨੇ ਦੋਹਾਂ ਪਰਿਵਾਰਾਂ ਨੂੰ 'ਕੱਠਿਆਂ ਕਰਕੇ ਸੁਰਿੰਦਰ ਤੇ ਹਰਪਾਲ ਦੇ ਸਾਕ ਦੀ ਗੱਲ ਹਿਲਾਈ। ਉਹਨੇ ਅਜਿਹੀ ਚਾਤਰੀ ਨਾਲ ਆਪਣਾ ਮਤਲਿਬ ਦੱਸਿਆ, ਕਿ ਕੋਈ ਵੀ ਵਿਰੋਧ ਨਾ ਕਰ ਸਕਿਆ। ਫ਼ੈਸਲਾ ਹੋ ਗਿਆ। ਰਾਤ ਗੁਰਨਾਮ ਤੇ ਗੁਰਦੇਵ ਸਿੰਘ ਓਧਰੇ ਰਹੇ। ਅਗਲੇ ਦਿਨ ਗੁਰਦੇਵ ਸਿੰਘ ਨੇ ਆਪਣੇ ਹੱਥੀਂ ਸੁਰਿੰਦਰ ਦੇ ਹੱਥ 'ਤੇ ਰੁਪਈਏ ਧਰ ਕੇ ਕਿਹਾ, 'ਹੁਣ ਮੈਂ ਤੈਨੂੰ ਆਪਣੀ ਧੀ ਬਣਾ ਲਿਆ ਏ। ਤੈਨੂੰ ਹਰਭਜਨ ਕਦੇ ਝਿੜਕੇ, ਤਾਂ ਮੈਨੂੰ ਦੱਸੀਂ।"

ਸੁਰਿੰਦਰ ਗੁਰਨਾਮ ਦੀ ਗੋਦ ਵਿਚ ਸਿਰ ਨੀਵਾਂ ਕਰੀ ਬੈਠੀ ਸੀ। ਗੁਰਨਾਮ ਨੇ ਪਿਆਰ ਨਾਲ ਉਹਦਾ ਮੱਥਾ ਚੁੰਮ ਲਿਆ।

ਬਾਹਰ ਤੋਰਨ ਗਏ ਤਾਂ ਹਰਭਜਨ ਨੇ ਗੁਰਨਾਮ ਦੇ ਪੈਰੀਂ ਹੱਥ ਲਾ ਦਿੱਤਾ। ਮਗਰਲੀ ਨੇ ਛੇਤੀ ਨਾਲ ਪਹਿਲੀ ਦਾ ਹੱਥ ਫੜ ਲਿਆ ਤੇ ਪਿਆਰ ਭਰੀ ਝਿੜਕ ਦੇ ਕੇ ਕਿਹਾ, "ਕੁੜੇ, ਇਹ ਕੀ? ਐਡੀ ਛੇਤੀ ਸਹੇਲੀ ਵਾਲਾ ਸਾਕ ਟੁੱਟ ਗਿਆ?"



WWW.SIKHBOOKCLUB.COM 

"ਨਹੀਂ। ਮੈਂ ਕਿਹਾ, ਮੇਰੀ ਗੁਰਨਾਮ ਦਾ ਇਕੋ ਇਕ ਲਾਲ ਏ। ਉਹਦੇ ਦਿਲ ਵਿਚ ਸੱਧਰ ਨਾ ਰਹੇ ਕਿ ਮੇਰੇ ਪੈਰੀਂ ਹੱਥ ਕਿਸੇ ਨਾ ਲਾਇਆ।" ਹਰਭਜਨ ਨੇ ਹੱਸਦਿਆਂ ਹੱਸਦਿਆਂ ਉੱਤਰ ਦਿੱਤਾ।

## ੧੦

ਗੰਡਾ ਸਿੰਘ ਦਾ ਅਸਲੀ ਰੂਪ ਤੇ ਸੁਭਾਅ ਬਹੁਤਾ ਚਿਰ ਚੰਦੋ ਤੋਂ ਲੁਕੇ ਨਾ ਰਹੇ। ਉਹ ਇਹ ਵੀ ਜਾਣ ਗਈ ਕਿ ਇਹ ਕਾਠ ਦਾ ਘੋੜਾ ਹੁਣ ਅਫ਼ੀਮ ਦੇ ਆਸਰੇ ਹੀ ਚੱਲ ਰਿਹਾ ਹੈ। ਜਿਉਂ ਜਿਉਂ ਨਵੇਂ ਵਿਆਹ ਦਾ ਚਾਅ ਪੁਰਾਣਾ ਹੁੰਦਾ ਗਿਆ, ਗੰਡਾ ਸਿੰਘ ਦੇ ਅੰਦਰ ਸਾੜਾ ਵਧਦਾ ਗਿਆ। ਬੁਢਾਪੇ ਦੀ ਦੌਲਤ ਹੀ ਝੋਰੇ ਤੇ ਸਾੜੇ ਹਨ। ਹੁਣ ਉਹ ਥੋੜ੍ਹੀ ਥੋੜ੍ਹੀ ਗੱਲੋਂ ਚੰਦੋ ਨਾਲ ਕੌੜੀਆਂ ਕਸੈਲੀਆਂ ਕਰਨ ਲੱਗ ਪੈਂਦਾ ਸੀ। ਉਹਨੂੰ ਗਾਲ੍ਹਾਂ ਕੱਢਣ ਦੀ ਆਦਤ ਸੀ, ਪਰ ਚੰਦੋ ਨੂੰ ਸੁਣਨ ਦੀ ਨਹੀਂ ਸੀ। ਕਈ ਵਾਰ ਦੋ ਦੋ ਦਿਨ ਰੁੱਸਿਆਂ ਨੂੰ ਲੰਘ ਜਾਂਦੇ। ਇਹ ਰੋਸਾ ਚੁੱਪ ਕੀਤਾ ਹੁੰਦਾ, ਤਾਂ ਚੰਦੋ ਨੂੰ ਕੋਈ ਵਧੇਰੇ ਦੁੱਖ ਨਾ ਵਾਪਰਦਾ। ਪਰ ਰੁਸੇਵੇਂ ਵਿਚ ਮਨੇਵੇਂ ਨਾਲੋਂ ਵੀ ਬਹੁਤੇ ਤਾਹਨੇ ਮਿਹਣੇ ਹੁੰਦੇ ਸਨ। ਰੁੱਸ ਰੁੱਸ ਕੇ ਮੰਨਣਾ ਜੁਆਨੀ ਦਾ ਗੁਣ ਹੈ, ਬੁਢਾਪੇ ਦਾ ਮਨੇਵਾਂ ਜੋਬਨ ਦੇ ਰੁਸੇਵੇਂ ਵਰਗਾ ਤੇ ਰੁਸੇਵਾ ਨਰਕਾਂ ਦੇ ਵਸੇਬੇ ਵਰਗਾ ਹੁੰਦਾ ਹੈ।

ਗੰਡਾ ਸਿੰਘ ਦੀ ਛੋਟੀ ਲੜਕੀ-ਜੀਤੋ—ਬੜੀ ਚੁੜੀਤੀ ਸੀ। ਉਹ ਲੜਾਕੀ, ਅਮੋੜ ਤੇ ਬੜਬੋਲੀ ਸੀ। ਜਿੰਨਾ ਚਿਰ ਉਹ ਗਲੀ ਦੀਆਂ ਦੋਂਹ ਚੌਂਹ ਕੁੜੀਆਂ ਨਾਲ ਨਾ ਲੜ ਲੈਂਦੀ, ਉਹਨੂੰ ਰੋਟੀ ਨਾ ਪਚਦੀ। ਕਿਸੇ ਵੱਡੇ ਛੋਟੇ ਨੂੰ ਗਾਲ੍ਹ ਕੱਢ ਦੇਣੀ ਉਹਦੇ ਵਾਸਤੇ ਸਾਧਾਰਨ ਕੰਮ ਸੀ। ਮਤੇਈ ਮਾਂ ਨੂੰ ਉਹ ਡੈਣ ਨਾਲੋਂ ਘੱਟ ਨਹੀਂ ਸੀ ਸਮਝਦੀ। ਚੰਦੋ ਉਹਨੂੰ 'ਬੀਬੀ ਜੀ' ਕਹਿ ਕੇ ਬੁਲਾਉਂਦੀ, ਤਾਂ ਉਹ ਮੱਥੇ 'ਤੇ ਸੱਤ ਵੱਟ ਪਾ ਕੇ 'ਕਿਉਂ?' ਵਿਚ ਉੱਤਰ ਦੇਂਦੀ। ਚੰਦੋ ਸਿੱਧੀ ਵੀ ਕਹਿੰਦੀ, ਤਾਂ ਉਹ ਪੁੱਠੀ ਸਮਝਦੀ। ਉਹ ਸਾਰਾ ਸਾਰਾ ਦਿਨ ਬਾਹਰ ਖੇਡਦੀ ਰਹਿੰਦੀ ਤੇ ਜਦੋਂ ਘਰ ਆਉਂਦੀ, ਚੰਦੋ ਨਾਲ ਲੜਨ ਲੱਗ ਪੈਂਦੀ। ਪਿੱਛੋਂ ਗੰਡਾ ਸਿੰਘ ਆਏ ਕੋਲ ਫ਼ਰਯਾਦ ਲਾ ਕੇ ਉਹ ਚੰਦੋ ਨੂੰ ਝਿੜਕਾਂ ਗਾਲ੍ਹਾਂ ਪੁਆ ਦੇਂਦੀ। ਵਿਚਾਰੀ ਚੰਦੋ ਡਰਦੀ ਉਹਨੂੰ ਹੂੰ ਦੀ ਹਾਂ ਨਾ ਕਹਿੰਦੀ।

ਗੰਡਾ ਸਿੰਘ ਦੀ ਸਾਰੀ ਔਲਾਦ ਵਿਚੋਂ ਸੂਰਤ ਹੀ ਚੰਗਾ ਸੀ। ਉਹ ਤੇਰਾ-ਕੁ ਸਾਲ ਦਾ ਬੜਾ ਰੂਪਵਾਨ ਲੜਕਾ ਸੀ। ਸੂਰਤ ਵਾਂਗ ਉਹਦਾ ਸੁਭਾਅ ਵੀ ਸੋਹਣਾ ਸੀ। ਇਹ ਦੋਵੇਂ ਗੁਣ ਉਹਨੇ ਆਪਣੀ ਮਾਂ ਕੋਲੋਂ ਵਿਰਸੇ ਵਿਚ ਲਏ ਸਨ। ਵੇਖਣ ਵਿਚ ਉਹ ਬਹੁਤ ਬੀਬਾ ਮਾਲੂਮ ਹੁੰਦਾ ਸੀ। ਉਹਦਾ ਰੰਗ ਲਾਲ ਭਾਹ ਦਾ ਗੋਰਾ ਤੇ



WWW.SIKHBOOKCLUB.COM 

ਨਕਸ਼ ਸੁੰਦਰ ਸਨ। ਉਹਦੇ ਚਿਹਰੇ 'ਤੇ ਹਰ ਵੇਲੇ ਦਿਲ-ਖਿੱਚਵੀਂ ਮੁਸਕਰਾਹਟ ਰਹਿੰਦੀ ਸੀ। ਗੱਲਾਂ ਕਰਨ ਲੱਗਾ ਉਹ ਹੱਸਦਾ ਰਹਿੰਦਾ ਸੀ। ਸਾਰੇ ਟੱਬਰ ਵਿਚੋਂ ਚੰਦੋ ਨੂੰ ਓਹਾ ਪਿਆਰਾ ਲੱਗਦਾ ਸੀ। ਉਹਨੂੰ ਆਈ ਨੂੰ ਦੋ ਮਹੀਨੇ ਹੋ ਗਏ ਸਨ, ਪਰ ਸੂਰਤ ਐਨਾ ਸੰਗਾਊ ਸੀ ਕਿ ਉਹਦੇ ਨਾਲ ਅੱਜ ਤੱਕ ਬੋਲਿਆ ਨਹੀਂ ਸੀ।

ਚੰਦੋ ਦੇ ਅੰਦਰ ਬੜੀ ਭੁੱਖ ਸੀ ਕਿ ਸੂਰਤ ਉਹਨੂੰ ਪਿਆਰ ਨਾਲ ਬੁਲਾਵੇ। ਦੋਹਾਂ ਦੀ ਉਮਰ ਵਿਚ ਮਸ੍ਹਾਂ ਤਿੰਨ ਚਾਰ ਸਾਲ ਦਾ ਫ਼ਰਕ ਸੀ। ਉਹ ਉਹਦੇ ਨਾਲ ਹੱਸਣਾ ਖੇਡਣਾ ਤੇ ਲਾਡ ਕਰਨਾ ਚਾਹੁੰਦੀ ਸੀ। ਉਹ ਉਹਨੂੰ ਪੁੱਤਰ ਕਹਿਣੋਂ ਸੰਗਦੀ ਸੀ, ਪਰ ਹੋਰ ਕੁਝ ਕਹਿਕੇ ਵੀ ਨਹੀਂ ਬੁਲਾ ਸਕਦੀ ਸੀ। ਉਹਦਾ ਪਿਆਰ ਨਿਸ਼ਕਾਮ ਤੇ ਵਾਸ਼ਨਾ ਰਹਿਤ ਸੀ। ਉਹ ਉਸਨੂੰ ਚਾਹੁੰਦੀ ਸੀ, ਪਰ ਉਸ ਕੋਲੋਂ ਚਾਹੁੰਦੀ ਕੁਛ ਨਹੀਂ ਸੀ। ਜਦ ਉਹ ਵਿਹੜੇ ਵਿਚ ਆ ਜਾਂਦਾ, ਉਹ ਉਹਦੇ ਵੱਲੋਂ ਵਿੰਹਦੀ ਨਾ ਰੱਜਦੀ। ਪਿੰਜਰੇ ਵਿਚ ਬੰਦ ਬੁਲਬੁਲ ਗਮਲੇ ਦੇ ਫੁੱਲ ਵੱਲ ਵੇਖ-ਵੇਖ ਹੀ ਮਨ ਦੇ ਚਾਅ ਪੂਰੇ ਕਰਦੀ ਰਹਿੰਦੀ ਹੈ।

ਸੂਰਤ, ਜੀਤੋ ਕੋਲੋਂ ਹੀ ਰੋਟੀ ਪਾਣੀ ਮੰਗਦਾ ਸੀ। ਕਦੇ ਜੀਤੋ ਘਰ ਨਾ ਹੋਵੇ, ਤਾਂ ਉਹਨੇ ਆਪੇ ਹੀ ਰੋਟੀ ਲੈ ਲੈਣੀ ਤੇ ਖਾ ਕੇ ਬਾਹਰ ਨੂੰ ਚੱਲੇ ਜਾਣਾ। ਇਕ ਦਿਨ ਚੰਦੋ ਨੇ ਰੋਟੀਆਂ ਵਾਲੀ ਚੰਗੇਰ ਲੁਕਾ ਛੱਡੀ। ਲੌਹਡੇ ਵੇਲੇ ਸੂਰਤ ਬਾਹਰੋਂ ਮਾਲ ਚਾਰਦਾ ਆਇਆ। ਉਹ ਅੰਦਰ ਬਾਹਰ ਰੋਟੀਆਂ ਭਾਲ ਕੇ, ਨਿੰਮੋਝੂਣਾ ਹੋ ਕੇ ਸੁਫੇ ਵਿਚ ਮੰਜੇ 'ਤੇ ਜਾ ਬੈਠਾ। ਪਲ-ਕੁ ਤਾਂ ਚੰਦੋ ਬੈਠੀ ਉਹਦੇ ਮੂੰਹ ਵੱਲੋਂ ਵਿੰਹਦੀ ਰਹੀ, ਪਰ ਜਦ ਉਹ ਰੋਟੀ ਮੰਗਣ ਵਾਸਤੇ ਵੀ ਨਾ ਬੋਲਿਆ, ਤਾਂ ਚੰਦੋ ਆਪ ਉੱਠ ਕੇ ਉਹਦੇ ਕੋਲ ਜਾ ਪਹੁੰਚੀ। ਸਰ੍ਹਾਣੇ ਵੱਲੇ ਬਹਿ ਕੇ ਉਹਨੇ ਸੂਰਤ ਨੂੰ ਬਾਂਹੀਂ ਵਿਚ ਲੈ ਲਿਆ। ਉਹ ਬੱਚਿਆਂ ਵਾਂਗ ਮਾਂ ਦੀ ਗੋਦੀ ਵਿਚ ਲੇਟ ਗਿਆ। ਚੰਦੋ ਨੇ ਲਾਡ ਨਾਲ ਉਹਦਾ ਮੱਥਾ ਚੁੰਮ ਲਿਆ ਤੇ ਕਲੇਜੇ ਨਾਲ ਘੁੱਟ ਕੇ ਬੋਲੀ, "ਬੱਲੀ! ਤੂੰ ਮੇਰੇ ਨਾਲ ਬੋਲਦਾ ਕਿਉਂ ਨਹੀਂ? ਮੈਂ ਤੈਨੂੰ ਬੁਰੀ ਲੱਗਦੀ ਆਂ? ਜਾਂ ਤੂੰ ਆਪਣੇ-ਆਪ ਵਿਚ ਹੀ ਸੰਗਦਾ ਰਹਿੰਦਾ ਏਂ?"

ਉਹ ਮੂੰਹੋਂ ਤਾਂ ਕੁਛ ਨਾ ਬੋਲਿਆ, ਪਰ ਉਹਦੇ ਬੁੱਲ੍ਹਾਂ ਉੱਤੇ ਆਈ ਹੋਈ ਮੁਸਕਰਾਹਟ ਤੇ ਖ਼ੁਸ਼ੀ ਵਿਚ ਧੜਕਦਾ ਦਿਲ ਬਹੁਤ ਕੁਛ ਕਹਿ ਰਹੇ ਸਨ। ਉਹਨੂੰ ਇਉਂ ਭਾਸ ਰਿਹਾ ਸੀ, ਜਿਵੇਂ ਉਹਦੀ ਆਪਣੀ ਮਾਂ ਉਹਨੂੰ ਇਕ ਵਾਰ ਲਾਡ ਲਡਾਉਣ ਵਾਸਤੇ ਸੁਰਗਾਂ 'ਚੋਂ ਪਰਤ ਆਈ ਹੋਵੇ। ਚੰਦੋ ਨੇ ਉਹਨੂੰ ਦੁਬਾਰਾ ਛਾਤੀ ਨਾਲ ਘੁੱਟ ਕੇ ਕਿਹਾ, "ਲੈ ਖਾਂ, ਮੈਂ ਆਪਣੇ ਲਾਲ ਨੂੰ ਰੋਟੀ ਲਿਆ ਕੇ ਦਿਆਂ।"

ਥਾਲ ਵਿਚ ਰੋਟੀ ਤੇ ਦੁੱਧ ਦਾ ਛੰਨਾ ਚੰਦੋ ਨੇ ਸੂਰਤ ਦੇ ਅੱਗੇ ਲਿਆ ਰਖਿਆ। ਉਹ ਰੋਟੀ ਖਾਣ ਲੱਗ ਪਿਆ ਤੇ ਉਹ ਚਮਚੇ ਨਾਲ ਦੁੱਧ ਵਿਚ ਮਿੱਠਾ ਘੋਰਨ ਲੱਗ



WWW.SIKHBOOKCLUB.COM 

ਪਈ। ਖੱਬੇ ਹੱਥ ਨਾਲ ਸੂਰਤ ਦੀ ਠੋਡੀ ਜ਼ਰਾ ਉਤਾਂਹ ਕਰਕੇ ਚੰਦੋ ਬੋਲੀ, "ਦੁੱਧ ਵਿਚ ਮਿੱਠਾ ਵੇਖ ਦਿਆਂ? ਘੱਟ ਨਾ ਹੋਵੇ।"

ਸੂਰਤ ਨੇ ਹੱਸ ਕੇ 'ਹਾਂ' ਵਿਚ ਸਿਰ ਹਿਲਾ ਦਿੱਤਾ। ਚੰਦੋ ਨੇ ਦੁੱਧ ਵਿਚੋਂ ਘੁੱਟ ਭਰ ਕੇ ਕਿਹਾ, "ਬਹੁਤ ਮਿੱਠਾ। ਮੈਂ ਅੱਧਾ ਪੀ ਲਵਾਂ?"

ਐਦਕੀਂ ਸਾਰਾ ਜ਼ੋਰ ਲਾ ਕੇ ਸੂਰਤ ਨੇ ਦੋ ਅੱਖਰ ਮੂੰਹੋਂ ਕੱਢੇ, "ਪੀ ਲੈ।"

ਚੰਦੋ ਦਾ ਅੰਦਰ ਬਾਹਰ ਖੁਸ਼ੀ ਨਾਲ ਭਰ ਗਿਆ। ਪਲ ਦਾ ਪਲ ਉਹਨੂੰ ਆਪਣੀ ਅਵਸਥਾ ਦੀ ਵੀ ਹੋਸ਼ ਨਾ ਰਹੀ। ਉਹਨੇ ਦੋ ਘੁੱਟਾਂ ਭਰ ਲਈਆਂ। ਉਹਦੇ ਦਿਲ ਦੀ ਡੂੰਘੀ ਤਹਿ ਵਿਚ ਬੈਠੀ ਹਰਬੰਸੋ ਕਹਿ ਰਹੀ ਸੀ, 'ਜੁਆਨੀ ਦੇ ਬੁੱਲ੍ਹਾਂ ਨਾਲ ਲੱਗ ਕੇ ਦੁੱਧ ਮਿੱਠਾ ਹੋ ਜਾਂਦਾ ਏ।' ਚੰਦੋ ਦੀ ਆਤਮਾ ਨੂੰ ਇਕੋ ਵਾਰ ਧੱਕਾ ਲੱਗਾ। ਉਹ ਜਿਵੇਂ ਸੁੱਤੀ ਹੋਈ ਜਾਗ ਉੱਠੀ। ਉਹਨੂੰ ਭੁੱਲਿਆ ਹੋਇਆ ਆਪਣਾ-ਆਪ ਚੇਤੇ ਆ ਗਿਆ। ਵਰਤਮਾਨ ਹਾਲਤ ਉਹਦੀਆਂ ਅੱਖਾਂ ਅੱਗੇ ਫਿਰਨ ਲੱਗੀ। ਸੂਰਤ ਨੂੰ ਸਾਹਮਣੇ ਵੇਖ ਕੇ ਕਿਸੇ ਦੀ ਆਤਮਾ ਉਹਦੇ ਅੰਦਰੋਂ ਬੋਲ ਉੱਠੀ, "ਮੇਰੇ ਛਿੰਦੇ ਨੂੰ ਭੁੱਖ ਲੱਗੀ ਏ? ਪੀ. ਲੈ-ਮੇਰਾ ਲਾਲ-ਦੁੱਧੂ।"

ਇਹ ਵਾਕ ਪਿਆਰ ਵਿਚ ਏਨੇ ਭਿੱਜੇ ਹੋਏ ਸਨ ਕਿ ਸੂਰਤ ਨੂੰ ਮਰੀ ਹੋਈ ਮਾਂ ਚੇਤੇ ਆ ਗਈ। ਭੁੱਲੀਆਂ ਹੋਈਆਂ ਯਾਦਾਂ ਪਾਣੀ ਬਣ ਕੇ ਨੇਤਰਾਂ ਵਿਚ ਡਲ੍ਹਕ ਆਈਆਂ। ਉਹਦੀਆਂ ਅੱਖਾਂ ਵਿਚ ਹੰਝੂ ਤੇ ਬੁੱਲ੍ਹਾਂ ਉੱਤੇ ਮੁਸਕਰਾਹਟ ਸੀ। ਉਹ ਚੰਦੋ ਦੀ ਗੋਦ ਵਿਚ ਬੈਠਾ ਉਹਦਾ ਜੂਠਾ ਦੁੱਧ ਪੀ ਰਿਹਾ ਸੀ। ਚੰਦੋ ਵੀ ਆਸ ਤੋਂ ਵੱਧ ਪਿਆਰ ਪ੍ਰਾਪਤ ਕਰਕੇ ਉਸ ਵੇਲੇ ਸੁਰਗ ਵਿਚ ਪਹੁੰਚੀ ਹੋਈ ਸੀ। ਚੰਦ ਵਿਚ ਤਾਂ ਦਾਗ਼ ਹਨ, ਪਰ ਚੰਦੋ ਦਾ ਦਿਲ ਬਿਲਕੁੱਲ ਸਾਫ਼ ਸੀ।

ਉਸ ਤੋਂ ਪਿੱਛੋਂ ਸੂਰਤ ਉਹਨੂੰ ਹਰ ਵੇਲੇ 'ਚਾਚੀ ਜੀ, ਚਾਚੀ ਜੀ', ਕਰਦਾ ਰਹਿੰਦਾ ਸੀ।

## ੧੧

ਕਰਾੜਾ ਰੋਟੀ ਵੇਲਾ ਹੋ ਗਿਆ, ਪਰ ਅਜੇ ਜੀਤੋ ਘਰ ਨਾ ਮੁੜੀ। ਗੰਡਾ ਸਿੰਘ ਸਵੇਰ ਦਾ ਚਾਹ ਪੀਂਦਾ ਹੀ ਪਟਵਾਰੀ ਵੱਲੇ ਗਿਆ ਹੋਇਆ ਸੀ। ਸੂਰਤ ਵੀ ਰੋਟੀ ਖਾ ਕੇ ਮਹੀਂ ਛੱਡ ਕੇ ਲੈ ਗਿਆ। ਚੰਦੋ ਨੇ ਚੌਂਕਾ ਭਾਂਡਾ ਸਾਂਭ ਲਿਆ, ਪਰ ਅਜੇ ਜੀਤੋ ਨਹੀਂ ਸੀ ਆਈ। ਚੰਦੋ ਚਰਖਾ ਲੈ ਕੇ ਪੂਣੀ ਕੱਤਣ ਬੈਠੀ ਹੀ ਸੀ ਜਾਂ ਜੀਤੋ ਬਾਹਰੋਂ ਆ ਗਈ। ਉਹ ਚੌਂਕੇ ਦੀ ਕੰਧ ਨਾਲ ਲੱਗ ਕੇ ਖਲੋ ਗਈ। ਉਹਦੇ ਮੱਥੇ ਉੱਤੇ ਤਿਉੜੀਆਂ ਪਈਆਂ ਹੋਈਆਂ ਸਨ। ਚੰਦੋ ਨੇ ਕਿਹਾ, "ਬੀਬੀ, ਘਰ ਔਣ ਦਾ ਵੇਲਾ ਹੋ ਗਿਆ ਏ?"

"ਕਿਉਂ? ਤੈਨੂੰ ਕੀ?" ਸੜੀ ਬਲੀ ਜੀਤੋ ਅੱਗੋਂ ਬੋਲੀ।

"ਮੈਨੂੰ ਕੀ। ਮੈਂ ਤਾਂ ਸਗੋਂ ਪੁੱਛਿਆ ਏ ਕਿ ਕੋਈ ਘਰ ਫਿਰਨ ਵਾਲਾ ਰਹਿ ਤਾਂ ਨਹੀਂ ਗਿਆ?"

"ਉਹ ਤੂੰ ਫਿਰ ਆ।"

"ਮੈਂ ਰੋਜ਼ ਲੋਕਾਂ ਦੇ ਘਰੀਂ ਈ ਫਿਰਦੀ ਰਹਿੰਦੀ ਆਂ ਕਿ!"

"ਤੂੰ ਰੋਟੀ ਦੇਹ ਖਾਂ, ਜੇ ਦੇਣੀ ਆਂ ਤੇ।"

"ਰੋਟੀ ਮੇਰੇ ਪੱਲੇ ਬੱਧੀ ਹੋਈ ਏ? ਸਵੇਰ ਦੀ ਗਈ ਜਿਥੋਂ ਆਈ ਏਂ, ਉਥੋਂ ਰੋਟੀ ਨਹੀਂ ਲੱਭੀ?"

"ਹੱਛਾ? ਤੇਰੇ ਪਿਓ ਦੀ ਕਮਾਈ ਏ, ਤੂੰ ਰੋਟੀ ਨਹੀਂ ਦੇਂਦੀ।"

"ਮੇਰਾ ਪਿਓ ਤਾਂ ਹੋਇਆ ਈ ਨਾ। ਕੋਈ ਹੁੰਦਾ, ਤਾਂ ਐਥੇ ਕੀਕਣਾਂ ਦੇ ਵੱਸ ਕਿਉਂ ਪੈਂਦਾ।"

"ਝੋਲੀ ਭਰਾਉਣ ਨੂੰ ਤਾਂ ਹੈਗਾ ਸੀ।"

"ਹੱਛਾ? ਹੁਣ ਤੂੰ ਵੀ ਆਖੀਂ ਆਵਦੇ ਪਿਉ ਨੂੰ, ਝੋਲੀ ਭਰਾ ਲੈ!"

ਏਨੀ ਆਖਣ ਦੀ ਦੇਰ ਸੀ ਕਿ ਜੀਤੋ ਉੱਚੀ-ਉੱਚੀ ਰੋਣ ਲੱਗ ਪਈ। ਨਾਲੇ ਜੋ ਮੂੰਹ ਆਉਂਦਾ, ਉਹ ਕਹੀ ਜਾਂਦੀ। ਚੰਦੋ ਨੂੰ ਵੀ ਜ਼ਰਾ ਗੁੱਸਾ ਆ ਗਿਆ। ਉਹ ਖਿੱਝ ਕੇ ਬੋਲੀ, "ਨਾਲੇ ਚੋਰ ਨਾਲੇ ਚਤਰ। ਸਵੇਰ ਦੀ ਗਈ ਤੂੰ ਹੁਣ ਵਾੜੇ ਵੜੀ ਏਂ। ਕੰਮ ਨੂੰ ਸੌਹ ਖਾਣ ਨੂੰ ਹੱਥ ਨਹੀਂ ਲੌਂਦੀ ਤੂੰ। ਤੇ ਸਗੋਂ ਉਲਟੀ ਸੁੱਕੇ ਸੰਘ ਅੜੌਣ ਡਹੀ ਹੋਈ ਏਂ।"

SIKHBOOKCLUB.COM

ਜੀਤੋ ਨੇ ਸਗੋਂ ਉੱਚੀ ਉੱਚੀ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਉਹ ਇਉਂ ਡਾਡਾਂ ਮਾਰਨ ਲੱਗੀ, ਜਿਵੇਂ ਕੋਈ ਛੁਰੀ ਨਾਲ ਕੋਹ ਰਿਹਾ ਹੁੰਦਾ ਹੈ। ਐਨ ਓਸੇ ਵੇਲੇ ਬਾਹਰੋਂ ਤੇਜੋ ਆ ਗਈ। ਉਹ ਸਵੇਰ ਦੀ ਘਰੋਂ ਤੁਰੀ ਹੋਈ ਸੀ। ਉਹ ਕੋਲ ਅੱਪੜੀ ਤਾਂ ਜੀਤੋ ਚਾਂਗਰਾਂ ਮਾਰ ਕੇ ਉਹਦੇ ਗਲ ਨੂੰ ਚੰਬੜ ਗਈ। ਚੰਦੋ ਚਰਖੇ ਅੱਗੋਂ ਉਠ ਕੇ ਉਹਨੂੰ ਮਿਲਣ ਵਾਸਤੇ ਅਹੁਲੀ ਹੀ ਸੀ ਜਾਂ ਤੇਜੋ ਲਾਲ ਅੱਖਾਂ ਕਰਕੇ ਬੋਲੀ, "ਇਹਨੂੰ ਕੀ ਹੋਇਆ ਹੈ?"

ਉਹਨੂੰ ਗੁੱਸੇ ਵਿਚ ਵੇਖ ਕੇ ਡਰਦੀ-ਡਰਦੀ ਚੰਦੋ ਬੋਲੀ, "ਮੈਂ ਤਾਂ ਬੀਬੀ, ਇਹਨੂੰ ਕੁਛ ਨਹੀਂ ਆਖਿਆ। ਸਵੇਰ ਦੀ ਗਈ ਇਹ ਹੁਣ ਘਰ ਮੁੜੀ ਏ। ਇਹ ਧੀਆਂ ਦਾ ਕੰਮ ਏ?"

ਜੀਤੋ ਉਭੇ ਸਾਹ ਲੈਂਦੀ ਬੋਲੀ, "ਪਹਿਲਾਂ ਇਹਨੇ ਰਾਤੀਂ ਕੁੱਟਿਆ। ...ਫਿਰ ਸਵੇਰੇ ਕੁਟ ਮਾਰ ਕੇ ਬਾਹਰ ਕੱਢ ਦਿੱਤਾ। ...ਹੁਣ ਆਈ ਆਂ ਤਾਂ ਫੇਰ ਚਿਮਟਿਆਂ ਨਾਲ ਮਾਰਿਆ ਸੂ। ਨਾ ਰਾਤੀਂ ਰੋਟੀ ਦਿੱਤੀ ਸੂ, ਨਾ ਹੁਣ। ਰਾਤ ਦਿਨ ਗਾਲ੍ਹੀਂ

ਕਢਦਾ ਰਹਿੰਦੀ ਏ। ਅਖੇ ਤੇਰੇ ਵੀਰ ਮਰ ਜਾਣ, ਤੇਰਾ ਪਿਉ ਮਰ ਜਾਏ, ਤੇਰੀ ਭੈਣ ਰੰਡੀ ਹੋ ਜਾਏ, ਤੇਰੇ ਭਣੇਵੇਂ ਮਰ ਜਾਣ....।"

"ਕਿਉਂ ਕੁੜੇ ?" ਕ੍ਰੋਧ ਵਿਚ ਆਪਣੇ-ਆਪ ਤੋਂ ਬਾਹਰ ਹੋ ਕੇ ਤੇਜੋ ਬੋਲੀ।

"ਮੈਂ ਤਾਂ, ਬੀਬੀ! ..। ਮੇਰੀ ਜ਼ਬਾਨ ਸੜ ਜੈ, ਜੇ ਏਸ ਤਰ੍ਹਾਂ ਆਖਿਆ ਹੋਵੇ ਤਾਂ। ਹੱਥ ਝੜ ਪੈਣ, ਜੇ ਇਹਨੂੰ ਫੁੱਲ ਦੀ ਵੀ ਲਾਈ ਹੋਵੇ ਤਾਂ !" ਡਰ ਨਾਲ ਕੰਬਦੀ ਚੰਦੋ ਹੱਥ ਮਲ ਰਹੀ ਸੀ।

"ਔਂਤਰਿਆਂ ਦੀਏ ! ਮਾਰਿਆ ਨਹੀਂ ਊਂ? ਗਾਲ੍ਹੀਂ ਨਹੀਊਂ ਕੱਢੀਆਂ ? ਬੀਬੀ! ਸੌਂਹ ਤੇਰੀ। ਮੈਨੂੰ ਆਹੰਦੀ ਸੀ : ਤੂੰ ਕੋਈ ਰਹਿਣਾ ਏਂ ? ਤੂੰ ਤਾਂ ਨਿਕਲ ਜਾਣਾ ਏਂ।" ਹਟਕੋਰੇ ਭਰਦੀ ਜੀਤੋ ਨੇ ਝੂਠ ਨੂੰ ਸੱਚ ਬਨਾਉਣ ਲਈ ਸੌਂਹ ਖਾ ਲਈ।

"ਭੱਜੜਿਆਂ ਖਾਣੀਏਂ ! ਤੈਨੂੰ ਸ਼ਰਮ ਨਾ ਆਈ ਫੇਹਾ ਭਰ ਕੁੜੀ ਨੂੰ ਮਾਰਦਿਆਂ?" ਤੇਜੋ ਨੇ ਬਿਜਲੀ ਵਾਂਗ ਕੜਕ ਕੇ ਕਿਹਾ।

ਉਹਨੂੰ ਅਗ੍ਹਾਂ ਵਧਦੀ ਵੇਖ ਕੇ ਚੰਦੋ ਡਰ ਨਾਲ ਕੰਬ ਉਠੀ। ਉਹ ਜ਼ਰਾ ਪਿੱਛੇ ਹਟ ਕੇ ਬੋਲੀ, "ਬੀਬੀ, ਜੇਹੀ ਮਰਜੀ ਊ ਸੌਂਹ ਲੈ ਲੈ। ਭਰਾਵਾਂ ਨੂੰ ਪਿੱਟੇ ਜੀਹਨੇ ਇਹਨੂੰ ਹੱਥ ਵੀ ਲਾਇਆ ਹੋਵੇ।"

"ਫਫੇ ਕੁੱਟਣੇ ! ਮੁਕਰਦੀ ਏਂ ? ਮੇਰਾ ਤਾਂ ਅਜੇ ਪਿੰਡਾ ਉਡਿਆ ਪਿਆ ਏ।" ਜੀਤੋ ਸਗੋਂ ਚੀਕਾਂ ਮਾਰਨ ਲੱਗ ਪਈ।

ਤੇਜੋ ਆਪਣੇ ਮਾਲਕ ਨਾਲ ਲੜ ਕੇ ਆਈ ਸੀ। ਉਹਦਾ ਸਾਰਾ ਗੁੱਸਾ ਗ਼ਰੀਬ ਚੰਦੋ ਉੱਤੇ ਨਿਕਲ ਪਿਆ। ਉਹਨੇ ਕੋਲ ਪਿਆ ਥਾਪਾ ਫੜ ਕੇ ਚੰਦੋ ਨੂੰ ਦੋ ਤਿੰਨ ਜੜ ਦਿੱਤੇ। ਉਹਨੇ ਮਾਰੀ ਦੀ ਅੱਗੇ ਹੱਥ ਕੀਤਾ ਤਾਂ ਇਕ ਉਹਦੇ ਗੁੱਟ 'ਤੇ ਵੱਜਾ। ਹੱਡੀ ਉੱਤੇ ਵੱਜਣ ਨਾਲ ਏਨੀ ਸੱਟ ਲੱਗੀ ਕਿ ਉਹ ਸ਼ੂਹਦੀ ਪੀੜ ਨਾਲ ਅੱਧ-ਬੇਹੋਸ਼ ਹੋ ਕੇ ਭੋਇੰ 'ਤੇ ਬਹਿ ਗਈ। ਹੁਣ ਉਹ ਰੋ ਰਹੀ ਸੀ, ਤੇ ਜੀਤੋ ਦੂਜੇ ਪਾਸੇ ਮੂੰਹ ਕਰਕੇ ਮੁਸਕੜੀਆਂ ਵਿਚ ਹੱਸ ਰਹੀ ਸੀ। ਹੱਥ ਵਿਚ ਥਾਪਾ ਲਈ ਸਿਰ 'ਤੇ ਖਲੋਤੀ ਤੇਜੋ ਕਹਿ ਰਹੀ ਸੀ, "ਭਰਾਵਾਂ ਪਿੱਟੀਏ! ਕੱਢ 'ਵਾਜ, ਜੇ ਮੈਂ ਤੇਰਾ ਸਾਹ ਨਾ ਪੀ ਲਿਆ ਤਾਂ।"

ਓਹਾ ਸੱਟ ਵਾਲਾ ਹੱਥ ਮੂੰਹ ਅੱਗੇ ਦੇ ਕੇ ਚੰਦੋ ਆਪਣੀਆਂ ਚੀਕਾਂ ਰੋਕ ਰਹੀ ਸੀ।

ਓਸੇ ਵੇਲੇ ਗੰਡਾ ਸਿੰਘ ਬਾਹਰੋਂ ਆ ਗਿਆ। ਆਉਂਦੇ ਨੂੰ ਵੇਖ ਕੇ ਤੇਜੋ ਵੀ ਉੱਚੀ ਉੱਚੀ ਰੋਣ ਲੱਗ ਪਈ। ਗੰਡਾ ਸਿੰਘ ਵੇਖ ਕੇ ਹੈਰਾਨ ਰਹਿ ਗਿਆ। ਇਕ ਪਾਸੇ ਬੈਠੀ ਚੰਦੋ ਹਉਕੇ ਭਰ ਰਹੀ ਸੀ। ਦੂਜੇ ਪਾਸੇ ਦੋਵੇਂ ਕੁੜੀਆਂ ਖਲੋਤੀਆਂ ਰੋ ਰਹੀਆਂ ਸਨ। ਤੇਜੋ ਹਟਕੋਰੇ ਭਰਦੀ ਬੋਲੀ, "ਤੱਤੀਆਂ ਆਂਦਰਾਂ ਨਹੀਂ ਟਿਕਣ ਦੇਂਦੀਆਂ। ਮਾਪਿਆਂ ਦਾ ਘਰ ਜਾਣ ਕੇ ਆ ਜਾਈਦਾ ਏ। ਨਹੀਂ ਤੇ ਕੋਈ ਧਰਮ ਏ

ਸਾਡਾ ਔਣ ਦਾ ? ਨਾਲੇ ਆ ਕੇ ਅੱਗਾ ਪਿੱਛਾ ਪੁਣਵਾਈਦਾ ਏ, ਨਾਲੇ.... (ਹਉਕਾ ਭਰਕੇ) ਮਾਰ ਮਾਰ ਕੇ ਜੁਆਕੜੀ ਦੀ ਖੱਲ ਲਾਹ ਦਿੱਤੀ ਸੂ। ਆਖਿਆ ਏ, ਤਾਂ ਅੱਗੋਂ ਥਾਪਾ ਲੈ ਕੇ ਉੱਠ ਪਈ ਏ। ਪਰ ਸਾਡਾ ਕੋਈ ਜ਼ੋਰ ਏ ? ਠੀਕ ਆਂਹਦੇ ਨੇਂ, ਮਾਵਾਂ ਦੇ ਮਰਨ ਪਿੱਛੋਂ ਪਿਉ ਵੀ ਮਤੇਏ ਹੋ ਜਾਂਦੇ ਨੇ। ਸਾਡਾ ਵੀ ਕੋਈ ਹੁੰਦਾ, ਤਾਂ...।" ਥਾਪਾ ਸੁੱਟ ਕੇ ਉਹ ਉੱਚੀ ਉੱਚੀ ਰੋਣ ਲੱਗ ਪਈ ਤੇ ਜੀਤੋ ਨੂੰ ਕੁੱਛੜ ਲੈ ਕੇ ਬਹਿ ਗਈ।

ਗੰਡਾ ਸਿੰਘ ਅੱਗੇ ਹੀ ਤਿੰਨਾਂ ਚੌਹ ਦਿਨਾਂ ਦਾ ਚੰਦੋ ਨਾਲ ਵਿੰਗਾ ਸੀ। ਉਤੋਂ ਇਹ ਗੱਲਾਂ ਸੁਣ ਕੇ ਉਹ ਭੜਕ ਉਠਿਆ। ਓਹਾ ਥਾਪਾ ਫੜ ਕੇ ਉਹ ਚੰਦੋ ਦੇ ਉਦਾਲੇ ਹੋ ਗਿਆ। ਓਸ ਸ਼ੁਹਦੀ ਦੀ ਕਿਸੇ ਨਾ ਸੁਣੀ। ਗ਼ਰੀਬਾਂ ਦੇ ਹਉਕੇ ਬਲਵਾਨ ਪੁਕਾਰਾਂ ਥੱਲੇ ਦੱਬੇ, ਸੁਣੇ ਨਹੀਂ ਜਾਂਦੇ। ਉਹਨਾਂ ਸੁੱਕੀਆਂ ਹੱਡੀਆਂ ਵਿਚ—ਪਤਾ ਨਹੀਂ—ਉਸ ਨਿਰਦੋਸ਼ ਨੂੰ ਕੁਹਣ ਵਾਸਤੇ ਐਨਾ ਬਲ ਕਿੱਥੋਂ ਆ ਗਿਆ ? ਜਿਸ ਪਾਸੇ ਉਹ ਵਿਚਾਰੀ ਪਈ, ਉਸ ਨਿਰਦਈ ਨੇ ਥਾਪਿਆਂ ਨਾਲ ਮਾਰ ਮਾਰ ਕੇ ਉਡਾ ਦਿੱਤੀ। ਗੰਡਾ ਸਿੰਘ ਮਾਰ ਕੁੱਟ ਕੇ ਬਾਹਰ ਚਲਾ ਗਿਆ। ਚੰਦੋ ਲੇਖਾਂ ਨੂੰ ਰੋਂਦੀ ਅੰਦਰ ਮੰਜੇ 'ਤੇ ਜਾ ਪਈ। ਤੇਜੋ ਤੇ ਜੀਤੋ ? ਉਹਨਾਂ ਦੀ ਹਿੱਕ ਇਸ ਵੇਲੇ ਬਹੁਤ ਠੰਢੀ ਸੀ।

ਚੰਦੋ ਨੂੰ ਅੰਦਰ ਪਈ ਨੂੰ ਸਾਰਾ ਦਿਨ ਬੀਤ ਗਿਆ। ਕੋਲ ਕੋਈ ਅੱਥਰੂ ਪੂੰਝਣ ਵਾਲਾ ਹੁੰਦਾ ਤਾਂ ਰੋ-ਰੋ ਕੇ ਸੁਣਾਉਂਦੀ। ਰਾਤ ਨੂੰ ਬਾਕੀ ਸਾਰੇ ਟੱਬਰ ਨੇ ਖੀਰ ਰਿੰਨ੍ਹ ਕੇ ਖਾਧੀ, ਪਰ ਚੰਦੋ ਆਪਣੀਆਂ ਚੀਸਾਂ ਤੇ ਆਹੀਂ ਨਾਲ ਹੀ ਰੱਜੀ ਹੋਈ ਸੀ। ਉਹ ਬਲਦਿਆਂ ਹਉਕਿਆਂ 'ਤੇ ਅੱਖਾਂ ਦਾ ਪਾਣੀ ਪਾ ਪਾ ਕੇ ਬੁਝਾਉਣ ਦਾ ਯਤਨ ਕਰ ਰਹੀ ਸੀ।

ਸੂਰਤ ਦਿਨ ਛਿਪੇ ਬਾਹਰੋਂ ਆਇਆ। ਪਿਉ ਤੋਂ ਡਰਦਾ ਉਹ ਚੰਦੋ ਦੇ ਕੋਲ ਨਾ ਗਿਆ। ਚੰਦੋ ਨੂੰ ਓਨਾ ਦੁੱਖ ਮਾਰ ਦਾ ਨਹੀਂ ਸੀ, ਜਿੰਨਾ ਸੂਰਤ ਦੇ ਨਾ ਬੁਲਾਉਣ ਦਾ ਸੀ। ਸੂਰਤ ਨੇ ਸਾਰੀ ਗੱਲ ਬਾਤ ਸੁਣ ਲਈ ਸੀ। ਦਰਦ ਵਜੋਂ ਉਹਨੇ ਵੀ ਰਾਤ ਨੂੰ ਰੋਟੀ ਨਾ ਖਾਧੀ। ਦੂਜੇ ਥਾਉਂ ਥਾਂਈਂ ਪੈ ਗਏ ਤਾਂ ਉਹ ਇੱਟਾ ਤੱਤਾ ਕਰਕੇ ਚੰਦੋ ਕੋਲ ਗਿਆ, "ਚਾਚੀ ਜੀ ! ਲਿਆ ਮੈਂ ਸੇਕ ਕਰ ਦਿਆਂ। ਚਾਚੇ ਨੇ ਮੇਰੀ ਮਾਂ ਨੂੰ ਵੀ ਕੇਰਾਂ ਏਸੇ ਤਰ੍ਹਾਂ ਮਾਰਿਆ ਸੀ। ਉਹਦੀ ਵੀਣੀ ਤੋਂ ਬਾਂਹ ਭੱਜ ਪਈ ਸੀ। ਅੰਤ ਉਹ ਏਸੇ ਦੀ ਮਾਰ ਦੀ ਮਾਰੀ ਮਰ ਗਈ।" ਕਹਿੰਦਿਆਂ ਕਹਿੰਦਿਆਂ ਸੂਰਤ ਦਾ ਰੋਣ ਨਿਕਲ ਗਿਆ।

ਚੰਦੋ ਦਾ ਦਿਲ ਭਰ ਆਇਆ। ਉਹਦਿਆਂ ਫੱਟਾਂ ਉਤੇ ਕਿਸੇ ਦਰਦੀ ਨੇ ਮਲ੍ਹਮ ਰੱਖ ਦਿੱਤੀ। ਉਹ ਆਪਣਾ ਦੁੱਖ ਭੁੱਲ ਗਈ, ਪਰ ਸੂਰਤ ਦੇ ਦੁੱਖ ਨੂੰ ਵੇਖ ਕੇ ਕੁਰਲਾ ਉੱਠੀ। ਮੰਜੇ ਤੋਂ ਉਠ ਕੇ ਉਹਨੇ ਸੂਰਤ ਨੂੰ ਪੁੱਤਾਂ ਵਾਂਗ ਗੋਦ ਵਿੱਚ ਲੈ ਲਿਆ। ਉਹਦਾ ਇਸਤਰੀ ਹਿਰਦਾ ਅਸਲੀ ਰੂਪ ਵਿੱਚ ਦਰਦ ਬਣ ਕੇ ਵਹਿ

ਤੁਰਿਆ। ਭਰੇ ਹੋਏ ਗਲੇ ਵਿੱਚੋਂ ਉਹ ਬੋਲੀ, "ਮਾਂ ਸਦਕੇ, ਮੇਰਾ ਲਾਲ ਕਿਉਂ ਦੁਖੀ ਹੋਵੇ ?"

ਦਰਦ ਭਰੇ ਸ਼ਬਦਾਂ ਨੇ ਸੂਰਤ ਦੀਆਂ ਅੱਖਾਂ ਵਿੱਚ ਉਮੜੇ ਹੋਏ ਹੰਝੂਆਂ ਨੂੰ ਹੌਸਲਾ ਦਿੱਤਾ ਕਿ ਉਹ ਕੁਰਬਾਨ ਹੋਣ ਵਾਸਤੇ ਕਿਸੇ ਦੀ ਪਵਿੱਤਰ ਗੋਦੀ ਵਿੱਚ ਢਹਿ ਪੈਣ। ਉਹ ਹਟਕੋਰੇ ਭਰਦਾ ਬੋਲਿਆ, "ਜਦੋਂ ਮੈਨੂੰ ਚਾਚਾ ਮਾਰਨ ਪੈਂਦਾ ਹੁੰਦਾ ਸੀ, ਮੇਰੀ ਮਾਂ ਮੈਨੂੰ ਗੋਦ ਵਿੱਚ ਲੈ ਕੇ ਬਚਾ ਲੈਂਦੀ ਸੀ ਤੇ ਆਪ ਮਾਰ ਖਾ ਲੈਂਦੀ ਸੀ। ਪਰ ਜਿੱਦਣ ਦੀ ਉਹ ਮਰ ਗਈ ਏ, ਹਾਇ ਮਾਂ।"

ਸੂਰਤ ਦੀਆਂ ਚੀਕਾਂ ਨਿਕਲ ਗਈਆਂ ਤੇ ਨਾਲ ਹੀ ਚੰਦੋ ਦੀਆਂ ਵੀ। ਚੰਦੋ ਨੇ ਉਹਨੂੰ ਐਨਾ ਕਲੇਜੇ ਨਾਲ ਘੁੱਟਿਆ, ਜਿਵੇਂ ਆਪਣੇ ਹਿਰਦੇ ਵਿਚ ਲੁਕਾ ਲੈਣਾ ਚਾਹੁੰਦੀ ਹੋਵੇ। ਉਹਨੂੰ ਆਪਣੀਆਂ ਸੱਟਾਂ ਦਾ ਚੇਤਾ ਵੀ ਨਾ ਰਿਹਾ। ਸੂਰਤ ਦਾ ਮੱਥਾ ਚੁੰਮ ਕੇ ਉਹ ਬੋਲੀ,"ਚੰਨ੍ਹ, ਮੇਰੇ ਸਾਮ੍ਹਣੇ ਰੋ ਨਾ। ਮੈਂ ਵੇਖ੍ਹਾਂ ਤੇਰੀ ਮਾਂ। ਤੇਰੇ ਬਦਲੇ ਮੈਂ ਸਾਰੇ ਦੁੱਖ ਝੱਲ ਲਵਾਂਗੀ।"

ਮਾਂ ਦੇ ਵਿਛੋੜੇ ਵਾਲਾ ਵਰਮ ਸੂਰਤ ਨੂੰ ਭਰਦਾ ਮਾਲੂਮ ਹੋਇਆ। ਦੂਜੀ ਵਾਰ ਉਹਨੇ ਜਾਣ ਕੇ ਆਪਣਾ ਮੱਥਾ ਚੰਦੋ ਦੇ ਮੂੰਹ ਕੋਲ ਕਰ ਦਿੱਤਾ। ਉਹਨੇ ਪਿਆਰ ਨਾਲ ਚੁੰਮ ਕੇ ਅੰਦਰ ਦੀ ਤੇਹ ਬੁਝਾਈ। ਉਹ ਸੁਰਗੀ ਅਨੰਦ ਵਿੱਚ ਮਗਨ ਸੀ, ਜਾਂ ਸੂਰਤ ਉਹਦੀਆਂ ਬਾਂਹੀਂ ਵਿਚੋਂ ਨਿਕਲ ਕੇ ਭੱਜ ਗਿਆ। ਥੋੜ੍ਹੇ ਚਿਰ ਪਿੱਛੋਂ ਉਹ ਖੀਰ ਦੀ ਥਾਲੀ ਭਰ ਕੇ ਲੈ ਆਇਆ। ਰਾਤੀਂ ਭਾਵੇਂ ਚੰਦੋ ਨੇ ਕਈ ਸੌਂਹਾਂ ਖਾਧੀਆਂ ਸਨ ਕਿ ਏਸ ਘਰ ਦੀ ਹੁਣ ਰੋਟੀ ਨਹੀਂ ਖਾਵਾਂਗੀ, ਪਰ ਸੂਰਤ ਦੇ ਅਨੋਖੇ ਪ੍ਰੇਮ ਅੱਗੇ ਉਹਨੂੰ ਪੂਰੀ ਹਾਰ ਖਾਣੀ ਪਈ। ਉਹਨੇ ਦੋਂਹ ਹੱਥਾਂ ਵਿੱਚ ਥਾਲੀ ਫੜ ਲਈ ਤੇ ਕਿਹਾ, "ਪਹਿਲਾਂ ਮੇਰਾ ਲਾਲ ਖਾਵੇ।"

"ਨਹੀਂ, ਪਹਿਲਾਂ ਤੂੰ।"

"ਤਾਂ ਦੋਵੇਂ 'ਕੱਠੇ।"

ਸੂਰਤ ਮੁਸਕਰਾ ਪਿਆ। ਦੋਵੇਂ 'ਕੱਠੇ ਰੋਟੀ ਖਾਣ ਲੱਗ ਪਏ। ਖਾਂਦਿਆਂ ਖਾਂਦਿਆਂ ਚੰਦੋ ਨੇ ਪੁੱਛਿਆ, "ਤੇਰੀ ਮਾਂ ਤੈਨੂੰ ਬੜੀ ਚੇਤੇ ਔਂਦੀ ਹੋਵੇਗੀ।"

ਸੂਰਤ ਨੇ ਭੋਲੇ ਜਹੇ ਮੂੰਹ ਵਿਚੋਂ ਕਹਿ ਦਿੱਤਾ, "ਹੁਣ ਤਾਂ ਤੂੰ ਮੇਰੀ ਮਾਂ ਬਣ ਗਈ ਏਂ। ਹੁਣ ਮੈਂ ਕੀਹਨੂੰ ਯਾਦ ਕਰਨਾ ਹੋਇਆ।"

"ਰੱਬ ਕਰੇ, ਤੂੰ ਸਦਾ ਮੇਰਾ ਪੁੱਤਰ ਬਣਿਆ ਰਹੇਂ।" ਚੰਦੋ ਦੇ ਅੰਦਰੋਂ ਇਸਤਰੀ ਦੀ ਪਵਿੱਤਰ ਆਤਮਾ ਬੋਲ ਰਹੀ ਸੀ।

ਤੇਜੋ ਇਕ ਮਹੀਨਾ ਪੇਕੇ ਘਰ ਰਹੀ ਤੇ ਚੰਦੋ ਨਰਕਾਂ ਵਿੱਚ।



WWW.SIKHBOOKCLUB.COM 

ਚੰਦੋ ਦੇ ਵਿਆਹ ਨੂੰ ਤਿੰਨ ਸਾਲ ਹੋ ਗਏ। ਏਨੇ ਸਮੇਂ ਵਿਚ ਉਹ ਥੋੜ੍ਹੀ ਵਾਰ ਹੀ ਪੇਕੇ ਗਈ। ਨਾ ਤਾਂ ਉਹਨੂੰ ਘਰ ਦੇ ਜਾਣ ਦੇਂਦੇ ਸਨ ਤੇ ਨਾ ਉਹ ਜਾ ਕੇ ਰਹਿਣਾ ਹੀ ਚਾਹੁੰਦੀ ਸੀ। ਪੇਕਿਆਂ ਤੋਂ ਉਹਨੂੰ ਸਹੁਰਿਆਂ ਨਾਲੋਂ ਵੀ ਵਧੇਰੇ ਘਿਰਣਾ ਸੀ। ਜਦ ਉਹ ਆਪਣੀ ਹਾਲਤ 'ਤੇ ਵਿਚਾਰ ਕਰਦੀ, ਵਧੇਰੇ ਗੁਨਾਹ ਆਪਣੇ ਮਾਪਿਆਂ ਦਾ ਹੀ ਗਿਣਦੀ। ਉਹਨਾਂ ਆਪਣੇ ਲਾਲਚ ਬਦਲੇ ਉਹਨੂੰ ਏਸ ਨਰਕ ਵਿੱਚ ਪਾਇਆ ਸੀ। ਚੰਦੋ ਦਾ ਜੀਵਨ ਇਕ ਪਾਸਿਓਂ ਨਹੀਂ, ਚੁਫੇਰਿਓਂ ਹੀ ਦੁੱਖੀ ਹੋ ਚੁੱਕਾ ਸੀ। ਨਿੱਤ ਦੀਆਂ ਝਿੜਕਾਂ ਤੇ ਮਿਹਣਿਆਂ ਨੇ ਉਹਨੂੰ ਕ੍ਰੋਧੀ ਬਣਾ ਦਿੱਤਾ ਸੀ। ਉਹ ਹਰ ਵੇਲੇ ਡੂੰਘੀਆਂ ਸੋਚਾਂ ਵਿੱਚ ਪਈ ਰਹਿੰਦੀ। ਉਹਦੇ ਮੱਥੇ 'ਤੇ ਤਿਉੜੀਆਂ ਤੇ ਦਿਲ ਵਿੱਚ ਸਾੜਾ ਰਹਿਣ ਲੱਗਾ। ਕਈ ਵਾਰ ਉਹ 'ਕੱਲ੍ਹੀ ਬੈਠੀ ਬੁੜਬੁੜਾਉਣ ਲੱਗ ਪੈਂਦੀ। ਹੁਣ ਉਹ ਜੀਤੋ ਕੋਲੋਂ ਡਰਦੀ ਨਹੀਂ ਸਗੋਂ ਉਹਨੂੰ ਝਿੜਕਦੀ ਤੇ ਕਦੇ ਕਦਾਈਂ ਇਕ-ਦੋ ਟਿਕਾ ਵੀ ਦੇਂਦੀ ਸੀ। ਗੰਡਾ ਸਿੰਘ ਦੀ ਨਿੱਤ ਦੀ ਮਾਰ ਕੁਟਾਈ ਨੇ ਉਹਨੂੰ ਨਿਡਰ ਬਣਾ ਦਿੱਤਾ ਸੀ। ਉਹ ਮਾਲਕ ਨੂੰ ਵੀ ਸਾਮ੍ਹਣਿਓਂ ਤੱਤੀਆਂ ਠੰਢੀਆਂ ਸੁਣਾਉਣ ਲੱਗ ਪਈ ਸੀ। ਇਸ ਦਾ ਸਿੱਟਾ ਜੋ ਹੋਣਾ ਚਾਹੀਦਾ ਸੀ, ਓਹਾ ਹੋਇਆ। ਘਰ ਵਿਚ ਅੱਠੇ ਪਹਿਰ ਕਲ੍ਹੇ ਰਹਿਣ ਲੱਗੀ। ਕੋਈ ਦਿਨ ਖ਼ਾਲੀ ਨਹੀਂ ਸੀ ਜਾਂਦਾ, ਜਦ ਉਹ ਆਪਸ ਵਿੱਚ ਗਾਲ੍ਹੋ ਗਾਲ੍ਹੀ ਨਾ ਹੁੰਦੇ। ਦੂਜੇ ਤੀਜੇ ਦਿਨ ਮਾਰ ਕੁਟਾਈ ਤਕ ਵੀ ਗੱਲ ਅੱਪੜ ਪੈਂਦੀ। ਗੰਡਾ ਸਿੰਘ ਵੀ ਹੁਣ ਆਪਣੀ ਭੁੱਲ 'ਤੇ ਪਛਤਾਇਆ ਕਰਦਾ, ਪਰ ਇਹ ਅਜਿਹੀ ਭੁੱਲ ਨਹੀਂ ਸੀ, ਜਿਸ ਦੀ ਸੁਧਾਈ ਹੋ ਸਕਦੀ।

ਇਕ ਵਾਰ ਇਹ ਲੜਾਈ ਇਥੋਂ ਤਕ ਵਧੀ ਕਿ ਦੋ ਦਿਨ ਨਾ ਕਿਸੇ ਪੱਕੀਆਂ ਨਾ ਖਾਧੀਆਂ। ਗੰਡਾ ਸਿੰਘ ਨੇ ਚੰਦੋ ਨੂੰ ਐਨਾ ਮਾਰਿਆ ਕਿ ਉਹ ਬੇਹੋਸ਼ ਹੋ ਕੇ ਡਿੱਗ ਪਈ। ਉਹਨੂੰ ਹੋਸ਼ ਆਈ ਤਾਂ ਫਿਰ ਮਿਹਣਿਆਂ ਦੀ ਵਾਰੀ ਆ ਗਈ। ਇਹ ਤਾਂ ਉਹ ਅੱਗੇ ਕਈ ਵਾਰ ਸੁਣ ਚੁੱਕੀ ਸੀ ਕਿ ਤੈਨੂੰ ਮੁੱਲ ਲਿਆਂਦਾ ਹੋਇਆ ਹੈ, ਪਰ ਅੱਜ ਤਾਂ ਗੰਡਾ ਸਿੰਘ ਨੇ ਉਹਨੂੰ ਬਦਚਲਨ ਵੀ ਕਹਿ ਦਿੱਤਾ। ਇਹ ਸੁਣ ਕੇ ਉਹਦੇ ਅੰਦਰ ਭਾਂਬੜ ਬਲ ਉੱਠੇ। ਇਹ ਉਹਦੇ ਫੁਰਨੇ ਵਿਚ ਵੀ ਕਦੇ ਨਹੀਂ ਸੀ ਆਈ ਕਿ ਇਸਤਰੀ ਆਪਣੀ ਇੱਜ਼ਤ ਕਿਸੇ ਦੂਜੇ ਪੁਰਸ਼ ਕੋਲ ਵੇਚ ਸਕਦੀ ਹੈ। ਇਸ ਤਿੱਖੇ ਤੀਰ ਨਾਲ ਉਹਦੀ ਅਣਖ ਵਿੰਨ੍ਹੀ ਗਈ। ਉਹਦਾ ਇਸਤਰੀਤਵ ਜੋਸ਼ ਵਿੱਚ ਆ ਗਿਆ। ਉਹਦੇ ਨੇਤਰ ਭੱਖ ਕੇ ਅੰਗਿਆਰਾਂ ਵਾਂਗ ਹੋ ਗਏ। ਉਹ ਕੜਕ ਕੇ ਬੋਲੀ "ਬੱਸ ਬੱਸ। ਮੁੜ ਕੇ ਅਜਿਹੀ ਗੱਲ ਮੂੰਹੋਂ ਕੱਢੀ, ਤਾਂ....।" ਗ਼ੁੱਸੇ ਨਾਲ ਉਹ ਸਿਰ ਤੋਂ ਪੈਰਾਂ ਤੱਕ ਕੰਬ ਰਹੀ ਸੀ।



WWW.SIKHBOOKCLUB.COM 

ਕ੍ਰੋਧ ਚੰਡਾਲ ਹੁੰਦਾ ਹੈ। ਅੱਗੋਂ ਗੰਡਾ ਸਿੰਘ ਨੇ ਬਲਦੀ 'ਤੇ ਤੇਲ ਪਾਇਆ। ਚੰਦੋ ਨੂੰ ਉਹਨੇ ਫੇਰ ਮਾਰਿਆ ਤੇ ਏਨਾ ਕੁਛ ਕਿਹਾ, ਜੋ ਸੁਣਿਆ ਨਾ ਜਾ ਸਕੇ। ਰਾਤ ਨੂੰ ਉਸ ਅਬਲਾ ਦੇ ਹੱਥ ਪਾਵਿਆਂ ਹੇਠ ਦੇ ਕੇ ਉਹ ਮੰਜੇ 'ਤੇ ਸੁੱਤਾ ਰਿਹਾ। ਚੰਦੋ ਨੇ ਇਹ ਰਾਤ ਨਮਰੂਦ ਦੇ ਅੰਗਿਆਰਾਂ ਉੱਤੇ ਕੱਟੀ। ਉਹ ਕ੍ਰੋਧ ਵਿਚ ਪਾਗ਼ਲ ਹੋ ਰਹੀ ਸੀ। ਇਸਤਰੀ ਨੂੰ ਜਿੰਨਾ ਗ਼ੁੱਸਾ ਆਪਣੇ-ਆਪ 'ਤੇ ਆਉਂਦਾ ਹੈ, ਵਿਰੋਧੀ 'ਤੇ ਆਵੇ ਤਾਂ ਸਾੜ ਕੇ ਸੁਆਹ ਕਰ ਦੇਵੇ। ਰਾਤੋ ਰਾਤ ਉਹਨੇ ਦਿਲ ਨਾਲ ਕੋਈ ਪੱਕਾ ਫ਼ੈਸਲਾ ਕਰ ਲਿਆ।

ਤੜਕੇ ਉਠ ਕੇ ਗੰਡਾ ਸਿੰਘ ਬਾਹਰ ਨੂੰ ਗਿਆ ਤਾਂ ਪਲ ਮਗਰੋਂ ਚੰਦੋ ਵੀ ਘਰੋਂ ਬਾਹਰ ਨਿਕਲ ਤੁਰੀ। ਉਹਦੀ ਚਾਲ ਵਿਚ ਲੋਹੜੇ ਦੀ ਤੇਜ਼ੀ ਸੀ। ਤੁਰੀ ਜਾਂਦੀ ਉਹ ਕਦੇ-ਕਦੇ ਪਿਛਾਂਹ ਭੌਂ ਕੇ ਵੇਖ ਲੈਂਦੀ ਸੀ। ਪਿੰਡੋਂ ਚੜ੍ਹਦੇ ਪਾਸੇ ਦੂਰ ਇੱਕ ਖੂਹ ਸੀ। ਚੰਦੋ ਉਸ ਦੇ ਬਨੇਰੇ 'ਤੇ ਜਾ ਖਲੋਤੀ। ਇਸ ਤੋਂ ਬਿਨਾਂ ਉਹਨੂੰ ਆਪਣੇ ਦੁੱਖਾਂ ਦਾ ਹੋਰ ਕੋਈ ਇਲਾਜ ਨਹੀਂ ਦੀਂਹਦਾ ਸੀ। ਉਹਨੇ ਉਪਰਲੇ ਲੀੜੇ ਨਾਲ ਆਪਣਾ ਮੂੰਹ ਸਿਰ ਚੰਗੀ ਤਰ੍ਹਾਂ ਵਲ੍ਹੇਟ ਲਿਆ। ਉਹਦੀਆਂ ਅੱਖਾਂ ਮੀਟੀਆਂ ਹੋਈਆਂ ਸਨ, ਪਰ ਸਾਮ੍ਹਣੇ ਮੌਤ ਵਾਂਗ ਮੂੰਹ ਅੱਡੀ ਖਲੋਤਾ ਖੂਹ ਫਿਰ ਵੀ ਦਿੱਸ ਰਿਹਾ ਸੀ। ਆਪਣੀ ਬੀਤ ਰਹੀ ਹਾਲਤ ਉੱਤੇ ਉਹਨੇ ਫਿਰ ਧਿਆਨ ਮਾਰਿਆ। ਹੋਸ਼ ਸੰਭਾਲਣ ਤੋਂ ਲੈ ਕੇ ਅੱਜ ਤੱਕ ਦਾ ਸਾਰਾ ਜੀਵਨ ਉਹਦੀਆਂ ਅੱਖਾਂ ਅੱਗੇ ਫਿਰ ਗਿਆ। ਉਹਦੇ ਦਿਲ ਵਿੱਚ ਖ਼ਿਆਲ ਆਇਆ ਕਿ ਵਾਪਸ ਮੁੜ ਜਾਵੇ, ਪਰ ਜਾਵੇ ਕਿੱਥੇ। ਇਹ ਨਾ ਸੋਚ ਸਕੀ ਉਹ। ਏਡੀ ਵੱਡੀ ਦੁਨੀਆਂ ਵਿਚੋਂ ਉਹ ਕੇਵਲ ਤਿੰਨਾਂ ਥਾਂਵਾਂ ਦੀ ਹੁਣ ਤੱਕ ਜਾਣੂ ਹੋਈ ਸੀ : ਪੇਕੇ, ਸਹੁਰੇ ਤੇ ਤੀਜਾ ਉਹ ਖੂਹ। ਪਹਿਲੀਆਂ ਦੋਹਾਂ ਥਾਵਾਂ ਤੋਂ ਉਹਨੂੰ ਘਿਰਣਾ ਸੀ, ਤੇ ਤੀਜੀ ਥਾਂ ਤੋਂ ?

ਮੌਤ ਦਾ ਡਰ ਸਭ ਨਾਲੋਂ ਵਧੇਰੇ ਮੰਨਿਆ ਗਿਆ ਹੈ। ਇਹ ਕੋਝੀ, ਡਰਾਉਣੀ ਤੇ ਮਾਣਸਖਾਣੀ ਹੈ। ਪਰ ਜਿਨ੍ਹੂੰ ਹੋਰ ਝੱਲੇ ਹੀ ਕੋਈ ਨਾ, ਉਹ ਮੌਤ ਤੋਂ ਬਿਨਾਂ ਜਾਏ ਕਿੱਥੇ ? ਚੰਦੋ ਦੇ ਦਿਲ ਦੀ ਹਾਲਤ ਬੜੀ ਅਨੋਖੀ ਸੀ। ਜਿਸ ਟਿਕਾਣੇ ਉਹ ਪਹੁੰਚ ਚੁੱਕੀ ਸੀ, ਉਸ ਤੋਂ ਇੱਕ ਪੈਰ ਅੱਗੇ ਮੌਤ ਤੇ ਪਿੱਛੇ ਜ਼ਿੰਦਗੀ ਸੀ। ਜੀਵਨ ਉਹਨੂੰ ਭੀਸ਼ਮ ਪਿਤਾਮਾ ਦੀ ਤੀਰਾਂ ਦੀ ਸੇਜਾ ਵਰਗਾ ਦਿਸ ਰਿਹਾ ਸੀ। ਤੇ ਮੌਤ ? ਸਾਰਿਆਂ ਦੁੱਖਾਂ ਦਾ ਦਾਰੂ। ਫਿਰ ਵੀ ਉਹ ਛੇਤੀ-ਛੇਤੀ ਫ਼ੈਸਲਾ ਨਾ ਕਰ ਸਕੀ ਕਿ ਕਿਹੜੇ ਪਾਸੇ ਪੈਰ ਵਧਾਵੇ। ਅੰਤ ਉਹਦੀ ਔਕੜ ਦੂਰ ਹੋ ਗਈ। ਕਿਸੇ ਕਾਹਲੀ-ਕਾਹਲੀ ਆਉਣ ਵਾਲੇ ਦੇ ਪੈਰਾਂ ਦਾ ਖੜਾਕ ਉਹਦੇ ਕੰਨੀਂ ਪਿਆ। ਇਕ ਪਲ ਹੋਰ ਦੇਰ ਹੋ ਜਾਂਦੀ ਤਾਂ ਆਉਣ ਵਾਲਾ ਉਹਨੂੰ ਬਚਾ ਲੈਂਦਾ। ਪਰ ਉਹਨੂੰ ਸਾਰੀ ਦੁਨੀਆਂ ਹੀ



WWW.SIKHBOOKCLUB.COM 

ਡਰਾਉਣੀ, ਨਿਰਦਈ ਤੇ ਲਹੂਪੀਣੀ ਭਾਸ ਰਹੀ ਸੀ। ਉਹਨੇ ਜ਼ਿੰਦਗੀ ਦੇ ਹੱਥ ਆਉਣ ਨਾਲੋਂ ਮੌਤ ਦੇ ਮੂੰਹ ਪੈਣਾ ਚੰਗਾ ਸਮਝਿਆ। ਉਹਨੇ ਸਾਰੀਆਂ ਸੋਚਾਂ ਤੋਂ ਪੱਲਾ ਛੁਡਾ ਕੇ ਖੂਹ ਵਿਚ ਛਾਲ ਮਾਰ ਦਿੱਤੀ। ਉਹਦੇ ਅੰਦਰ ਲੱਗੀ ਦੇ ਸੇਕ ਨਾਲ ਖੂਹ ਦਾ ਪਾਣੀ ਉਬਾਲਾ ਖਾ ਕੇ ਉਛਲ ਪਿਆ।

## ੧੩

ਸੁਰਿੰਦਰ ਤੇ ਹਰਪਾਲ ਦਾ ਵਿਆਹ ਹੋ ਗਿਆ। ਗੁਰਨਾਮ ਕੌਰ ਨੇ ਨੂੰਹ ਦੇ ਰੱਜ ਰੱਜ ਸ਼ਗਨ ਮਨਾਏ। ਦੋਹਾਂ ਦੀਆਂ ਰੀਝਾਂ ਲਹਿ ਗਈਆਂ। ਸੁਰਿੰਦਰ ਨੇ ਕੇਵਲ ਰਸਮੀ ਤੌਰ 'ਤੇ ਹੀ ਸੱਸ ਦੇ ਪੈਰੀਂ ਹੱਥ ਨਹੀਂ ਲਾਇਆ, ਉਹਦਾ ਦਿਲ ਵੀ ਉਹਦੇ ਪੈਰਾਂ 'ਤੇ ਝੁਕ ਰਿਹਾ ਸੀ। ਉਹਦੀ ਸਾਰੀ ਜ਼ਿੰਦੜੀ ਉਹਦੇ ਅਹਿਸਾਨ ਥੱਲੇ ਦੱਬੀ ਹੋਈ ਸੀ। ਨੌਂਹ ਤੇ ਸੱਸ ਨੇ ਇੱਕੋ ਥਾਲ ਬਹਿ ਕੇ ਖਾਧਾ। ਸਰੀਰਕ ਖ਼ੁਰਾਕ ਦੇ ਨਾਲ ਦੋਹਾਂ ਨੂੰ ਆਤਮਕ ਖ਼ੁਰਾਕ ਵੀ ਮਿਲ ਰਹੀ ਸੀ। ਦੋਹਾਂ ਦਿਲਾਂ ਵਿੱਚ ਪਿਆਰ ਉਛਲ ਰਿਹਾ ਸੀ। ਸੱਸ ਨੇ ਹੱਥੀਂ ਨੂੰਹ ਦਾ ਸ਼ਿੰਗਾਰ ਕੀਤਾ। ਸੁਰਿੰਦਰ ਨੂੰ ਐਨਾ ਰੂਪ ਚੜ੍ਹਿਆ ਕਿ ਉਹਨੂੰ ਬਚਪਨ ਤੋਂ ਵੇਖਣ ਵਾਲੀ ਗੁਰਨਾਮ ਹੈਰਾਨ ਰਹਿ ਗਈ। 'ਕਿਤੇ ਮੇਰੀ ਬੱਚੀ ਨੂੰ ਨਜ਼ਰ ਨਾ ਲੱਗ ਜਾਏ' ਕਹਿੰਦੀ ਹੋਈ ਸੱਸ ਨੇ ਨੂੰਹ ਦੇ ਮੱਥੇ ਵਿਚ ਸੁਰਮੇ ਦਾ ਟਿੱਕਾ ਲਾ ਦਿੱਤਾ। ਪਰ ਇਸਦਾ ਅਸਰ ਸਗੋਂ ਉਲਟਾ ਹੋਇਆ। ਸੁਰਿੰਦਰ ਦਾ ਰੂਪ ਪਹਿਲਾਂ ਨਾਲੋਂ ਵਧੇਰੇ ਚਮਕ ਉਠਿਆ। ਇਉਂ ਭੁਲੇਖਾ ਪੈਣ ਲੱਗਾ ਜਿਵੇਂ ਗੁਲਾਬੀ ਫੁੱਲ ਉੱਤੇ ਭੌਰ ਬੈਠਾ ਹੁੰਦਾ ਹੈ।

ਸੁਰਿੰਦਰ ਅੱਜ ਕਿਸੇ ਹੋਰ ਦੁਨੀਆ ਵਿੱਚ ਅਪੜੀ ਹੋਈ ਸੀ। ਰੱਬ ਦੇ ਘਰੋਂ ਉਹਨੂੰ ਮਨ ਇੱਛਤ ਫਲ ਪ੍ਰਾਪਤ ਹੋ ਚੁੱਕਾ ਸੀ। ਉਹਦੇ ਚਾਰ ਚੁਫੇਰੇ ਖ਼ੁਸ਼ੀ ਹੀ ਖ਼ੁਸ਼ੀ ਸੀ। ਸਭ ਕਾਸੇ ਦੇ ਨਾਲ ਉਹਦੇ ਦਿਲ 'ਤੇ ਕੋਈ ਅਨੋਖੀ ਲੱਜਿਆ ਵੀ ਛਾਈ ਹੋਈ ਸੀ। ਗੁਰਨਾਮ ਕੌਰ ਨਾਲ ਉਹਨੇ ਨਿੱਕੀ ਹੁੰਦੀ ਨੇ ਕਈ ਵਾਰ 'ਕੱਠਿਆਂ ਬਹਿ ਕੇ ਖਾਧਾ ਹੋਵੇਗਾ, ਪਰ ਅੱਜ ਖਾਣ ਵਿੱਚ ਕੁਝ ਹੋਰ ਸੁਆਦ ਸੀ। ਗੁਰਨਾਮ ਕੌਰ ਨੇ ਕਈ ਵਾਰ ਉਹਨੂੰ ਗੋਦ ਵਿੱਚ ਲੈ ਕੇ ਉਹਦੇ ਕੇਸ ਵਾਹੇ ਹੋਣਗੇ। ਉਹ ਕਈ ਵਾਰ ਕਾਹਲੀ ਪੈ ਕੇ ਉਸ ਤੋਂ ਵਾਲ ਛੁਡਾ ਕੇ ਭੱਜੀ ਹੋਵੇਗੀ, ਪਰ ਅੱਜ ਜਦ ਉਹ ਉਸਦੀ ਚੀਰਨੀ ਸੁਆਰਨ ਲੱਗੀ ਤਾਂ ਦੋਵੇਂ ਕਿਸੇ ਅਨੋਖੇ ਅਨੰਦ ਵਿੱਚ ਸਨ। ਸੁਰਿੰਦਰ ਤਾਂ ਇਹ ਚਾਹੁੰਦੀ ਸੀ ਕਿ ਮੁੱਦਤ ਤਕ ਉਹਦੇ ਵਾਲ ਉਲਝੇ ਰਹਿਣ ਤੇ ਉਹਦੀ ਸੱਸ ਸੁਆਰਦੀ ਰਹੇ। ਗੁਰਨਾਮ ਕੌਰ ਨੇ ਅਨੇਕਾਂ ਵਾਰ ਉਹਦਾ ਨਿੱਕੀ ਹੁੰਦੀ ਦਾ ਮੱਥਾ ਚੁੰਮਿਆ ਹੋਵੇਗਾ, ਪਰ ਅੱਜ ਇਸ ਛੁਹ ਵਿੱਚ ਕੋਈ ਜਾਦੂ ਦਾ ਅਸਰ ਸੀ ਜੋ ਦੋਹਾਂ ਰੂਹਾਂ ਨੂੰ ਮਸਤ ਕਰ ਗਿਆ।

ਸੁਰਿੰਦਰ ਦੇ ਸਾਮ੍ਹਣੇ ਇਕ ਹੋਰ ਬੜੀ ਕਠਨ ਸਮੱਸਿਆ ਸੀ। ਉਹ ਗੁਰਨਾਮ ਕੌਰ ਨੂੰ ਕੀ ਕਹਿ ਕੇ ਸੰਬੋਧਨ ਕਰੇ ? ਨਿੱਕੀ ਹੁੰਦੀ ਤੋਂ ਉਹ ਉਸ ਨੂੰ 'ਮਾਸੀ ਜੀ' ਕਹਿੰਦੀ ਆਈ ਸੀ। ਹੁਣ ਉਹ ਉਸ ਦੀ 'ਮਾਸੀ' ਤੋਂ ਵੱਧ ਕੇ ਕੁਝ ਹੋਰ ਬਣ ਗਈ ਸੀ। ਹੁਣ ਉਸ ਨੂੰ 'ਮਾਂ ਜੀ' ਕਹਿ ਕੇ ਬੁਲਾਉਣਾ ਪਿਆ ਕਰਨਾ ਸੀ। ਇਹ ਉਹਨੂੰ ਐਡੀ ਔਖੀ ਘਾਟੀ ਮਾਲੂਮ ਹੁੰਦੀ ਸੀ ਜਿਸ ਨੂੰ ਲੰਘਣਾ ਸੌਖਾ ਕੰਮ ਨਹੀਂ ਸੀ। ਉਹ ਪੂਰਾ ਇਕ ਘੰਟਾ ਮੂੰਹ ਵਿੱਚ ਇਸ ਸ਼ਬਦ ਦਾ ਅਭਿਆਸ ਕਰਦੀ ਰਹੀ ਤੇ ਫੇਰ ਕਿਤੇ ਹੌਲੀ ਜਹੀ 'ਮਾਂ ਜੀ' ਕਹਿ ਸਕੀ।

ਉਸ ਦਿਨ ਤੋਂ ਪਿਛੋਂ—ਜਿੱਦਣ ਹਰਪਾਲ ਦੀ ਮੰਗਣੀ ਦੀ ਖ਼ਬਰ ਸੁਣ ਕੇ ਸੁਰਿੰਦਰ ਉਸ ਤੋਂ ਰੋ ਰੋ ਕੇ ਵਿੱਛੜੀ ਸੀ—ਦੋਹਾਂ ਨੇ ਅੱਜ ਹੀ ਇਕ ਦੂਜੇ ਦੇ ਸਨਮੁਖ ਹੋਣਾ ਸੀ। ਵਿਚਲੇ ਸਮੇਂ ਨੂੰ ਵਿਛੋੜਾ ਨਹੀਂ ਕਿਹਾ ਜਾ ਸਕਦਾ; ਕਿਉਂਕਿ ਦੋਵੇਂ ਦੂਰ ਦੂਰ ਹੁੰਦੇ ਹੋਏ ਵੀ ਇਕ ਦੂਜੇ ਦੇ ਦਿਲ ਵਿਚ ਵਸਦੇ ਸਨ। ਜਿਸ ਠਾਕਰ ਦੀ ਹੁਣ ਤਕ ਮਨ ਵਿੱਚ ਮਾਲਾ ਫੇਰਦੀ ਰਹੀ ਸੀ, ਉਸ ਤੋਂ ਪੁਜਾਰਨ ਨੂੰ ਅੱਜ ਵਰਦਾਨ ਮਿਲਣਾ ਸੀ। ਪ੍ਰੇਮ ਦੀ ਉਹ ਅਵਸਥਾ—ਜਿਸ ਵਿੱਚ ਭਗਤ ਨੇ ਭਗਵਾਨ ਨਾਲ ਤੇ ਪ੍ਰੇਮੀ ਨੇ ਪ੍ਰੀਤਮ ਨਾਲ ਅਭੇਦ ਹੋਣਾ ਹੁੰਦਾ ਹੈ—ਸੁਖਦਾਈ ਵੀ ਹੁੰਦੀ ਹੈ ਤੇ ਕਠਨ ਵੀ। ਮਿਲਾਪ ਦਾ ਚਾਅ ਹੁੰਦਾ ਹੈ, ਪਰ ਦੂਰੀ ਵਾਲੀ ਮਿੱਠੀ ਮਿੱਠੀ ਤੜਪ ਨਹੀਂ। ਜਦੋਂ ਸਮੇਂ ਦੀ ਵਿੱਥ ਮਿਲਣ ਲੱਗਦੀ ਹੈ, ਲੱਜਿਆ ਦਾ ਪਰਦਾ ਵਿਚਾਲੇ ਆ ਜਾਂਦਾ ਹੈ। ਏਹਾ ਹਾਲਤ ਸੁਰਿੰਦਰ ਦੀ ਸੀ। ਉਹ ਸਵੇਰ ਤੋਂ ਹਰਪਾਲ ਦੀਆਂ ਸੋਚਾਂ ਵਿੱਚ ਮਗਨ ਸੀ। ਉਹ ਦੂਜੀਆਂ ਦੇ ਕੋਲ ਬੈਠੀ ਹੋਈ ਵੀ ਉਹਨਾਂ ਤੋਂ ਦੂਰ ਸੀ ਤੇ ਇਕੱਲੀ ਬੈਠੀ ਹੋਣ 'ਤੇ ਵੀ ਕਿਸੇ ਦੇ ਕੋਲ। ਪਤਾ ਨਹੀਂ, ਉਹਦਾ ਮਨ ਹਰਪਾਲ ਵਿੱਚ ਸੀ ਜਾਂ ਹਰਪਾਲ ਉਹਦੇ ਮਨ ਵਿੱਚ। ਕਦੇ ਉਹ ਮਨ ਹੀ ਮਨ ਵਿੱਚ ਆਪਣੀ ਮਾਂ ਦੇ ਚਰਨਾਂ 'ਤੇ ਝੁਕਦੀ ਤੇ ਕਦੇ ਸੱਸ ਸਹੁਰੇ ਨੂੰ ਨਮਸਕਾਰ ਕਰਦੀ। ਤੇ ਜਿਸ ਵੇਲੇ ਮਾਹੀ ਦੀ ਮੂਰਤ ਸਾਮ੍ਹਣੇ ਆਉਂਦੀ, ਉਹ ਅੰਦਰੇ ਅੰਦਰ ਕਹਿਣ ਲੱਗ ਪੈਂਦੀ, 'ਅਸੀਂ ਕੱਠੇ ਖੇਡੇ ਪਲੇ, ਕੱਠੇ ਪੜ੍ਹੇ, ਕਈ ਵਾਰ ਲੜੇ, ਕਈ ਵਾਰ ਮੰਨੇ, ਮੈਂ ਉਹ...' ਏਥੇ ਆ ਕੇ ਉਹਦਾ ਖ਼ਿਆਲ ਰੁਕ ਗਿਆ। ਉਹਨੂੰ ਸੁੱਝੇ ਨਾ ਕਿ ਅਗ੍ਹਾਂ ਸ਼ਬਦ 'ਉਹਨੂੰ' ਵਰਤੇ ਜਾਂ 'ਉਹਨਾਂ ਨੂੰ'। ਜੇ ਉਹ 'ਉਹਨਾਂ ਨੂੰ' ਕਰਕੇ ਪੁਕਾਰੇ, ਤਾਂ ਉਸ ਤੋਂ ਬਚਪਨ ਦਾ ਹਾਣੀ ਖੁੱਸਦਾ ਸੀ ਤੇ ਜੇ 'ਉਹਨੂੰ' ਕਹੇ, ਤਾਂ ਪਤੀ ਦੀ ਨਿਰਾਦਰੀ ਹੁੰਦੀ ਸੀ। ਅੱਜ ਉਹਦਾ ਪ੍ਰੀਤਮ 'ਹਰਪਾਲ' ਬਣ ਕੇ ਨਹੀਂ, ਪਤੀ ਬਣ ਕੇ ਸਾਮ੍ਹਣੇ ਆ ਰਿਹਾ ਸੀ। ਸੁਹਾਗ-ਘਰ ਵਿਚ ਬੈਠੀ ਉਹ ਅਜੇ ਇਸ ਗੱਲ ਦਾ ਫ਼ੈਸਲਾ ਨਹੀਂ ਸੀ ਕਰ ਸਕੀ ਜਾਂ ਹਰਪਾਲ ਨੇ ਥੋੜ੍ਹਾ ਜਿਹਾ ਬੂਹਾ ਲਾਹ ਕੇ ਕਿਹਾ,"ਸਰਕਾਰ! ਅੰਦਰ ਆਉਣ ਦੀ ਆਗਿਆ ਹੈ?"



WWW.SIKHBOOKCLUB.COM 

ਸੁਰਿੰਦਰ ਦੀਆਂ ਸੋਚਾਂ ਅਧਵਾਟੇ ਮੁਕ ਗਈਆਂ, ਦਿਲ ਕਾਹਲੀ ਨਾਲ ਧੜਕਣ ਲੱਗ ਪਿਆ, ਸਾਰਾ ਸਰੀਰ ਕੰਬ ਉਠਿਆ, ਲੱਜਿਆ ਦੇ ਭਾਰ ਨਾਲ ਸਿਰ ਜ਼ਰਾ ਹੋਰ ਝੁਕ ਗਿਆ ਤੇ ਉਹਨੇ ਘੁੰਡ ਕੁਛ ਨੀਵਾਂ ਕਰ ਲਿਆ। ਹਰਪਾਲ ਦੇ ਦਿਲ ਵਿਚ ਇਸ ਨਾਲੋਂ ਘਟ ਹਲਚਲ ਨਹੀਂ ਸੀ। ਦੋਵੇਂ ਰੂਹਾਂ ਮਿਲਣ ਵਾਸਤੇ ਕਾਹਲੀਆਂ ਪੈ ਰਹੀਆਂ ਸਨ। ਫਿਰ ਵੀ ਉਹ ਮਿਲਾਪ ਤੋਂ ਪਹਿਲੀਆਂ ਘੜੀਆਂ ਨੂੰ ਕੁਝ ਹੋਰ ਲੰਮੀਆਂ ਕਰਨਾ ਚਾਹੁੰਦੇ ਸਨ। ਘੁੰਡ ਵਿਚੋਂ ਸੁਰਿੰਦਰ ਦਾ ਸ਼ਰਮਾਇਆ ਹੋਇਆ ਚਿਹਰਾ ਵੇਖ ਕੇ ਹਰਪਾਲ ਨੇ ਮੁਸਕਰਾਉਂਦਿਆਂ ਕਿਹਾ :

"ਸੰਗਾ ਵਿਚ ਥੋੜਾ ਜਿਹਾ ਹੱਸ ਸ਼ਰਮਾ ਜਾਣਾ
ਭੋਲੇਪਨ ਵਿਚ ਕਿਵੇਂ ਜੋਬਨ ਛਿਪਾਇਆ ਹੋਇਆ।
ਨਾਜ਼ ਤੇ ਅਦਾਵਾਂ ਏਨੇ ਅੱਗੇ ਕੌਣ ਜਾਣਦਾ ਸੀ ?
ਜਾਪੇ ਇਹ ਹੁਨਰ ਕਿਸੇ ਕੱਲ੍ਹ ਦਾ ਸਿਖਾਇਆ ਹੋਇਆ"

ਇਹ ਵਾਕ ਸੁਰਿੰਦਰ ਦਿਆਂ ਕੰਨਾਂ ਵਿੱਚ ਮਸਤੀ ਬਣ ਕੇ ਗੂੰਜ ਉੱਠੇ। ਪਿਆਰੇ ਦੀ ਹਰ ਅਦਾ ਪਿਆਰੀ ਲੱਗਦੀ ਹੈ। ਉਹਨੇ ਰੇਸ਼ਮੀ ਲੀੜੇ ਵਿਚੋਂ ਮੋਟੀਆਂ ਮੋਟੀਆਂ ਅੱਖਾਂ ਉਤਾਂਹ ਚੁੱਕ ਕੇ ਹਰਪਾਲ ਵੱਲੇ ਵੇਖਿਆ। ਹਰਪਾਲ ਨੂੰ ਇਉਂ ਜਾਪਿਆ, ਜਿਵੇਂ ਖਿੱਲਰ ਰਹੀ ਬਦਲੀ ਵਿਚੋਂ ਦੋ ਤਾਰੇ ਡਲ੍ਹਕ ਪਏ ਹੋਣ। ਸੁਰਿੰਦਰ ਨੇ ਫਿਰ ਅੱਖਾਂ ਨੀਂਵੀਆਂ ਕਰ ਲਈਆਂ। ਹਰਪਾਲ ਨੂੰ ਇਉਂ ਭਾਸਣ ਲੱਗਾ, ਜਿਵੇਂ ਕਮਰੇ ਵਿਚ ਹਨ੍ਹੇਰਾ ਹੋ ਗਿਆ ਹੋਵੇ। ਉਹਦੀ ਦੁਨੀਆਂ ਵਿਚ ਸੁਰਿੰਦਰ ਦੇ ਨੈਣਾਂ ਦੀ ਲੋਅ ਹੀ ਸਾਰੇ ਚਾਨਣ ਕਰ ਰਹੀ ਸੀ। ਇਸ ਲੁਕਣ-ਮੀਟੀ ਵਿੱਚ ਕੀ ਆਨੰਦ ਸੀ ? ਉਹ ਦੋਵੇਂ ਪ੍ਰੇਮੀ ਰੂਹਾਂ ਹੀ ਜਾਨਣ। ਹਰਪਾਲ ਨੇ ਅੱਗੇ ਵਧ ਕੇ ਸੁਰਿੰਦਰ ਦੇ ਪੱਲੇ ਨੂੰ ਥੋੜ੍ਹਾ ਜਿਹਾ ਇਕ ਪਾਸਿਓਂ ਚੁੱਕ ਕੇ ਕਿਹਾ :

"ਪਰਦਾ ਚਾ ਲਾਹਵੋ ਸਜਨੀ, ਲੈ ਲੋ ਨਜ਼ਰਾਨਾ ਦਿਲ ਦਾ"

ਸੁਣ ਕੇ ਸੁਰਿੰਦਰ ਨੂੰ ਹਾਸਾ ਆ ਗਿਆ, ਪਰ ਉਹਨੇ ਬੜੀ ਔਖਿਆਈ ਨਾਲ ਉਸਨੂੰ ਅੰਦਰੋਂ ਅੰਦਰ ਰੋਕ ਲਿਆ। ਉਹਦੀ ਇਸ ਹਰਕਤ ਨੂੰ ਹਰਪਾਲ ਤਾੜ ਗਿਆ। ਉਹਨੇ ਫਿਰ ਓਹਾ ਪੰਗਤੀ ਦੁਹਰਾਈ:

"ਪਰਦਾ ਉਤਾਰੋ ਸਜਨੀ, ਲੈ ਲੋ ਨਜ਼ਰਾਨਾ ਦਿਲ ਦਾ"

ਉਹਦੇ ਖ਼ਿਆਲ ਵਿਚ ਸੁਰਿੰਦਰ ਦੇ ਹੱਸਣ ਦਾ ਕਾਰਨ ਬੋਲੀ ਦੀ ਅਸਰਲਤਾ ਸੀ, ਤੇ ਉਸ ਨੇ 'ਚਾਅ ਲਾਹਵੋਂ' ਦੀ ਥਾਂ 'ਉਤਾਰੋ' ਕਰਕੇ ਉਸ ਦੀ ਸੁਧਾਈ ਕਰ ਲਈ ਸੀ।

ਪਰ ਸੁਰਿੰਦਰ ਇਸ ਤੋਂ ਦੂਰ ਪਹੁੰਚੀ ਹੋਈ ਸੀ। ਜੋ ਉਹਨੂੰ ਸੁਝੀ ਸੀ, ਉਸ ਨੇ ਉਹਨੂੰ ਉੱਤਰ ਦੇਣ ਤੇ ਮਜਬੂਰ ਕਰ ਦਿੱਤਾ। ਲੱਜਿਆ ਨੇ ਵੀ ਇਕ ਪਾਸੇ ਹੋ ਕੇ

ਉਹਦੇ ਖ਼ਿਆਲਾਂ ਨੂੰ ਪ੍ਰਗਟ ਹੋਣ ਵਾਸਤੇ ਰਾਹ ਦੇ ਦਿੱਤਾ। ਉਹ ਹੌਲੀ ਜਿਹੀ, ਬੜੀ ਮਿੱਠੀ ਸੁਰ ਵਿੱਚ ਬੋਲੀ, "ਤੁਹਾਡੇ ਕੋਲ ਕਿੰਨੇ ਦਿਲ ਨੇ?"

ਹਰਪਾਲ ਨੂੰ ਹੁਣ ਆਪਣੀ ਭੁੱਲ ਦਾ ਪਤਾ ਲੱਗਾ। 'ਤੁਹਾਡੇ ਕੋਲ ਕਿੰਨੇ ਦਿਲ ਨੇ?' ਦਾ ਸਾਫ਼ ਅਰਥ ਸੀ ਕਿ ਇਕ ਦਿਲ ਤਾਂ ਤੁਸੀਂ ਪਹਿਲਾਂ ਹੀ ਮੈਨੂੰ ਦੇ ਚੁੱਕੇ ਹੋ, ਹੁਣ ਕਿਹੜਾ ਨਜ਼ਰਾਨਾ ਧਰਦੇ ਓ। ਉਹਨਾਂ ਨਿਰਾ ਵਿਆਹ ਹੀ ਨਹੀਂ, ਦਿਲਾਂ ਦਾ ਵਟਾਂਦਰਾ ਕੀਤਾ ਸੀ। ਇਸ ਛੋਟੇ ਜਿਹੇ ਪ੍ਰਸ਼ਨ ਦਾ ਉਹਨੂੰ ਕੋਈ ਉੱਤਰ ਨਾ ਔਹੜਿਆ। ਉਹਨੇ ਸੋਚਿਆ, 'ਜੇ ਮੇਰਾ ਆਪਣਾ ਦਿਲ ਨਹੀਂ ਤਾਂ ਤੇਰਾ ਤਾਂ ਮੇਰੇ ਕੋਲ ਹੈ ਨਾ !' ਪਰ ਓਸੇ ਦਾ ਓਸੇ ਨੂੰ ਨਜ਼ਰਾਨਾ ਕਿਵੇਂ ਦਿੱਤਾ ਜਾ ਸਕਦਾ ਸੀ ? ਤੇ ਜੇ ਕਹੇ ਕਿ 'ਤੇਰਾ ਤੈਨੂੰ ਮੋੜਦਾ ਹਾਂ', ਤਾਂ ਪ੍ਰੇਮੀ ਦੀ ਭੇਟਾ ਮੋੜਨ ਦਾ ਅਰਥ ਉਸ ਦੇ ਪ੍ਰੇਮ ਤੋਂ ਇਨਕਾਰ ਕਰਨਾ ਹੁੰਦਾ ਹੈ। ਇਸ ਖ਼ਿਆਲ ਨਾਲ ਤਾਂ ਉਹ ਕੰਬ ਹੀ ਉਠਿਆ। ਉਹ ਏਨਾ ਚਕਰਾ ਗਿਆ ਕਿ ਉਹਨੂੰ ਆਪਣੀ ਪੂਰੀ ਹਾਰ ਹੁੰਦੀ ਦਿੱਸੀ। ਸੁਰਿੰਦਰ ਦੇ ਛੋਟੇ ਜਿਹੇ ਸਵਾਲ ਦਾ ਉਹਦੇ ਕੋਲ ਕੋਈ ਜਵਾਬ ਨਹੀਂ ਸੀ। ਫਿਰ ਵੀ ਉਹਨੂੰ ਇਹ ਸਵਾਲ ਬੜਾ ਮਿੱਠਾ ਲੱਗਦਾ ਸੀ, ਤੇ ਹਾਰ ਜਿੱਤ ਨਾਲੋਂ ਪਿਆਰੀ। ਪ੍ਰੇਮ ਬੜਾ ਕੁਛ ਸਿਖਾ ਦੇਂਦਾ ਹੈ। ਹਰਪਾਲ ਨੂੰ ਵੀ ਇੱਕ ਹੋਰ ਗੱਲ ਫੁਰ ਪਈ। ਉਹਨੇ ਅਦੱਾ ਨਾਲ ਪਾਸੇ ਮੂੰਹ ਕਰਕੇ ਕਿਹਾ, "ਵੇਖੋ ਜੀ ! ਦਿਲ ਦਿੱਤਾ ਹੈ, ਪਰ ਇੱਕ ਚੀਜ਼ ਉਸ ਨਾਲੋਂ ਵੀ ਕੀਮਤੀ ਲੁਕਾ ਕੇ ਰੱਖੀ ਹੋਈ ਹੈ।"

"ਮੇਰੀ ਮੁਹੱਬਤ ਓਨੇ ਮੁੱਲ ਦੀ ਨਹੀਂ ਹੋਵੇਗੀ।"

"ਇਕ ਚੀਜ਼ ਬਦਲੇ ਦੋ ਨਹੀਂ ਦਿੱਤੀਆਂ ਜਾ ਸਕਦੀਆਂ। ਅਸੀਂ ਵੀ ਘਰੋਂ ਕਮਾਉਣ ਆਏ ਆਂ। ਮੁਹੱਬਤ ਬਦਲੇ ਦਿਲ ਤੇ ਦੀਦਾਰ ਬਦਲੇ। ਜਦੋਂ ਕੋਈ ਪੁੱਛੂ ਦੱਸਾਂਗੇ, ਕੀ ਚੀਜ਼ ਹੈ।"

"ਅਸੀਂ ਤਾਂ ਪ੍ਰੇਮ ਦੇ ਰਾਹ ਲੁਟਾਉਣ ਬਦਲੇ ਪਏ ਆਂ, ਕਮਾਉਣ ਬਦਲੇ ਨਹੀਂ।"

"ਹਰ ਇਕ ਦਾ ਨਸ਼ਾਨਾ ਵੱਖਰਾ-ਵੱਖਰਾ ਹੁੰਦਾ ਹੈ। ਅਜ_ਕੱਲ੍ਹ ਦੁਨੀਆਂ ਦਾ ਮੰਤਵ ਇਕਤਸਾਦੀਅਤ (ਮਾਲੀ ਤਰੱਕੀ) ਹੈ।"

"ਜੀ, ਮੈਂ ਭਾਰਤੀ ਇਸਤਰੀ ਹਾਂ, ਰੂਸੀ ਨਹੀਂ।"

ਹਰਪਾਲ ਫਿਰ ਇਕ ਘੁੰਮਣਘੇਰ ਵਿੱਚ ਪੈ ਗਿਆ। ਉਹ ਕਿਵੇਂ ਨਾ ਕਿਵੇਂ ਇਸ ਪ੍ਰਸ਼ਨ-ਉੱਤਰ ਵਿੱਚ ਸੁਰਿੰਦਰ ਨੂੰ ਨਿਰੁੱਤਰ ਕਰਨਾ ਚਾਹੁੰਦਾ ਸੀ, ਪਰ ਬੜੀ ਮੁਸ਼ਕਲ ਬਣੀ ਕਿ ਉਹ ਆਪਣੇ ਵਿਛਾਏ ਹੋਏ ਜਾਲ ਵਿਚ ਆਪ ਹੀ ਫਸ ਗਿਆ। ਵਧੇਰੇ ਔਕੜ ਤਾਂ ਇਹ ਸੀ ਕਿ ਹੁਣ ਉਹ ਚੁੱਪ ਵੀ ਨਹੀਂ ਸੀ ਰਹਿ ਸਕਦਾ। ਹਾਰੇ ਹੋਏ ਖਿਡਾਰੀ ਵਾਂਗ ਉਹ ਮਰੇ ਹੋਏ ਮੋਹਰੇ ਫਿਰ ਘਰਾਂ 'ਤੇ ਰੱਖ ਕੇ ਖੇਡ ਚਾਲੂ ਰੱਖਣ ਦਾ



WWW.SIKHBOOKCLUB.COM 

ਯਤਨ ਕਰਨ ਲੱਗਾ। "ਅਸੀਂ ਨਹੀਂ ਜਾਣਦੇ। ਜੇ ਕਿਸੇ ਐਡੀ ਕੀਮਤੀ ਚੀਜ਼ ਲੈਣੀ ਹੈ ਤਾਂ ਉਹਦਾ ਮੁੱਲ ਜ਼ਰੂਰ ਤਾਰਨਾ ਪਵੇਗਾ।" ਉਹਨੇ ਬਨਾਉਟੀ ਗੁੱਸੇ ਨਾਲ ਕਿਹਾ।

"ਅਨੋਖੇ ਵਣਜਾਰੇ ਓ। ਮਾਲ ਵਿਖਾਏ ਬਿਨਾਂ ਹੀ ਮੁੱਲ ਮੰਗਦੇ ਓ।"

"ਪਰ ਕੋਈ ਮਾਲ ਵੇਖੇ ਵੀ। ਇਹੋ ਤਾਂ ਮੈਂ ਕਹਿਨਾਂ ਕਿ ਜ਼ਰਾ ਪੱਲਾ ਚੁੱਕ ਕੇ ਮਾਲ ਵੇਖੋ, ਪਸੰਦ ਆ ਗਿਆ ਤਾਂ ਆਪੇ ਸੌਦਾ ਬਣ ਜਾਵੇਗਾ।"

ਸੁਰਿੰਦਰ ਨੇ ਸੱਜੇ ਹੱਥ ਨਾਲ ਅੱਧਾ-ਕੁ ਘੁੰਡ ਚੁੱਕਿਆ ਤੇ ਮੁਸਕਰਾ ਕੇ ਕਿਹਾ, "ਜੀ!"

ਹਰਪਾਲ ਨੇ ਓਹਾ ਤਹਿ ਕੀਤਾ ਹੋਇਆ ਰੁਮਾਲ—ਜੋ ਸੁਰਿੰਦਰ ਨੇ ਉਹਦੀ ਹੋਰ ਥੇ ਮੰਗਣੀ ਦੀ ਗੱਲ ਸੁਣ ਕੇ, ਉਹਨੂੰ ਮੋੜ ਦਿੱਤਾ ਸੀ—ਜੇਬ 'ਚੋਂ ਕੱਢ ਕੇ ਉਹਦੇ ਸਾਮ੍ਹਣੇ ਕਰ ਦਿੱਤਾ। ਜਿਉਂ ਹੀ ਸੁਰਿੰਦਰ ਨੇ ਵੇਖਿਆ, ਦੋਹਾਂ ਹੱਥਾਂ ਨਾਲ ਘੁੱਟ ਕੇ ਰੁਮਾਲ ਛਾਤੀ ਨਾਲ ਲਾ ਲਿਆ। ਉਹਨੂੰ ਆਪਣੀ ਜਾਂ ਆਪਣੇ ਘੁੰਡ ਦੀ ਸੁੱਧ ਹੀ ਨਾ ਰਹੀ। ਉਹਦੇ ਮੂੰਹੋਂ ਅਵੱਸ਼ ਨਿਕਲ ਗਿਆ "ਪਿਆਰ-ਨਿਸ਼ਾਨੀ"। ਉਹ ਇਉਂ ਹੋ ਗਈ, ਜਿਵੇਂ ਨਸ਼ੇ ਵਿਚ ਚੂਰ। ਉਹਦੇ ਵਾਹੇ ਹੋਏ ਕੇਸਾਂ ਤੋਂ ਚੁੰਨੀ ਸਰਕ ਗਈ। ਉਹਦੇ ਚਿਹਰੇ 'ਤੇ ਦੂਣੀ ਲਾਲੀ ਚਮਕ ਆਈ। ਉਹ ਅੱਖਾਂ ਬੰਦ ਕੀਤੀ ਕਿਸੇ ਅਨੋਖੇ ਰੱਸ ਵਿਚ ਲੀਨ ਹੋ ਗਈ। ਹਰਪਾਲ ਵੀ ਉਹਦੀ ਮਸਤ ਜੁਆਨੀ ਵੇਖ ਕੇ ਲੋਟ ਪੋਟ ਹੋ ਗਿਆ। ਉਹਨੂੰ ਸੁਫ਼ਨੇ ਵਿਚ ਵੀ ਖ਼ਿਆਲ ਨਹੀਂ ਸੀ ਆਇਆ, ਕਿ ਸੁਰਿੰਦਰ 'ਤੇ ਐਨਾ ਰੂਪ ਹੋਵੇਗਾ। ਕਿੰਨਾ ਸਮਾਂ ਏਸੇ ਰੰਗ ਵਿੱਚ ਲੰਘ ਗਿਆ। ਦੋਹਾਂ ਵਿਚੋਂ ਕਿਸੇ ਨੂੰ ਪਤਾ ਨਹੀਂ, ਕਿ ਕਿਹੜੇ ਵੇਲੇ ਹਰਪਾਲ ਨੇ ਸੁਰਿੰਦਰ ਨੂੰ ਗਲਵੱਕੜੀ ਵਿਚ ਲੈ ਲਿਆ। ਫਿਰ ਸੁਰਤ ਇਸ ਦੇਸ ਪਰਤੀ, ਤਾਂ ਸੁਰਿੰਦਰ—ਮਾਨੋ ਨੀਂਦ ਵਿਚੋਂ ਜਾਗ ਕੇ—ਬੋਲੀ, "ਉਹ! ਸੁਆਮੀ! ਮੈਂ ਭੁੱਲ ਗਈ। ਪਹਿਲਾਂ ਮੈਨੂੰ ਆਪਣੇ ਦੇਵਤਾ ਦੀ ਪੂਜਾ ਕਰਨੀ ਚਾਹੀਦੀ ਸੀ।"

ਹੁਣ ਹਰਪਾਲ ਦੀ ਵਾਰੀ ਸੀ ਮਾਣ ਕਰਨ ਦੀ। ਉਹ ਝੱਟ ਸੁਰਿੰਦਰ ਵੱਲੋ ਪਿੱਛਾ ਕਰਕੇ ਬਹਿ ਗਿਆ ਤੇ ਸੱਜੀ ਬਾਂਹ ਹਿਲਾ ਕੇ ਬੜੇ ਨਖ਼ਰੇ ਨਾਲ ਬੋਲਿਆ, "ਅਜੀ! ਇਹ ਪੱਥਰ ਦਾ ਦੇਵਤਾ ਨਹੀਂ, ਜੋ ਅਗਰ, ਚੰਦਨ, ਧੂਪ, ਦੀਪ 'ਤੇ ਪ੍ਰਸੰਨ ਹੋ ਜਾਵੇਗਾ। ਇਹ ਸਰਕਾਰ ਆਪ ਹੈ। ਪਹਿਲਾਂ ਪੂਜਾ ਕਰਾਵਾਂਗੇ, ਫਿਰ ਐਨਾ ਚਿਰ ਰੁੱਸਣ ਦੀ ਸਜ਼ਾ ਦਿਆਂਗੇ, ਫਿਰ ਮੰਨਾਂਗੇ।"

ਸੁਰਿੰਦਰ ਮੁਸਕਰਾਉਂਦੀ ਹੋਈ ਉੱਠੀ, ਸਿਰ ਦੀ ਚੁੰਨੀ ਸੁਆਰੀ, ਹਰਪਾਲ ਦੇ ਸਾਮ੍ਹਣੇ ਪਾਸੇ ਆਈ ਤੇ ਪੁਜਾਰਨ ਵਾਂਗ ਦੋਵੇਂ ਗੋਡੇ ਧਰਤੀ 'ਤੇ ਟੇਕ ਕੇ ਦੋਹਾਂ ਹੱਥਾਂ ਵਿੱਚ ਪੱਲਾ ਫੜ ਕੇ ਪਤੀ ਦੇ ਚਰਨਾਂ 'ਤੇ ਨਮਸਕਾਰ ਕਰਦੀ ਹੋਈ ਹੱਥ ਜੋੜ ਕੇ ਬੋਲੀ, "ਦਾਸੀ ਹਾਜ਼ਰ ਹੈ, ਨਾਥ!"



WWW.SIKHBOOKCLUB.COM 

"ਪੁਜਾਰਨ ! ਸੁਣੋ। ਇਸ ਅਵੱਗਿਆ ਦਾ ਪ੍ਰਾਸਚਿਤ ਕਰਨਾ ਪਵੇਗਾ। ਆਪਣੇ ਗੁਨਾਹ ਦੀ ਸਜ਼ਾ ਭੁਗਤਣੀ ਪਵੇਗੀ।"

ਸੁਰਿੰਦਰ ਅਦੱਾ ਨਾਲ ਸਿਰ ਝੁਕਾ ਕੇ ਬੋਲੀ, "ਜੋ ਆਗਿਆ, ਦੇਵ !"

"ਜਿਵੇਂ ਸਕੂਲ ਵਿੱਚ ਲੜ ਕੇ ਆਹੰਦੀ ਹੁੰਦੀ ਸੈਂ, ਓਸੇ ਤਰ੍ਹਾਂ 'ਕੇਰਾਂ ਆਖ, 'ਪਾਲੀ-ਸੜਾਲੀ'।"

ਸੁਣ ਕੇ ਸੁਰਿੰਦਰ ਤ੍ਰਭਕ ਉੱਠੀ। ਪਰ ਛੇਤੀ ਹੀ ਸੰਭਲ ਕੇ ਉਹ ਬੋਲੀ, "ਪ੍ਰਾਣ-ਪਿਆਰੇ! ਨਾ ਬਚਪਨ ਪਰਤ ਸਕਦਾ ਏ, ਨਾ ਜੁਆਨੀ ਨੂੰ ਧੋਖਾ ਦਿੱਤਾ ਜਾ ਸਕਦਾ ਏ। ਬਚਪਨ ਪ੍ਰਭਾਤ ਦਾ ਹਨ੍ਹੇਰਾ ਏ, ਤੇ ਜੁਆਨੀ ਜੋਬਨ ਦੀ ਜਗਦੀ ਜੋਤ। ਹਨ੍ਹੇਰੇ ਦੀਆਂ ਖੇਡਾਂ ਚਾਨਣ ਵਿਚ ਨਹੀਂ ਦੁਹਰਾਈਆਂ ਜਾ ਸਕਦੀਆਂ। ਪਹਿਲਾਂ ਮੈਨੂੰ ਦੀਵਾ...।"

## ੧੪

ਖੂਹ ਦੇ ਬਨੇਰੇ ਤੋਂ ਪਾਣੀ ਤਕ ਅਪੜਦਿਆਂ ਚੰਦੋ ਦੇ ਦਿਲ ਵਿਚ ਕਈ ਖ਼ਿਆਲ ਆਏ। ਉਹਨੂੰ ਹੁਣ ਪਤਾ ਲੱਗਾ ਕਿ ਮੌਤ ਕਿੰਨੀ ਭਿਆਨਕ ਹੁੰਦੀ ਹੈ। ਜੇ ਕੋਈ ਉਹਨੂੰ ਉਸ ਵੇਲੇ ਬਚਾਉਣ ਵਾਲਾ ਦੀਹਦਾ ਤਾਂ ਉਹ ਉਸ ਅੱਗੇ ਜੀਵਨ ਦਾ ਵਾਸਤਾ ਪਾਉਂਦੀ। ਪਰ ਹੁਣ ਤਾਂ ਸਭ ਸੋਚਾਂ ਮੁੱਕ ਗਈਆਂ ਸਨ। ਪਾਣੀ ਵਿੱਚ ਡੁੱਬਣ ਤੋਂ ਪਹਿਲਾਂ ਹੀ ਉਹਦੇ ਹੋਸ਼ ਹਵਾਸ ਪਿੱਛਾ ਦੇ ਗਏ। ਅਜੇ ਕਿਸਮਤ ਨੂੰ ਪ੍ਰਵਾਨ ਨਹੀਂ ਸੀ ਕਿ ਉਹ ਦੁਖਿਆਰਨ ਇਹਨਾਂ ਦੁੱਖਾਂ ਤੋਂ ਛੁਟਕਾਰਾ ਪਾ ਜਾਂਦੀ। ਮਗਰ ਆਉਣ ਵਾਲੇ ਗਭਰੂ ਨੇ ਸਣੇ ਕੱਪੜਿਆਂ ਖੂਹ ਵਿੱਚ ਛਾਲ ਮਾਰ ਦਿੱਤੀ। ਖੂਹ ਦਾ ਇਕ ਬਨੇਰਾ ਢੱਠਾ ਹੋਇਆ ਸੀ। ਮੀਂਹ ਦੇ ਰੋੜ੍ਹ ਦਾ ਪਾਣੀ ਤੇ ਮਿੱਟੀ ਪੈ ਪੈ ਕੇ ਉਹਦਾ ਬਹੁਤਾ ਹਿੱਸਾ ਪੂਰਿਆ ਜਾ ਚੁੱਕਾ ਸੀ। ਉਸ ਵਿਚ ਮਸੌਂ ਤਿੰਨ ਹੱਥ ਡੂੰਘਾ ਪਾਣੀ ਸੀ। ਚੰਦੋ ਨੂੰ ਇਸ ਗੱਲ ਦਾ ਪਤਾ ਨਹੀਂ ਸੀ, ਪਰ ਮਗਰ ਆਉਣ ਵਾਲਾ ਜਾਣਦਾ ਸੀ। ਚੰਦੋ ਨੂੰ ਡਿਗਦਿਆਂ ਪਾਣੀ ਵਿੱਚ ਗੋਤਾ ਆਇਆ, ਤੇ ਉਹ ਸਹਿਮ ਨਾਲ ਹੀ ਬੇਹੋਸ਼ ਹੋ ਗਈ। ਗਭਰੂ ਨੇ ਉਹਨੂੰ ਪਾਣੀ ਦੇ ਥੱਲਿਓਂ ਚੁੱਕ ਕੇ ਦੋਹਾਂ ਬਾਂਹੀਂ 'ਤੇ ਉਠਾ ਲਿਆ। ਉਹ ਹਨ੍ਹੇਰੇ ਵਿਚ ਡੁੱਬਣ ਵਾਲੀ ਨੂੰ ਪਛਾਣ ਨਾ ਸਕਿਆ। ਹੁਣ ਮੁਸੀਬਤ ਇਹ ਸੀ ਕਿ ਉਹ ਉਹਨੂੰ ਲੈ ਕੇ ਬਾਹਰ ਕਿਵੇਂ ਨਿਕਲੇ ?

ਏਸ ਖੂਹ ਦੇ ਲਾਗੇ ਹੀ ਪਾਣੀ ਵਾਲਾ ਛੱਪੜ ਸੀ। ਸਵੇਰੇ ਲੋਕੀਂ ਵਧਰੇ ਏਸੇ ਪਾਸੇ ਆਉਂਦੇ ਸਨ। ਖੂਹ ਵਿੱਚ ਅੱਗੜ ਪਿੱਛੜ ਦੋ ਚੀਜ਼ਾਂ ਡਿੱਗਦੀਆਂ ਸੁਣ ਕੇ ਇਕ ਹੋਰ ਆਦਮੀ ਏਸ ਪਾਸੇ ਆ ਗਿਆ। ਖੂਹ 'ਤੇ ਖਲੋ ਕੇ ਉਹਨੇ ਹੇਠਾਂ ਵੇਖਿਆ



WWW.SIKHBOOKCLUB.COM 

ਤਾਂ ਉਹਨੂੰ ਪਾਣੀ ਵਿੱਚ ਕਿਸੇ ਖਲੋਤੇ ਦਾ ਝਉਲਾ ਪਿਆ। "ਕੌਣ ਏਂ ਤੂੰ ਇਸ ਵੇਲੇ?" ਆਉਣ ਵਾਲੇ ਨੇ ਪੁੱਛਿਆ।

"ਛੇਤੀ ਕੋਈ ਬੰਦੋਬਸਤ ਕਰੋ, ਪਹਿਲਾਂ ਇਹਨੂੰ ਬਾਹਰ ਕੱਢ ਲਈਏ।" ਘਬਰਾਏ ਹੋਏ ਗਭਰੂ ਨੇ ਖੂਹ ਵਿਚੋਂ ਕਿਹਾ।

"ਤੂੰ ਸਗੋਂ ਹਰਪਾਲ ਸਿੰਘ ਏਂ ?" ਉਪਰ ਵਾਲੇ ਨੇ ਸ਼ੱਕ ਦੂਰ ਕਰਨ ਵਾਸਤੇ ਫਿਰ ਪੁੱਛਿਆ।

"ਹਾਂ। ਪੰਡਤ ਜੀ! ਛੇਤੀ ਕਰੋ ਪਰ!"

ਖੂਹ ਵਿਚ ਛਾਲ ਮਾਰਨ ਵਾਲਾ-ਸੁਰਿੰਦਰ ਦਾ ਪਤੀ-ਹਰਪਾਲ ਸੀ ਤੇ ਉਪਰ ਖਲੋਤਾ ਪੁੱਛਣ ਵਾਲਾ ਪੰਡਤ ਜਵਾਲਾ ਸਹਾਇ। ਪੰਡਤ ਨੇ ਜ਼ਰਾ ਹੋਰ ਝੁਕ ਕੇ ਕਿਹਾ, "ਦੂਜਾ ਕੌਣ ਏਂ?"

"ਮੈਨੂੰ ਨਹੀਂ ਪਤਾ। ਤੁਸੀਂ ਝੱਟ ਕਰੋ। ਕੀ ਇਹ ਮਰ ਜਾਏਗੀ ਤਾਂ ਕੁਝ ਕਰੋਗੇ?" ਹਰਪਾਲ ਨੇ ਛਿੱਥੇ ਪੈ ਕੇ ਕਿਹਾ।

ਪੰਡਤ ਨੇ ਲੋਕਾਂ ਨੂੰ ਉੱਚੀ ਉੱਚੀ 'ਵਾਜਾਂ ਮਾਰੀਆਂ। ਸੁਣ ਕੇ ਦੋ ਚਾਰ ਆਦਮੀ ਹੋਰ ਆ ਗਏ। ਪਿੰਡ ਵਿੱਚੋਂ ਰੱਸੇ ਤੇ ਇਕ ਛੋਟੀ ਜਿਹੀ ਮੰਜੀ ਲਿਆਂਦੀ ਗਈ। ਪਹਿਲਾਂ ਚੰਦੋ ਨੂੰ ਬਾਹਰ ਕੱਢਿਆ ਤੇ ਫਿਰ ਹਰਪਾਲ ਨੂੰ। ਚੰਦੋ ਨੂੰ ਘੜੇ ਉੱਤੇ ਢਿੱਡ ਪਰਨੇ ਪਾਇਆ ਗਿਆ। ਉਹਦੀਆਂ ਬਾਂਹੀਂ, ਛਾਤੀ ਨਾਲ ਲਾ ਕੇ ਘੁੱਟੀਆਂ, ਮੌਰਾਂ ਦੇ ਪੱਠੇ ਦਬਾਏ, ਤਾਂ ਉਹਨੂੰ ਕੁਛ ਸਮੇਂ ਪਿੱਛੋਂ ਸਾਹ ਆਇਆ। ਪੇਟ ਵਿਚੋਂ ਪਾਣੀ—ਜੋ ਥੋੜ੍ਹਾ ਬਹੁਤਾ ਪਿਆ ਸੀ-ਨਿਕਲ ਗਿਆ। ਉਹਦਾ ਸਾਹ ਚੱਲਣ ਲੱਗ ਪਿਆ। ਉਹਨੂੰ ਮੰਜੇ 'ਤੇ ਪਾ ਕੇ ਘਰ ਲਿਆਂਦਾ ਗਿਆ। ਉਹਦੇ ਹੇਠ ਅੱਗ ਪਾ ਕੇ ਉਪਰ ਲੀੜੇ ਪਾ ਦਿੱਤੇ। ਕੋਈ ਦੋ-ਤਿੰਨ ਘੜੀਆਂ ਪਿੱਛੋਂ ਉਹਨੂੰ ਹੋਸ਼ ਆਈ। ਉਹ ਬਚ ਗਈ।

ਲੋਕਾਂ ਨੇ ਗੇਂਡਾ ਸਿੰਘ ਨੂੰ ਬਹੁਤ ਤਾੜ ਤਪਾੜੀ ਕੀਤੀ ਕਿ ਉਹਦੇ ਬੁਰੇ ਵਰਤਾਓ ਤੋਂ ਤੰਗ ਆ ਕੇ ਹੀ ਉਹ ਵਿਚਾਰੀ ਡੁੱਬ ਮਰਨ ਲੱਗੀ ਸੀ। ਅੱਗੇ ਵਾਸਤੇ ਉਹਨੂੰ ਬੜਾ ਸਮਝਾਇਆ, ਕਿ ਉਹ ਭੁੱਲ ਕੇ ਵੀ ਫਿਰ ਅਜੇਹਾ ਨਾ ਕਰੇ।

ਸੂਰਤ ਆਪਣੀ ਵੱਡੀ ਭੈਣ ਤੇਜੋ ਕੋਲ ਗਿਆ ਹੋਇਆ ਸੀ। ਉਹਨੂੰ ਓਥੇ ਖ਼ਬਰ ਪਹੁੰਚੀ ਤਾਂ ਉਹ ਓਸੇ ਵੇਲੇ ਉਠ ਭੱਜਾ। ਆਉਂਦਾ ਹੀ ਉਹ ਬੱਚਿਆਂ ਵਾਂਗ ਚੰਦੋ ਦੇ ਗਲ ਲੱਗ ਕੇ ਰੋਣ ਲੱਗ ਪਿਆ। ਚੰਦੋ ਦੇ ਵੀ ਹੰਝੂ ਨਿਕਲ ਆਏ। ਉਹ ਸੂਰਤ ਨੂੰ ਤਾਂ ਚੁੱਪ ਕਰਨ ਵਾਸਤੇ ਕਹਿ ਰਹੀ ਸੀ, ਪਰ ਆਪ ਭੁੱਬੀਂ-ਭੁੱਬੀਂ ਰੋ ਰਹੀ ਸੀ। ਰੋ ਧੋ ਕੇ ਦੋਹਾਂ ਦਾ ਦਿਲ ਕੁਛ ਹੌਲਾ ਹੋਇਆ ਤਾਂ ਸੂਰਤ ਨੇ ਕਿਹਾ, "ਚਾਚੀ

ਜੀ! ਤੁਸਾਂ ਇਹ ਕੀ ਕੀਤਾ ? ਤੁਸਾਂ ਤਾਂ ਕਿਹਾ ਸੀ, 'ਸੂਰਤ! ਹੁਣ ਮੈਂ ਤੈਨੂੰ ਮਾਂ-ਮਹਿੱਟਰ ਨਹੀਂ ਬਣਨ ਦਿਆਂਗੀ'।"

ਚੰਦੋ ਦੀਆਂ ਫੇਰ ਧਾਹੀਂ ਨਿਕਲ ਗਈਆਂ। ਉਹ ਸੂਰਤ ਨੂੰ ਛਾਤੀ ਨਾਲ ਘੁੱਟ ਕੇ ਬੋਲੀ, "ਮੇਰੇ ਲਾਲ ! ਮੈਂ ਤੇਰੇ ਬਦਲੇ ਜਿਊਂਦੀ ਰਹਾਂਗੀ।"

ਚੰਦੋ ਦੀ ਮਾਂ ਵੀ ਸੁਣ ਕੇ ਆਈ, ਪਰ ਚੰਦੋ ਉਹਦੇ ਨਾਲ ਸਿੱਧੇ ਮੱਥੇ ਬੋਲੀ ਤਕ ਨਹੀਂ। ਉਹ ਸਾਰੇ ਦੁੱਖਾਂ ਦਾ ਮੂਲ ਕਾਰਨ ਮਾਂ ਨੂੰ ਹੀ ਸਮਝਦੀ ਸੀ। ਦੋ ਦਿਨ ਰਹਿ ਕੇ ਉਹ ਵਾਪਸ ਮੁੜ ਗਈ। ਚੰਦੋ ਚਾਰ ਪੰਜ ਦਿਨ ਅੰਦਰੇ ਪਈ ਰਹੀ। ਗੰਡਾ ਸਿੰਘ ਨੇ ਇੱਕ ਵਾਰ ਵੀ ਆ ਕੇ ਉਹਦਾ ਹਾਲ ਨਾ ਪੁੱਛਿਆ। ਉਹ ਆਪਣੀ ਕਰਤੂਤ ਉੱਤੇ ਐਨਾ ਸ਼ਰਮਿੰਦਾ ਸੀ ਕਿ ਉਹਦੀਆਂ ਅੱਖਾਂ ਸਾਮ੍ਹਣੇ ਨਹੀਂ ਸਨ ਹੁੰਦੀਆਂ। ਇਕ ਸੂਰਤ ਹੀ ਆਪਣੀ ਮਾਂ ਦੀ ਸੇਵਾ ਕਰਦਾ ਸੀ। ਇਕ ਇਕ ਸਾਹ ਨਾਲ ਉਹ ਪੁੱਤਰ ਨੂੰ ਸੌ ਸੌ ਅਸੀਸਾਂ ਦੇਂਦੀ, "ਚੰਨ! ਮੈਂ ਉਮਰ ਭਰ ਤੇਰੀ ਇਸ ਸੇਵਾ ਦਾ ਮੁੱਲ ਨਹੀਂ ਮੋੜ ਸਕਾਂਗੀ।" ਸੂਰਤ ਲਾਡ ਨਾਲ ਪਾਸੇ ਨੂੰ ਮੂੰਹ ਕਰਕੇ ਕਹਿੰਦਾ, "ਭਲਾ, ਮਾਂ ਦੀ ਸੇਵਾ ਕਰਕੇ ਪੁੱਤਰ ਕਿਸੇ ਸਿਰ 'ਹਸਾਨ ਕਰਦਾ ਏ ? ਕੀ ਇਹ ਮੇਰਾ ਧਰਮ ਨਹੀਂ, ਜੋ ਮੈਂ ਕਰ ਰਿਹਾ ਹਾਂ?"

"ਹਾਇ, ਤੂੰ ਮੇਰੀ ਹੀ ਕੁੱਖੋਂ ਜੰਮਿਆ ਪੁੱਤਰ ਹੁੰਦੋਂ।" ਚੰਦੋ ਨੇ ਠੰਢਾ ਸਾਹ ਭਰ ਕੇ ਕਿਹਾ।

"ਮੈਂ ਤਾਂ ਤੁਹਾਡੇ ਘਰ ਹੀ ਜੰਮਿਆ ਹਾਂ। ਨਹੀਂ ਤਾਂ ਵਿਖਾਓ ਕੋਈ ਮੇਰੀ ਹੋਰ ਮਾਂ।" ਸੂਰਤ ਨੇ ਗੱਲ ਵਲਾਉਣ ਬਦਲੇ ਹੱਸ ਕੇ ਕਿਹਾ।

ਇਹ ਮਿੱਠੀਆਂ-ਮਿੱਠੀਆਂ ਸੁਰਗੀ ਪਿਆਰ ਵਿੱਚ ਗੁੱਝੀਆਂ ਹੋਈਆਂ ਗੱਲਾਂ ਚੰਦੋ ਦੇ ਫੱਟਾਂ 'ਤੇ ਫਹੇ ਦਾ ਕੰਮ ਕਰ ਰਹੀਆਂ ਸਨ। ਸੂਰਤ ਨੇ ਚੰਦੋ ਦੀ ਬਾਂਹ ਹਿਲਾ ਕੇ ਕਿਹਾ,"ਚਾਚੀ ਜੀ! ਮੈਂ ਦੋ ਕੁ ਘੜੀਆਂ ਹਰਪਾਲ ਕੋਲੋਂ ਪੜ੍ਹ ਆਵਾਂ ? ਉਹ ਬੜਾ ਚੰਗਾ ਮੁੰਡਾ ਏ। ਉਹ ਮੇਰਾ ਪੱਕਾ ਬੇਲੀ ਬਣਿਆਂ ਹੋਇਆ ਏ। ਮੈਂ ਉਹਦੇ ਕੋਲੋਂ ਕਿੰਨਾ ਪੜ੍ਹ ਲਿਆ ਏ। ਦੂਜੀ ਕਿਤਾਬ ਵਿਚੋਂ ਤਿੰਨ ਚਾਰ ਪੱਤਰੇ ਰਹਿ ਗਏ ਨੇ। ਉਹ ਕਹਿੰਦਾ ਸੀ, ਜਦੋਂ ਤੂੰ ਇਹ ਪੂਰੀ ਕਰ ਲਵੇਂਗਾ, ਫਿਰ ਤੈਨੂੰ ਭਗਤ ਬਾਣੀ ਪੜ੍ਹਾਵਾਂਗਾ।"

"ਜਾਹ, ਪੜ੍ਹ ਆ।" ਚੰਦੋ ਨੇ ਆਗਿਆ ਦੇ ਦਿੱਤੀ। "ਪਰ ਬਹੁਤਾ 'ਨ੍ਹੇਰਾ ਕਰਕੇ ਨਾ ਆਵੀਂ। ਮੈਂ ਵੀ ਭਲਕੇ ਬੇਬੇ ਗੁਰਨਾਮ ਕੌਰ ਨੂੰ ਮਿਲਣ ਜਾਵਾਂਗੀ। ਹਰਪਾਲ ਨੇ ਹੀ ਮੇਰੀ ਜਾਨ ਬਚਾਈ ਏ।"

ਗੁਰਨਾਮ ਕੌਰ ਦਾ ਘਰ ਅਸਲੋਂ ਚੰਦੋ ਦੇ ਲਾਗੇ ਸੀ। ਅਗਲੇ ਦਿਨ ਚੰਦੋ

ਗੁਰਨਾਮ ਕੌਰ ਦਾ ਧੰਨਵਾਦ ਕਰਨ ਗਈ। ਸੁਰਿੰਦਰ ਆਪਣੇ ਪਤੀ ਦੀ ਤੇ ਗੁਰਨਾਮ ਆਪਣੇ ਪੁੱਤਰ ਦੀ ਸੋਭਾ ਸੁਣ ਕੇ ਪ੍ਰਸੰਨ ਹੋ ਰਹੀਆਂ ਸਨ।

## ੧੫

ਸੁਰਿੰਦਰ ਨੂੰ ਡੂਢ ਸਾਲ ਹੋ ਚਲਿਆ ਸੀ ਸਹੁਰੇ ਘਰ ਆਈ ਨੂੰ। ਗੁਰਨਾਮ ਕੌਰ ਅਜੇ ਵੀ ਉਹਨੂੰ ਇਉਂ ਲਾਡ ਲਡਾਉਂਦੀ ਸੀ ਜਿਵੇਂ ਉਹ ਅਜੇ ਮੁਕਲਾਵੇ ਆਈ ਹੁੰਦੀ ਹੈ। ਸੁਰਿੰਦਰ ਵੀ ਸਵੇਰੇ ਉੱਠ ਕੇ ਪਹਿਲਾਂ ਸੱਸ ਸਹੁਰੇ ਦੇ ਪੈਰੀਂ ਹੱਥ ਲਾਉਂਦੀ ਤੇ ਫੇਰ ਹੋਰ ਕੁਛ ਕਰਦੀ। ਪਹਿਲਾਂ ਤਾਂ ਗੁਰਨਾਮ ਉਹਨੂੰ ਵਰਜਦੀ ਹੁੰਦੀ ਸੀ ਕਿ ਕੰਮ ਨਾ ਕਰ, ਪਰ ਹੁਣ ਸੁਰਿੰਦਰ ਨੇ ਸਾਰਾ ਕੰਮ ਆਪ ਸੰਭਾਲ ਲਿਆ ਸੀ। ਗੁਰਨਾਮ ਕੌਰ ਕਿਸੇ ਕੰਮ ਲੱਗਦੀ ਵੀ, ਤਾਂ ਸੁਰਿੰਦਰ ਕਹਿੰਦੀ, "ਮਾਂ ਜੀ! ਤੁਸੀਂ ਮੰਜੇ 'ਤੇ ਬੈਠੇ ਬੈਠੇ ਮੈਨੂੰ ਦੱਸੀ ਜਾਓ। ਮੈਂ ਆਪੇ ਸਭ ਕੁਛ ਕਰ ਲਵਾਂਗੀ। ਬੱਚਿਆਂ ਦਾ ਧਰਮ ਏ ਮਾਪਿਆਂ ਦੀ ਸੇਵਾ ਕਰਨੀ।"

ਸੁਰਿੰਦਰ ਪੜ੍ਹੀ ਲਿਖੀ ਬੜੀ ਸੁਚੱਜੀ ਲੜਕੀ ਸੀ। ਉਹ ਚੌਂਕੇ ਦੇ ਕੰਮ ਵਿੱਚ ਬੜੀ ਚਾਤਰ ਸੀ, ਪਰ ਸਭ ਕੁਛ ਜਾਣਦੀ ਹੋਈ ਵੀ ਉਹ ਆਪਣੀ ਸੱਸ ਕੋਲੋਂ ਪੁੱਛ ਕੇ ਕਰਦੀ। ਉਹਦੀ ਜ਼ਬਾਨ ਏਨੀ ਮਿੱਠੀ ਸੀ ਕਿ ਹਰ ਇਕ ਵੱਡੇ ਛੋਟੇ ਨੂੰ ਉਹਨੇ 'ਜੀ' ਕਹਿ ਕੇ ਬੁਲਾਉਣਾ। ਉਹ ਹਰ ਵੇਲੇ ਮੁਸਕਰਾਉਂਦੀ ਰਹਿੰਦੀ ਸੀ। ਕਦੇ ਕਿਸੇ ਨੇ ਉਹਦੇ ਮੱਥੇ 'ਤੇ ਵੱਟ ਪਿਆ ਨਹੀਂ ਸੀ ਵੇਖਿਆ। ਉਹ ਸਹੁਰੇ ਤੋਂ ਘੁੰਡ ਨਹੀਂ ਸੀ ਕੱਢਦੀ। ਉਹ ਉਸ ਨੂੰ 'ਪਿਤਾ ਜੀ' ਕਹਿ ਕੇ ਬੁਲਾਉਂਦੀ ਸੀ। ਉਹ ਵੀ ਨੂੰਹ ਦਾ ਬੜਾ ਆਦਰ ਕਰਦਾ ਸੀ। ਤੇ ਨੂੰਹ ਉਸ ਨੂੰ ਗੁਰਦੇਵ ਸਮਝ ਕੇ ਪੂਜਦੀ ਸੀ। ਬਾਕੀ ਗੱਲ ਰਹੀ, ਹਰਪਾਲ ਤੇ ਸੁਰਿੰਦਰ ਦੀ, ਉਹ ਤਾਂ ਇਕ ਦੂਜੇ ਨੂੰ ਵੇਖ ਕੇ ਜਿਉਂਦੇ ਸਨ। ਬੱਸ, ਸਾਰੇ ਖ਼ੁਸ਼ੀਆਂ ਹੀ ਖ਼ੁਸ਼ੀਆਂ ਸਨ।

ਜਿਸ ਦਿਨ ਦਾ ਹਰਪਾਲ ਨੇ ਚੰਦੋ ਨੂੰ ਖੂਹ 'ਚੋਂ ਕਢਿਆ ਸੀ, ਉਸ ਦਿਨ ਤੋਂ ਉਹ ਇਸ ਪਰਵਾਰ ਦਾ ਬੜਾ ਆਦਰ ਕਰਦੀ ਸੀ। ਉਹਨੇ ਕੰਮ ਧੰਧੇ ਤੋਂ ਵਿਹਲੀ ਹੋ ਕੇ ਘੜੀ ਪਲ ਏਧਰ ਜ਼ਰੂਰ ਆ ਬਹਿਣਾ। ਸ਼ਰੀਕੇ ਵਿਚੋਂ ਉਹ ਤੇ ਗੁਰਨਾਮ ਕੌਰ ਦਿਰਾਣੀ ਜੇਠਾਣੀ ਲਗਦੀਆਂ ਸਨ। ਉਹਨੇ ਕਈ ਵਾਰ ਕਹਿਣਾ, "ਬੇਬੇ ਜੀ! ਤੁਹਾਡੇ ਪੁੱਤਰ ਨੇ ਮੇਰੀ ਜਾਨ ਬਚਾਈ ਏ, ਪਰ ਮੇਰੇ ਨਰਕੀ ਜੀਵਨ ਦੀ ਕੈਦ ਵਧਾ ਦਿੱਤੀ ਏ।" ਸੁਰਿੰਦਰ ਨੂੰ ਵੀ ਉਹ ਬੜਾ ਪਿਆਰ ਕਰਦੀ ਸੀ। ਜਦ ਕਦੇ ਉਹਨੇ ਕਿਤਾਬ ਪੜ੍ਹਦੀ ਹੋਣਾ, ਚੰਦੋ ਨੇ ਘੜੀਆਂ ਬੱਧੀ ਉਹਦੇ ਕੋਲ ਬੈਠੀ ਰਹਿਣਾ ਤੇ ਕਹਿਣਾ, "ਬੀਬੀ ਸੁਰਿੰਦਰ ! ਤੂੰ ਭਾਗਾਂ ਵਾਲੀ ਏਂ, ਜੀਹਦੇ ਮਾਪਿਆਂ ਨੇ ਤੇਰੇ ਸਾਰੇ ਚਾਅ ਪੂਰੇ ਕੀਤੇ ਨੇ।" ਇਹਨਾਂ ਦੋ ਸ਼ਬਦਾਂ 'ਸਾਰੇ ਚਾਅ' ਵਿਚ ਬਹੁਤ ਕੁਛ ਲੁਕਿਆ

ਹੁੰਦਾ ਸੀ। ਸੁਰਿੰਦਰ ਦੀ ਸੁਖੀ ਜੁਆਨੀ ਵੇਖ ਕੇ ਉਹਨੂੰ ਆਪਣੀ ਬਰਬਾਦ ਜੁਆਨੀ 'ਤੇ ਰੋਣ ਆ ਜਾਂਦਾ। ਉਹਨੇ ਦਿਲ ਵਿਚ ਕਹਿਣਾ 'ਅਸੀਂ ਵੀ ਰੱਬ ਕੋਲ ਜਾ ਕੇ ਦੱਸਾਂਗੇ ਕਿ ਦੁਨੀਆਂ 'ਤੇ ਗਏ ਸਾਂ।' ਕਦੇ ਉਹਨੇ ਸ਼ੀਸ਼ਾ ਵੇਖ ਬਹਿਣਾ ਤਾਂ ਹਉਕਾ ਭਰ ਕੇ ਕਹਿਣਾ 'ਰੱਬਾ ! ਤੂੰ ਆਹ ਰੂਪ ਕਿਉਂ ਦਿੱਤਾ ਸੀ, ਜੇ ਲੇਖ ਅਜਿਹੇ ਲਿਖਣੇ ਸਨ।

ਈਸ਼ਵਰ ਦੀ ਮਾਇਆ, ਇਕ ਕੰਧ ਦੀ ਵਿਥ ਉਤੇ ਦੋ ਵਿਰੋਧੀ ਰੰਗ ਦੀਆਂ ਦੁਨੀਆਂ ਵਸਦੀਆਂ ਸਨ, ਇਕ ਪਾਸੇ ਸੁਰਗ ਸੀ ਤੇ ਇਕ ਪਾਸੇ ਨਰਕ, ਇਕ ਪਾਸੇ ਹਾਸੇ ਸਨ, ਇਕ ਪਾਸੇ ਹਉਕੇ; ਇਕ ਪਾਸੇ ਰੀਝਾਂ ਸਨ, ਇਕ ਪਾਸੇ ਹਸਰਤਾਂ; ਇਕ ਪਾਸੇ ਖੇੜੇ ਸਨ, ਇਕ ਪਾਸੇ ਸਾੜੇ; ਇਕ ਪਾਸੇ ਖ਼ੁਸ਼ੀਆਂ ਸਨ, ਇਕ ਪਾਸੇ ਗ਼ਮੀਆਂ। ਸਾਰੇ ਪਿੰਡ ਵਿੱਚ ਦੋਹਾਂ ਘਰਾਂ ਦੀ ਚਰਚਾ ਸੀ। ਇਕ ਪਾਸੇ ਚੰਦੋ ਦੇ ਦੁਖੀ ਜੀਵਨ ਦੀਆਂ ਲੋਕੀਂ ਗੱਲਾਂ ਕਰਦੇ ਸਨ ਤੇ ਇਕ ਪਾਸੇ ਹਰਪਾਲ ਤੇ ਸੁਰਿੰਦਰ ਦੇ ਸੁਰਗੀ ਜੋੜੇ ਦੀਆਂ।

## ੧੬

ਪੰਡਤ ਜਵਾਲਾ ਸਹਾਇ ਦੀਆਂ ਚੇਲੀਆਂ ਵਿਚੋਂ ਮਾਈ ਜਵੰਦੀ ਬੜੀ ਮਸ਼ਹੂਰ ਸੀ। ਉਮਰ ਵਿੱਚ ਉਹ ਪੰਡਤ ਨਾਲੋਂ ਵੀ ਪੰਜ-ਸੱਤ ਸਾਲ ਵੱਡੀ ਸੀ। ਉਹਦੇ ਸਰੀਰ ਦੀ ਬਣਤਰ ਅਜਿਹੀ ਸੀ ਕਿ ਸੱਠ ਸਾਲ ਉਮਰ ਭੋਗ ਕੇ ਵੀ ਉਹ ਅਜੇ ਬੜੀ ਤਕੜੀ ਸੀ। ਉਹਦਾ ਕੱਦ ਮੱਧਰਾ, ਸਰੀਰ ਨਾ ਭਾਰਾ ਨਾ ਪਤਲਾ, ਰੰਗ ਰੰਧਮੀਂ, ਅੰਗ ਚੰਗੇ ਸਡੌਲ, ਅੱਖਾਂ ਮੋਟੀਆਂ ਤੇ ਕੁਛ ਲੰਮੀਆਂ, ਚਿਹਰਾ ਗੋਲ ਤੇ ਨੱਕ ਲੰਮਾ ਸੀ। ਮਾਲੂਮ ਹੁੰਦਾ ਸੀ, ਜੁਆਨੀ ਵੇਲੇ ਉਹ ਚੰਗੀ ਸੁੰਦਰ ਤੇ ਸ਼ੌਕੀਨ ਹੋਵੇਗੀ। ਉਹਦੀ ਠੋਡੀ ਤੇ ਗੱਲ੍ਹਾਂ ਊਦੇ ਰੰਗ ਨਾਲ ਉਖਣੀਆਂ ਹੋਈਆਂ ਸਨ; ਮੱਥੇ ਵਿੱਚ ਖੱਬੇ ਪਾਸੇ ਅੱਧਾ ਚੰਦ ਤੇ ਤ਼ਾਰਾ ਪਾਏ ਹੋਏ ਸਨ, ਸੱਜੇ ਹੱਥ ਤੇ ਵੀਣੀ ਉੱਤੇ ਵੀ ਬੂਟੇ ਉਲੀਕੇ ਹੋਏ ਸਨ। ਇਹ ਸਾਰੀਆਂ ਚੀਜ਼ਾਂ ਉਹਦੀ ਬੀਤੀ ਹੋਈ ਬਹਾਰ ਦੀਆਂ ਨਿਸ਼ਾਨੀਆਂ ਸਨ। ਮਜ਼੍ਹਬ ਤੇ ਜ਼ਾਤ ਵੱਲੋਂ ਉਹ ਮੁਸਲਮਾਨ ਜੁਲਾਹੀ ਸੀ। ਏਸ ਉਮਰ ਉਹਦੇ ਚਾਲ ਚਲਣ ਉੱਤੇ ਵਿਚਾਰ ਕਰਨ ਦੀ ਲੋੜ ਨਹੀਂ, ਏਨਾ ਕਹਿਣਾ ਹੀ ਕਾਫ਼ੀ ਹੈ ਕਿ ਚੇਲੀ ਆਪਣੇ ਗੁਰੂ (ਪੰਡਤ) ਨਾਲੋਂ ਕਿਸੇ ਗੱਲੋਂ ਘੱਟ ਨਹੀਂ ਸੀ। ਉਹਦਾ ਮਾਲਕ ਬੜਾ ਸਾਧਾਰਨ ਸੀ, ਇਸ ਵਾਸਤੇ ਘਰ ਦੇ ਬਾਹਰ ਦੇ—ਸਾਰੇ ਕੰਮ ਉਹਨੂੰ ਆਪ ਹੀ ਕਰਨੇ ਪੈਂਦੇ ਸਨ। ਇਕ ਦੋ ਵਾਰ ਉਹ ਕਚਹਿਰੀ ਵਿੱਚ ਸ਼ਹਾਦਤ ਵਜੋਂ ਭੁਗਤ ਵੀ ਚੁੱਕੀ ਸੀ। ਹਰ ਇਕ ਘਰ ਵਿਚ ਉਹਦਾ ਜਾਣ ਆਉਣ ਸੀ। ਪਿੰਡ ਦੇ ਬਹੁਤ ਸਾਰੇ ਬੰਦਿਆਂ ਤੇ ਇਸਤਰੀਆਂ ਦੇ ਗੁਪਤ ਭੇਤਾਂ ਤੋਂ ਉਹ ਜਾਣੂ ਸੀ।



WWW.SIKHBOOKCLUB.COM 

ਉਹਦਾ ਸਭ ਤੋਂ ਵੱਡਾ ਕੰਮ ਸੀ, ਮਿਲੇ ਵਿਛੋੜਨੇ ਤੇ ਵਿਛੜਿਆਂ ਦਾ ਮਿਲਾਪ ਕਰਾਉਣਾ। ਅੱਜਕਲ੍ਹ ਏਹਾ ਉਹਦੀ ਕਮਾਈ ਦਾ ਵਸੀਲਾ ਸੀ।

ਇਹਨੀਂ ਦਿਨੀਂ ਗੰਡਾ ਸਿੰਘ ਦੇ ਘਰ ਉਹਦਾ ਬੜਾ ਫੇਰਾ ਸੀ। ਓਧਰ ਜਾਣ ਆਉਣ ਦੇ ਉਹਦੇ ਦੋ ਕਾਰਨ ਸਨ : ਇਕ ਚੰਦੋ ਤੇ ਦੂਜਾ ਸੂਰਤ। ਉਹ ਚੰਦੋ ਨੂੰ ਆਪਣੇ ਜਾਲ ਵਿਚ ਫਾਹੁਣਾ ਚਾਹੁੰਦੀ ਸੀ। ਇਸ ਕੰਮ ਤੋਂ ਉਹਨੂੰ ਬਹੁਤ ਕੁਛ ਹਾਸਲ ਹੋਣ ਦੀ ਆਸ ਸੀ, ਪਰ ਉਹਨੂੰ ਸੁੱਝਦਾ ਨਹੀਂ ਸੀ ਕਿ ਆਪਣਾ ਕੰਮ ਕਿਵੇਂ ਆਰੰਭ ਕਰੇ। ਉਹਨੇ ਕਿਸੇ ਨਾ ਕਿਸੇ ਬਹਾਨੇ ਉਹਦੇ ਘਰ ਰੋਜ਼ ਆਉਣਾ, ਉਹਦੀਆਂ ਪੂਣੀਆਂ ਕੱਤਣ ਵਾਸਤੇ ਲੈ ਜਾਣੀਆਂ ਤੇ ਉਹਦੀਆਂ ਤਾਣੀਆਂ ਉਣਨੀਆਂ। ਉਹਨੇ ਚੰਦੋ ਅੰਦਰ ਇਕ ਔਗੁਣ ਪੈਦਾ ਕਰ ਦਿੱਤਾ ਸੀ: ਪਤੀ ਤੋਂ ਚੋਰੀ ਪੈਸੇ ਜੋੜਨੇ ਤੇ ਅਗਾਂਹ ਗਰੀਬਣੀਆਂ ਨੂੰ ਵਿਆਜੀ ਦੇਣੇ। ਗੰਡਾ ਸਿੰਘ ਹੱਥੀਂ ਕੋਈ ਪੈਸਾ ਘਰ ਦੀ ਨੂੰ ਵਰਤਣ ਵਾਸਤੇ ਨਹੀਂ ਦੇਂਦਾ ਸੀ। ਤੰਗ ਆ ਕੇ ਚੰਦੋ ਨੇ ਘਰੋਂ ਚੋਰੀ ਚੀਜ਼ਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ : ਦਾਣੇ, ਕਪਾਹ, ਘਿਉ, ਜੋ ਵੀ ਹੱਥ ਲੱਗੇ। ਉਹ ਆਪ ਤਾਂ ਹੱਟੀ 'ਤੇ ਜਾਂਦੀ ਨਹੀਂ ਸੀ ਤੇ ਨਾ ਹਟਵਾਣੀਏਂ ਨੂੰ ਹੀ ਘਰ ਆਉਣ ਦੇਂਦੀ ਸੀ, ਸੋ ਸਭ ਲੈਣ ਦੇਣ ਜਵੰਦੀ ਹੱਥੀਂ ਹੀ ਹੁੰਦਾ ਸੀ। ਉਹ ਵੀ ਆਪਣੀ ਦਲਾਲੀ ਪਹਿਲਾਂ ਰੱਖ ਕੇ ਬਾਕੀ ਚੰਦੋ ਨੂੰ ਲਿਆ ਕੇ ਦੇਂਦੀ।

ਜਵੰਦੀ ਚੰਦੋ ਨੂੰ ਇਸਤਰੀ ਧਰਮ ਤੋਂ ਡੇਗਣਾ ਚਾਹੁੰਦੀ ਸੀ, ਪਰ ਉਹਨੂੰ ਕੁਛ ਖੁੱਲ੍ਹ ਕੇ ਕਹਿਣ ਦਾ ਹੌਸਲਾ ਨਹੀਂ ਸੀ ਪੈਂਦਾ। ਉਹ ਕਿਸੇ ਦੀਆਂ ਕਿਸੇ ਨਾਲ ਨਿਕਲ ਜਾਣ ਦੀਆਂ, ਜਾਂ ਕਿਸੇ ਦੀਆਂ ਕਿਸੇ ਨਾਲ ਗੁਪਤ ਸੰਬੰਧ ਰੱਖਣ ਦੀਆਂ ਗੱਲਾਂ ਬੜਾ ਮਸਾਲਾ ਲਾ ਲਾ ਕੇ ਸੁਣਾਉਂਦੀ, ਪਰ ਚੰਦੋ ਨੂੰ ਅਜਿਹੀਆਂ ਕਹਾਣੀਆਂ ਤੋਂ ਬੜੀ ਘਿਰਣਾ ਸੀ। ਉਹ ਹਰ ਵਾਰ ਅਜਿਹਾ ਕਰਨ ਵਾਲੀਆਂ ਨੂੰ ਬੜੇ ਕੌੜੇ ਸ਼ਬਦਾਂ ਵਿਚ ਫਿਟਕਾਰਦੀ। ਇਸ ਵਾਸਤੇ ਜਵੰਦੀ ਦੀ ਹਿੰਮਤ ਏਥੇ ਹੀ ਟੁੱਟ ਜਾਂਦੀ। ਚੰਦੋ ਦੇ ਅੰਦਰ ਇਕ ਭੁੱਖ ਸੀ, ਜਵੰਦੀ ਨੇ ਵੀ ਉਸ ਨੂੰ ਤਾੜ ਲਿਆ ਸੀ, ਪਰ ਉਸ ਤੋਂ ਫ਼ਾਇਦਾ ਕਿਵੇਂ ਉਠਾਵੇ, ਅਜੇ ਇਸ ਦਾ ਉੱਤਰ ਨਹੀਂ ਲੱਭਾ ਸੀ। ਜਦ ਕਦੇ ਉਹ ਹਰਪਾਲ ਤੇ ਸੁਰਿੰਦਰ ਦੀਆਂ ਗੱਲਾਂ ਕਰਦੀ, ਚੰਦੋ ਦੇ ਅੰਦਰ ਭੁਚਾਲ ਉਠ ਖਲੋਂਦੇ। ਉਹ ਮਨ ਹੀ ਮਨ ਸੋਚਣ ਲੱਗ ਪੈਂਦੀ, 'ਮੇਰੇ ਉੱਤੇ ਵੀ ਸੁਰਿੰਦਰ ਵਰਗੀ ਜੁਆਨੀ ਏਂ, ਪਰ ਹਰਪਾਲ ਵਰਗਾ ਜੋਬਨ ਦਾ ਗਾਹਕ ਨਹੀਂ ਮਿਲਿਆ। ਮੁਹੱਬਤ ਤੋਂ ਵਿਕਣ ਵਾਲਾ ਰੂਪ ਪੈਸਿਆਂ ਤੋਂ ਵਿਕਿਆ ਹੋਇਆ ਏ, ਮੇਰੀ ਤਕਦੀਰ। ਜੇ ਕਦੇ ਰੱਬ ਆਸ ਪੂਰੀ ਕਰਦਾ ਤਾਂ ਅਸੀਂ ਵੀ ਚਾਰ ਦਿਨ ਬਹਾਰ ਦੇ ਵੇਖ ਲੈਂਦੇ। ਜੁਆਨੀ ਜਿਹੀ ਆਈ, ਤੇਹੀ ਨਾ ਆਈ।' ਇਹ ਸੱਧਰ ਉਹਦੇ ਅੰਦਰ ਲੰਬੂ ਬਾਲ ਰਹੀ ਸੀ, ਕਿ ਕੋਈ ਪ੍ਰੇਮ-ਨਸ਼ੇ ਵਿਚ ਮਸਤ ਹੋਇਆ ਹੋਇਆ ਸੁਹੱਪਣ ਉਹਦੇ ਕੰਨ ਕੋਲ ਕਹਿੰਦਾ, 'ਤੂੰ



WWW.SIKHBOOKCLUB.COM 

ਬੜੀ ਸੁੰਦਰ ਏ, ਤੇਰੇ ਵਰਗੀ ਰੂਪਵਾਨ ਸਾਰੀ ਦੁਨੀਆਂ 'ਤੇ ਕੋਈ ਨਹੀਂ, ਮੈਂ ਤੈਨੂੰ ਪਿਆਰ ਕਰਦਾ ਹਾਂ।'

ਚੰਦੋ ਦੇ ਸਿਰ 'ਤੇ ਇਸ ਵੇਲੇ ਫੇਰ ਦੁੱਖਾਂ ਦੀ ਹਨੇਰੀ ਝੁੱਲੀ ਹੋਈ ਸੀ। ਉਹਦੇ ਖੂਹ ਵਿਚ ਡਿੱਗਣ ਵਾਲੀ ਘਟਨਾ ਤੋਂ ਪਿੱਛੋਂ ਸਾਲ ਕੁ ਤਾਂ ਅਮਨ ਦਾ ਲੰਘ ਗਿਆ ਸੀ, ਪਰ ਹੁਣ ਗੰਡਾ ਸਿੰਘ ਨੇ ਅੱਗੇ ਨਾਲੋਂ ਵੀ ਅੱਤ ਚੁੱਕ ਲਈ ਸੀ। ਮਾਰ ਕੁਟਾਈ ਤੋਂ ਤਾਂ ਸ਼ਾਇਦ ਚੰਦੋ ਨਾ ਹਾਰਦੀ, ਪਰ ਬੁੱਢੇ ਪਤੀ ਦੀਆਂ ਬੋਲੀਆਂ ਦੇ ਤੀਰ ਸਹਾਰਨ ਦੀ, ਉਸ ਵਿਚ ਸਮਰੱਥਾ ਨਹੀਂ ਸੀ। ਉਹਦੇ ਸਤੀਤਵ ਦਾ ਆਦਰ ਕਰਨ ਦੀ ਥਾਂ, ਉਹ ਉਸ ਨੂੰ ਖੁੱਲ੍ਹ-ਮ-ਖੁੱਲ੍ਹਾ ਬਦਕਾਰ ਕਹਿਣ ਲੱਗ ਪਿਆ ਸੀ। ਇਹ ਅੱਗ ਵੀ ਪੰਡਤ ਤੇ ਜਵੰਦੀ ਨੇ ਹੀ ਬਾਲੀ ਸੀ। ਇਕ ਦਿਨ ਜਵੰਦੀ ਲੰਘਦੀ ਲੰਘਦੀ ਕਹਿ ਗਈ ਸੀ, "ਗੰਡਾ ਸਿਹਾਂ ! ਹੁਣ ਤਾਂ ਤੇਰੇ ਘਰ ਵਾਲੀ ਵੀ ਮੇਰੇ ਵਰਗੀ ਹੋ ਗਈ ਏ। ਜਰਾ ਉਹਲੇ ਬਹਿ ਕੇ ਸੁਣ, ਸਾਰੇ ਪਿੰਡ ਵਿੱਚ ਉਹਦੀਆਂ ਵਾਰਾਂ ਤੁਰੀਆਂ ਹੋਈਆਂ ਨੇ।"

ਇਹਨਾਂ ਜ਼ਹਿਰੀਲੇ ਵਾਕਾਂ ਨੇ ਗੰਡਾ ਸਿੰਘ ਦੇ ਦਿਲ 'ਤੇ ਮਘਦੇ ਅੰਗਿਆਰ ਧਰ ਦਿੱਤੇ। ਮਰਦ ਆਪ ਭਾਵੇਂ ਕਿੰਨਾ ਗਿਰਿਆ ਹੋਇਆ ਹੋਵੇ, ਪਰ ਉਹ ਆਪਣੀ ਪਤਨੀ ਨੂੰ ਸਤਵੰਤੀ ਹੀ ਵੇਖਣਾ ਚਾਹੁੰਦਾ ਹੈ। ਉਹ ਆਪਣੇ ਗਿਣਮਿਥ ਕੇ ਕੀਤੇ ਹੋਏ ਗੁਨਾਹਾਂ ਤੋਂ ਵੀ ਨਹੀਂ ਸ਼ਰਮਾਉਂਦਾ, ਪਰ ਇਸਤਰੀ ਦੀ ਝੂਠੀ ਬਦਨਾਮੀ ਸੁਣ ਕੇ ਨਹੀਂ ਸਹਾਰ ਸਕਦਾ। ਏਹਾ ਹਾਲ ਗੰਡਾ ਸਿੰਘ ਦਾ ਸੀ। ਚੰਦੋ ਦਾ ਏਸ ਤੋਂ ਬਿਨਾਂ ਹੋਰ ਕੋਈ ਕਸੂਰ ਨਹੀਂ ਸੀ, ਕਿ ਉਹ ਬੁੱਢੇ ਪਤੀ ਦੀ ਪਤੀਬ੍ਰਤਾ ਇਸਤਰੀ ਸੀ, ਪਰ ਗੰਡਾ ਸਿੰਘ ਦਾ ਦਿਲ ਉਸ ਵੱਲੋਂ ਸ਼ੱਕੀ ਹੋ ਗਿਆ ਸੀ। ਚੰਦੋ ਦਾ ਆਪਣੀਆਂ ਜੁਆਨੀ ਦੀਆਂ ਖ਼ਾਹਸ਼ਾਂ 'ਤੇ ਕਾਬੂ ਤੇ ਸੰਤੋਖ, ਗੰਡਾ ਸਿੰਘ ਦੇ ਸ਼ੱਕ ਨੂੰ ਸਗੋਂ ਪੱਕਿਆਂ ਕਰ ਰਿਹਾ ਸੀ।

ਜਦੋਂ ਦੀ ਜਵੰਦੀ ਕੋਲੋਂ ਗੰਡਾ ਸਿੰਘ ਨੇ ਇਹ ਗੱਲ ਸੁਣੀ ਸੀ, ਓਦੋਂ ਤੋਂ ਹੀ ਉਹ ਗੁੱਸੇ ਵਿੱਚ ਪਾਗ਼ਲ ਹੋਇਆ ਫਿਰਦਾ ਸੀ। ਸਾਰਾ ਦਿਨ ਉਹ ਘਰ ਨਹੀਂ ਗਿਆ ਸੀ। ਉਹ ਮਨ ਵਿਚ ਬਹੁਤ ਕੁਛ ਸੋਚਦਾ ਰਿਹਾ, ਪਰ ਕੁਝ ਵੀ ਸੋਚ ਨਾ ਸਕਿਆ। ਪਿਛਲੇ ਪਹਿਰ ਉਹ ਪੰਡਤ ਜਵਾਲਾ ਸਹਾਇ ਕੋਲ ਜਾ ਬੈਠਾ। ਉਹਦੇ ਉੱਤਰੇ ਹੋਏ ਚਿਹਰੇ ਵੱਲ ਵੇਖ ਕੇ, ਉਹਦੇ ਮਨ ਦੀ ਵਿਥਿਆ ਸਮਝਣ ਵਿਚ ਪੰਡਤ ਨੂੰ ਦੇਰ ਨਾ ਲੱਗੀ। ਕਿਉਂਕਿ ਜਵੰਦੀ ਜਿਹੜੀ ਚੁਆਤੀ ਲਾ ਆਈ ਸੀ, ਉਹ ਪੰਡਤ ਨੂੰ ਵੀ ਦੱਸ ਗਈ ਸੀ।

ਪੰਡਤ ਨੇ ਗੰਡਾ ਸਿੰਘ ਨੂੰ ਬੜੇ ਆਦਰ ਨਾਲ ਕੋਲ ਬਿਠਾ ਲਿਆ ਤੇ ਇਕ ਕਿਤਾਬ ਖੋਲ੍ਹ ਕੇ ਆਪਣੇ-ਆਪ ਹੀ ਕਹਿਣ ਲੱਗ ਪਿਆ, "ਸਰਦਾਰ ਗੰਡਾ ਸਿੰਹਾਂ।

ਭਈ, ਵਾਰੇ ਵਾਰੇ ਜਾਈਏ ਇਸਤਰੀਆਂ ਦੇ ਚਲਿੱਤਰਾਂ ਦੇ। ਆਹ ਵੇਖ, ਮੈਂ ਅੱਜ ਰਾਜੇ ਭਰਥਰੀ ਦੀ ਸਾਖੀ ਪੜ੍ਹ ਰਿਹਾ ਸਾਂ ਤੇ ਨਾਲੇ ਵਿਚਾਰ ਰਿਹਾ ਸਾਂ, ਕਿ ਇਸਤਰੀ ਦੇ ਮਨ ਦੀ ਹਾਥ ਕਿਸੇ ਨਹੀਂ ਪਾਈ। ਜਿਹੜਾ 'ਦਿਲ ਦਰਿਆ ਸਮੁੰਦਰੋਂ ਡੂੰਘਾ' ਕਹਿੰਦੇ ਨੇ, ਉਹ ਕਿਸੇ ਇਸਤਰੀ ਦਾ ਹੀ ਹੋ ਸਕਦਾ ਏ। ਮਰਦ ਦਾ ਦਿਲ ਅਜਿਹਾ ਕਿਥੇ ? ਰਾਜੇ ਭਰਥਰੀ ਵੱਲ ਹੀ ਵੇਖ। ਜਿਸ ਰਾਣੀ ਨੂੰ ਉਹ ਪ੍ਰਾਣਾਂ ਨਾਲੋਂ ਵੱਧ ਪਿਆਰ ਕਰਦਾ ਸੀ, ਅਤੇ ਉਹਨੇ ਕੀ ਕਰਤੂਤ ਕੀਤੀ ? ਭਰਥਰੀ ਨੇ ਇਕ ਰਿਸ਼ੀ ਦੀ ਸੇਵਾ ਕੀਤੀ। ਰਿਸ਼ੀ ਨੇ ਉਹਨੂੰ 'ਅਮਰ ਫਲ' ਦਿੱਤਾ। ਰਾਜਾ ਆਪਣੀ ਰਾਣੀ 'ਤੇ ਏਨਾ ਵਿਕਿਆ ਹੋਇਆ ਸੀ ਕਿ ਉਹਨੇ ਆਪ ਖਾਣ ਦੀ ਥਾਂ, ਉਹ ਫਲ ਰਾਣੀ ਨੂੰ ਲਿਜਾ ਦਿੱਤਾ। ਉਹਦੇ ਦਿਲ ਵਿੱਚ ਏਹਾ ਸੱਧਰ ਸੀ, ਕਿ ਰਾਣੀ ਖਾ ਲਵੇਗੀ, ਤਾਂ ਉਹਦੇ ਉੱਤੇ ਸਦਾ ਏਹਾ ਜੋਬਨ ਰਹੇਗਾ, ਉਹਦਾ ਰੂਪ ਤੇ ਜੁਆਨੀ ਕਦੇ ਢਲਣਗੇ ਨਹੀਂ। ਪਰ ਰਾਣੀ ਅੱਗੋ ਪਤੀਬ੍ਰਤਾ ਨਹੀਂ ਸੀ, ਜਿਵੇਂ ਉਹ ਸਮਝਦਾ ਸੀ। ਉਹਦਾ ਇੱਕ ਹਾਥੀਵਾਨ ਨਾਲ ਯਰਾਨਾ ਸੀ। ਵੇਖ, ਇਸਤਰੀਆਂ ਦੀ ਮੱਤ : ਕਿਥੇ ਰਾਜਾ ਭਰਥਰੀ ਤੇ ਕਿੱਥੇ ਹਾਥੀਵਾਨ। ਠੀਕ ਕਿਸੇ ਕਿਹਾ ਏ : 'ਭੱਠ ਰੰਨਾਂ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮੱਤ'। ਰਾਣੀ ਨੇ ਉਹ ਫਲ ਹਾਥੀਵਾਨ ਨੂੰ ਦੇ ਦਿੱਤਾ। ਉਹਦੀ ਅੱਗੇ ਇੱਕ ਵੇਸਵਾ ਨਾਲ ਮੁਹੱਬਤ ਸੀ। ਮਰਦ ਤਾਂ—ਭੌਰ ਵਾਂਗ ਏ। ਇਹਨੂੰ ਵੰਨ-ਸੁਵੰਨੇ ਫੁੱਲਾਂ 'ਤੇ ਮੌਜਾਂ ਮਾਨਣ ਦਾ ਹੱਕ ਏ। ਅਖੇ : 'ਭਵਰਾ ਭੁੱਖਾ ਰੂਪ ਦਾ ਕਲੀ ਕਲੀ ਗੰਧ ਲੈ'। ਹਾਥੀਵਾਨ ਨੇ ਉਹ ਫਲ ਆਪਣੀ ਮਿੱਤਰ ਵੇਸਵਾ ਨੂੰ ਲਿਜਾ ਦਿੱਤਾ। ਵੇਸਵਾ ਨੇ ਉਸ ਫਲ ਦੇ ਗੁਣਾਂ ਬਾਰੇ ਸੁਣਿਆ, ਤਾਂ ਸੋਚਣ ਲੱਗੀ ਕਿ ਮੈਂ ਖਾ ਲਿਆ ਤੇ ਮੇਰੀ ਉਮਰ ਤੇ ਜੁਆਨੀ ਲੰਮੀ ਵੀ ਹੋ ਗਈ, ਤਾਂ ਹੋਰ ਪਾਪ ਹੀ ਕਰਨੇ ਨੇ। ਕਿਆ ਚੰਗਾ ਹੋਵੇ, ਜੋ ਇਹ ਫਲ ਆਪਣੇ ਰਾਜੇ ਦੀ ਭੇਟਾ ਕਰਾਂ, ਜਿਸ ਦੀ ਉਮਰ ਤੇ ਅਰੋਗਤਾ ਤੋਂ ਸਾਰੇ ਦੇਸ਼ ਨੂੰ ਲਾਭ ਹੋਵੇ। ਸੋ ਉਹਨੇ ਓਹਾ ਫਲ ਰਾਜੇ ਦੀ ਭੇਟਾ ਜਾ ਧਰਿਆ। ਭਰਥਰੀ ਵੇਖ ਕੇ ਹੈਰਾਨ ਹੋ ਗਿਆ। ਜਿਸ ਵੇਲੇ ਉਹਨੂੰ ਸਾਰੀ ਗੱਲ ਦਾ ਪਤਾ ਲੱਗਾ, ਘਰ ਬਾਰ ਛੱਡ ਕੇ ਫ਼ਕੀਰ ਹੋ ਗਿਆ। ਇਕ ਇਸਤਰੀ ਦੇ ਪਾਪ ਕਰਕੇ ਵਿਚਾਰੇ ਨੂੰ ਰਾਜਭਾਗ ਛੱਡਣਾ ਪਿਆ। ਐਵੇਂ ਤਾਂ ਬੁਧਵਾਨਾਂ ਨੇ ਨਹੀਂ ਲਿਖਿਆ, ਅਖੇ :

ਖੰਡਾ, ਘੋੜਾ, ਇਸਤਰੀ, ਤਿੰਨੇ ਜਾਤ ਕੁਜਾਤ।
ਖੰਡਾ ਵੱਢੇ ਸਿਰ ਖਸਮ ਦਾ, ਘੋੜਾ ਰਣ ਵਿਚ ਦੇਵੇ ਹਾਰ।

ਇਸਤਰੀ ਸਮਝੀਏ ਓਸਦੀ-ਸੱਜਣਾ !-ਜੀਹਦੇ ਨਿਭ ਜੈ ਨਾਲ। ਸਰਦਾਰ ਗੰਡਾ ਸਿਹਾਂ ! ਇਸਤਰੀ ਤਾਂ ਸੋਨੇ ਦੀ ਵੀ ਹੋਵੇ, ਤਾਂ ਉਹਦੇ 'ਤੇ ਇਤਬਾਰ ਨਾ ਕਰੇ। ਧਰਮ ਸ਼ਾਸਤਰਾਂ ਵਿਚ ਇਸ ਨੂੰ ਨੀਚ ਕਿਹਾ ਹੈ। ਇਹ ਮਾਲਕ ਦੀ ਪੱਗ ਲਾਹੁੰਦੀ ਸੰਗਦੀ ਨਹੀਂ। ਇਹ ਮਾਇਆ ਹੈ; ਤੇ ਮਾਇਆ ਵੀ ਕਦੇ ਕਿਸੇ ਦੀ ਬਣੀ ਏ ?


WWW.SIKHBOOKCLUB.COM

ਆਪਣੇ ਘਰ ਵੱਲੋਂ ਈ ਵੇਖ ਖਾਂ !"

ਆਖ਼ਰੀ ਵਾਕ ਸੁਣਦਿਆਂ ਹੀ ਗੰਡਾ ਸਿੰਘ ਤ੍ਰਭਕ ਪਿਆ। ਇਹ ਗੱਲ ਉਹਦੇ ਦਿਲ ਵਿੱਚ ਨੇਜ਼ੇ ਵਾਂਗ ਚੁੱਭ ਗਈ। ਉਹ ਕੁੰਡੀ ਫਾਥੀ ਮੱਛੀ ਵਾਂਗ ਤੜਫ ਉਠਿਆ। ਕ੍ਰੋਧ ਤੇ ਅਣਖ ਨੇ ਉਹਦੇ ਅੰਦਰ ਭਾਂਬੜ ਬਾਲ ਦਿੱਤੇ। ਵੇਖ ਕੇ ਵੀ ਪੰਡਤ ਨੇ ਉਹਦੇ ਵੱਲ ਨਾ ਵੇਖਿਆ ਤੇ ਆਪਣਾ ਵਿਖਿਆਨ ਚਾਲੂ ਰੱਖਿਆ: "ਮੈਂ ਤਾਂ ਭਈ, ਜਦੋਂ ਦੀ ਏਹ ਗੱਲ ਸੁਣੀ ਏ, ਮੂੰਹੋਂ ਅੰਨ ਨਹੀਂ ਲੰਘਦਾ। ਸੱਜਣ ਦੀ ਬਦਨਾਮੀ ਸੁਣ ਕੇ ਕੀਹਦੋਂ ਸਹਾਰੀ ਜਾਂਦੀ ਏ? ਤੇ ਫਿਰ ਇਕ ਪੰਡਤ ਕੋਲੋਂ ਭਗਵਾਨ ਸਾਖੀ ਏ, ਸਾਰੀ ਰਾਤ ਏਸ ਗੱਲ 'ਤੇ ਵਿਚਾਰਾਂ ਕਰਦੇ ਦੀ ਲੰਘ ਗਈ। ਧਰਮ ਦਾ ਭਰਾ ਏਂ, ਇਹ ਸੁਣ ਕੇ ਪੈਰਾਂ ਹੇਠੋਂ ਧਰਤੀ ਨਿਕਲ ਗਈ ਕਿ ਉਹ ਮੂੰਹੋਂ ਮੂੰਹ ਆਹੰਦੀ ਏ: 'ਮੈਂ ਬੁੱਢੇ ਪਤੀ ਨੂੰ ਕੀ-ਕਰਾਂ ? ਜਿਸ ਗਭਰੂ ਨੇ ਮੇਰੀ ਜਾਨ ਬਚਾਈ ਏ, ਮੈਂ ਤਾਂ ਉਸ ਦੀ ਹੋ ਕੇ ਰਹਾਂਗੀ।' ਹਰਪਾਲ ਤੋਂ ਕਦੇ ਐਹੋ ਜੇਹੀ ਆਸ ਨਹੀਂ ਸੀ। ਪਰ ਏਥੇ ਤਾਂ ਪਾਪ ਵਾਲੀ ਅਸਲੋਂ ਅੱਤ ਹੋ ਗਈ ਏ। ਹੇ ਈਸ਼ੂਰ! ਕੁਛ ਕਹਿਣ ਸੁਣਨ ਵਾਲੀ ਗੱਲ ਨਹੀਂ ਸੀ। ਜੇ ਭਲਾ ਉਹ ਲੂਣਾ ਬਣ ਗਈ ਸੀ ਤਾਂ ਅੱਗੋਂ ਉਹ ਹੀ ਪੂਰਨ ਬਣਿਆ ਰਹਿੰਦਾ। ਪਰ ਭਈ, ਉਹ ਸਤਜੁਗ ਦੀਆਂ ਗੱਲਾਂ ਸਨ, ਤੇ ਹੁਣ ਹੋਇਆ ਕਲਜੁਗ।"

ਇਸ ਤੋਂ ਅੱਗੇ ਗੰਡਾ ਸਿੰਘ ਤੋਂ ਸੁਣਿਆ ਨਾ ਗਿਆ। ਉਹ ਸੜਿਆ ਬਲਿਆ ਛੇਤੀ ਨਾਲ ਬਾਹਰ ਨਿਕਲ ਗਿਆ। ਇਸ ਵੇਲੇ ਉਹਦੀ ਹਾਲਤ ਉਸ ਪਾਗ਼ਲ ਵਰਗੀ ਸੀ, ਜਿਸਦੇ ਹੱਥ ਵਿੱਚ ਹਨੂਮਾਨ ਵਾਂਗ ਮੁਆਤਾ ਫੜਿਆ ਹੋਵੇ।

ਗੰਡਾ ਸਿੰਘ ਦੇ ਜਾਣ ਪਿੱਛੋਂ ਪੰਡਤ ਖਿੜ-ਖਿੜਾ ਕੇ ਹੱਸਿਆ। ਉਹ ਉਠ ਕੇ ਅੰਦਰ ਟਹਿਲਣ ਲੱਗ ਪਿਆ। ਉਹਨੇ ਆਪ ਮੁਹਾਰੇ ਹੱਥ 'ਤੇ ਹੱਥ ਮਾਰ ਕੇ ਕਿਹਾ, "ਵਾਹ ਉਇ ਜਵੰਦੀਏ, ਤੂੰ ਤਾਂ ਹੱਦ ਕਰ ਦਿੱਤੀ। ਜਿਹੜੀ ਨੀਤੀ ਪੰਡਤ ਨੂੰ ਨਾ ਸੁੱਝੀ, ਉਹ ਤੂੰ ਕਰ ਵਿਖਾਈ। ਪਰ ਸਾਡੇ ਹੱਥ ਵੀ ਵੇਖ : ਤੇਰੀ ਲਾਈ ਹੋਈ ਨਿੱਕੀ ਜੇਹੀ ਚੁਆਤੀ ਨੂੰ ਅਸਾਂ ਕਿਵੇਂ ਭਾਂਬੜਾਂ ਵਿੱਚ ਬਦਲ ਦਿੱਤਾ ਏ।"

## ੧੭

ਤਕਾਲਾਂ ਪੈ ਗਈਆਂ ਸਨ। ਸਵੇਰ ਦਾ ਗਿਆ ਹੋਇਆ ਗੰਡਾ ਸਿੰਘ ਅਜੇ ਤੱਕ ਘਰ ਨਹੀਂ ਸੀ ਪਰਤਿਆ। ਜਵੰਦੀ ਦੋ ਤਿੰਨ ਵਾਰ ਆਈ ਸੀ ਚੰਦੋ ਦਾ ਪਤਾ ਲੈਣ; ਤੇ ਚੱਜੀਂ ਚੱਜੀਂ ਇਹ ਵੀ ਦੱਸ ਗਈ ਸੀ ਕਿ ਗੰਡਾ ਸਿੰਘ ਉਹਦੇ ਨਾਲ ਬਹੁਤ ਗੁੱਸੇ ਸੀ। ਸਾਰੀਆਂ ਗੱਲਾਂ 'ਤੇ ਵਿਚਾਰ ਕਰਕੇ ਚੰਦੋ ਦਾ ਦਿਲ ਘਟ ਰਿਹਾ ਸੀ। ਉਹ ਸਮਝਦੀ ਸੀ ਕਿ ਅੱਜ ਫੇਰ ਕੋਈ ਹੋਣੀ ਵਰਤਣ ਵਾਲੀ ਹੈ। ਜੀਤੋ ਪੰਜ-ਛੇ ਦਿਨਾਂ ਤੋਂ ਆਪਣੀ ਭੈਣ ਕੋਲ ਗਈ ਹੋਈ ਸੀ। ਰਾਤ ਦੀਆਂ ਰੋਟੀਆਂ ਪੱਕ ਪਈਆਂ, ਸੂਰਤ



WWW.SIKHBOOKCLUB.COM 

ਖਾ ਕੇ ਹਰਪਾਲ ਕੋਲ ਪੜ੍ਹਨ ਚਲਾ ਗਿਆ ਤੇ ਚੰਦੋ ਚੌਂਕੇ ਵਿੱਚ ਬੈਠੀ ਸੋਚਾਂ ਵਿੱਚ ਡੁੱਬ ਗਈ। ਸੂਰਤ ਦੀ ਵਧੀ ਅੱਧੀ ਰੋਟੀ ਖਾ ਕੇ ਉਹ ਬਾਕੀ ਦੇ ਭਾਂਡੇ ਸਾਂਭਣ ਲੱਗ ਪਈ। ਏਨੇ ਚਿਰ ਨੂੰ ਗੰਡਾ ਸਿੰਘ ਵੀ ਬਾਹਰੋਂ ਆਉਂਦਾ ਦਿੱਸ ਪਿਆ। ਉਹਦੇ ਹੱਥ ਵਿੱਚ ਸੰਮਾਂ ਵਾਲੀ ਡਾਂਗ ਫੜੀ ਹੋਈ ਸੀ। ਉਹਦੇ ਨੇਤਰ ਗੁੱਸੇ ਨਾਲ ਲਹੂ ਉਗਲ ਰਹੇ ਸਨ ਤੇ ਕ੍ਰੋਧ ਨਾਲ ਮੱਥੇ 'ਤੇ ਤਿਉੜੀਆਂ ਪਈਆਂ ਹੋਈਆਂ ਸਨ। ਉਹ ਦਿਲ ਨਾਲ ਕੋਈ ਪੱਕਾ ਫ਼ੈਸਲਾ ਕਰਕੇ ਆਇਆ ਜਾਪਦਾ ਸੀ। ਚੰਦੋ ਉਹਨੂੰ ਏਸ ਦਸ਼ਾ ਵਿੱਚ ਵੇਖ ਕੇ ਡਰ ਗਈ। ਉਹ ਮੂੰਹੋਂ ਬੋਲਣ ਦੀ ਥਾਂ ਉਹਦੇ ਵੱਲ ਬਿੱਟ ਬਿੱਟ ਵੇਖਣ ਲੱਗੀ।

ਗੰਡਾ ਸਿੰਘ, ਨਾ ਕੁਛ ਪੁੱਛਿਆ ਨਾ ਦੱਸਿਆ, ਆਉਂਦਾ ਉਹਨੂੰ ਡਾਂਗੀਂ ਡਹਿ ਪਿਆ। ਚੰਦੋ ਦੇ ਮੂੰਹੋਂ ਦੋ ਵਾਰ ਨਿਕਲਿਆ, "ਹਾਇ ਮੈਂ ਮਰ ਗਈ। ਬਚਾਓ ਕੋਈ।" ਤੇ ਉਹ ਬੇਹੋਸ਼ ਹੋ ਕੇ ਭੁਇੰ 'ਤੇ ਡਿੱਗ ਪਈ। ਨਾਲ ਦੇ ਕੋਠੇ 'ਤੇ ਹਰਪਾਲ ਕੇ ਘਰ—ਸੂਰਤ ਤੇ ਹਰਪਾਲ ਖਲੋਤੇ ਗੱਲਾਂ ਕਰ ਰਹੇ ਸਨ। ਉਹਨਾਂ ਦੇ ਕੰਨੀਂ ਚੰਦੋ ਦੀ ਚੀਕ ਪਈ ਤਾਂ ਵੇਖ ਕੇ ਦੋਵੇਂ ਭੱਜੇ ਆਏ। ਕੋਠੇ ਤੋਂ ਰਸੋਈ 'ਤੇ, ਤੇ ਰਸੋਈ ਤੋਂ ਹਾਰਿਆ ਰਾਹੀਂ ਉਹ ਥੱਲੇ ਉੱਤਰ ਆਏ। ਆਉਂਦਿਆਂ ਦੋਹਾਂ ਨੇ ਗੰਡਾ ਸਿੰਘ ਨੂੰ ਫੜ ਲਿਆ। ਸੂਰਤ ਨੇ ਉਹਨੂੰ ਜੱਫਾ ਪਾ ਲਿਆ ਤੇ ਹਰਪਾਲ ਨੇ ਡਾਂਗ ਖੋਹ ਲਈ। ਉਹ ਵੇਲੇ ਸਿਰ ਨਾ ਫੜ ਲੈਂਦੇ ਤਾਂ ਗੰਡਾ ਸਿੰਘ ਜ਼ਰੂਰ ਚੰਦੋ ਨੂੰ ਜਾਨੋਂ ਮਾਰ ਦੇਂਦਾ। ਉਹ ਗੁੱਸੇ ਵਿੱਚ ਸੂਰਤ ਤੇ ਹਰਪਾਲ ਨੂੰ ਜੋ ਮੂੰਹ ਆਈ, ਕਹੀ ਜਾ ਰਿਹਾ ਸੀ ਤੇ ਉਹਨਾਂ ਦੇ ਹੱਥਾਂ ਵਿਚੋਂ ਨਿਕਲ ਕੇ ਫਿਰ ਚੰਦੋ ਵੱਲ ਜਾਣਾ ਚਾਹੁੰਦਾ ਸੀ। ਉਹਨਾਂ ਦੋਹਾਂ ਨੇ ਧੱਕ ਕੇ ਗੰਡਾ ਸਿੰਘ ਨੂੰ ਘਰੋਂ ਬਾਹਰ ਕੱਢਿਆ ਤੇ ਫਿਰ ਚੰਦੋ ਦੇ ਮੂੰਹ ਵਿੱਚ ਪਾਣੀ ਪਾ ਕੇ ਉਹਨੂੰ ਹੋਸ਼ ਵਿੱਚ ਆਂਦਾ। ਮੰਜੇ 'ਤੇ ਪਾ ਕੇ ਉਹ ਚੰਦੋ ਨੂੰ ਅੰਦਰ ਲੈ ਗਏ। ਇਸ ਵਾਰ ਉਹਨੂੰ ਏਨੀਆਂ ਸੱਟਾਂ ਵੱਜੀਆਂ ਸਨ ਕਿ ਬਚਣ ਦੀ ਆਸ ਨਹੀਂ ਸੀ। ਚੌਂਹ ਤਿੰਨਾਂ ਥਾਵਾਂ ਤੋਂ ਲਹੂ ਵੀ ਵਗਣ ਲੱਗ ਪਿਆ ਸੀ। ਸੂਰਤ ਨਾਲੇ ਉਹਦੇ ਫੱਟਾਂ 'ਤੇ ਪੱਟੀਆਂ ਬੰਨ੍ਹ ਰਿਹਾ ਸੀ ਨਾਲੇ ਰੋ ਰਿਹਾ ਸੀ। ਜ਼ਰਾ ਕੁ ਚੰਦੋ ਨੂੰ ਸੁਰਤ ਆਈ ਤਾਂ ਹਰਪਾਲ ਨੇ ਪੁੱਛਿਆ, "ਤਾਈ ਜੀ ! ਸੁਣਾਓ।"

ਚੰਦੋ ਨੇ ਨਿਗ੍ਹਾ ਭਰ ਕੇ ਉਸ ਵੱਲ ਵੇਖਿਆ ਤੇ ਬੋਲੀ, "ਹਰਪਾਲ ! ਇਸ ਸਭ ਕਾਸੇ ਦਾ ਕਾਰਨ ਤੂੰ ਏਂ। ਨਾ ਖੂਹ ਵਿਚੋਂ ਕਢਦੋਂ, ਤੇ ਨਾ ਮੈਨੂੰ ਇਸ ਤਰ੍ਹਾਂ ਹੱਡ ਤੁੜਾਉਣੇ ਪੈਂਦੇ। ਕਿਉਂ ਬਚਾਇਆ ਜੇ ਮੈਨੂੰ? ਪਰ੍ਹਾਂ ਮਾਰ ਘੱਤਣ ਦਿਉ ਆ। ਰੋਜ਼ ਦਾ ਟੈਂਟਾ ਮੁਕ ਜਾਂਦਾ। ਹਾਇ ਮੋਈਏ ਮਾਂ। ਕਿਉਂ ਜਣਿਆ ਸਈ ਮੈਨੂੰ।"

"ਚਾਚੀ ਜੀ, ਚੁੱਪ ਕਰੋ। ਮੇਰਾ ਜੀ ਘਟਦਾ ਜਾਂਦਾ ਏ।" ਸੂਰਤ ਨੇ ਅੱਖਾਂ ਭਰ ਕੇ ਕਿਹਾ।

ਏਨੇ ਨੂੰ ਪੰਡਤ ਵੀ ਆ ਪਹੁੰਚਾ। ਉਹ ਬਾਹਰੋਂ ਗੰਡਾ ਸਿੰਘ ਦੇ ਮਗਰੇ ਮਗਰ ਆਇਆ ਸੀ। ਉਹ ਇਹ ਨਹੀਂ ਸੀ ਚਾਹੁੰਦਾ, ਕਿ ਗੰਡਾ ਸਿੰਘ ਚੰਦੋ ਨੂੰ ਮਾਰ ਘੱਤੇ। ਜਦ ਗੰਡਾ ਸਿੰਘ ਆਪਣੇ ਘਰ ਵੜਿਆ ਸੀ, ਪੰਡਤ ਜਾਣ ਬੁੱਝ ਕੇ ਪਿੱਛੇ ਖਲੋ ਗਿਆ ਸੀ। ਚੰਦੋ ਦੀਆਂ ਚੀਕਾਂ ਸੁਣ ਕੇ ਉਹ ਵੀ ਅਗ੍ਹਾਂ ਵਧਿਆ ਸੀ, ਪਰ ਉਹਦੇ ਅਪੜਨ ਤੋਂ ਪਹਿਲਾਂ ਹੀ ਦੋਵੇਂ ਮੁੰਡੇ ਆ ਪਹੁੰਚੇ ਸਨ, ਸੋ ਉਹ ਪਿਛਾਂਹ ਹੀ ਮੁੜ ਗਿਆ ਸੀ। ਜਦੋਂ ਸੂਰਤ ਨੇ ਗੰਡਾ ਸਿੰਘ ਨੂੰ ਘਰੋਂ ਬਾਹਰ ਧੱਕ ਕੇ ਕੱਢਿਆ ਸੀ, ਓਦੋਂ ਪੰਡਤ ਉਹਨੂੰ ਫੜ ਕੇ ਆਪਣੇ ਨਾਲ ਲੈ ਗਿਆ ਸੀ। ਉਹਨੇ ਉਸ ਨੂੰ ਮਾੜੀ ਮੋਟੀ ਝਾੜ ਵੀ ਪਾਈ ਕਿ ਉਹਨੇ ਐਨਾ ਕਿਉਂ ਮਾਰਿਆ। ਨਾਲੇ ਇਹ ਡਰਾਵਾ ਵੀ ਦਿੱਤਾ ਕਿ ਜੇ ਉਹ ਮਰ ਜਾਂਦੀ ਤਾਂ ਲੋਕਾਂ ਨੇ ਗਵਾਹੀਆਂ ਦੇ ਕੇ ਉਹਨੂੰ ਫਾਹੇ ਲੁਆ ਦੇਣਾ ਸੀ। ਇਸ ਤਰ੍ਹਾਂ ਸਮਝਾ ਬੁਝਾ ਕੇ ਗੰਡਾ ਸਿੰਘ ਨੂੰ ਆਪਣੇ ਘਰ ਬਹਾ ਕੇ, ਪੰਡਤ ਫਿਰ ਚੰਦੋ ਦੀ ਸੁਰਤ ਨੂੰ ਆਇਆ। ਉਹ ਕੋਲ ਆ ਕੇ ਬੋਲਿਆ, "ਦੇਵੀ! ਇਹ ਕੀ ਅਨਰਥ ਹੋਇਆ ?"

ਚੰਦੋ ਨੇ ਵੇਖ ਕੇ ਘੁੰਡ ਕੱਢ ਲਿਆ। ਲਾਗੇ ਦੇ ਮੰਜੇ 'ਤੇ ਬਹਿ ਕੇ ਪੰਡਤ ਫਿਰ ਬੋਲਿਆ, "ਮੈਂ ਉਸ ਪਾਪੀ ਨੂੰ ਬੜਾ ਵਰਜਿਆ, ਪਰ ਉਹ ਇਕੋ ਗੱਲ ਕਹੀ ਜਾਏ ਕਿ ਮੈਂ ਉਹਨੂੰ ਜਾਨੋਂ ਮਾਰ ਘੱਤਣਾ ਏ। ਮੈਂ ਸਮਝਾਉਣ ਵਿੱਚ ਸਾਰੀ ਵਾਹ ਲਾਈ, ਕਿ ਸ਼ਾਸਤਰਾਂ ਵਿੱਚ ਇਸਤਰੀ ਨੂੰ ਮਾਰਨਾ ਮਹਾਂ ਪਾਪ ਲਿਖਿਆ ਹੈ, ਪਰ ਉਹ ਫੇਰ ਵੀ ਨਾ ਟਲਿਆ ? ਮੈਂ ਤਾਂ ਓਨਾ ਚਿਰ ਉਹਨੂੰ ਆਪਣੇ ਕੋਲੋਂ ਉਠਣ ਨਹੀਂ ਸੀ ਦਿੱਤਾ, ਜਿੰਨਾ ਚਿਰ ਉਹ ਮੰਨ ਨਹੀਂ ਸੀ ਗਿਆ ਕਿ ਹੁਣ ਘਰ ਵਿੱਚ ਕੋਈ ਮਕਾਲ ਨਹੀਂ ਪਾਵਾਂਗਾ, ਪਰ ਤੇਰੀ ਤਕਦੀਰ। ਅਸਲ ਵਿੱਚ ਤੇਰੇ ਸਿਰ ਮੰਗਲ ਦਾ ਛਾਇਆ ਏ। ਮੈਂ ਇਸ ਦਾ ਕੋਈ ਉਪਾਇ ਸੋਚਾਂਗਾ। ਮੈਨੂੰ ਤੇਰਾ ਬੜਾ ਦਰਦ ਏ। ਲੈ ਆਹ ਮਲ੍ਹਮ ਸੱਟਾਂ ਉਤੇ ਲਾਓ। ਮੈਂ ਫਿਰ ਕਿਸੇ ਦਿਨ ਆਵਾਂਗਾ।"

ਚੰਦੋ ਸਾਰੀਆਂ ਗੱਲਾਂ ਚੁੱਪ ਕਰਕੇ ਸੁਣਦੀ ਰਹੀ। ਉਹਦਾ ਦਿਲ ਕਿਸੇ ਡੂੰਘੀ ਗੋਂਦ ਵਿੱਚ ਰੁਝਾ ਹੋਇਆ ਸੀ। ਉਹ ਦੇਵੀ ਤੋਂ ਵੱਧ ਕੇ ਰਾਕਸ਼ਣੀ ਬਣਨਾ ਚਾਹੁੰਦੀ ਸੀ। ਉਹ ਮਨ ਹੀ ਮਨ ਵਿਚ ਬਦਲੇ ਦੀ ਸੋਚ ਰਹੀ ਸੀ। ਪੰਡਤ ਬਿਨਾਂ ਉੱਤਰ ਉਡੀਕੇ ਸੂਰਤ ਨੂੰ ਮਲ੍ਹਮ ਫੜਾ ਕੇ ਚਲਦਾ ਬਣਿਆ। ਪਲ-ਕੁ ਪਿੱਛੋਂ ਹਰਪਾਲ ਵੀ ਆਪਣੇ ਘਰ ਨੂੰ ਚਲਾ ਗਿਆ। ਹਰਪਾਲ ਤੇ ਸੁਰਿੰਦਰ ਦੀ ਰਾਤ ਚੰਦੋ ਦੀ ਦੁਖੀ ਹਾਲਾਤ 'ਤੇ ਵਿਚਾਰ ਕਰਦਿਆਂ ਨਿੱਭ ਗਈ ਤੇ ਸੂਰਤ ਦੀ ਉਹਦੇ ਫੱਟਾਂ 'ਤੇ ਟਕੋਰ ਕਰਦਿਆਂ।

ਪੂਰਾ ਇਕ ਮਹੀਨਾ ਚੰਦੋ ਮੰਜੇ 'ਤੇ ਪਈ ਰਹੀ। ਏਨੇ ਸਮੇਂ ਵਿਚ ਉਹ ਦੋਵੇਂ ਜੀ ਆਪਸ ਵਿੱਚ ਕਦੇ ਨਹੀਂ ਬੋਲੇ। ਚੰਦੋ ਹੁਣ ਬੋਲਣਾ ਵੀ ਨਹੀਂ ਚਾਹੁੰਦੀ ਸੀ। ਉਹਦੇ

ਮਨ ਦੀਆਂ ਸੋਚਾਂ ਕਦੇ ਮੁਕਦੀਆਂ ਨਹੀਂ ਸਨ। ਜਵੰਦੀ ਉਹਦੇ ਕੋਲ ਰੋਜ਼ ਆਉਂਦੀ ਤੇ ਕਿੰਨਾ-ਕਿੰਨਾ ਚਿਰ ਬੈਠੀ ਅਫ਼ਸੋਸ ਕਰਦੀ ਰਹਿੰਦੀ। ਉਹ ਚੰਦੋ ਦਾ ਦਿਲ ਆਪਣੀ ਮਿਥੀ ਹੋਈ ਗੋਂਦ ਅਨੁਸਾਰ ਬਨਾਉਣਾ ਚਾਹੁੰਦੀ ਸੀ। ਇਕ ਦਿਨ ਗੱਲਾਂ ਕਰਦਿਆਂ ਕਰਦਿਆਂ ਜਵੰਦੀ ਨੇ ਆਖ ਹੀ ਦਿੱਤਾ, "ਨੀ, ਐਹੋ ਜਹੇ ਸੁਹਾਗ ਖੁਣੋ ਕੀ ਥੁੜਿਆ ਹੋਇਆ ਏ ? ਪਰ੍ਹਾਂ ਲਾਹ ਸੁ ਮਗਰੋਂ। ਫੀਮ ਤਾਂ ਉਹ ਖਾਂਦਾ ਈ ਏ। ਦੇ ਸੂ ਕਿਸੇ ਦਿਨ ਵੱਟ ਕੇ ਗੋਲਾ। ਹੋਰ ਬੰਦਿਆਂ ਦਾ ਘਾਟਾ ਏ ? ਏਹੋ ਜੇਹੇ ਨਾਲੋਂ ਤਾਂ ਰੰਡੇਪਾ ਈ ਚੰਗਾ ਏ। ਮੇਰੇ ਵਰਗੀ ਹੋਵੇਂ ਤਾਂ ਬਦਲਾ ਲੈ ਕੇ ਛੱਡੋ। ਆਪ ਜੁ ਡੁੱਬਣ ਉਠ ਭੱਜੀ ਸੈਂ, ਤੇ ਓਸੇ ਦੀ ਅਲਖ ਨਹੀਂ ਸੀ ਲਾਹੀਦੀ ?"

ਚੰਦੋ ਦੇ ਦਿਲ 'ਤੇ ਹੋਰ ਕਿਸੇ ਗੱਲ ਦਾ ਤਾਂ ਪਤਾ ਨਹੀਂ—ਅਸਰ ਹੋਇਆ ਕਿ ਨਾ, ਪਰ ਉਹਦੀ ਆਤਮਾ 'ਬਦਲਾ ਬਦਲਾ' ਪੁਕਾਰ ਉੱਠੀ। ਉਹ ਹਰ ਵੇਲੇ ਚੁੱਪ ਚੁੱਪ ਰਹਿਣ ਲੱਗੀ। ਉਹਨੇ ਦ੍ਰਿੜ੍ਹ ਇਰਾਦਾ ਬਣਾ ਲਿਆ ਕਿ ਜਾਂ ਤਾਂ ਪਤੀ ਹੱਥੋਂ ਮਰਨਾ ਪਵੇਗਾ ਜਾਂ ਉਹਨੂੰ ਮਾਰਨਾ ਪਵੇਗਾ। ਉਹ ਪਹਿਰਾਂ ਬੱਧੀ ਸੋਚਦੀ ਰਹਿੰਦੀ, 'ਮੈਂ ਜਦ ਤੋਂ ਏਸ ਘਰ ਵਿੱਚ ਆਈ ਆਂ, ਇਕ ਦਿਨ ਵੀ ਸੁਖ ਦਾ ਨਹੀਂ ਕੱਟਿਆ। ਰੋਜ਼ ਮਾਰ ਕੁਟਾਈ ਤੇ ਗਾਲ੍ਹਾਂ ਮਿਹਣੇ। ਪਹਿਲਾਂ ਮਾਪਿਆਂ ਵੈਰ ਕਮਾਇਆ, ਤੇ ਫਿਰ ਇਹਨੇ ਲੜ ਲੱਗੀ ਦਾ ਕੋਈ ਮੁੱਲ ਨਾ ਪਾਇਆ। ਆਖ਼ਰ ਮੈਂ ਏਸ ਤਰ੍ਹਾਂ ਕਿੰਨਾ ਕੁ ਚਿਰ ਤਗਾਂਗੀ ? ਜੇ ਓਦਣ ਦੋਵੇਂ ਮੁੰਡੇ ਕੋਲ ਨਾ ਹੁੰਦੇ ਤਾਂ ਇਹ ਮੇਰੀ ਜਾਨ ਕੱਢ ਕੇ ਈ ਛੱਡਦਾ। ਅਜੇ ਕਿਹੜੀ ਬੱਸ ਹੋ ਗਈ ਏ। ਫੇਰ ਕਿਸੇ ਦਿਨ ਮਾਰ ਘੱਤੇਗਾ। ਜੇ ਮਰਨਾ ਈ ਏਂ, ਤਾਂ ਪਹਿਲਾਂ ਏਸੇ ਦਾ ਘੁੱਟ ਕਿਉਂ ਨਾ ਭਰਾਂ। ਵੜੀ ਹੱਦ ਫਾਹੇ ਲੱਗ ਜਾਵਾਂਗੀ, ਪਰ ਇਹ ਤਾਂ ਪਿੱਛੇ ਨਾ ਫਿਰਦਾ ਰਹੇਗਾ। ਪਰ ਮੈਂ ਫਾਹੇ ਲੱਗਣ ਵਾਲਾ ਕੰਮ ਈ ਕਿਉਂ ਕਰਾਂਗੀ। ਮੇਰੇ ਵਿੱਚ ਏਨੀ ਅਕਲ ਵੀ ਨਹੀਂ ? ਮੈਂ ਕਿਸੇ ਢੰਗ ਨਾਲ ਇਹਦੀ ਅਲਖ ਲਾਹਵਾਂਗੀ। ਫੀਮ ਤਾਂ ਖਾਂਦਾ ਈ ਏ। ਬੱਸ, ਕਿਸੇ ਦਿਨ ਵਧੇਰੇ ਦੇ ਦਿਆਂਗੀ। ਮੇਰਾ ਕੀਹਨੇ ਨਾਂ ਲੈਣਾ ਏਂ ? ਪਰ ਇਹਦੇ ਪਿੱਛੋਂ ਮੇਰਾ ਕੀ ਬਣੇਗਾ ? ਰੰਡੀਆਂ ਨੂੰ ਕੋਈ ਟਿਕਣ ਨਹੀਂ ਦੇਂਦਾ ਹੁੰਦਾ, ਪਰ ਹੁਣ ਮੈਂ ਕਿਹੜੀ ਸੁਹਾਗਣ ਆਂ ? ਮੇਰੀ ਸਾਰੀ ਜੁਆਨੀ ਸੁੰਵੀ ਈ ਲੰਘ ਗਈ ਏ। ਨਾ ਮੈਂ ਕੁਆਰੀ ਆਂ, ਨਾ ਰੰਡੀ। ਰੋਜ਼ ਦੇ ਹੱਡ ਭਨਾਉਣ ਤੋਂ ਤਾਂ ਛੁਟਕਾਰਾ ਹੋਵੇਗਾ। ਮੇਰਾ ਸੂਰਤ ਜਿਉਂਦਾ ਰਹੇ। ਪੁੱਤਰ ਦਾ ਵਿਆਹ ਕਰਾਂਗੀ। ਨੂੰਹ ਪੁੱਤ ਦੇ ਆਸਰੇ ਮੇਰੀ ਨਿੱਭ ਜਾਏਗੀ। ਜੇ ਵਹੁਟੀ ਦੇ ਆਖੇ ਲੱਗ ਕੇ ਸੂਰਤ ਵੀ....ਪਰ ਨਹੀਂ। ਉਹ ਏਸ ਤਰ੍ਹਾਂ ਦਾ ਨਹੀਂ। ਉਹ ਢਿੱਡੋਂ ਜਣਿਆਂ ਵਾਂਗ ਮੇਰਾ ਆਦਰ ਕਰਦਾ ਏ। ਬਦਲਾ ਲਏ ਬਿਨਾਂ ਮੇਰੇ ਕਲੇਜੇ ਠੰਢ ਨਹੀਂ ਪੈਂਦੀ। ਬੱਸ, ਬਦਲਾ ਜ਼ਰੂਰ ਲਵਾਂਗੀ। ਜਵੰਦੀ ਵਾਲੀ ਗੱਲ ਠੀਕ ਏ; ਫੀਮ ਦੇ ਦਿਆਂਗੀ। ਪਰ ਦਿਆਂਗੀ ਕਿਸ ਤਰ੍ਹਾਂ? ਜੇ ਉਹਨੂੰ ਪਤਾ ਲੱਗ ਗਿਆ ਤਾਂ ? ਕੀ ਜਵੰਦੀ ਤੋਂ ਈਂ



WWW.SIKHBOOKCLUB.COM 

ਸਲਾਹ ਨਾ ਪੁੱਛਾਂ ? ਨਹੀਂ, ਏਸ ਤਰ੍ਹਾਂ ਗੱਲ ਅਗਾਂਹ ਨਿਕਲ ਜਾਏਗੀ। ਜੇ ਉਹਨੇ ਓਸੇ ਨੂੰ ਦੱਸ ਦਿੱਤਾ ਤਾਂ ? ਜੁਆਨੀ ਵਾਰੇ ਦੋਹਾਂ ਦੀਆਂ ਗੂੜ੍ਹੀਆਂ ਰਹੀਆਂ ਨੇ। ਫੇਰ ਉਹਦੇ ਨਾਲੋਂ ਪਹਿਲਾਂ ਮੇਰੀ ਮੌਤ ਆਵੇਗੀ। ਬੱਸ, ਕਿਸੇ ਕੋਲ ਦੁਖ ਈ ਨਾ ਕੱਢਾਂ। ਪਰ੍ਹਾਂ ਏਸ ਖ਼ਿਆਲ ਨੂੰ ਛੱਡ ਈ ਦਿਆਂ। ਕੀ ਲੈਣਾ ਏਂ ਪਾਪ ਕਰਕੇ। ਪਾਪ ? ਤੇ ਉਹ ਓਦਣ ਪੁੰਨ ਕਰਨ ਲੱਗਾ ਸੀ ? ਜਿਹੜਾ ਆਪਣੀ ਰੱਤ ਦਾ ਤਿਹਾਇਆ ਫਿਰੇ, ਉਹਨੂੰ ਮਾਰਨ ਵਿੱਚ ਕਾਹਦਾ ਪਾਪ ? ਮੈਂ ਬਦਲਾ ਜ਼ਰੂਰ ਲਵਾਂਗੀ।'

ਏਸ ਤਰ੍ਹਾਂ ਸੋਚਦੀ ਨੂੰ ਉਹਨੂੰ ਕਈ ਰਾਤਾਂ ਤੇ ਦਿਨ ਲੰਘ ਗਏ। ਉਹ ਕਿਸੇ ਨਾਲ ਵੀ ਖੁੱਲ੍ਹ ਕੇ ਨਹੀਂ ਸੀ ਬੋਲਦੀ। ਸੂਰਤ ਵੀ ਉਦਾਸ ਰਹਿਣ ਦਾ ਕਾਰਨ ਪੁੱਛਦਾ, ਤਾਂ ਉਹ 'ਕੁਛ ਨਹੀਂ' ਕਹਿ ਕੇ ਟਾਲ ਛੱਡਦੀ। ਕਿਸੇ ਦੇ ਕੋਲ ਬਹਿਣ ਨਾਲੋਂ ਉਹ ਅੰਦਰੇ ਇਕੱਲੀ ਪਈ ਰਹਿੰਦੀ। ਇਸ ਨਿੱਤ ਦੀ ਚਿੰਤਾ ਨੇ ਉਹਦੀ ਅਰੋਗਤਾ 'ਤੇ ਵੀ ਬੁਰਾ ਅਸਰ ਕੀਤਾ। ਉਹਦੀ ਭਖਦੀ ਜੁਆਨੀ ਉੱਤੇ ਮੁਰਦੇਹਾਨੀ ਛਾ ਗਈ। ਉਹਦਾ ਰੰਗ ਹਲਦੀ ਵਰਗਾ ਹੋ ਗਿਆ। ਸਾਰੇ ਸਰੀਰ ਵਿੱਚ ਕਿਤੇ ਰੱਤ ਨਾ ਰਹੀ। ਉਹ ਇਉਂ ਭਾਸਣ ਲੱਗੀ, ਜਿਵੇਂ ਬੀਮਾਰ ਹੁੰਦੀ ਹੈ: ਕਈ ਵਾਰ ਉਹਨੂੰ ਆਪਣੇ-ਆਪ ਨੂੰ ਵੀ ਭਰਮ ਪੈਂਦਾ, ਕਿ ਉਹਨੂੰ ਕੁਛ ਹੋਇਆ ਹੋਇਆ ਹੈ। ਇਹਨਾਂ ਘੁੰਮਣਘੇਰਾਂ ਦੇ ਵਹਿਣ ਵਿਚ ਪਈ ਦੇ ਅੰਦਰੋਂ ਇਕੋ ਵਾਰ ਲਾਟ ਵਾਂਗ ਖ਼ਿਆਲ ਬਲ ਉਠਦਾ ਤੇ ਉਹਦੀ ਦੁੱਖਾਂ ਵਿਚ ਨਪੀੜੀ ਹੋਈ ਰੂਹ ਕੁਰਲਾ ਉਠਦੀ 'ਬਦਲਾ, ਬਦਲਾ'।

ਉਹਨੇ ਦ੍ਰਿੜ ਇਰਾਦਾ ਕਰ ਲਿਆ ਸੀ ਕਿ ਬਦਲਾ ਲਵੇਗੀ। ਏਸ ਕੰਮ ਵਾਸਤੇ ਗੰਡਾ ਸਿੰਘ ਦੀ ਡੱਬੀ ਵਿਚੋਂ ਉਹਨੇ ਚੋਰੀ ਤੋਲਾ-ਕੁ ਅਫ਼ੀਮ ਕੱਢ ਲਈ। ਪਰ ਹੁਣ ਉਹਨੂੰ ਆਪਣੇ ਕੰਮ ਵਾਸਤੇ ਵਰਤੇ ਕਿਵੇਂ ? ਏਸੇ ਸੋਚ ਵਿਚ ਉਹਦਾ ਮਹੀਨਾ ਹੋਰ ਲੰਘ ਗਿਆ। ਅੰਤ ਇਕ ਦਿਨ ਉਹਨੂੰ ਇਕ ਖ਼ਿਆਲ ਫੁਰਿਆ ਕਿ ਦੋਧੀ ਵਿਚ ਅਫ਼ੀਮ ਪਾ ਕੇ ਕਿਉਂ ਨਾ ਦੇ ਦੇਵੇ ? ਪਰ ਇਸ ਕੰਮ ਨੂੰ ਸਿਰੇ ਚਾੜ੍ਹਨ ਬਦਲੇ ਉਹਨੂੰ ਮਾਲਕ ਨਾਲ ਸੁਲ੍ਹਾ ਕਰਨੀ ਪੈਣੀ ਸੀ। ਬਦਲਾ ਲੈਣ ਵਾਸਤੇ ਉਹਨੇ ਆਪਣੇ-ਆਪ ਨੂੰ ਇਸ ਕੰਮ ਲਈ ਵੀ ਰਾਜ਼ੀ ਕਰ ਲਿਆ।

ਇਕ ਰਾਤ ਉਹ ਆਪ ਦੁੱਧ ਲੈ ਕੇ ਗੰਡਾ ਸਿੰਘ ਕੋਲ ਬੈਠਕ ਵਿੱਚ ਗਈ। ਇਸ ਤੋਂ ਪਹਿਲਾਂ ਸੂਰਤ ਹੀ ਸਭ ਕੁਛ ਫੜਾ ਆਇਆ ਕਰਦਾ ਸੀ। ਚੰਦੋ ਤੇ ਗੰਡਾ ਸਿੰਘ ਕਦੇ ਇਕ ਦੂਜੇ ਦੇ ਮੱਥੇ ਨਹੀਂ ਸਨ ਲੱਗੇ। ਇਕੋ ਘਰ ਵਿਚ ਰਹਿੰਦਿਆਂ ਹੋਇਆਂ ਵੀ ਆਪਸ ਵਿਚ ਏਨੀ ਦੂਰੀ ਸੀ। ਚੰਦੋ ਨੇ ਬਾਰੀ ਵਿਚ ਦੁੱਧ ਰੱਖ ਦਿੱਤਾ ਤੇ ਦੋਵੇਂ ਹੱਥ ਮਲਦੀ ਹੋਈ ਬੋਲੀ, "ਆਖ਼ਰ ਇਹ ਲੜਾਈ ਕਿੰਨਾ ਕੁ ਚਿਰ ਰਹੇਗੀ ?"

"ਜਿੰਨਾ ਚਿਰ ਇਕ ਜਣਾ ਸਿਵੇ ਵਿਚ ਨਹੀਂ ਜਾ ਪੈਂਦਾ।" ਗੰਡਾ ਸਿੰਘ ਨੇ ਗੁੱਸੇ ਵਿਚ ਹੀ ਉੱਤਰ ਦਿੱਤਾ।

ਚੰਦੋ ਦੇ ਦਿਲ ਨੇ ਕਿਹਾ 'ਠੀਕ ਏ, ਤੇਰਾ ਸਿਵਾ ਬਲਦਾ ਵੇਖ ਕੇ ਹੀ ਮੇਰੇ

ਅੰਦਰ ਦੀ ਬੁਝੇਗੀ।' ਪਰ ਉਹ ਉਪਰਲੇ ਮਨੋ ਬੋਲੀ, "ਜਾਣ ਦਿਓ। ਕੁਛ ਨਹੀਂ ਪਿਆ ਏਸ ਗੱਲ ਵਿਚ। ਨਾ ਆਪ ਸੜੋ, ਨਾ ਮੈਨੂੰ ਸਾੜੋ। ਵੇਖੋ ਖਾਂ ਤੁਹਾਡਾ ਹਾਲ ਕੀ ਹੋ ਗਿਆ ਏ?"

ਗੰਡਾ ਸਿੰਘ ਨੇ ਆਪਣੀ ਹਾਲਤ 'ਤੇ ਧਿਆਨ ਮਾਰਿਆ। ਠੀਕ ਹੀ ਉਹਦੀ ਅਰੋਗਤਾ ਪਿੱਛਾ ਦਿੱਤੀ ਜਾ ਰਹੀ ਸੀ। ਉਹਨੂੰ ਰਾਤ ਨੂੰ ਖੰਘ ਆਉਣ ਲੱਗ ਪਈ ਸੀ ਤੇ ਕਦੇ ਕਦੇ ਮਾੜੀ ਜਿਹੀ ਕਸ ਵੀ ਹੋ ਜਾਂਦੀ ਸੀ। ਉਹਨੇ ਚੰਦੋ ਦੀ ਗੱਲ ਦਾ ਉੱਤਰ ਕੋਈ ਨਾ ਦਿੱਤਾ, ਪਰ ਦੁੱਧ ਫੜ ਕੇ ਪੀ ਲਿਆ।

ਅੱਜ ਹੋਰ, ਭਲਕੇ ਹੋਰ, ਉਪਰੋਂ ਦੋਹਾਂ ਵਿਚ ਸੁਲ੍ਹਾ ਹੋ ਗਈ, ਪਰ ਦਿਲਾਂ ਵਿਚ ਓਵੇਂ ਅੱਗ ਬਲ ਰਹੀ ਸੀ, ਇਕ ਦੇ ਅੰਦਰ ਬਦਲੇ ਦੀ ਤੇ ਇਕ ਦੇ ਸ਼ੱਕ ਦੀ।

ਇਕ ਦਿਨ ਚੰਦੋ ਨੇ ਕਿਹਾ,"ਜੇ ਆਖੋ, ਤਾਂ ਤੁਹਾਨੂੰ ਪੋਸਤ ਵਾਲੀ ਦੋਧੀ ਬਣਾ ਦਿਆਂ ਕਰਾਂ ? ਸਿਰ ਤੋਂ ਚੰਗੀ ਹੁੰਦੀ ਏ।" ਇਹ ਬਹੁ-ਵਚਨ ਵਿਚ ਦੂਜੇ ਨੂੰ ਪੁਕਾਰਨਾ ਉਹਨੇ ਗੁਰਨਾਮ ਕੌਰ ਕੇ ਘਰੋਂ ਸਿੱਖਿਆ ਸੀ।

"ਜਿਵੇਂ ਤੇਰੀ ਮਰਜ਼ੀ।" ਗੰਡਾ ਸਿੰਘ ਨੇ ਹੌਲੀ ਜਿਹੀ ਉੱਤਰ ਦਿਤਾ।

"ਚੰਗਾ ਫਿਰ, ਭਲਕੇ ਪੋਸਤ ਮੰਗਾ ਦਿਓ ਸ਼ਹਿਰੋਂ। ਤੁਹਾਡੇ ਨਾਲ ਈ ਮੇਰਾ ਜਹਾਨ ਵਸਦਾ ਏ।"

ਇਹ ਮਗਰਲੇ ਵਾਕ ਨੇ ਉਹਦੀ ਆਤਮਾ ਨੂੰ ਇਕ ਹਲੂਣਾ ਦਿੱਤਾ। ਭਾਰਤ ਦੀ ਦੇਵੀ ਦਾ ਜਹਾਨ ਠੀਕ ਹੀ ਉਹਦੇ ਪਤੀ ਨਾਲ ਵਸਦਾ ਹੈ। ਪਰ ਬਦਲੇ ਦੀ ਅੱਗ ਨੇ ਇਸ ਖ਼ਿਆਲ ਨੂੰ ਓਥੇ ਹੀ ਦਬਾ ਦਿੱਤਾ। ਅਗਲੇ ਦਿਨ ਤੋਂ ਉਹਨੇ ਪੋਸਤ ਪਾ ਕੇ ਦੋਧੀ ਬਣਾ ਕੇ ਦੇਣੀ ਆਰੰਭ ਦਿੱਤੀ। ਏਸੇ ਤਰ੍ਹਾਂ ਚਾਰ ਦਿਨ ਲੰਘ ਗਏ। ਅਗਲੇ ਦਿਨ ਉਹਨੇ ਚਿਤਵਿਆ ਹੋਇਆ ਕਾਰਾ ਕਰਨ ਦਾ ਫ਼ੈਸਲਾ ਕੀਤਾ। ਸਾਰੀ ਰਾਤ ਉਹ ਇਕ ਮਿੰਟ ਵੀ ਨਹੀਂ ਸੀ ਸੁੱਤੀ। ਇਹਨਾਂ ਹੀ ਸੋਚਾਂ ਵਿਚ : 'ਕੀ ਬਣੇਗਾ ? ਕੀ ਹੋਵੇਗਾ ?' ਉਹਨੇ ਚਾਰੇ ਪਹਿਰ ਲੰਘਾ ਦਿੱਤੇ। ਨਿੱਤ ਵਾਲੀਆਂ ਵਿਚਾਰਾਂ ਦੇ ਨਾਲ-ਨਾਲ ਅੱਜ ਪਹਿਲੀ ਵਾਰ ਉਹਦੇ ਅੰਦਰ ਇਕ ਨਵਾਂ ਖ਼ਿਆਲ ਪੈਦਾ ਹੋਇਆ। ਅੱਗੇ ਉਹਨੇ ਇਸ ਗੱਲ ਨੂੰ ਕਦੇ ਵਿਚਾਰਿਆ ਹੀ ਨਹੀਂ ਸੀ। ਉਹ ਚਾਰ ਪੰਜ ਮਹੀਨਿਆਂ ਤੱਕ ਮਾਂ ਬਣਨ ਵਾਲੀ ਸੀ। ਹੋਣ ਵਾਲਾ ਬਾਲਕ ? ਤੇ ਉਹਦਾ ਪਿਤਾ?' ਇਸ ਤੋਂ ਅੱਗੇ ਉਹ ਕੁਛ ਨਾ ਸੋਚ ਸਕੀ। ਜਿੱਥੇਂ ਤੱਕ ਬਦਲੇ ਦੀ ਅੱਗ ਉਹਨੂੰ ਲੈ ਆਈ ਸੀ, ਉਹ ਉਸ ਤੋਂ ਪਿਛਾਂਹ ਵੀ ਨਹੀਂ ਹਟ ਸਕਦੀ ਸੀ। ਸਾਰਾ ਦਿਨ ਵੀ ਉਹਦਾ ਏਸੇ ਹਾਲਤ ਵਿਚ ਲੰਘ ਗਿਆ। ਉਹਨੇ ਲੁਕਾਈ ਹੋਈ ਅਫ਼ੀਮ ਨੂੰ ਕੱਢ ਕੇ ਕਈ ਵਾਰ ਤਲੀ 'ਤੇ ਧਰ ਕੇ ਵੇਖਿਆ। ਉਹ ਕਾਲੀ ਜਿਹੀ ਡਲੀ ਵਧਦੀ ਵਧਦੀ ਹਿਮਾਲੀਆ ਜੇਡਾ ਆਕਾਰ ਧਾਰ ਲੈਂਦੀ ਸੀ। ਉਸ ਨੇ ਮੌਤ ਕਦੇ ਵੇਖੀ ਨਹੀਂ ਸੀ,


WWW.SIKHBOOKCLUB.COM 

ਪਰ ਖੂਹ ਤੋਂ ਪਿੱਛੋ ਅੱਜ ਦੂਜੀ ਵਾਰ ਉਹਨੂੰ ਇਸ ਕਾਲੇ ਰੂਪ ਵਿਚ ਮੌਤ ਵਿਖਾਲੀ ਦੇ ਰਹੀ ਸੀ। ਉਹਨੇ ਅੱਜ ਦੋਵੇਂ ਡੰਗ ਰੋਟੀ ਨਹੀਂ ਸੀ ਖਾਧੀ। ਅਸਲ ਵਿਚ ਉਹਨੂੰ ਰੋਟੀ ਖਾਣ ਦੀ ਸੁੱਧ ਹੀ ਨਹੀਂ ਸੀ। ਉਸ ਨੇ ਅੱਗੇ ਵਾਂਗ ਹੀ ਪੋਸਤ ਮਲ ਕੇ ਦੁੱਧ ਵਿਚ ਪਾਇਆ ਤੇ ਨਾਲ ਹੀ ਉਹ ਅਫ਼ੀਮ ਵੀ। ਉਹ ਬੈਠੀ ਪਤੀਲੇ ਵਿਚ ਚਮਚਾ ਫੇਰ ਰਹੀ ਸੀ, ਪਰ ਬੜੇ ਨਿਰਾਰਥਕ ਜਹੇ ਭਾਵ ਨਾਲ। ਉਹਨੂੰ ਪਤਾ ਨਹੀਂ ਰਿਹਾ, ਕਿਹੜੇ ਵੇਲੇ ਉਹ ਸਭ ਕੁਝ ਛੰਨੇ ਵਿਚ ਪਾ ਕੇ ਪਤੀ ਵੱਲੇ ਲੈ ਤੁਰੀ। ਉਹਦੀਆਂ ਲੱਤਾਂ ਅਗ੍ਹਾਂ ਤੁਰਨ ਦੀ ਥਾਂ ਪਿਛਾਂਹ ਨੂੰ ਜਾ ਰਹੀਆਂ ਸਨ। ਉਹਦਾ ਗਲ ਆਪਣੇ-ਆਪ ਘੁੱਟੀ ਦਾ ਜਾਂਦਾ ਸੀ ਤੇ ਸਿਰ ਚਕਰਾ ਰਿਹਾ ਸੀ। ਉਹਦੇ ਹੋਸ਼ ਹਵਾਸ ਉਹਨੂੰ ਜਵਾਬ ਦਿੱਤੀ ਜਾ ਰਹੇ ਸਨ। ਉਹਨੇ ਕੰਬਦਿਆਂ ਹੱਥਾਂ ਨਾਲ ਜ਼ਹਿਰ ਦਾ ਪਿਆਲਾ ਗੰਡਾ ਸਿੰਘ ਦੇ ਸਾਮ੍ਹਣੇ ਜਾ ਧਰਿਆ। ਮੂੰਹੋਂ ਕੁਛ ਕਹਿਣ ਦੀ ਉਹਦੇ ਵਿੱਚ ਹਿੰਮਤ ਨਹੀਂ ਰਹੀ ਸੀ। ਗਰਮ ਦੋਧੀ ਵਿਚੋਂ ਹਵਾੜ ਉਠ ਰਹੀ, ਉਹਨੂੰ ਸਿਵੇ ਦੇ ਧੂੰਏਂ ਵਾਂਗ ਮਾਲੂਮ ਹੋ ਰਹੀ ਸੀ। ਉਹ ਸਹਿਮੀ ਹੋਈ ਨਜ਼ਰ ਨਾਲ ਛੰਨੇ ਵੱਲੇ ਵੇਖ ਰਹੀ ਸੀ। ਉਹਨੂੰ ਇਉਂ ਭਾਸ ਰਿਹਾ ਸੀ, ਜਿਵੇਂ ਉਸ ਛੋਟੇ ਜਿਹੇ ਭਾਂਡੇ ਵਿਚੋਂ ਮੌਤ ਉਠ ਕੇ ਉਹਦਾ ਸਭ ਕੁਛ ਤਬਾਹ ਕਰ ਦੇਣ ਲੱਗੀ ਸੀ।

ਗੰਡਾ ਸਿੰਘ ਨੇ ਦੋਹਾਂ ਹੱਥਾਂ ਨਾਲ ਛੰਨਾ ਚੁੱਕ ਲਿਆ। ਨਾਲ ਹੀ ਚੰਦੋ ਦਾ ਸਾਹ ਉਤਾਂਹ ਗਿਆ। ਉਹਨੇ ਦੋਵੇਂ ਹੱਥ ਕਿਸੇ ਚੀਜ਼ ਦੇ ਫੜਨ ਵਾਸਤੇ ਉਤਾਂਹ ਚੁੱਕ ਲਏ। ਗੰਡਾ ਸਿੰਘ ਛੰਨਾ ਮੂੰਹ ਦੇ ਕੋਲ ਲੈ ਗਿਆ। ਉਹ ਘੁੱਟ ਭਰਨ ਹੀ ਲੱਗਾ ਸੀ, ਜਾਂ ਇੱਕੋ ਵਾਰ ਚੰਦੋ ਦੀ ਚੀਕ ਨਿਕਲ ਗਈ ਤੇ ਉਹਨੇ ਛੇਤੀ ਨਾਲ ਗੰਡਾ ਸਿੰਘ ਦੇ ਹੱਥੋਂ ਛੰਨਾ ਖੋਹ ਲਿਆ। ਉਹ ਇਕ ਵਾਰ ਪੁਕਾਰ ਉੱਠੀ, "ਨਾ ਪੀਆ ਜੇ। ਇਹਦੇ ਵਿੱਚ ਫੀਮ ਜੇ।" ਤੇ ਉਹਨੇ ਛੰਨਾ ਚਲਾ ਕੇ ਇਕ ਪਾਸੇ ਮਾਰਿਆ। ਦੋਧੀ ਡੁੱਲ੍ਹ ਗਈ। ਛੰਨਾ ਠੀਕਰੀ ਠੀਕਰੀ ਹੋ ਗਿਆ। ਗੰਡਾ ਸਿੰਘ ਦੀ ਸਮਝ ਵਿਚ ਕੁਛ ਨਾ ਆਇਆ। ਉਹਨੇ ਪ੍ਰਸ਼ਨ ਭਰੀ ਨਿਗ੍ਹਾ ਨਾਲ ਚੰਦੋ ਵੱਲ ਤਕਿਆ। ਉਹ ਡਰ ਕੇ ਚੀਕਾਂ ਮਾਰਦੀ ਦੂਜੇ ਅੰਦਰ ਜਾ ਵੜੀ। ਓਥੇ ਉਹ ਲੀੜੇ ਵਿਚ ਮੂੰਹ ਲੁਕਾ ਕੇ ਉੱਚੀ ਉੱਚੀ ਰੋਣ ਲੱਗ ਪਈ।

ਇਹਨਾਂ ਤਿੰਨਾਂ ਮਹੀਨਿਆਂ ਵਿਚ ਗੰਡਾ ਸਿੰਘ ਦੀ ਆਤਮਾ ਨੇ ਬੜਾ ਪਲਟਾ ਖਾਧਾ ਸੀ। ਹੁਣ ਉਹਨੂੰ ਓਨਾ ਗੁੱਸਾ ਚੰਦੋ 'ਤੇ ਨਹੀਂ, ਜਿੰਨਾ ਆਪਣੇ-ਆਪ 'ਤੇ ਸੀ: ਉਹ ਸਾਰੇ ਬਖੇੜੇ ਦਾ ਮੂਲ ਕਾਰਨ ਆਪ ਨੂੰ ਹੀ ਸਮਝਦਾ ਸੀ। ਰਾਤ ਦਿਨ ਉਹ ਆਪਣੀਆਂ ਭੁੱਲਾਂ 'ਤੇ ਪਛਤਾਉਂਦਾ ਰਹਿੰਦਾ ਸੀ। ਹੁਣ ਉਹਨੂੰ ਗਿਆਨ ਹੋਇਆ ਸੀ ਕਿ ਉਹਨੇ ਵਿਚਾਰੀ ਚੰਦੋ ਦਾ ਜੀਵਨ ਨਸ਼ਟ ਕਰਨ ਵਿੱਚ ਵੱਡਾ ਪਾਪ ਕੀਤਾ ਹੈ।


WWW.SIKHBOOKCLUB.COM 

ਉਹ ਸਹਿਜ ਨਾਲ ਉਠ ਕੇ ਚੰਦੋ ਦੇ ਮਗਰੇ ਗਿਆ। ਕੋਲ ਜਾ ਕੇ ਉਹਨੇ ਬੜੀ ਧੀਰਜ ਨਾਲ ਪੁੱਛਿਆ, "ਜੀਤੋ ਦੀ ਚਾਚੀ ! ਤੈਨੂੰ ਕੀ ਹੋਇਆ ਏ ? ਤੂੰ ਕਿਉਂ ਇਸ ਤਰ੍ਹਾਂ ਰੋਣ ਲੱਗੀ ਹੋਈ ਏਂ ?"

ਚੰਦੋ ਤ੍ਰਭਕ ਕੇ ਪਰ੍ਹਾਂ ਹੋ ਗਈ। ਉਹਨੇ ਦੋਵੇਂ ਹੱਥ ਅੱਗੇ ਏਸ ਤਰ੍ਹਾਂ ਖਿਲਾਰੇ ਹੋਏ ਸਨ, ਜਿਵੇਂ ਕਿਸੇ ਨਾਲ ਲੱਗਣ ਤੋਂ ਡਰ ਕੇ ਕੋਈ ਬਚਣ ਦਾ ਕਾਰਾ ਕਰ ਰਿਹਾ ਹੁੰਦਾ ਹੋਵੇ। ਉਹ ਇਕੋਰਾਂ ਹੀ ਡਡਿਆ ਕੇ ਬੋਲੀ, "ਵੇਖਿਓ, ਮੇਰੇ ਨਾਲ ਨਾ ਲੱਗਿਓ। ਮੈਂ ਪਾਪਣ ਆਂ। ਮੈਂ ਤੁਹਾਨੂੰ ਮਾਰਨ ਲੱਗੀ ਸਾਂ। ਮੈਂ ਇਹਦੇ ਵਿੱਚ ਬਹੁਤ ਸਾਰੀ ਫੀਮ ਘੋਲੀ ਹੋਈ ਸੀ। ਹੁਣ ਬੇਸ਼ਕ ਮਾਰ ਘੱਤੋ। ਮੈਂ 'ਸੀ' ਤੱਕ ਨਹੀਂ ਕਰਾਂਗੀ। ਇਹ ਕੰਮ ਮੈਂ ਓਦਣ ਦਾ ਬਦਲਾ ਲੈਣ ਵਾਸਤੇ ਕੀਤਾ ਸੀ।"

ਗੰਡਾ ਸਿੰਘ ਨੇ ਠੰਡਾ ਸਾਹ ਭਰ ਕੇ ਕਿਹਾ, "ਇਸਦੇ ਵਿਚ ਤੇਰਾ ਕੋਈ ਦੋਸ਼ ਨਹੀਂ, ਸਭ ਮੇਰੇ ਕੀਤੇ ਦਾ ਫਲ ਏ। ਮੈਂ ਤੇਰਾ ਜੀਵਨ ਬਰਬਾਦ ਕੀਤਾ ਏ। ਮੈਨੂੰ ਏਸ ਉਮਰੇ ਵਿਆਹ ਨਹੀਂ ਸੀ ਕਰਾਉਣਾ ਚਾਹੀਦਾ। ਜੀਹਦੀ ਆਪਣੀ ਜੁਆਨੀ ਰੁੱਸ ਗਈ ਹੋਵੇ, ਉਹ ਕਿਸੇ ਦੀ ਜੁਆਨੀ ਨੂੰ ਕਿਸ ਲਾਰੇ ਉੱਤੇ ਰਾਜੀ ਰੱਖ ਸਕਦਾ ਏ? ਕਿਹੜਾ ਕਸ਼ਟ ਏ, ਜੋ ਮੈਂ ਤੈਨੂੰ ਨਹੀਂ ਪੁਚਾਇਆ? ਜੋ ਤੂੰ ਕਰਨ ਲੱਗੀ ਸੈਂ, ਠੀਕ ਸੀ। ਪਰ ਤੈਨੂੰ ਹੁਣ ਏਨੀ ਖੇਚਲ ਕਰਨ ਦੀ ਲੋੜ ਨਹੀਂ। ਮੈਂ ਆਪ ਹੀ ਅਗ੍ਹਾਂ ਦੀ ਤਿਆਰੀ ਕਰ ਰਿਹਾ ਹਾਂ। ਬੱਸ ਕੁਛ ਦਿਨ ਦੀ ਈ ਖੇਡ ਏ। ਸਭ ਝਗੜੇ ਮੁਕ ਜਾਣਗੇ।"

"ਇਉਂ ਨਾ ਆਖੋ।" ਚੰਦੋ ਬੜਾ ਤਰਲਾ ਲੈ ਕੇ ਬੋਲੀ। "ਕਿਉਂ ਮੂੰਹੋਂ ਕੁਸਗਨੀਆਂ ਕੱਢਣ ਡਹੇ ਹੋਏ ਜੇ ? ਮਾਲਕ ਬਿਨਾਂ ਇਸਤਰੀ ਦਾ ਕੋਈ ਨਹੀਂ ਬਣਦਾ ਹੁੰਦਾ।"

## ੧੮

ਸੂਰਤ ਸੱਤ ਸਾਲ ਦਾ ਸੀ, ਜਦ ਉਹਦੀ ਮੰਗਣੀ ਹੋਈ ਸੀ। ਜਵੰਦੀ ਨੇ ਹੀ ਪੇਕਿਆਂ ਤੋਂ ਸਾਕ ਕਰਾਇਆ ਸੀ। ਜਦ ਗੰਡਾ ਸਿੰਘ ਨੇ ਦੂਜਾ ਵਿਆਹ ਕਰਾ ਲਿਆ, ਸੂਰਤ ਦੇ ਸਹੁਰਿਆਂ ਨੇ ਸਾਕ ਤੋਂ ਜਵਾਬ ਦੇ ਦਿੱਤਾ। ਸੂਰਤ ਸਿੰਘ ਹੁਣ ਜਵਾਨ ਹੋ ਗਿਆ ਸੀ। ਉਹ ਮੁੰਡਿਆਂ ਵਿੱਚ ਬਹਿੰਦਾ ਤੇ ਲੋਕਾਂ ਦੀਆਂ ਸੁਣਦਾ ਸੀ। ਜਵੰਦੀ ਕੋਲੋਂ ਇਹ ਵੀ ਸੁਣਿਆ ਸੀ ਕਿ ਉਹਦੀ ਵਹੁਟੀ ਬਹੁਤ ਖ਼ੂਬਸੂਰਤ ਹੈ। ਇਸ ਗੱਲ ਨੇ ਉਹਦੇ ਦਿਲ ਵਿਚ ਵਧੇਰੇ ਜਲਣ ਪੈਦਾ ਕਰ ਦਿੱਤੀ ਹੋਈ ਸੀ। ਕਈ ਵਾਰ ਉਹ ਸਾਰਾ ਸਾਰਾ ਦਿਨ ਏਹਾ ਸੋਚਦਾ ਰਹਿੰਦਾ ਕਿ ਉਹ ਆਪਣੀ ਮੰਗ ਕਿਵੇਂ ਹਾਸਲ ਕਰੇ। ਇਸ ਕੰਮ ਵਿਚ ਜਵੰਦੀ ਨੇ ਉਹਦੀ ਮਦਦ ਕਰਨ ਦਾ ਇਕਰਾਰ ਕੀਤਾ ਹੋਇਆ ਸੀ।



WWW.SIKHBOOKCLUB.COM 

ਸੂਰਤ ਖੇਤ ਵਿੱਚ ਪੱਠੇ ਵੱਢ ਰਿਹਾ ਸੀ ਜਾਂ ਜਵੰਦੀ ਆਪਣੇ ਮੁੰਡੇ-ਕਰਮੂ-ਸਣੇ ਜਾ ਅਪੜੀ। ਉਹਨੂੰ ਕਈ ਦਿਨ ਹੋ ਗਏ ਸਨ ਓਧਰੋਂ ਪੱਠੇ ਲੈ ਜਾਂਦੀ ਨੂੰ। ਉਹ ਕੋਲ ਜਾ ਕੇ ਬੋਲੀ, "ਬੱਚਾ ! ਤੂੰ ਸਾਨੂੰ ਇਕ ਬੰਨੇ ਹੱਥ ਲੁਆ ਛੱਡ ਜਿਹੜੇ ਕਨਾਲ ਦੇਣੇ ਈਂ। ਏਸ ਤਰ੍ਹਾਂ ਆਖੇਂਗਾ, ਖਵਰੇ ਮਾਈ ਕਿੰਨੇ-ਕੁ ਚਾਰ ਗਈ ਹੈ।"

"ਅੱਗੇ ਕੋਈ ਫਰਕ ਹੋਣਾ ਏਂ? ਏਸ ਪੈਲੀ 'ਚੋਂ ਤਾਂ ਤੁਸਾਂ ਅੱਧ ਵੰਡਾ ਲਿਆ ਏ।" ਸੂਰਤ ਨੇ ਪੱਠਿਆਂ ਦੀ ਮੁੱਠ ਢੇਰੀ 'ਤੇ ਧਰਦਿਆਂ ਕਿਹਾ।

"ਹੱਛਾ, ਫਿਰ ਕਿਸੇ ਓਪਰੇ ਦੇ ਚਾਰੇ ਨੇ ? ਆਪਣੇ ਪੁੱਤਰ ਦੇ ਚਾਰੇ ਨੇ ਨਾ ! ਮੈਂ ਵੀ ਤਾਂ ਤੇਰੇ ਕਾਜਾਂ ਵਿੱਚ ਈ ਭੱਜੀ ਫਿਰਦੀ ਆਂ ਨਾ!"

"ਜਦੋਂ ਕੋਈ ਗੱਲ ਨੇਪਰੇ ਚਾੜ੍ਹੇਂਗੀ, ਵੇਖੀ ਜਾਏਗੀ।"

"ਵੇ, ਖਵਰੇ ਅੱਲਾ ਨੇਪਰੇ ਚਾੜ੍ਹ ਈ ਦੇਵੇਗਾ !"

ਕਰਮੂ ਟੱਕ ਤੋਂ ਪੱਠੇ ਵੱਢਣ ਲੱਗ ਪਿਆ। ਜਵੰਦੀ ਤੇ ਸੂਰਤ ਬੰਨੇ 'ਤੇ ਬਹਿ ਕੇ ਗੱਲਾਂ ਕਰਨ ਲੱਗ ਪਏ। ਸੂਰਤ ਨੇ ਪੁੱਛਿਆ,"ਸੁਣਾ ਫਿਰ ਮਾਈ ! ਗਈ ਸੈਂ ?"

"ਹਾਂ ! ਕੱਲ੍ਹ ਓਥੋਂ ਈਂ ਆਈ ਆਂ।"

"ਫੇਰ ?"

"ਫੇਰ ਕੀ ? ਖ਼ੁਦਾ ਭਲੀ ਕਰੇਗਾ। ਮੈਂ ਉਹਨੂੰ ਮਿਲੀ ਸਾਂ। ਉਹ ਤਾਂ ਆਪ ਤੈਨੂੰ ਬੜਾ ਯਾਦ ਕਰਦੀ ਏ। ਆਹੰਦੀ ਸੀ : 'ਭੂਆ ! ਪੇਸ਼ ਕੋਈ ਨਹੀਂ ਜਾਂਦੀ। ਮੈਂ ਤਾਂ ਆਹਨੀ ਆਂ, ਪਈ ਜਾਵਾਂ, ਤਾਂ ਪਹਿਲੇ ਘਰ ਜਾਵਾਂ, ਨਹੀਂ ਤਾਂ ਰੱਬ ਮੌਤ ਦੇ ਦੇਵੇ।' ਪਹਿਲਾਂ ਤਾਂ ਉਹਦੀ ਮਾਂ ਵੀ ਰਾਜੀ ਸੀ, ਪਰ ਜਦੋਂ ਦਾ ਉਹਦੇ ਪਿਉ ਨੇ ਦੂਜੇ ਥਾਂ ਸਾਕ ਕਰ ਦਿੱਤਾ ਏ, ਓਦੋਂ ਦੀ ਉਹ ਵੀ ਕੋਈ ਹਾਮੀ ਨਹੀਂ ਭਰਦੀ। ਪਰ ਅਜੇ ਕੁੜੀ ਆਪਣੇ ਵੱਲ ਏ।"

"ਉਹ ਕੀ ਗੱਲਾਂ ਕਰਦੀ ਸੀ ?"

"ਪਹਿਲਾਂ ਤਾਂ ਸੰਗਦੀ ਬੋਲਦੀ ਨਹੀਂ ਸੀ। ਪਰ ਜਦੋਂ ਮੈਂ ਤੇਰੀਆਂ ਗੱਲਾਂ ਉਹਨੂੰ ਦੱਸੀਆਂ ਨਾ!"

"ਕੀ ?"

"ਪਹਿਲਾਂ ਤਾਂ ਮੈਂ ਤੇਰੀ ਸੋਭਾ ਕੀਤੀ ਕਿ ਮੁੰਡਾ ਵੜਾ ਸੋਹਣਾ ਏਂ, ਵੇਖਿਆਂ ਭੁੱਖ ਲਹਿੰਦੀ ਏ, ਐਡੀਆਂ-ਐਡੀਆਂ ਮੋਟੀਆਂ ਅੱਖਾਂ, ਤਲਵਾਰ ਅਰਗਾ ਨੱਕ, ਸਰੂ ਅਰਗਾ ਕੱਦ, ਗੋਰਾ ਨਛੋਹ, ਸੇਅ ਅਰਗਾ ਰੰਗ, ਨਜਰਾਂ ਪਈਆਂ ਲੱਗਦੀਆਂ ਨੇ। ਤਾਂ ਉਹਨੇ ਥੋੜ੍ਹਾ ਜਿਹਾ ਹੱਸ ਕੇ ਮੇਰੇ ਵੱਲ ਵੇਖਿਆ। ਉਹ ਉਸ ਵੇਲੇ ਖ਼ੁਸ਼ੀ ਵਿਚ ਫੁੱਲੀ ਨਹੀਂ ਸੀ ਸਮਾਉਂਦੀ।"

"ਹੱਛਾ ?"

"ਲੈ ਖਾਂ, ਤੇ ਉਹਨੂੰ ਤੇਰੇ ਨਾਲੋਂ ਘੱਟ ਚਾਅ ਏ? ਧੀਆਂ ਦੇ—ਅੜਿਆ !—ਵੱਸ ਕੁਛ ਨਹੀਂ ਹੁੰਦਾ, ਨਹੀਂ ਤਾਂ..।"

"ਤੂੰ ਇਹ ਵੀ ਆਖਣਾ ਸੀ ਨਾ, ਪਈ ਉਹ ਆਂਹਦਾ ਏ, ਮੈਂ ਆਪਣੀ ਮੰਗ ਨਹੀਂ ਛੱਡਣੀ।"

"ਆਖਿਆ ਸੀ ਕੇ ! ਮਖ: ਤੇਰਾ ਮਾਲਕ ਆਹੰਦਾ ਏ, ਕਿ ਜੇ ਵਿਆਹੀ ਤਾਂ ਉਹਾ ਵਿਆਹੁਣੀ ਏਂ, ਨਹੀਂ ਤਾਂ ਕਿਸੇ ਦੇ ਗਲ ਲੱਗ ਕੇ ਮਰ ਜਾਣਾ ਏ।"

"ਫਿਰ ਕੁਛ ਬੋਲੀ ਨਾ ?"

"ਆਖਣ ਲੱਗੀ : 'ਭੂਆ ! ਮੇਰੇ ਕੋਲ ਇਉਂ ਨਾ ਆਖ। ਮੇਰੇ ਜੀ ਨੂੰ ਕੁਛ ਹੁੰਦਾ ਏ।"

ਸੂਰਤ ਦਾ ਜੁਆਨ ਦਿਲ ਇਹ ਗੱਲਾਂ ਸੁਣ ਕੇ ਕਿਸੇ ਅਨਮਿਣੀ ਖ਼ੁਸ਼ੀ ਵਿੱਚ ਉਛਲ ਰਿਹਾ ਸੀ। ਉਹਨੇ ਫਿਰ ਕਿਹਾ, "ਫਿਰ ਕਹਿਣਾ ਸੀ ਕਿ ਆ ਤੈਨੂੰ ਲੈ ਚੱਲਾਂ!"

"ਕਾਹਲਾ ਨਾ ਪਉ। ਸਹਿਜ-ਸਹਿਜ ਸਭ ਕੁਛ ਹੋ ਜਾਏਗਾ। ਅਸਾਂ ਤੈਨੂੰ ਇਕ ਵੇਰਾਂ ਉਹਦੀ ਬਾਂਹ ਫੜਾ ਦੇਣੀ ਏਂ।"

"ਅਸੀਂ ਭੀ ਸਾਰੀ ਉਮਰ ਕਿਸੇ ਦਾ ਹਸਾਣ ਗੁਔਣ ਵਾਲੇ ਨਹੀਂ।"

"ਅਣਿਆਂ ਸੂਰਤ ! ਜਿਹੜਾ ਹੁਣ ਉਹਦੇ 'ਤੇ ਰੂਪ ਚੜ੍ਹਿਆ ਏ! ਮੱਥੇ ਨਹੀਂ ਲੱਗਾ ਜਾਂਦਾ। ਸੱਚੀਂ, ਖਤਰਾਣੀਆਂ ਨੂੰ ਪਰ੍ਹਾਂ ਪਈ ਸੁਟਦੀ ਏ। ਆਪਣੇ ਤਾਂ ਸਾਰੇ ਪਿੰਡ ਵਿੱਚ ਕੋਈ ਨਹੀਂ ਉਹਦੇ ਅਰਗੀ। ਕੱਸਮੇ ਅੱਲਾ ਪਾਕ ਦੀ, ਹਨ੍ਹੇਰੇ 'ਚ ਬੈਠੀ ਚਾਨਣ ਕਰਦੀ ਏ। ਜੱਟਾ! ਭਾਗ ਉਘੜ ਪੈਣਗੇ ਤੇਰੇ ਜਿੱਦਣ ਆ ਗਈ। ਫੇਰ ਭਾਵੇਂ ਗੁਆਂਢੀਆਂ ਨਾਲ ਜਿਦਦਾ ਫਿਰੀਂ।"

"ਖਵਰੇ, ਉਹ ਦਿਨ ਕਦੋਂ ਆਵੇਗਾ ?"

"ਜੇਰਾ ਕਰ। ਐਵੇਂ ਅੱਖੀਂ ਮੀਟੀਂ ਹਨ੍ਹੇਰਾ ਏ। ਬੱਸ, ਕਿਸੇ ਦਿਨ ਮਿਰਜ਼ੇ ਵਾਂਗ ਬੱਕੀ 'ਤੇ ਚੜ੍ਹਾ ਲਿਆਵੀਂ।"

"ਪਰ ਸਾਹਿਬਾਂ ਦੀ ਭੂਆ ਵਾਂਗ ਤੂੰ ਵਚੋਲਣ ਬਣੇਗੀ ਤਾਂ, ਤਾਂ ਈ ਏ ਨਾ"

"ਮੈਂ ਭੱਜ ਤਾਂ ਨਹੀਂ ਚੱਲੀ।"

ਏਨੇ ਨੂੰ ਕਰਮੂ ਨੇ ਪੱਠਿਆਂ ਦੀ ਪੰਡ ਵੱਢ ਲਈ ਤੇ ਜਵੰਦੀ ਜਾਣ ਨੂੰ ਤਿਆਰ ਹੋ ਪਈ। ਸੂਰਤ ਅਜੇ ਵੀ ਓਹਾ ਗੱਲਾਂ ਕਰਨੀਆਂ ਚਾਹੁੰਦਾ ਸੀ, ਪਰ ਜਵੰਦੀ ਜਾਣ ਵਾਸਤੇ ਕਾਹਲੀ ਪੈ ਗਈ ਸੀ। ਸੂਰਤ, ਕਰਮੂ ਨੂੰ ਪੰਡ ਚੁਕਾ ਕੇ ਬੋਲਿਆ, "ਮਾਈ! ਤੂੰ ਫੇਰ ਕਦੋਂ ਪਤਾ ਦੇਵੇਂਗੀ?"

"ਮੈਂ ਮਹੀਨੇ-ਕੁ ਨੂੰ ਓਥੇ ਜਾਵਾਂਗੀ। ਫਿਰ ਤੈਨੂੰ ਪੱਕਾ ਪਤਾ ਲਿਆ ਕੇ



WWW.SIKHBOOKCLUB.COM 

ਦਿਆਂਗੀ। ਤੂੰ ਬੇਫ਼ਿਕਰ ਰਹੋ। ਤੇਰਾ ਕੰਮ ਕਰ ਦਿਆਂਗੀ।"

ਜਵੰਦੀ ਚਲੀ ਗਈ। ਸੂਰਤ ਸਾਰਾ ਦਿਨ ਉਹਨਾਂ ਈ ਗਿਣਤੀਆਂ ਵਿੱਚ ਪਿਆ ਰਿਹਾ: 'ਕੀ ਉਹ ਠੀਕ ਮੈਨੂੰ ਯਾਦ ਕਰਦੀ ਹੋਵੇਗੀ ? ਮਾਈ ਜਵੰਦੀ ਐਵੇਂ ਝੂਠ ਤਾਂ ਨਹੀਂ ਮਾਰਦੀ? ਜੇ ਰੱਬ ਕੰਮ ਬਣਾ ਦੇਵੇ ਤਾਂ ਲੋਕਾਂ ਵਿੱਚ ਗੱਲ ਰਹਿ ਜਾਵੇਗੀ। ਆਖਣਗੇ : ਜੁਆਨ ਨੇ ਮੰਗ ਨਹੀਂ ਅਗ੍ਹਾਂ ਜਾਣ ਦਿੱਤੀ। ਇਹ ਸੂਤਰ ਬਣੇਗਾ ਕਿਵੇਂ? ਆਪ ਓਥੇ ਗਿਆ ਠੀਕ ਨਹੀਂ। ਤੇ ਐਵੇਂ ਉਹ ਏਥੇ ਕਿਵੇਂ ਆਵੇਗੀ ? ਪਰ ਜਨਾਨੀ ਤਾਂ ਜੋ ਚਾਹਵੇ, ਕਰ ਸਕਦੀ ਏ। ਉਹ ਆਪਣੇ ਮਾਪਿਆਂ ਨੂੰ ਆਖੇ ਖਾਂ ਕਿ ਮੈਂ ਓਥੇ ਈ ਵਿਆਹ ਕਰਾਉਣਾ ਏਂ। ਪਰ ਉਹਦੀ ਮੰਨਣ ਕੌਣ ਲੱਗਾ ਏ ? ਇਹ ਤਾਂ ਦਾੱ-ਘਾੱ ਈ ਏ, ਜੇ ਕੋਈ ਲੱਗ ਜਾਵੇ ਤਾਂ। ਇਕ ਵੇਰ ਆ ਜਾਏ, ਤਾਂ ਫੇਰ ਕੋਈ ਕੀ ਕਰ ਸਕਦਾ ਏ? ਜੇ ਉਹ ਰਹਿਣ ਵਾਲੀ ਹੋਵੇਗੀ, ਤਾਂ ਮਜਾਲ ਏ ਕਿਸੇ ਦੀ ਫਿਰ? ਮੈਂ ਡੱਕਰੇ ਕਰ ਦਿਆਂਗਾ, ਜਿਹੜਾ ਉਹਦੀ ਵਾ ਵੱਲੇ ਵੀ ਵੇਖੇਗਾ ? ਪੁਲਸ ? ਜੀਹਦੇ ਵੱਲੇ ਜਨਾਨੀ ਹੋਵੇ, ਉਹਨੂੰ ਕੋਈ ਕੀ ਕਹਿ ਸਕਦਾ ਏ? ਖ਼ੈਰ, ਇਕ ਵੇਰਾਂ ਆ ਜਾਏ ਸਹੀ, ਫਿਰ ਸਭ ਠੀਕ ਕਰ ਲਵਾਂਗਾ। ਮਾਈ ਆਹੰਦੀ ਸੀ: ਉਹ ਸੋਹਣੀ ਵੜੀ ਏ। ਇਕ ਵੇਰਾਂ ਜੋੜੀ ਬਣੇ ਪਈ ਸੁਆਦ ਆ ਜਾਏ।'

ਇਹਨਾਂ ਹੀ ਮਿੱਠੇ ਚਾਵਾਂ ਵਿੱਚ ਉਹਦੇ ਕਈ ਦਿਨ ਬੀਤ ਗਏ। ਦਿਨ ਉਹਦੀਆਂ ਗੱਲਾਂ ਕਰਦਿਆਂ ਲੰਘ ਜਾਂਦਾ ਤੇ ਰਾਤ ਉਹਦੇ ਸੁਫਨੇ ਵਿਹੰਦਿਆਂ। ਜੁਆਨੀ ਦਾ ਮਹਿਲ ਹੀ ਚਾਵਾਂ ਤੇ ਸੁਫ਼ਨਿਆਂ 'ਤੇ ਉਸਰਿਆ ਹੁੰਦਾ ਹੈ।

## ੧੯

ਚੰਦੋ ਦਾ ਦਿਲ ਸਾਫ਼ ਹੋ ਗਿਆ, ਪਰ ਗੰਡਾ ਸਿੰਘ ਦੀ ਸਿਹਤ ਨੇ ਮੋੜਾ ਨਾ ਖਾਧਾ। ਉਹਨੂੰ ਇਹ ਚਿੰਤਾ ਖਾਈ ਜਾਂਦੀ ਸੀ, "ਮੈਂ ਇਹ ਕੰਮ ਇਉਂ ਕੀਤਾ ? ਇਸ ਬੇਦੋਸ਼ੀ ਦੀ ਜ਼ਿੰਦਗੀ ਕਿਉਂ ਬਰਬਾਦ ਕੀਤੀ ? ਨਾਲੇ ਮੁੰਡੇ ਦੀ ਜਾਇਦਾਦ ਖ਼ਰਾਬ ਕੀਤੀ ਨਾਲੇ ਉਹਦੀ ਮੰਗ ਜਾਂਦੀ ਰਹੀ। ਮੈਂ ਇਹ ਕੀ ਕਰ ਬੈਠਾ ? ਅਗ੍ਹਾਂ ਮੁੰਡੇ ਦਾ ਕੀ ਬਣੇਗਾ ? ਮੇਰੇ ਪਿੱਛੋਂ ਇਹਨਾਂ ਦਾ ਕੀ ਹਾਲ ਹੋਵੇਗਾ ?" ਇਹਨਾਂ ਸੋਚਾਂ ਤੇ ਝੋਰਿਆਂ ਨੇ ਉਹਦੀ ਅਰੋਗਤਾ ਨਸ਼ਟ ਕਰ ਦਿੱਤੀ। ਉਹਨੂੰ ਹਰ ਵੇਲੇ ਬੁਖ਼ਾਰ ਰਹਿਣ ਲੱਗਾ। ਸਾਰੀ ਰਾਤ ਉਹਨੂੰ ਖੰਘ ਨਹੀਂ ਸੀ ਸੌਣ ਦੇਂਦੀ। ਬਥੇਰਾ ਦਵਾ ਦਾਰੂ ਕੀਤਾ, ਪਰ ਕਿਤੋਂ ਫ਼ਰਕ ਨਾ ਪਿਆ। ਉਹ ਦਿਨੋ ਦਿਨ ਹਿਠਾਂਹ ਹੀ ਗਿਆ।

ਚੰਦੋ ਵਾਸਤੇ ਇਹ ਸਮਾਂ ਬੜਾ ਮੁਸੀਬਤ ਦਾ ਸੀ। ਉਹ ਰਾਤ ਦਿਨੇ ਪਤੀ ਦੀ ਸੇਵਾ ਵਿੱਚ ਰੁੱਝੀ ਰਹਿੰਦੀ। ਉਹਦੀ ਇੱਕ ਇੱਕ ਘੜੀ ਗਿਣਤੀਆਂ ਤੇ ਹਉਕਿਆਂ ਵਿਚ ਬੀਤ ਰਹੀ ਸੀ। ਉਹ ਸਾਰੀ ਰਾਤ ਬਿਮਾਰ ਦੇ ਸਰ੍ਹਾਣੇ ਬੈਠੀ ਗੁਜ਼ਾਰ ਦੇਂਦੀ।



WWW.SIKHBOOKCLUB.COM 

ਉਹ ਗ਼ਮਾਂ ਦੇ ਵਹਿਣ ਵਿਚ ਪਈ ਕਿੰਨਾ-ਕਿੰਨਾ ਚਿਰ ਸੋਚਦੀ ਰਹਿੰਦੀ, 'ਪਰਮਾਤਮਾ! ਅਜੇ ਮੇਰੇ ਦੁੱਖਾਂ ਵਿਚ ਕੋਈ ਕਸਰ ਬਾਕੀ ਸੀ ? ਜੇ ਇਹਨੂੰ ਕੁਛ ਹੋ ਗਿਆ, ਤਾਂ ਮੈਂ ਕੀ ਕਰਾਂਗੀ ? ਵਿਧਵਾ ਇਸਤਰੀ ਨੂੰ ਤਾਂ ਉਜਾਂ ਵਾਲੇ ਨਹੀਂ ਟਿਕਨ ਦੇਂਦੇ। ਉਹ ਤਾਂ ਆਟੇ ਦੀ ਤੌਣ ਹੁੰਦੀ ਏ, ਜੀਹਨੂੰ ਬਾਹਰ ਇੱਲਾਂ ਤੇ ਅੰਦਰ ਚੂਹੇ। ਮਾਲਕਾ ! ਮੇਰੀ ਬੇੜੀ ਬੰਨੇ ਲਾ। ਮੈਂ ਤਾਂ ਜਹਾਨ ਦਾ ਕੁਛ ਵੀ ਨਹੀਂ ਵੇਖਿਆ। ਮੇਰੇ ਕੋਲ ਏਨਾ ਹੀ ਰਹਿਣ ਦੇ। ਉਹ ਜਾਣੇ, ਹੋਰ ਸੁਖ ਨਹੀਂ, ਤਾਂ ਕਿਤੋਂ ਲਿਆਉਣ ਦੇਣ ਦਾ ਤਾਂ ਫਿਕਰ ਨਹੀਂ ਨਾ ! ਕੀ ਪਤਾ ਇਹਦੇ ਅੱਖਾਂ ਮੀਟ ਜਾਣ ਪਿੱਛੋਂ ਮੁੰਡਾ ਕਿਹੋ ਜਿਹਾ ਜਾਣੇ ? ਜੰਮਣ ਵਾਲੇ ਦੀ ਪਾਲਣਾ ਕੌਣ ਕਰੇਗਾ ? ਤੇ ਮੇਰੀ ਓਦੋਂ ਕੌਣ ਸੰਭਾਲ ਕਰੇਗਾ ? ਜੀਤੋ ਤੇ ਤੇਜੋ ਤਾਂ ਮੈਨੂੰ ਵੇਖ ਨਹੀਂ ਸੁਖਾਉਂਦੀਆਂ। ਰੱਬਾ ! ਇਹਨੂੰ ਤਾਂ ਕੁਛ ਨਾ ਹੋਵੇ। ਮੇਰੀ ਉਮਰ ਵੀ ਪਰ੍ਹਾਂ ਏਸੇ ਨੂੰ ਲੱਗ ਜਾਵੇ। ਭਾਵੇਂ ਲੜਦਾ ਏ, ਮਾਰਦਾ ਏ, ਏਸੇ ਨਾਲ ਈ ਮੇਰੀ ਸਰਦਾਰੀ ਏ।'

ਦਿਲ ਦੀ ਅਸਲੀ ਅਵਸਥਾ ਨੂੰ ਸਮਝਣਾ ਅਤੀ ਕਠਨ ਹੈ। ਏਹਾ ਚੰਦੋ ਇਕ ਮਹੀਨਾ ਪਹਿਲਾਂ ਗੰਡਾ ਸਿੰਘ ਨੂੰ ਅਫ਼ੀਮ ਦੇ ਕੇ ਮਾਰਨ ਲੱਗੀ ਸੀ ਤੇ ਹੁਣ ਰਾਤ ਦਿਨੇ ਉਹਦੀ ਜ਼ਿੰਦਗੀ ਵਾਸਤੇ ਅਰਦਾਸਾਂ ਕਰਦੀ ਰਹਿੰਦੀ ਹੈ। ਓਦੋਂ ਉਹ ਉਹਦੇ ਲਹੂ ਦੀ ਪਿਆਸੀ ਸੀ, ਹੁਣ ਉਹਦੀ ਮੌਤ ਦਾ ਖ਼ਿਆਲ ਆਉਂਦਿਆਂ ਹਉਕੇ ਲੈਣ ਲੱਗ ਪੈਂਦੀ ਹੈ।

ਭਲਾ ਮੌਤ ਨੂੰ ਕਿੰਨਾ ਕੁ ਚਿਰ ਧੋਖਾ ਦਿੱਤਾ ਜਾ ਸਕਦਾ ਹੈ ? ਅੰਤ ਉਹ ਦਿਨ ਆ ਗਿਆ, ਜਿਸਦੇ ਆਉਣ ਤੋਂ ਚੰਦੋ ਏਨੀ ਭੈ ਭੀਤ ਹੋ ਰਹੀ ਸੀ। ਅਫੀਮ ਵਾਲੀ ਘਟਨਾ ਤੋਂ ਪੂਰੇ ਦੋ ਮਹੀਨੇ ਪਿੱਛੋਂ ਗੰਡਾ ਸਿੰਘ ਆਪਣਾ ਹਿਸਾਬ ਕਿਤਾਬ ਦੁਨੀਆਂ ਤੋਂ ਸਾਫ ਕਰ ਗਿਆ। ਚੰਦੋ ਦੇ ਭਾਅ ਦੀ ਦੁਨੀਆਂ ਸੁੰਞੀ ਹੋ ਗਈ। ਦਿਨ ਦੀਵੀਂ ਉਹਦੇ ਵਾਸਤੇ ਹਨ੍ਹੇਰ ਪੈ ਗਿਆ। ਉਹਨੂੰ ਹੁਣ ਪਤਾ ਲੱਗਾ ਕਿ ਇਸਤਰੀ ਵਾਸਤੇ ਪਤੀ ਕਿੰਨੀ ਲੋੜੀਂਦੀ ਵਸਤੂ ਹੈ। ਉਹ ਰੋ ਰੋ ਫਾਵੀ ਹੋਈ। ਉਹ ਪਤੀ ਦੇ ਸਰ੍ਹਾਣੇ ਖਲੋ ਕੇ ਪਿੱਟਣ ਲੱਗ ਪੈਂਦੀ, ਪਰ ਕੋਲ ਦੀਆਂ ਉਹਦੀ ਤਰਸਯੋਗ ਹਾਲਤ ਵੇਖ ਕੇ ਅਜਿਹਾ ਕਰਨੋਂ ਹਟਾ ਦੇਂਦੀਆਂ।

ਗੰਡਾ ਸਿੰਘ ਦਾ ਸਿਵਾ ਬਲ ਕੇ ਠੰਢਾ ਹੋ ਗਿਆ ਤੇ ਚੰਦੋ ਦੇ ਦੁੱਖਾਂ ਦਾ ਇਕ ਨਵਾਂ ਕਾਂਡ ਸ਼ੁਰੂ ਹੋ ਗਿਆ।

## ੨੦

ਮਨਜੀਤ ਧਾਰਮਕ ਖ਼ਿਆਲਾਂ ਵਾਲੀ ਲੜਕੀ ਸੀ। ਬਚਪਨ ਤੋਂ ਹੀ ਉਹ ਅਜਿਹੀਆਂ ਕਿਤਾਬਾਂ ਪੜ੍ਹ ਕੇ ਖ਼ੁਸ਼ ਰਹਿੰਦੀ ਸੀ, ਜਿਸ ਵਿੱਚ ਭਗਤਾਂ ਜਾਂ ਸਤੀਆਂ

ਦੀਆਂ ਸਾਖੀਆਂ ਹੋਣ। ਪਿੰਡ ਵਿੱਚ ਚੌਹ ਜਮਾਤਾਂ ਦਾ ਸਕੂਲ ਸੀ। ਸੋ, ਉਸ ਵਿਚਾਰੀ ਨੂੰ ਏਥੋਂ ਤੱਕ ਪੜ੍ਹ ਕੇ ਸੰਤੋਖ ਕਰਨਾ ਪਿਆ। ਮਾਸਟਰਾਣੀ ਨਾਲ ਉਹਦਾ ਬਹੁਤ ਮੋਹ ਸੀ। ਉਹ ਇਕ ਨੇਕ-ਚਲਣ ਹਿੰਦੂ ਦੇਵੀ ਸੀ। ਠੀਕ ਹੀ ਉਹਨੂੰ ਦੇਵੀ ਕਹਿਣਾ ਫਬਦਾ ਸੀ। ਜਿੱਦਣ ਦੀ ਉਹ ਇਸ ਪਿੰਡ ਵਿੱਚ ਆਈ ਸੀ, ਉਹਨੇ ਲੜਕੀਆਂ ਦੇ ਜੀਵਨ ਸੁਧਾਰ ਦਿੱਤੇ ਸਨ। ਉਹ ਵੀ ਮਨਜੀਤ ਦੇ ਮਿੱਠੇ ਸੁਭਾਅ ਤੇ ਧਾਰਮਕ ਰੁਚੀ 'ਤੇ ਬੜੀ ਪ੍ਰਸੰਨ ਸੀ। ਮਨਜੀਤ ਨੇ ਆਪਣੀ ਉਸਤਾਦਨੀ ਤੋਂ ਅੱਖਰੀ ਵਿੱਦਿਆ ਦੇ ਨਾਲ ਘਰੋਗੀ ਵਿੱਦਿਆ ਵੀ ਸਿੱਖੀ ਸੀ। ਉਹ ਰਸੋਈ ਅਜੇਹੀ ਬਣਾਉਂਦੀ, ਕਿ ਖਾਣ ਵਾਲਾ ਵਾਹ ਵਾਹ ਕਰ ਉਠਦਾ। ਸਿਉਣਾ ਪ੍ਰੋਣਾ ਉਸ ਨੇ ਬਹੁਤ ਵਧੀਆ ਸਿੱਖ ਲਿਆ ਸੀ। ਜੁਰਾਬਾਂ ਤੇ ਸਵੈਟਰ ਉਹ ਅਜਿਹੇ ਉਣਦੀ ਕਿ ਮਸ਼ੀਨ ਦੇ ਬਣੇ ਹੋਏ ਨੂੰ ਮਾਤ ਪਾ ਦੇਂਦੀ। ਰੁਮਾਲ ਉੱਤੇ ਫੁੱਲ ਬੂਟੇ ਕੱਢਦੀ ਤਾਂ ਮੂੰਹੋਂ ਬੁਲਾ ਦੇਂਦੀ। ਵੇਖਣ ਵਾਲੇ ਹੈਰਾਨ ਸਨ ਕਿ ਐਨੀ ਛੋਟੀ ਉਮਰੇ ਰੱਬ ਨੇ ਉਸ ਵਿਚ ਕਿੰਨੀ ਅਕਲ ਪਾ ਦਿੱਤੀ ਸੀ।

ਏਹਾ ਮਨਜੀਤ, ਸੂਰਤ ਸਿੰਘ ਦੀ ਮੰਗ ਸੀ। ਏਸ ਗੱਲ ਦਾ ਉਹਨੂੰ ਬੜਾ ਦੁੱਖ ਸੀ ਕਿ ਉਹਦੇ ਮਾਪਿਆਂ ਨੇ ਉਹਨੂੰ ਇਕ ਥਾਂ ਤੋਂ ਛੁਡਾ ਕੇ ਦੂਜੇ ਘਰ ਮੰਗ ਦਿੱਤਾ ਸੀ। ਉਹ ਕਈ ਵੇਰਾਂ ਸੋਚਦੀ, "ਪਹਿਲਾਂ ਮੇਰਾ ਇਕ ਪਤੀ ਬਣਿਆ, ਫਿਰ ਕੋਈ ਹੋਰ ਬਣਾ ਦਿੱਤਾ ਗਿਆ। ਕੀ ਇਹ ਪਾਪ ਨਹੀਂ ? ਕੀ ਇਕ ਪਤੀ ਛੱਡ ਕੇ ਦੂਜਾ ਕਰਨ ਵਾਲੀ ਇਸਤਰੀ ਦੁਰਾਚਰਨ ਨਹੀਂ ਹੁੰਦੀ? ਇਹ ਪਾਪ ਮੇਰੇ ਲੇਖਾਂ ਵਿੱਚ ਈ ਲਿਖਿਆ ਸੀ ?'

ਉਹ ਸਤੀ ਸੀਤਾ, ਸਾਵਿੱਤਰੀ, ਸੁਕੰਨਿਆ ਆਦਿ ਦੀਆਂ ਕਹਾਣੀਆਂ ਬੜੇ ਪ੍ਰੇਮ ਨਾਲ ਪੜ੍ਹਿਆ ਕਰਦੀ ਸੀ ਤੇ ਦਿਲ ਵਿੱਚ ਕਿਹਾ ਕਰਦੀ ਸੀ, 'ਵੱਡੀ ਹੋ ਕੇ ਮੈਂ ਵੀ ਇਹਨਾਂ ਦਿਆਂ ਪੂਰਨਿਆਂ 'ਤੇ ਚੱਲਾਂਗੀ'। ਵਿਚਾਰੀ ਨੂੰ ਕੀ ਪਤਾ ਸੀ ਕਿ ਵਿਧਾਤਾ ਨੇ ਉਹਨੂੰ ਕਿਸੇ ਹੋਰ ਚੱਕਰ ਵਿੱਚ ਪਾ ਦੇਣਾ ਸੀ। ਇਕ ਦਿਨ ਇਕ ਅਜਿਹੀ ਘਟਨਾ ਹੋ ਗਈ, ਜਿਸਨੇ ਉਹਦੇ ਸੂਹਲ ਦਿਲ 'ਤੇ ਬੜਾ ਡੂੰਘਾ ਅਸਰ ਕੀਤਾ। ਉਹ ਬੜੇ ਮਾਣ ਨਾਲ ਆਪਣੀਆਂ ਹਾਣ-ਸਹੇਲੀਆਂ ਵਿਚ ਕਹਿ ਬੈਠੀ, "ਭਾਰਤ ਦੀ ਹਰ ਇਕ ਲੜਕੀ ਨੂੰ ਸਤੀ ਸੀਤਾ ਤੇ ਸਾਵਿੱਤਰੀ ਬਣਨਾ ਚਾਹੀਦਾ ਹੈ।" ਲੜਕੀਆਂ ਇਕ ਦੂਜੀ ਵੱਲੇ ਵੇਖ ਕੇ ਖਿੜ-ਖਿੜਾ ਕੇ ਹੱਸ ਪਈਆਂ। ਉਹ ਉਹਨਾਂ ਦੇ ਹਾਸੇ ਦਾ ਪੂਰਾ ਮਤਲਬ ਸਮਝ ਨਾ ਸਕੀ ਤੇ ਹੈਰਾਨ ਹੋਈ ਉਹਨਾਂ ਵੱਲ ਵੇਖਣ ਲੱਗੀ। ਉਹਦੀਆਂ ਸਹੇਲੀਆਂ ਵਿਚੋਂ ਇੱਕ ਬੜੀ ਚਾਲਾਕ ਤੇ ਸ਼ਰਾਰਤੀ ਸੁਭਾਅ ਦੀ ਸੀ। ਉਹ ਮਨਜੀਤ ਦੇ ਮੋਢੇ 'ਤੇ ਹੱਥ ਧਰ ਕੇ ਬੋਲੀ, "ਮਨਜੀਤ ! ਸੀਤਾ ਤੇ ਸਵਿੱਤਰੀ ਦੀ ਮੰਗਣੀ ਕਿਸੇ ਹੋਰ ਨਾਲ ਹੋਈ ਸੀ ਤੇ ਵਿਆਹ ਕਿਸੇ ਹੋਰ ਨਾਲ?"

ਹੁਣ ਮਨਜੀਤ ਨੂੰ ਉਹਨਾਂ ਦੇ ਹਾਸੇ ਦਾ ਕਾਰਨ ਲੱਭਾ। ਉਹ ਘਾਇਲ ਪੰਛੀ ਵਾਂਗ ਤੜਫ਼ ਉੱਠੀ। ਇਸ ਬੋਲੀ ਨਾਲ ਉਹਦਾ ਸੀਨਾ ਵਿੰਨ੍ਹਿਆ ਗਿਆ। ਉਹ ਸੜਦੀ ਭੁੱਜਦੀ ਘਰ ਨੂੰ ਵਗ ਤੁਰੀ। ਚੋਖੀ ਦੂਰ ਜਾਂਦਿਆਂ ਤਕ ਉਹਦੇ ਕੰਨਾਂ ਵਿੱਚ ਸਹੇਲੀਆਂ ਦਾ ਹਾਸਾ ਗੂੰਜਦਾ ਰਿਹਾ। ਵਿਚੋਂ ਵਾਰੋਂ ਇਹ 'ਵਾਜਾਂ ਵੀ ਸੁਣੀਦੀਆਂ ਰਹੀਆਂ: "ਨੀ ਸਾਵਿੱਤਰੀ! ਮੁੜ ਕੇ ਕਦੋਂ ਆਵੇਂਗੀ ?" "ਕੁੜੇ ਸੀਤਾ ! ਰਾਮ ਦੇ ਗਲ ਵਰਮਾਲਾ ਪਾਉਣ ਚੱਲੀ ਏਂ ?"

ਮਨਜੀਤ ਨੂੰ ਉਸ ਵੇਲੇ ਧਰਤੀ ਵਿਹਲ ਨਹੀਂ ਸੀ ਦੇਂਦੀ। ਉਹਦਾ ਗੁਨਾਹ ਕੋਈ ਨਹੀਂ ਸੀ, ਪਰ ਸਜ਼ਾ ਮਿਲ ਰਹੀ ਸੀ। ਉਹਦੇ ਦਿਲ 'ਤੇ ਏਨੀ ਸੱਟ ਵੱਜੀ ਕਿ ਉਹਨੂੰ ਰੋਣ ਦੀ ਸੁੱਧ ਵੀ ਨਹੀਂ ਰਹੀ ਸੀ। ਘਰ ਜਾ ਕੇ ਉਹ ਬਿਨਾਂ ਕਿਸੇ ਨਾਲ ਬੋਲੇ ਚੱਲੇ ਅਗਲੇ ਅੰਦਰ ਜਾ ਵੜੀ। ਮਾਂ ਨੇ ਉਹਦਾ ਉਤਰਿਆ ਚਿਹਰਾ ਵੇਖ ਕੇ ਬੁਲਾਇਆ, "ਮਨਜੀਤ !"

ਮਨਜੀਤ ਨੇ ਅੱਗੋਂ ਕੋਈ ਉੱਤਰ ਨਾ ਦਿੱਤਾ। ਉਹ ਤਾਂ ਚਾਹੁੰਦੀ ਸੀ, ਕਿ ਸਾਰੀ ਦੁਨੀਆਂ ਵਿਚ ਸੁੰਞ ਵਰਤ ਜਾਏ ਤੇ ਉਹਨੂੰ ਕਿਸੇ ਦੇ ਸਾਮ੍ਹਣੇ ਨਾ ਹੋਣਾ ਪਵੇ। ਉਹਨੂੰ ਇਉਂ ਭਾਸ ਰਿਹਾ ਸੀ, ਜਿਵੇਂ ਸੰਸਾਰ ਦੇ ਸਭ ਜੀਵ ਜੰਤੂਆਂ ਨੇ ਉਹਦੀਆਂ ਸਹੇਲੀਆਂ ਦਾ ਰੂਪ ਧਾਰ ਲਿਆ ਸੀ ਤੇ ਸਭ ਉਹਨੂੰ ਮਿਹਣੇ ਦੇ ਰਹੇ ਸਨ। ਅਗਲੇ ਅੰਦਰ ਛੱਤ ਵਿਚ ਇੱਕ ਚਿੜੀਆਂ ਦਾ ਜੋੜਾ ਰਹਿੰਦਾ ਸੀ। ਉਹ ਆਪਣੇ ਆਲ੍ਹਣੇ ਵਿਚ ਬੈਠੇ ਬੋਲ ਰਹੇ ਸਨ। ਮਨਜੀਤ ਨੂੰ ਭਾਸਿਆ, ਜਿਵੇਂ ਉਹ ਉਹਨੂੰ ਪੁੱਛ ਰਹੇ ਹਨ : "ਸਾਵਿਤਰੀ! ਸੀਤਾ! ਸਤੀਆਂ ਦੇ ਕਿੰਨੇ ਪਤੀ ਹੁੰਦੇ ਨੇ ? ਇਸ ਖ਼ਿਆਲ ਨੇ ਉਹਨੂੰ ਆਪਣੀਆਂ ਨਜ਼ਰਾਂ ਵਿਚੋਂ ਹੀ ਗਿਰਾ ਦਿੱਤਾ। ਉਹਨੇ ਦੋਹਾਂ ਹੱਥਾਂ ਨਾਲ ਅੱਖਾਂ ਬੰਦ ਕਰ ਲਈਆਂ ਤੇ ਮੂੰਹ ਪਰਨੇ ਭੋਏਂ 'ਤੇ ਡਿੱਗ ਪਈ। ਉਹ ਆਪਣੇ-ਆਪ ਤੋਂ ਵੀ ਲੁਕ ਜਾਣਾ ਚਾਹੁੰਦੀ ਸੀ।

ਮਾਂ ਦੇ ਜੀਅ ਨੂੰ ਕੁਛ ਹੋਇਆ। ਉਹ ਧੀ ਦੇ ਮਗਰੇ ਅੰਦਰ ਨੂੰ ਗਈ। ਜੋ ਕੁਛ ਉਹਨੇ ਅੰਦਰ ਜਾ ਕੇ ਵੇਖਿਆ, ਉਸ ਨਾਲ ਉਹਦਾ ਦਿਲ ਕੰਬ ਉਠਿਆ। ਮਨਜੀਤ ਮੂੰਹ ਪਰਨੇ ਭੋਇੰ 'ਤੇ ਲੰਮੀ ਪਈ ਹੋਈ ਸੀ ਤੇ ਅੱਖਾਂ ਅੱਗੇ ਦੋਵੇਂ ਹੱਥ ਦਿੱਤੇ ਹੋਏ ਸਨ। ਸਰੀਰ ਇਉਂ ਅਹਿੱਲ ਸੀ, ਜਿਵੇਂ ਸਾਹ ਸਤ ਹੀ ਨਹੀਂ ਹੁੰਦਾ। ਮਾਂ ਨੇ ਘਬਰਾ ਕੇ 'ਵਾਜ ਮਾਰੀ, "ਮਨਜੀਤ !"

ਮਨਜੀਤ ਨੇ ਅੱਗੋਂ ਕੋਈ ਉਤਰ ਨਾ ਦਿੱਤਾ, ਜਿਵੇਂ ਸੁਣਿਆ ਹੀ ਨਹੀਂ। ਮਾਂ ਸਰ੍ਹਾਣੇ ਬਹਿ ਕੇ ਦੋਹਾਂ ਹੱਥਾਂ ਨਾਲ ਉਹਦਾ ਸਿਰ ਚੁੱਕਣ ਦਾ ਯਤਨ ਕਰਦੀ ਹੋਈ ਬੋਲੀ, "ਮੇਰੀ ਮਨਜੀਤ!"

"ਮਾਂ !" ਮਨਜੀਤ ਚੀਕ ਕੇ ਬੋਲੀ, "ਤੇਰੀ ਮਨਜੀਤ ਮਰ ਗਈ ਏ। ਉਹਦੀ



WWW.SIKHBOOKCLUB.COM 

ਆਤਮਾ ਨਰਕਾਂ ਵਿੱਚ ਸੜ ਰਹੀ ਏ। ਹੁਣ ਉਹ ਸਤੀ ਨਹੀਂ ਰਹੀ।"

ਇਹਨਾਂ ਗੱਲਾਂ ਦੀ ਮਾਂ ਨੂੰ ਕੋਈ ਸਮਝ ਨਾ ਪਈ। ਗ਼ਮ ਨਾਲ ਉਹਦਾ ਅੰਦਰਲਾ ਤੜਪ ਉਠਿਆ। ਉਹਨੇ ਮਨਜੀਤ ਦਾ ਸਿਰ ਚੁੱਕ ਕੇ ਆਪਣੀ ਗੋਦ ਵਿੱਚ ਲੈ ਲਿਆ। ਉਹਨੇ ਫੜ ਕੇ ਅੱਖਾਂ ਅੱਗੋਂ ਹੱਥ ਹਟਾਏ, ਤਾਂ ਮਨਜੀਤ ਨੇ ਅੱਖਾਂ ਮੀਟ ਲਈਆਂ ਤੇ ਹੱਥ ਛੁਡਾ ਕੇ ਫਿਰ ਮੂੰਹ ਅੱਗੇ ਦੇ ਲਏ। ਮਾਂ ਨੇ ਮਮਤਾ ਵਿੱਚ ਭਰੇ ਹੋਏ ਗਲੇ ਵਿਚੋਂ ਕਿਹਾ,"ਮੇਰੀ ਬਚੜੀ ! ਕੀ ਹੋ ਗਿਆ ਏ ਤੈਨੂੰ?"

"ਮਾਂ ! ਮੈਨੂੰ ਬਚੜੀ ਨਾ ਆਖ। ਮੈਂ......।" ਬੜੀ ਔਖੀ ਹੋ ਕੇ ਮਨਜੀਤ ਨੇ ਮੂੰਹੋਂ 'ਵਾਜ ਕੱਢੀ।

ਮਾਂ ਦਾ ਹਿਰਦਾ ਚਿੰਤਾ ਨਾਲ ਭਰ ਗਿਆ। ਉਹ ਸੋਚਣ ਲੱਗੀ : 'ਮਨਜੀਤ ਚੰਗੀ ਭਲੀ ਸਕੂਲ ਗਈ ਸੀ। ਇਹਨੂੰ ਹੋ ਕੀ ਗਿਆ ?' ਉਹਨੇ ਉਹਦਾ ਸਿਰ ਘੁੱਟ ਕੇ ਹਿੱਕ ਨਾਲ ਲਾ ਲਿਆ ਤੇ ਪਿਆਰ ਨਾਲ ਪੁੱਛਿਆ, "ਪੁੱਤਰ ! ਮੇਰੇ ਜੀਅ ਨੂੰ ਕੁਛ ਹੋ ਰਿਹਾ ਏ। ਦਿਲ ਦੀ ਦੱਸ ਖਾਂ। ਮਾਂ ਤੇਰਾ ਦੁਖ ਵੰਡੇਗੀ।"

ਕੰਬਦੀ-ਕੰਬਦੀ ਅੱਗੋਂ ਮਨਜੀਤ ਬੋਲੀ। ਉਹ ਏਨੀ ਉੱਚੀ ਬੋਲ ਰਹੀ ਸੀ, ਜਿਵੇਂ ਕਿਸੇ ਦੂਰ ਬੈਠੇ ਨਾਲ ਗੱਲਾਂ ਕਰੀਦੀਆਂ ਨੇ। "ਮੇਰਾ ਦੁੱਖ ਵੰਡੇਗੀ, ਮਾਂ ? ਮੇਰਾ ਧਰਮ ਨਾਸ ਨਾ ਕਰੋ। ਜਿੱਥੇ ਪਹਿਲਾਂ ਮੰਗਿਆ ਸੀ, ਮੈਨੂੰ ਓਥੇ ਈ ਵਿਆਹ ਦਿਓ। ਇਕ ਪਤੀ ਛੱਡ ਕੇ ਦੂਜੇ ਨਾਲ ਵਿਆਹ ਕਰਾ ਕੇ ਮੈਂ ਸਤੀ ਨਹੀਂ ਰਹਿ ਜਾਵਾਂਗੀ। ਮੈਨੂੰ ਸਹੇਲੀਆਂ ਮਿਹਣੇ ਮਾਰਦੀਆਂ ਨੇ।"

ਮਾਂ ਨੇ ਅੱਗੋਂ ਉੱਤਰ ਕੋਈ ਨਾ ਦਿੱਤਾ। ਉਹ ਕਿੰਨਾ ਚਿਰ ਧੀ ਨੂੰ ਗੋਦ ਵਿੱਚ ਲੈ ਕੇ ਰੋਂਦੀ ਰਹੀ। ਪਿੱਛੋਂ ਕਈ ਦਿਨ ਇਸ ਗੱਲ ਉੱਤੇ ਵਿਚਾਰਾਂ ਹੁੰਦੀਆਂ ਰਹੀਆਂ। ਮਨਜੀਤ ਦਾ ਪਿਉ ਨਾ ਮੰਨਿਆ। ਉਹਨੇ ਇੱਕ ਦਿਨ ਝਿੜਕ ਕੇ ਕਿਹਾ, "ਇਕ ਥਾਂਓਂ ਛੁਡਾ ਕੇ ਦੂਜੀ ਥਾਂ ਦਿੱਤੀ ਏ। ਹੁਣ ਮੈਂ ਓਥੋਂ ਵੀ ਬੇ-ਜਬਾਨਾ ਹੋਵਾਂ, ਤਾਂ ਕਿਹੜੀ ਦਾੜ੍ਹੀ ਲੈ ਕੇ ਪਰ੍ਹੇ ਵਿੱਚ ਬਹਾਂ।"

ਮਨਜੀਤ ਦੀ ਇਹ ਆਸ ਟੁੱਟ ਗਈ, ਪਰ ਉਹਨੇ ਹਿੰਮਤ ਨਾ ਹਾਰੀ। ਸਹੇਲੀਆਂ ਦੀਆਂ ਬੋਲੀਆਂ ਉਹਨੂੰ ਕਿਸੇ ਵੇਲੇ ਵੀ ਨਹੀਂ ਸਨ ਭੁੱਲਦੀਆਂ। ਉਹ ਉਹਨਾਂ ਨੂੰ ਸੀਤਾ ਬਣ ਕੇ ਵਿਖਾਉਣਾ ਚਾਹੁੰਦੀ ਸੀ।

ਹੁਣ ਜਵੰਦੀ ਵਾਸਤੇ ਰਾਹ ਖੁੱਲ੍ਹ ਗਿਆ। ਅੱਗੇ ਉਹ ਆਉਂਦੀ ਸੀ ਤਾਂ ਮਨਜੀਤ ਦਿਲ ਲਾ ਕੇ ਉਹਦੀਆਂ ਗੱਲਾਂ ਨਹੀਂ ਸੀ ਸੁਣਦੀ, ਪਰ ਹੁਣ ਉਹ ਮਨ ਹੀ ਮਨ ਵਿੱਚ ਉਹਦੀਆਂ ਕਹੀਆਂ ਦੁਹਰਾਉਂਦੀ ਰਹਿੰਦੀ ਸੀ : 'ਉਹ ਬੜੇ ਸੁਹਣੇ ਨੇ। ਉਹਨਾਂ ਦਾ ਸੁਭਾਅ ਬੜਾ ਚੰਗਾ ਏ, ਜਬਾਨ ਬੜੀ ਮਿੱਠੀ ਏ, ਹਰ ਵੇਲੇ ਹੱਸਦੇ ਰਹਿੰਦੇ ਨੇ, ਤੈਨੂੰ ਬੜਾ ਪਿਆਰ ਕਰਦੇ ਨੇ, ਰਾਤ ਦਿਨੇ ਯਾਦ ਕਰਦੇ ਰਹਿੰਦੇ ਨੇ।'

ਐਦਕੀਂ ਜਵੰਦੀ ਪੇਕੇ ਆਈ, ਤਾਂ ਮਨਜੀਤ ਪੱਜ ਬਹਾਨੇ ਉਹਨੂੰ ਜਾ ਮਿਲੀ। ਹੁਣ ਉਹ ਜਵਾਨ ਹੋ ਚੁੱਕੀ ਸੀ ਤੇ ਦੁਨੀਆਂ ਨੂੰ ਸਮਝਦੀ ਸੀ। ਮਾਪੇ ਉਹਦੇ ਵਿਆਹ ਦੀ ਤਿਆਰੀ ਕਰ ਰਹੇ ਸਨ। ਤਿੰਨਾਂ ਮਹੀਨਿਆਂ ਨੂੰ ਉਹਨੇ ਕਿਸੇ ਹੋਰ ਦੀ ਹੋ ਜਾਣਾ ਸੀ। ਇਹ ਖ਼ਿਆਲ ਆਉਂਦਿਆਂ ਹੀ ਉਹਦਾ ਅੰਦਰ ਵੱਢੀਦਾ ਸੀ। ਦਿਨ ਛਿਪੇ ਉਹ ਜਵੰਦੀ ਨੂੰ ਮਿਲੀ ਤੇ ਭੁੱਬੀਂ ਭੁੱਬੀਂ ਰੋਣ ਲੱਗ ਪਈ। ਜਵੰਦੀ ਨੇ ਉਹਨੂੰ ਪਿਆਰ ਨਾਲ ਗਲ ਲਾ ਲਿਆ। ਮਨਜੀਤ ਹਟਕੋਰੇ ਭਰਦੀ ਬੋਲੀ, "ਭੂਆ ਜੀ ! ਹੁਣ ਕੀ ਬਣੇਗਾ? ਕੋਈ ਚਾਰਾ ਕਰ। ਮੈਨੂੰ ਬਚਾ ਲੈ, ਨਹੀਂ ਤਾਂ ਮੈਂ ਮਰ ਜਾਵਾਂਗੀ।"

"ਰੋ ਨਾ ਪੁੱਤਰ ! ਮੈਂ ਤੇਰੀ ਮਾਂ ਨੂੰ ਮਿਲ ਕੇ ਫੇਰ ਆਖਾਂਗੀ।" ਜਵੰਦੀ ਨੇ ਉਹਨੂੰ ਦਿਲਾਸਾ ਦੇਂਦਿਆ ਕਿਹਾ।

"ਨਾ ਭੂਆ ਜੀ ! ਇਹ ਗ਼ਲਤੀ ਨਾ ਕਰਿਓ। ਏਸ ਤਰ੍ਹਾਂ ਉਹ ਅਸਲੋਂ ਮੇਰੇ ਵੈਰ ਪੈ ਜਾਣਗੇ। ਮੈਂ ਅੱਗੇ ਆਖ ਵੇਖਿਆ ਏ। ਏਨੀ ਗੱਲ ਸੁਣ ਕੇ ਮੇਰੇ ਪਿਤਾ ਜੀ ਲੜਨ ਲੱਗ ਪੈਂਦੇ ਨੇ। ਕੋਈ ਹੋਰ ਢੰਗ ਸੋਚੋ, ਜਿਵੇਂ ਮੇਰਾ ਧਰਮ ਰਹਿ ਜਾਏ। ਮੈਂ ਇਕ ਦੀ ਅਖਵਾ ਕੇ ਕਿਸੇ ਹੋਰ ਦੀ ਨਹੀਂ ਬਣਨਾ। ਮੈਂ ਆਪਣਾ ਸਭ ਕੁਛ ਉਹਨਾਂ ਦੀ ਭੇਟਾ ਕਰ ਚੁੱਕੀ ਆਂ। ਉਹ ਭਾਵੇਂ ਜਾਨਣ ਭਾਵੇਂ ਨਾ।" ਮਨਜੀਤ ਇਕੋ ਸਾਹੇ ਆਖ ਗਈ।

"ਉਹ ਨਾ ਜਾਣੇ ? ਉਹ ਤੇਰੇ ਵਛੋੜੇ ਵਿਚ ਮਰਨ ਕਿਨਾਰੇ ਪਹੁੰਚਿਆ ਹੋਇਆ ਏ। ਤੇਰੇ ਪਿੱਛੇ ਉਹ ਜਾਨ ਦੇਣ ਨੂੰ ਤਿਆਰ ਏ। ਆਹੰਦਾ ਸੀ : 'ਮੇਰਾ ਭਾਵੇਂ ਸਿਰ ਲੱਗ ਜਾਵੇ, ਪਰ ਮੈਂ ਉਹਦਾ ਪਿੱਛਾ ਨਹੀਂ ਛੱਡਣਾ।' ਜਿੱਦਣ ਮੈਂ ਆਈ ਆਂ, ਮੈਨੂੰ ਮਿਲਿਆ, ਤੇ ਬੜੀਆਂ ਪੱਕੀਆਂ ਕਰੇ। ਅਖੇ : 'ਮਾਈ ! ਉਹਦੇ ਅੱਗੇ ਵਾਸਤਾ ਪਾਵੀਂ, ਆਖੀਂ, ਧਰਮੋਂ ਨਾ ਡੋਲੇ। ਮੇਰੀ ਜੁਆਨੀ 'ਤੇ ਤਰਸ ਕਰੇ। ਜੇ ਉਹ ਦੂਜੇ ਥਾਂ ਵਿਆਹੀ ਗਈ, ਤਾਂ ਮੈਂ ਕੁਛ ਖਾ ਕੇ ਮਰ ਜਾਵਾਂਗਾ। ਉਹ ਮੇਰੀ ਏ, ਤੇ ਮੇਰੀ ਹੀ ਬਣੀ ਰਹੇ। ਮੈਂ ਸਾਰੀ ਉਮਰ ਉਹਦੀਆਂ ਮੰਨਦਾ ਰਹਾਂਗਾ। ਉਹ ਮੈਨੂੰ ਇਕ ਵੇਰਾਂ ਮਿਲੇ, ਮੈਂ ਸਿਰ-ਧੜ ਦੀ ਬਾਜੀ ਲਾ ਕੇ ਉਹਨੂੰ ਲੈ ਆਵਾਂਗਾ।' ਸੱਚੀਂ, ਐਡੇ-ਐਡੇ ਹਉਕੇ ਭਰਦਾ ਸੀ। ਜਿੱਦਣ ਦੀ ਉਹਨੇ ਤੇਰੇ ਵਿਆਹ ਦੀ ਖਵਰ ਸੁਣੀਂ ਏਂ, ਉਹਦੀ ਨੀਂਦ ਹਰਾਮ ਹੋ ਗਈ ਏ। ਅੱਲਾ ਖ਼ੈਰ ਰੱਖੇ, ਉਹਦੇ ਵੱਲ ਤਾਂ ਵੇਖਿਆ ਨਹੀਂ ਜਾਂਦਾ। ਰੰਗ ਪੀਲਾ ਭੂਕ ਹੋਇਆ ਪਿਆ ਏ।" ਜਵੰਦੀ ਨੇ ਸਗੋਂ ਮਸਾਲਾ ਲਾ ਕੇ ਕਿਹਾ।

ਮਨਜੀਤ ਤੋਂ ਸੁਣ ਕੇ ਸਹਾਰਿਆ ਨਾ ਗਿਆ। ਉਹ ਹੰਝੂ ਕੇਰਦੀ ਜਵੰਦੀ ਦੀ ਬਾਂਹ ਹਿਲਾ ਕੇ ਬੋਲੀ, "ਭੂਆ ਜੀ! ਜਿਵੇਂ ਆਖੋਗੇ, ਮੈਂ ਕਰਾਂਗੀ। ਮੈਨੂੰ ਇਕ ਵੇਰਾਂ ਉਹਨਾਂ ਨੂੰ ਮਿਲਾ ਦਿਓ।"

ਜਵੰਦੀ ਨੇ ਚੁਫੇਰੇ ਵੇਖ ਕੇ ਹੌਲੀ ਜਿਹੀ ਕਿਹਾ, "ਕੁੜੀਆਂ ਵਾਂਗ ਕੱਚ ਨਾ ਕਰੀਂ। ਭਲਾ ਕਿਸੇ ਅੱਗੇ ਭੇਤ ਭੰਨ ਦੇਵੇਂ, ਤੇ ਮੇਰੀ ਵੀ ਗੁੱਤ ਪੁਟਾਵੇਂ। ਮੈਂ ਏਸ ਪਿੰਡ ਵੜਨੋ ਈ ਜਾਂਦੀ ਹੋਵਾਂ।"

"ਕਦੇ ਨਹੀਂ।" ਮਨਜੀਤ ਨੇ ਦ੍ਰਿੜ੍ਹ ਇਰਾਦੇ ਨਾਲ ਕਿਹਾ। "ਮੇਰੇ 'ਤੇ ਵਿਸ਼ਵਾਸ ਕਰੋ। ਮੈਂ ਉਹਨਾਂ ਬਦਲੇ ਸਭ ਕੁਛ ਕਰਨ ਨੂੰ ਤਿਆਰ ਆਂ।"

"ਫਿਰ ਮਿਲਾ ਤਾਂ ਮੈਂ ਦਿਆਂਗੀ।" ਜਵੰਦੀ ਨੇ ਹਾਮੀ ਭਰੀ।

"ਮੈਂ ਉਮਰ ਭਰ ਅਹਿਸਾਨ ਨਾ ਭੁਲਾਵਾਂਗੀ।" ਮਨਜੀਤ ਦੀਆਂ ਅੱਖਾਂ ਅਹਿਸਾਨ ਦੇ ਭਾਰ ਥੱਲੇ ਝੁਕੀਆਂ ਹੋਈਆਂ ਸਨ।

"ਸੁਣ ਫਿਰ।"

ਜਵੰਦੀ ਕਿੰਨਾ ਚਿਰ ਮਨਜੀਤ ਦੇ ਕੰਨ ਵਿਚ ਕੁਛ ਕਹਿੰਦੀ ਰਹੀ ਤੇ ਉਹ ਅੱਗੋਂ 'ਹਾਂ' ਵਿਚ ਸਿਰ ਹਿਲਾਉਂਦੀ ਰਹੀ। ਜਵੰਦੀ ਫਿਰ ਉੱਚੀ ਬੋਲੀ, "ਬੱਸ, ਏਸੇ ਗੱਲ 'ਤੇ ਪੱਕੀ ਰਹੀਂ। ਤੇ ਕਿਸੇ ਅੱਗੇ ਧੂੰ ਨਾ ਕੱਢੀਂ।"

"ਨਹੀਂ। ਕਿੰਨੇ ਦਿਨ ਰਹਿੰਦੇ ਨੇ?"

ਜਵੰਦੀ ਉਂਗਲੀਆਂ ਉਤੇ ਹਿਸਾਬ ਕਰਕੇ ਬੋਲੀ, "ਪੰਜੀ। ਹੁਣ ਜਾਹ ਤੂੰ।"

ਜਵੰਦੀ ਤੁਰਨ ਹੀ ਲੱਗੀ ਸੀ ਜਾਂ ਮਨਜੀਤ ਨੇ ਫਿਰ ਕਿਹਾ,"ਭੂਆ ਜੀ !"

"ਹਾਂ।" ਜਵੰਦੀ ਨੇ ਮੁਸਕਰਾ ਕੇ ਉੱਤਰ ਦਿੱਤਾ।

ਮਨਜੀਤ ਬੁੱਕਲ ਵਿਚੋਂ ਕੱਢਿਆ ਹੋਇਆ ਰੁਮਾਲ ਕੱਢ ਕੇ ਅਗ੍ਹਾਂ ਵਧਾਉਂਦੀ ਹੋਈ ਬੋਲੀ, "ਲੈ, ਆਹ ਉਹਨਾਂ ਨੂੰ ਦੇ ਦੇਵੀਂ, ਮੇਰੀ ਪਹਿਲੀ ਭੇਟ।"

ਜਵੰਦੀ ਨੇ ਰੁਮਾਲ ਫੜ ਲਿਆ ਤੇ ਦੋਵੇਂ ਆਪੋ-ਆਪਣੇ ਰਾਹ ਪੈ ਗਈਆਂ।

## ੨੧

ਇਹ ਗਿਣਤੀ ਦੇ ਦਿਨ ਉਹਨਾਂ ਦੋਹਾਂ ਨੇ ਕਿਵੇਂ ਕੱਟੇ ? ਉਹ ਹੀ ਜਾਨਣ।

ਮਨਜੀਤ ਦੇ ਦਿਲ ਵਿੱਚ ਕਈ ਆਉਂਦੀਆਂ : ਇਕ ਪਾਸੇ ਮਾਪਿਆਂ ਨੂੰ ਸਦਾ ਵਾਸਤੇ ਛੱਡਣ ਦਾ ਗ਼ਮ ਤੇ ਦੂਜੇ ਪਾਸੇ ਪਿਆਰ ਦੇ ਦੇਵਤਾ ਦੀ ਪ੍ਰਾਪਤੀ। ਜਦ ਉਹ ਆਪਣੀ ਮਾਂ ਦੇ ਚਿਹਰੇ ਵੱਲੇ ਵੇਖਦੀ, ਉਹਦਾ ਮੋਹ ਤੇ ਲਾਡ ਉਹਦੇ ਦਿਲ ਵਿੱਚ ਕਾਤੀਆਂ ਚਲਾਉਣ ਲੱਗ ਪੈਂਦੇ। ਸੁਰਗ ਵਰਗੀ ਨਿੱਘੀ ਗੋਦ ਉਸ ਤੋਂ ਸਦਾ ਵਾਸਤੇ ਖੁੱਸਦੀ ਜਾਪਦੀ। ਵੀਰ ਦਾ ਵਿਛੋੜਾ ਉਹਦਾ ਦਿਲ ਢਾਹ ਦੇਂਦਾ। ਉਹਨੂੰ ਆਪਣੇ ਅੰਦਰ ਬਾਹਰ ਸੁੰਞ ਹੀ ਸੁੰਞ ਭਾਸਣ ਲੱਗ ਪੈਂਦੀ ਤੇ ਉਸ ਮਾਰੂ ਸੁੰਞ ਵਿਚ ਉਹਦੀ ਕੱਲ੍ਹੀ ਆਤਮਾ ਕੁਰਲਾ ਉਠਦੀ। ਜਿਸ ਘਰ ਦੇ ਵਿਹੜੇ ਵਿੱਚ ਉਹਨੇ ਬਚਪਨ



WWW.SIKHBOOKCLUB.COM Page 95

ਮਾਣਿਆਂ ਸੀ, ਪੰਘੂੜੇ ਝੂਟੇ ਸਨ, ਗਡੀਹਰੇ ਰਿਹੜੇ ਸਨ, ਗੁੱਡੀਆਂ ਪਟੋਲ੍ਹਿਆਂ ਨਾਲ ਖੇਡੀ ਸੀ, ਥਾਲ ਪਾਏ ਸਨ ਤੇ ਭੰਡਾਰ ਕੱਤੇ ਸਨ, ਉਹ ਬਾਬਲ ਦਾ ਰਾਜ-ਮਹਿਲ ਉਹਦੇ ਵਾਸਤੇ ਸਦਾ ਲਈ ਓਪਰਾ ਹੋ ਜਾਣਾ ਸੀ। ਨਾ ਬਾਬਲ, ਨਾ ਅੰਮੀ-ਜਾਏ ਵੀਰ ਨੂੰ ਮੁੜ ਕੇ ਉਮਰ ਭਰ ਮਿਲਣਾ ਸੀ। ਨਾ ਉਹਦੇ ਕਿਸੇ ਨੇ ਸਗਨ ਮਨਾਉਣੇ ਸਨ, ਨਾ ਕਲਿਝੜੇ ਬੰਨ੍ਹਣੇ ਸਨ, ਨਾ ਸੁਹਾਗ ਗਾਉਣੇ ਸਨ ਤੇ ਨਾ ਵੀਰੇ ਤੇ ਮਾਮਿਆਂ ਨੇ ਮੋਢਿਆਂ 'ਤੇ ਚੁੱਕ ਕੇ ਉਹਦੀ ਡੋਲੀ ਤੋਰਨੀ ਸੀ। ਮੁਕਦੀ ਗੱਲ, ਉਹਨੇ ਸਾਰੀ ਜਾਣੂ ਦੁਨੀਆਂ ਦੀ ਚੋਰ ਬਣਾ ਜਾਣਾ ਸੀ।

ਏਨਾ ਕੁਛ ਹੁੰਦਿਆਂ ਹੋਇਆਂ ਵੀ ਉਹਦੇ ਦਿਲ ਵਿੱਚ ਕੋਈ ਅਨੋਖਾ ਤੇ ਪ੍ਰਬਲ ਚਾਅ ਸੀ। ਇਸ ਸਾਰੇ ਤਿਆਗ ਬਦਲੇ ਉਹਨੂੰ ਸੁਹਾਗ ਮਿਲਣਾ ਸੀ। ਉਹ ਦਿਲ ਹੀ ਦਿਲ ਵਿੱਚ ਜਵੰਦੀ ਦੇ ਦੱਸੇ ਅਨੁਸਾਰ ਪਤੀ ਦੀ ਤਸਵੀਰ ਖਿੱਚਣ ਲੱਗ ਪੈਂਦੀ: ਗੋਰਾ ਨਿਛੋਹ ਰੰਗ, ਕਸ਼ਮੀਰੀ ਸੇਅ ਵਾਂਗ ਡਲ੍ਹਕਦੀ ਲਾਲੀ, ਮੋਟੇ-ਮੋਟੇ ਨੈਣ, ਹਸੂੰ ਹਸੂੰ ਕਰਦਾ ਚਿਹਰਾ, ਡੁੱਲ੍ਹ ਡੁੱਲ੍ਹ ਪੈਂਦਾ ਜੋਬਨ, ਸਰੂ ਵਰਗਾ ਕੱਦ ਤੇ ਸਭ ਨਾਲੋਂ ਵਧੇਰੇ ਖਿੱਚ ਪਾਉਣ ਵਾਲਾ ਪਿਆਰ ਭਰ-ਭਰ ਉਛਲਦਾ ਦਿਲ। ਉਹਨੂੰ ਇਉਂ ਭਾਸਣ ਲੱਗ ਪੈਂਦਾ, ਜਿਵੇਂ ਪ੍ਰੇਮ ਵਿੱਚ ਬਿਹਬਲ ਜੁਆਨੀ ਉਹਨੂੰ ਆਪਣੇ ਵਿਚ ਸਮਾ ਲੈਣ ਵਾਸਤੇ ਬਾਂਹੀਂ ਫੈਲਾਈ ਖਲੀ ਹੈ। ਏਥੇ ਪਹੁੰਚ ਕੇ ਉਹਨੂੰ ਸਾਰੀ ਦੁਨੀਆਂ ਭੁੱਲ ਜਾਂਦੀ। ਉਹ ਆਪ ਹੀ ਮੂਰਤੀ ਰਚ ਕੇ ਉਹਦੇ ਚਰਨਾਂ 'ਤੇ ਝੁਕ ਜਾਂਦੀ, ਜਿਵੇਂ ਸ਼ਰਧਾਲੂ ਬੁੱਤ-ਘਾੜਾ ਆਪਣਾ ਉਪਾਸ਼ਨਾ ਦੇਵ ਆਪ ਹੀ ਘੜ ਕੇ ਉਹਦੀ ਪੂਜਾ ਕਰਨ ਲੱਗ ਜਾਂਦਾ ਹੈ। ਉਹਨੇ ਪਤੀ ਡਿੱਠਾ ਨਹੀਂ ਸੀ, ਪਰ ਉਹਦੇ ਸੁਫਨਿਆਂ ਵਿੱਚ ਉਹ ਹਰ ਵੇਲੇ ਸਮਾਇਆ ਰਹਿੰਦਾ ਸੀ। ਭਗਵਾਨ ਵੀ ਤਾਂ ਭਗਤ ਨੇ ਕਦੇ ਨਹੀਂ ਡਿੱਠਾ, ਜਿਸਦੀ ਭਗਤੀ ਵਿੱਚ ਉਹ ਉਮਰਾਂ ਬਿਤਾ ਦੇਂਦਾ ਹੈ। ਏਸੇ ਤਰ੍ਹਾਂ ਮਨਜੀਤ ਦੇ ਇਹ ਦਿਨ ਬੀਤ ਰਹੇ ਸਨ। ਇਹ ਸਮਾਂ ਸੁਖਦਾਈ ਵੀ ਸੀ, ਤੇ ਦੁਖਦਾਈ ਵੀ। ਇਸਦਾ ਕੋਈ ਹਿੱਸਾ ਤਾਂ ਮਿੱਠੇ ਸੁਫਨੇ ਵਾਂਗ ਅੱਖ ਵਾਂਗ ਪਲਕਾਰੇ ਵਿੱਚ ਬੀਤ ਜਾਂਦਾ ਸੀ ਤੇ ਕੋਈ ਹਿੱਸਾ ਉਹਦੀ ਖੁੱਲ੍ਹੀ ਹੋਈ ਜ਼ੁਲਫ਼ ਨਾਲੋਂ ਵੀ ਲੰਮਾ ਹੋ ਜਾਂਦਾ ਸੀ। ਉਹ ਮਾਪਿਆਂ ਨਾਲੋਂ ਟੁੱਟਦੇ ਨਾਤੇ ਬਾਰੇ ਸੋਚਦੀ, ਤਾਂ ਘੜੀਆਂ, ਮਹੀਨਿਆਂ ਜਿੱਡੀਆਂ ਲੰਮੀਆਂ ਹੋ ਜਾਂਦੀਆਂ ਤੇ ਜਦ ਉਹਦੀ ਬਾਂਹ ਪਿਆਰ ਦੇ ਦੇਵਤਾ ਦੇ ਹੱਥ ਹੁੰਦੀ, ਤਾਂ ਪਤਾ ਹੀ ਨਾ ਲੱਗਦਾ ਕਿ ਕਿਹੜੇ ਵੇਲੇ ਰਾਤ ਲੰਘ ਜਾਂਦੀ। ਕਹਿੰਦੇ ਹਨ, ਜਾਗਦਿਆਂ ਰਾਤ ਨਹੀਂ ਨਿੱਭਦੀ, ਪਰ ਇਹ ਗੱਲ ਗ਼ਲਤ ਹੈ। ਮਨਜੀਤ ਦੀਆਂ ਕਈ ਰਾਤਾਂ ਜਾਗਦਿਆਂ ਗੁਜ਼ਰਦੀਆਂ ਤੇ ਉਹ ਬਹੁਤ ਛੋਟੀਆਂ ਹੁੰਦੀਆਂ। ਉਹ ਆਪਣੇ ਆਪ ਨੂੰ ਨਵੇਂ ਘਰ ਵਿੱਚ ਅਨੁਭਵ ਕਰਨ ਲੱਗ ਪੈਂਦੀ, ਜਿਥੇ ਸਾਰਾ ਜ਼ਮਾਨਾ ਉਹਦੇ ਸਵਾਗਤ ਵਿੱਚ ਸਜਿਆ ਹੋਇਆ ਦਿਸਦਾ। ਨਵਾਂ ਘਰ, ਨਵੀਂ



WWW.SIKHBOOKCLUB.COM 

ਸਜਾਵਟ, ਨਵੇਂ ਬੰਦੇ, ਨਵਾਂ ਪਿਆਰ ਤੇ ਨਵੇਂ ਚਾਅ ਉਹਦੀ ਆਤਮਾ ਨੂੰ ਨਵੇਂ ਰੰਗ ਵਿਚ ਰੰਗ ਦੇਂਦੇ। ਕਦੇ ਨਣਾਨ ਆ ਕੇ ਨਵਾਂ ਸੂਟ ਪਹਿਨਾਉਂਦੀ, ਕਦੇ ਸੱਸ ਲਾਡ ਨਾਲ ਸਿਰ ਚੁੰਮਦੀ ਤੇ ਕਦੇ ਇਕੱਲੀ ਬੈਠੀ ਨੂੰ ਵੇਖ ਕੇ ਉਹ ਪਿਆਰ-ਕੁੱਠਾ ਗਭਰੂ ਜ਼ਰਾ-ਕੁ ਚੁੰਨੀ ਦੀ ਕੰਨੀ ਖਿੱਚ ਕੇ ਝਾਤ ਪਾ ਕੇ ਮੁਸਕਰਾਉਂਦਾ ਹੋਇਆ ਕੋਲ ਦੀ ਲੰਘ ਜਾਂਦਾ। ਐਨ ਉਸ ਵੇਲੇ ਉਹਦੀਆਂ ਸਹੇਲੀਆਂ ਸਾਮ੍ਹਣੇ ਆ ਜਾਂਦੀਆਂ ਤਾਂ ਉਹ ਮਾਣ ਨਾਲ ਸਿਰ ਉੱਚਾ ਕਰਕੇ ਕਹਿੰਦੀ, 'ਸਾਡੇ ਦੇਸ ਦੀਆਂ ਬੱਚੀਆਂ ਨੂੰ ਸੀਤਾ ਤੇ ਸਾਵਿੱਤਰੀ ਵਾਂਗ ਸਤੀਆਂ ਬਣਨਾ ਚਾਹੀਦਾ ਹੈ।'

ਸੂਰਤ ਉਸ ਨਾਲੋਂ ਵੀ ਅਗ੍ਹਾਂ ਲੰਘਿਆ ਹੋਇਆ ਸੀ। ਜਦ ਤੋਂ ਜਵੰਦੀ ਨੇ ਉਹਨੂੰ 'ਮਨਜੀਤ' ਦਾ ਰੁਮਾਲ ਲਿਆ ਕੇ ਦਿੱਤਾ, ਉਹ ਪਿਆਰ ਵਿੱਚ ਬਿਨਾਂ ਪੀਤਿਆਂ ਹੀ ਮਸਤਾਨਾ ਹੋਇਆ ਫਿਰਦਾ ਸੀ। ਉਸ ਦਿਨ ਉਹ ਚੋਖਾ ਚਿਰ ਜਵੰਦੀ ਕੋਲ ਬੈਠਾ ਮਨਜੀਤ ਦੀਆਂ ਗੱਲਾਂ ਕਰਦਾ ਰਿਹਾ, ਪਰ ਉਹਦਾ ਦਿਲ ਰੱਜਿਆ ਨਾ। ਉਹ ਚਾਹੁੰਦਾ ਸੀ ਕਿ ਮਨਜੀਤ ਦੇ ਮਿਲਣ ਤੱਕ ਕੋਈ ਉਸ ਨਾਲ ਉਹਦੀਆਂ ਪ੍ਰੇਮ ਭਰੀਆਂ ਗੱਲਾਂ ਕਰਦਾ ਰਹੇ। ਜਵੰਦੀ ਨੇ ਉਹਨੂੰ ਪੱਕੀ ਤਸੱਲੀ ਦੇ ਕੇ ਘੱਲਿਆ, ਪਰ ਉਹ ਪਹਿਰ-ਕੁ ਪਿੱਛੋਂ ਫੇਰ ਆ ਕੇ ਉਸ ਤੋਂ ਓਹਾ ਗੱਲਾਂ ਪੁੱਛਣ ਲੱਗ ਪਿਆ। ਉਹਦੀ ਇਹ ਲਗਨ ਏਥੋਂ ਤਕ ਵਧ ਗਈ ਕਿ ਜਵੰਦੀ ਨੇ ਉਹਨੂੰ ਕਈ ਵਾਰ ਸਮਝਾ ਕੇ ਘੱਲਿਆ, ਪਰ ਉਹ ਫਿਰ ਉਸ ਕੋਲ ਜਾ ਕੇ ਸਨੇਹੇ ਪੁੱਛਣ ਲੱਗ ਪੈਂਦਾ। ਉਹਦੀਆਂ ਸਭ ਗੱਲਾਂ ਬੇਸਿਰ-ਪੈਰ ਹੁੰਦੀਆਂ। ਅੰਤ ਤੰਗ ਆ ਕੇ ਜਵੰਦੀ ਨੇ ਖਿੱਝ ਕੇ ਕਿਹਾ, "ਸੂਰਤ ! ਤੂੰ ਤਾਂ ਛੁਦਾਈ ਹੋ ਗਿਆ ਏਂ। ਘੜੀ ਮੁੜੀ ਪੁੱਛਿਆਂ ਮੈਂ ਤਾਂ ਮਨਜੀਤ ਨਹੀਂ ਬਣ ਚੱਲੀ। ਦੋ ਦਿਨ ਸਬਰ ਕਰ, ਆਖ਼ਰ ਉਹ ਮਿਲ ਈ ਜਾਏਗੀ। ਮੈਨੂੰ ਤਾਂ ਡਰ ਏ ਕਿ ਉਹਦੇ ਮਿਲਣ ਤੱਕ ਤੂੰ ਆਪ ਪਾਗਲ ਹੋ ਜਾਣਾ ਏਂ।" ਇਹ ਝਾੜ ਸੁਣ ਕੇ ਪ੍ਰੇਮ-ਕੁੱਠਾ ਸੂਰਤ ਘਰ ਮੁੜ ਆਇਆ। ਸਾਰੀ ਰਾਤ ਉਹਨੇ ਜਾਗਦਿਆਂ ਕੱਟੀ। ਸੂਰਜ ਅਜੇ ਚੜ੍ਹਿਆ ਵੀ ਨਹੀਂ ਸੀ, ਜਾਂ ਉਹ ਜਵੰਦੀ ਦੇ ਬੂਹੇ ਅੱਗੇ ਜਾ ਪੁੱਜਾ। ਉਹ ਦਰਵਾਜ਼ਾ ਖੋਲ੍ਹਣ ਹੀ ਲੱਗਾ ਸੀ ਜਾਂ ਉਹਨੂੰ ਜਵੰਦੀ ਦੀਆਂ ਪਿਛਲੇ ਦਿਨ ਦੀਆਂ ਝਿੜਕਾਂ ਯਾਦ ਆ ਗਈਆਂ। ਉਹ ਓਥੋਂ ਹੀ ਮੁੜ ਗਿਆ। ਇਕ ਦੋ ਵਾਰ ਉਹ ਘਰੋਂ ਤੁਰ ਕੇ ਰਾਹੋਂ ਹੀ ਪਿਛਾਂਹ ਪਰਤ ਗਿਆ। ਉਹ ਹਰ ਵੇਲੇ ਮਨਜੀਤ ਦੀਆਂ ਗੱਲਾਂ ਕਿਸੇ ਨਾਲ ਕਰਨਾ ਚਾਹੁੰਦਾ ਸੀ, ਪਰ ਕਰੇ ਕੀਹਦੇ ਨਾਲ? ਅੰਤ ਉਹਨੇ ਮਨ ਹੀ ਮਨ ਵਿਚ ਇਹ ਸਿਲਸਿਲਾ ਸ਼ੁਰੂ ਕਰ ਦਿੱਤਾ। ਕਦੇ ਉਹ 'ਸੂਰਤ' ਬਣ ਕੇ ਮਨਜੀਤ ਦੀਆਂ ਗੱਲਾਂ ਪੁੱਛਣ ਲੱਗ ਪੈਂਦਾ ਤੇ ਕਦੇ ਆਪ ਹੀ ਜਵੰਦੀ ਬਣ ਕੇ ਉੱਤਰ ਦੇਣ ਲੱਗ ਪੈਂਦਾ। ਇਹ ਪ੍ਰਸ਼ਨ-ਉੱਤਰ ਵਿਚੋਂ ਉਹਨੂੰ ਅਨੋਖਾ ਅਨੰਦ ਪ੍ਰਾਪਤ ਹੋਇਆ। ਉਹ ਜ਼ਰਾ ਹੋਰ ਇਸ ਤੋਂ ਅੱਗੇ ਵਧਿਆ ਤਾਂ ਮਨਜੀਤ ਆਪ ਰੂਪ



WWW.SIKHBOOKCLUB.COM 

ਧਾਰ ਕੇ ਉਹਦੇ ਮਨ ਵਿੱਚ ਆ ਖਲੋਤੀ। ਹੁਣ ਉਹਦੀਆਂ ਕਿਸੇ ਨਾਲ ਨਹੀਂ, ਸਗੋਂ ਸਿੱਧੀਆਂ ਮਨਜੀਤ ਨਾਲ ਗੱਲਾਂ ਹੋਣ ਲੱਗ ਪਈਆਂ। ਉਹ ਰਾਤ ਨੂੰ ਮੰਜੇ 'ਤੇ ਲੰਮਾ ਪੈਂਦਾ, ਮਨਜੀਤ ਦਾ ਰੁਮਾਲ ਛਾਤੀ ਨਾਲ ਘੁੱਟ ਕੇ ਲਾ ਲੈਂਦਾ, ਤਾਂ ਉਹਨੂੰ ਇਉਂ ਭਾਸਣ ਲੱਗਦਾ, ਜਿਵੇਂ ਰੁਮਾਲ ਦੇ ਥੱਲੇ ਉਹਦੇ ਦਿਲ ਦੇ ਨਾਲ ਕੋਈ ਹੋਰ ਧੜਕ ਰਿਹਾ ਹੈ। ਉਸ ਵੇਲੇ ਉਹ ਇਕੱਲਾ ਹੁੰਦਾ ਹੋਇਆ ਵੀ ਆਪਣੇ-ਆਪ ਨੂੰ ਇਕੱਲਾ ਨਹੀਂ ਸਮਝਦਾ ਸੀ। ਹੁਣ ਉਹਨੂੰ ਸਾਰੀ ਦੁਨੀਆਂ ਵਸਦੀ ਨਜ਼ਰ ਆਉਂਦੀ ਸੀ।

ਸੁਪਨਾ ਬੜਾ ਮਿੱਠਾ ਹੁੰਦਾ ਹੈ, ਪਰ ਕਈ ਵਾਰ ਉਹਦੀ ਸੱਚਾਈ ਉੱਤੇ ਸ਼ੱਕ ਹੋਣ ਲੱਗ ਪੈਂਦਾ ਹੈ। ਏਸੇ ਤਰ੍ਹਾਂ ਸੂਰਤ ਦੀਆਂ ਮਿੱਠੀਆਂ ਯਾਦਾਂ ਵਿੱਚ ਵੀ ਕਦੇ-ਕਦੇ ਸ਼ੱਕ ਦਾ ਭੂਤ ਆ ਗੜਬੜ ਮਚਾਉਂਦਾ। ਉਹ ਸੋਚਣ ਲੱਗ ਪੈਂਦਾ, 'ਕੀ ਜਾਣਾ, ਇਹ ਸਾਰੀ ਗੱਲ ਜਵੰਦੀ ਨੇ ਮਨੋ ਹੀ ਘੜੀ ਹੋਵੇ ? ਉਹ ਮਨਜੀਤ ਨੂੰ ਮਿਲੀ ਵੀ ਨਾ ਹੋਵੇ। ਐਵੇਂ ਮੈਨੂੰ ਭੁਠਾਉਣ ਬਦਲੇ ਈ ਇਹ ਲਾਰਾ ਲਾਇਆ ਹੋਵੇ। ਪਰ ਇਹ ਰੁਮਾਲ ? ਖ਼ਬਰੇ ਇਹ ਵੀ ਉਹਦਾ ਨਾ ਹੋਵੇ। ਮੇਰੇ ਐਡੇ ਭਾਗ ? ਨਹੀਂ, ਇਹ ਸਾਰਾ ਝੂਠ ਹੈ। ਜਵੰਦੀ ਝੂਠੀ ਹੈ। ਇਹ ਦੁਨੀਆਂ ਝੂਠੀ ਹੈ। ਮਨਜੀਤ ਕਿਸ ਬਦਲੇ ਮਾਪਿਆਂ ਨੂੰ ਛੱਡੇਗੀ ? ਮੇਰੇ ਬਦਲੇ ? ਮੇਰੇ ਵਿਚ ਕੀ ਉਚੇਚਾ ਗੁਣ ਏ ? ਤੇ ਉਹ ਕਿਹੜਾ ਮੈਨੂੰ ਜਾਣਦੀ ਏ? ਉਹਨੇ ਤਾਂ ਮੇਰੀ ਸ਼ਕਲ ਵੀ ਨਹੀਂ ਵੇਖੀ ਹੋਈ। ਨਾਲੇ ਜਿੱਥੇ ਉਹ ਦੂਜੇ ਥਾਂ ਮੰਗੀ ਹੋਈ ਏ, ਉਹ ਕਿਹੜਾ ਮੇਰੇ ਨਾਲੋਂ ਘੱਟ ਹੋਣਾ ਏ ? ਉਹਦੇ ਕੋਲ ਆਪਣੇ ਮਾਪੇ ਹੋਣਗੇ, ਆਪਣੀ ਜ਼ਮੀਨ ਹੋਵੇਗੀ ਤੇ ਮੇਰੇ ਕੋਲ ? ਮਾਪੇ ਮਰ ਗਏ ਤੇ ਅੱਧੀ ਜ਼ਮੀਨ ਵੀ ਗਹਿਣੇ ਪਾ ਗਏ। ਮੇਰਾ ਪਿਉ ਨਵਾਂ ਪੁਆੜਾ ਨਾ ਸਹੇੜਦਾ, ਤਾਂ ਨਾ ਜ਼ਮੀਨ ਗਹਿਣੇ ਪੈਂਦੀ ਨਾ ਮੇਰੀ ਮੰਗ ਹੱਥੋਂ ਜਾਂਦੀ। ਉਸ ਹਾਲਤ ਵਿੱਚ ਮਨਜੀਤ ਅੱਜ ਮੇਰੀ ਹੁੰਦੀ। ਫਿਰ ਮੈਂ ਕਿੰਨਾ ਸੁਖੀ ਹੁੰਦਾ। ਕੀ ਮੇਰੇ ਸਾਰੇ ਸੁੱਖਾਂ ਦੀ ਤਬਾਹੀ ਦਾ ਕਾਰਨ ਚਾਚੀ ਈ ਨਹੀਂ ? ਉਹਨੇ ਆਪਣਾ ਜੀਵਨ ਵੀ ਬਰਬਾਦ ਕਰ ਲਿਆ ਤੇ ਮੇਰਾ ਵੀ।

ਇਹ ਪਹਿਲਾ ਦਿਨ ਸੀ ਜਾਂ ਸੂਰਤ ਦੇ ਦਿਲ ਵਿੱਚ ਚੰਦੋ ਦੀ ਵਿਰੋਧਤਾ ਸੂਖਮ ਸਰੂਪ ਵਿੱਚ ਪ੍ਰਗਟ ਹੋਈ। ਜਿੱਥੇ ਅੱਗੇ ਉਹਨੂੰ ਉਹ ਮਾਂ ਵਾਂਗ ਚੰਗੀ ਲੱਗਦੀ ਸੀ, ਹੁਣ ਮਤੇਈ ਵਾਂਗ ਬੁਰੀ ਲੱਗਣ ਲੱਗੀ। ਪਰ ਉਸ ਪਿਆਰ ਦੇ ਰੋੜ੍ਹ ਪਏ ਦੇ ਸਾਮ੍ਹਣੇ ਇਹ ਖ਼ਿਆਲ ਬਹੁਤਾ ਚਿਰ ਨਾ ਟਿਕਿਆ। ਉਹ ਫਿਰ ਆਪਣੇ ਵਹਿਣ ਵਿੱਚ ਪੈ ਗਿਆ। ਕਦੇ ਮਨਜੀਤ ਦੇ ਮਿਲਣ ਦੀ ਆਸ ਤੇ ਕਦੇ ਨਿਰਾਸਤਾ ਉਹਦੇ ਦਿਲ ਵਿੱਚ ਲੁਕਣਮੀਟੀ ਖੇਡਦੀਆਂ ਰਹਿੰਦੀਆਂ। ਕਈ ਵਾਰ ਉਹਨੂੰ ਸਭ ਕੁਛ ਸੁਪਨਾ ਭਾਸਣ ਲੱਗ ਪੈਂਦਾ, ਏਥੋਂ ਤੱਕ ਕਿ ਉਹਨੂੰ ਰੁਮਾਲ ਦੀ ਹੋਂਦ 'ਤੇ ਵੀ ਸ਼ੱਕ ਹੋਣ



WWW.SIKHBOOKCLUB.COM 

ਲੱਗਦਾ। ਉਹ ਪਿਆ ਪਿਆ ਜੇਬ ਵਿਚੋਂ ਕੱਢ ਕੇ ਰੁਮਾਲ ਨੂੰ ਹੱਥਾਂ ਵਿੱਚ ਟਟੋਲਣ ਲੱਗ ਪੈਂਦਾ। ਕਦੇ ਹੱਥਾਂ ਵਿੱਚ ਹੁੰਦਾ ਹੋਇਆ ਵੀ ਉਹ ਚਾਰ ਗਿਰਾਂ ਕੱਪੜਾ ਉਹਦੇ ਧਿਆਨ ਵਿੱਚੋਂ ਲੋਪ ਹੋ ਜਾਂਦਾ ਤੇ ਕਦੇਂ ਪੂਰੀ ਮਨਜੀਤ ਬਣ ਕੇ ਉਹਦੇ ਸਾਮ੍ਹਣੇ ਆ ਜਾਂਦਾ। ਜੇ ਆਦਮੀ ਹੋਸ਼ ਵਿਚ ਹੁੰਦਾ ਹੋਇਆ ਵੀ ਪਾਗਲ ਹੋ ਸਕਦਾ ਹੈ ਤਾਂ ਸੂਰਤ ਉਸ ਹਾਲਤ ਨੂੰ ਪਹੁੰਚ ਚੁੱਕਾ ਸੀ।

ਮੇਲੇ ਵਿਚ ਮਨਜੀਤ ਦੇ ਮਿਲਣ ਦਾ ਇਕਰਾਰ ਸੀ ਤੇ ਮੇਲੇ ਵਿਚ ਅਜੇ ਦਿਨ ਰਹਿੰਦੇ ਸਨ; ਪਰ ਮੇਲੇ ਵਾਲੀ ਥਾਂ ਸੂਰਤ ਕਈ ਵਾਰ ਜਾ ਕੇ ਵੇਖ ਆਇਆ ਸੀ। ਉਹ ਇਹ ਜਾਣਦਾ ਹੋਇਆ ਵੀ ਕਿ ਮੇਲੇ ਦੇ ਦਿਨ ਤੋਂ ਪਹਿਲਾਂ ਮਨਜੀਤ ਕਿਸੇ ਸੂਰਤ ਵਿਚ ਓਥੇ ਨਹੀਂ ਆ ਸਕਦੀ, ਕਿੰਨਾ-ਕਿੰਨਾ ਚਿਰ ਓਥੇ ਜਾ ਕੇ ਉਹ ਉਦਾਲੇ ਦਿਆਂ ਖੇਤਾਂ ਤੇ ਵਣਾਂ ਝਾੜਾਂ ਵਿੱਚ ਫਿਰਦਾ ਰਹਿੰਦਾ।

ਮਾੜੀ ਦਾ ਮੇਲਾ ਇਸ ਇਲਾਕੇ ਵਿਚ ਬੜਾ ਪ੍ਰਸਿੱਧ ਹੈ। ਹਜ਼ਾਰਾਂ ਦੀ ਗਿਣਤੀ ਵਿਚ ਇਸਤਰੀ-ਪੁਰਸ਼ ਏਥੇ 'ਕੱਠੇ ਹੁੰਦੇ ਹਨ। ਪੰਜਾਂ ਛੇਆਂ ਪਿੰਡਾਂ ਦੇ ਵਿਚਕਾਰ ਦਸ-ਕੁ ਘੁਮਾਂ ਬੰਜਰ ਪਿਆ ਹੈ; ਛੋਟੀਆਂ-ਛੋਟੀਆਂ ਵਿਰਲੀਆਂ ਝਾੜੀਆਂ, ਜੰਡ, ਕਰੀਰ ਤੇ ਕੁਛ ਪੁਰਾਣੇ ਵਣ ਹਨ, ਜਿੰਨ੍ਹਾਂ ਦੇ ਵਿਚਾਲੇ ਇਕ ਪੁਰਾਤਨ ਸਮੇਂ ਦਾ ਬਣਿਆ ਹੋਇਆ ਮੱਠ ਹੈ, ਜਿਸ ਨੂੰ 'ਜ਼ਾਹਰ-ਪੀਰ' ਕਹਿੰਦੇ ਹਨ। ਏਥੇ ਹੀ ਇਹ ਮੇਲਾ ਲੱਗਦਾ ਹੈ। ਚੇਤ ਚੌਦੇਂ ਦੀ ਰਾਤ ਨੂੰ ਲੋਕ ਆਉਣ ਲੱਗ ਪੈਂਦੇ ਹਨ। ਮੱਸਿਆ ਵਾਲਾ ਸਾਰਾ ਦਿਨ ਬੜਾ ਜ਼ੋਰ ਰਹਿੰਦਾ ਹੈ, ਤੇ ਸ਼ਾਮ ਤਕ ਅਸਲੋਂ ਸੁੰਞ ਹੋ ਜਾਂਦੀ ਹੈ। ਮਾਵਾਂ ਬੱਚਿਆਂ ਨੂੰ, ਭੈਣਾਂ ਵੀਰਾਂ ਨੂੰ ਤੇ ਸੱਸਾਂ ਨੂੰਹਾਂ ਨੂੰ ਨਾਲ ਲੈ ਕੇ ਏਥੇ ਸੁੱਖਣਾ ਲਾਹੁਣ ਆਉਂਦੀਆਂ ਹਨ। ਹਜ਼ਾਰਾਂ ਮੇਲਾ ਵੇਖਣ ਵਾਲੇ ਤੇ ਆਪਣਾ-ਆਪ ਵਿਖਾਉਣ ਵਾਲੇ ਵੀ ਆਉਂਦੇ ਹਨ। ਕਿਤੇ ਮਦਾਰੀ ਡੁਗਡੁਗੀ ਵਜਾ ਕੇ ਛੂ-ਮੰਤਰ ਨਾਲ ਰੁਪਈਏ ਬਣਾ ਰਿਹਾ ਹੁੰਦਾ ਹੈ, ਕਿਤੇ ਕੋਈ ਗਾਉਣ ਵਾਲਾ ਮਜਲਸ ਲਾਈ ਬੈਠਾ ਦਿਸ ਪੈਂਦਾ ਹੈ, ਕਿਤੇ ਕੋਈ ਬਾਜ਼ੀਗਰ ਟੰਗੇ ਹੋਏ ਰੱਸੇ 'ਤੇ ਨਾਚ ਕਰਕੇ ਲੋਕਾਂ ਨੂੰ ਖੁਸ਼ ਕਰਦਾ ਹੈ, ਕਿਤੇ ਗਭਰੂ ਕਬੱਡੀ ਖੇਡਦੇ ਹਨ, ਕਿਤੇ ਸ਼ਾਹਸਵਾਰ ਕਿੱਲੇ ਚੁੱਟਦੇ ਹਨ, ਤੇ ਕਿਤੇ ਅਖਾੜੇ ਵਿਚ ਪਹਿਲਵਾਨ ਆਪਣੇ ਕਰਤੱਵ ਵਿਖਾਉਂਦੇ ਹਨ। ਮੱਠ ਦੇ ਉਦਾਲੇ ਉਦਾਲੇ ਦੁਕਾਨਾਂ ਦੀ ਰੌਣਕ ਹੁੰਦੀ ਹੈ। ਇਕ ਬਾਹੀ ਹਲਵਾਹੀਆਂ ਦੀਆਂ ਭੱਠੀਆਂ ਹੁੰਦੀਆਂ ਹਨ, ਜਿੱਥੇ ਸੈਂਕੜਿਆਂ ਦਾ ਤੋਲ ਤੇ ਕੁੰਦਾ ਘਿਓ ਦੇ ਭਾਅ ਵਿੱਕ ਜਾਂਦਾ ਹੈ। ਉਹ ਆਪਣੇ ਗਾਹਕਾਂ ਨੂੰ ਪੈਸਿਆਂ ਬਦਲੇ ਮਿਠਿਆਈ ਤੇ ਝੂੰਗੇ ਵਜੋਂ ਬਿਮਾਰੀ ਦੇਂਦੇ ਹਨ। ਇਕ ਬਾਹੀ ਦੂਰ ਤਕ ਚੂੜਗਰਨੀਆਂ ਨੇ ਮੱਲੀ ਹੁੰਦੀ ਹੈ, ਜਿੱਥੋਂ ਬਾਲੜੀਆਂ, ਕੁੜੀਆਂ ਤੇ ਮੁਟਿਆਰਾਂ ਵੰਨ-ਸੁਵੰਨੀਆਂ ਵੰਗਾਂ ਚੜ੍ਹਾਉਂਦੀਆਂ ਹਨ,



WWW.SIKHBOOKCLUB.COM 

ਜਿਨ੍ਹਾਂ ਵਿਚੋਂ ਕਈ ਤਾਂ ਘਰੋ ਘਰੀ ਲੈ ਅਪੜਦੀਆਂ ਹਨ ਤੇ ਕਈ ਰਾਹ ਵਿਚ ਹੀ ਭੰਨ ਕੇ ਪਿਆਰ ਕੱਢਦੀਆਂ ਜਾਂਦੀਆਂ ਹਨ। ਏਸੇ ਪਾਸੇ ਹੀ ਨਵੀਂ ਮਾਇਆ ਲੁਆ ਕੱ ਛੱਡੇ ਹੋਏ ਸੰਬਲਿਆਂ ਵਾਲੇ ਗਭਰੂ ਗੇੜੇ ਕੱਢਦੇ ਰਹਿੰਦੇ ਹਨ। ਇਕ ਕੋਈ ਖਿਡੌਣਾ ਖ਼ਰੀਦਣ ਦੇ ਪੱਜ ਖਲੋ ਜਾਂਦਾ ਹੈ, ਤਾਂ ਦਸ ਉਹਦੇ ਨਾਲ ਕੇਵਲ ਵੇਖਣ ਵਿਖਾਉਣ ਬਦਲੇ ਹੀ ਡਟੇ ਰਹਿੰਦੇ ਹਨ। ਇਹ ਗਾਹਕ ਸਾਰੇ ਹੁੰਦੇ ਹਨ, ਪਰ ਸੌਦਾ ਕੋਈ ਕੋਈ ਖ਼ਰੀਦਦਾ ਹੈ। ਇਸ ਤੋਂ ਜ਼ਰਾ ਹਟਵਾਂ ਗੰਨਿਆਂ ਤੇ ਸੇਉ ਬੇਰਾਂ ਵਾਲਿਆਂ ਦਾ ਰੌਲਾ ਹੁੰਦਾ ਹੈ। ਕਿਤੇ ਦੋ ਚਾਰ ਬੁੱਢੀਆਂ ਠੇਰੀਆਂ ਬੇਹੀਆਂ ਰੋਟੀਆਂ ਦੇ ਉਦਾਲੇ ਹੋਈਆਂ ਹੁੰਦੀਆਂ ਹਨ ਤੇ ਕਿਤੇ-ਕਿਤੇ ਦੁਰਾਡੇ ਵਣਾਂ ਹੇਠਾਂ ਪਿਆਲੇ ਦੇ ਮੇਲੀਆਂ ਦੀ ਜੁੰਡੀ ਵੀ ਦਿੱਸ ਪੈਂਦੀ ਹੈ।

ਇਹ ਹੈ ਮਾੜੀ ਦਾ ਮੇਲਾ, ਜਿੱਥੇ ਅੱਠਾਂ ਪਹਿਰਾਂ ਵਿੱਚ ਇਕ ਸ਼੍ਰੇਣੀ ਹਜ਼ਾਰਾਂ ਰੁਪੈ ਗੁਆ ਜਾਂਦੀ ਤੇ ਦੂਜੀ ਕਮਾ ਲਿਜਾਂਦੀ ਹੈ।

ਏਥੇ ਹੀ ਮਨਜੀਤ ਦੇ ਮਿਲਣ ਦਾ ਇਕਰਾਰ ਸੀ। ਸੂਰਤ ਤਰੌਦਸੀ ਵਾਲੇ ਦਿਨ ਤਿੰਨ-ਚਾਰ ਵਾਰ ਜਵੰਦੀ ਦੇ ਘਰ, ਉਹਨੂੰ ਪੱਕੀ ਕਰਨ ਵਾਸਤੇ ਗਿਆ ਕਿ ਕਿਤੇ ਉਹ ਪਛੜ ਨਾ ਜਾਵੇ। ਚੌਦੋਂ ਵਾਲੇ ਦਿਨ ਸਵੇਰੇ ਨ੍ਹਾ ਧੋ ਕੇ, ਨਵੇਂ ਲੀੜੇ ਪਾ ਕੇ ਉਹ ਫੇਰ ਜਵੰਦੀ ਵੱਲ ਗਿਆ। ਵਿਚੋਲਣ ਦੇ ਐਨੀ ਵਾਰ ਭਰੋਸਾ ਦੁਆਉਣ 'ਤੇ ਵੀ ਉਹਦੀ ਤਸੱਲੀ ਨਾ ਹੁੰਦੀ। ਉਹਨੇ ਬੜੇ ਤਰਲੇ ਕੱਢੇ ਕਿ ਉਹ ਉਹਦੇ ਨਾਲ ਹੀ ਚਲੀ ਚੱਲੇ, ਪਰ ਜਵੰਦੀ ਨੇ ਅਗਲੇ ਦਿਨ ਆਉਣ ਦੀ ਜ਼ਿੱਦ ਨਾ ਛੱਡੀ।' ਹਾਰ ਕੇ ਉਹ 'ਕੱਲ੍ਹਾ ਹੀ ਮੇਲੇ ਨੂੰ ਤੁਰ ਗਿਆ। ਸਾਰੇ ਰਾਹ ਉਹ ਚੰਗੇ ਸਗਨ ਮਨਾਉਂਦਾ ਗਿਆ, ਪਰ ਕਦੇ-ਕਦੇ ਉਹਦੇ ਦਿਲ ਵਿਚ ਹੌਲ ਉਠ ਖਲੋਂਦਾ, 'ਜੇ ਜਵੰਦੀ ਨਾ ਆਈ, ਤਾਂ ਮੈਂ ਉਹਨੂੰ ਕਿਵੇਂ ਪਛਾਣਾਂਗਾ ? ਤੇ ਜੇ ਮਨਜੀਤ ਆਪ ਈ ਨਾ ਆਈ ਤਾਂ !'

ਚੌਦੋਂ ਵਾਲੇ ਦਿਨ ਸਵੇਰੇ ਅੱਠ ਵਜਦੇ ਨੂੰ ਸੂਰਤ ਮੇਲੇ ਵਾਲੀ ਥਾਂ 'ਤੇ ਜਾ ਅੱਪੜਿਆ। ਉਹਨੇ 'ਜ਼ਾਹਰ-ਪੀਰ' ਦੇ ਉਦਾਲੇ ਤਿੰਨ ਪ੍ਰਕਰਮਾ ਕੀਤੀਆਂ ਤੇ ਸਵਾ ਰੁਪਈਆ ਮੱਥਾ ਟੇਕਿਆ। ਅਜੇ ਓਥੇ ਦੋ ਚਾਰ ਮਜੌਰਾਂ ਤੇ ਕੁਛ ਹਟਵਾਣੀਆਂ ਤੋਂ ਬਿਨਾਂ ਹੋਰ ਕੋਈ ਨਹੀਂ ਸੀ। ਕਈ ਦੁਕਾਨਾਂ ਲਾ ਬੈਠੇ ਸਨ ਤੇ ਕਈ ਅਜੇ ਥਾਂ ਟਿਕਾਣਾ ਭਾਲ ਰਹੇ ਸਨ। ਇਸ ਮੁੰਞ ਵਿਚ ਵੀ ਸੂਰਤ ਨੂੰ ਬਹੁਤ ਕੁਛ ਦਿੱਸ ਰਿਹਾ ਸੀ। ਮਨਜੀਤ ਦੇ ਪਿੰਡ ਵੱਲੋਂ ਜੇ ਕੋਈ ਛਾਬੜੀ ਵਾਲਾ ਵੀ ਆਉਂਦਾ ਦੂਰੋਂ ਦਿਸਦਾ, ਤਾਂ ਸੂਰਤ ਉਠ ਕੇ ਰਾਹ ਵੇਖਣ ਲੱਗ ਪੈਂਦਾ। ਉਹ ਇਹ ਜਾਣਦਾ ਹੋਇਆ ਵੀ ਕਿ ਮਨਜੀਤ ਦਾ ਮੱਸਿਆ ਵਾਲੇ ਦਿਨ ਆਉਣ ਦਾ ਇਕਰਾਰ ਹੈ, ਇਕ ਦਿਨ ਪਹਿਲਾਂ

ਤੋਂ ਉਹਦੀਆਂ ਵਾਟਾਂ ਉਡੀਕ ਰਿਹਾ ਸੀ। ਇਹ ਸਾਰਾ ਦਿਨ ਉਹਨੇ ਕਿਵੇਂ ਬਿਤਾਇਆ, ਕੇਵਲ ਉਹ ਹੀ ਜਾਣੇ। ਸਾਰੀ ਰਾਤ ਵੀ ਉਹਨੇ ਏਧਰ ਓਧਰ ਫਿਰਦਿਆਂ ਹੀ ਕੱਟੀ। ਚੌਂਕੀਆਂ ਭਰਨ ਆਏ ਤਾਂ ਰਾਤ ਨੂੰ ਟਿਕਾਣੇ ਕਰ ਕੇ ਸੌਂ ਗਏ ਪਰ ਉਹਨੂੰ ਨੀਂਦ ਕਿੱਥੇ ? ਕਦੇ ਉਹ ਡੂੰਘੀਆਂ ਸੋਚਾਂ ਵਿਚ ਤੇ ਕਦੇ ਅਣਮਣੇ ਚਾਵਾਂ ਵਿਚ ਗੁਆਚ ਜਾਂਦਾ। ਉਡੀਕ ਦੀਆਂ ਘੜੀਆਂ ਲੰਮੀਆਂ ਵੀ ਹੁੰਦੀਆਂ ਨੇ ਤੇ ਮਿੱਠੀਆਂ ਵੀ। ਪਤਾ ਨਹੀਂ, ਉਹ ਇਸ ਰਾਤ ਨੂੰ ਕਿਹੋ ਜਿਹੀ ਅਨੁਭਵ ਕਰਦਾ ਸੀ।

ਅੰਤ ਚੌਦੇਂ ਦੀ ਰਾਤ ਮੁੱਕੀ ਤੇ ਮੱਸਿਆ ਦਾ ਦਿਨ ਚੜ੍ਹਿਆ। ਜਿਉਂ-ਜਿਉਂ ਸੂਰਜ ਉੱਚਾ ਆ ਰਿਹਾ ਸੀ, ਤਿਉਂ-ਤਿਉਂ ਸੂਰਤ ਦੇ ਦਿਲ ਦੀ ਧੜਕਣ ਵਧ ਰਹੀ ਸੀ। ਉਹ ਪਲ-ਪਲ ਪਿੱਛੋਂ ਰੁਮਾਲ ਕੱਢ ਕੇ ਵੇਖਦਾ ਤੇ ਉਹਨੂੰ ਸੂਮ ਦੇ ਧਨ ਵਾਂਗ ਫਿਰ ਜੇਬ ਵਿਚ ਘੁੱਟ ਲੈਂਦਾ। ਪੋਰੋ-ਪੈਰ ਮੇਲੇ ਵਿਚ ਭੀੜ ਵਧ ਰਹੀ ਸੀ ਤੇ ਓਦੋਂ ਦੂਣਾ ਉਹਦਾ ਦਿਲ ਕਾਹਲਾ ਪੈ ਰਿਹਾ ਸੀ। ਉਹ ਕਦੇ ਦੋ ਪੈਲੀਆਂ ਮਨਜੀਤ ਦੇ ਪਿੰਡ ਵੱਲ ਰਾਹ ਵੇਖਣ ਨਿਕਲ ਜਾਂਦਾ ਤੇ ਕਦੇ ਆਪਣੇ ਪਿੰਡ ਵੱਲ ਜਵੰਦੀ ਨੂੰ ਵੇਖਣ। ਚੁਫੇਰੇ ਭੌਂ-ਭੌਂ ਕੇ ਉਹ ਚੂੜੀਆਂ ਦੀਆਂ ਦੁਕਾਨਾਂ ਕੋਲ ਆ ਖਲੋਂਦਾ। ਕਿਸੇ ਸੁੰਦਰੀ ਨੂੰ ਵੰਗਾਂ ਚੜ੍ਹਾਉਂਦੀਆਂ ਵੇਖਦਾ ਤਾਂ ਓਸੇ ਵਿਚ ਹੀ ਉਹ ਮਨਜੀਤ ਨੂੰ ਲੱਭਣ ਲੱਗ ਪੈਂਦਾ। ਪਹਿਲਾਂ ਤਾਂ ਉਹ ਜਵੰਦੀ ਦੇ ਦੱਸੇ ਹੋਏ ਨਖਸਿਖ ਉਸ ਨਾਲ ਮਿਲਾਉਂਦਾ ਤੇ ਫਿਰ ਰੁਮਾਲ ਕੱਢ ਕੇ—ਵਿਖਾਉਣ ਦੇ ਬਹਾਨੇ—ਮੱਥੇ ਤੋਂ ਅਣਆਇਆ ਮੁੜ੍ਹਕਾ ਪੂੰਝਣ ਲੱਗ ਪੈਂਦਾ। ਪਰ ਜਦ ਕੋਈ ਵੀ ਉਹਨੂੰ ਨਾ ਸਿਆਣਦੀ ਤਾਂ ਉਹ ਉਦਾਸ ਹੋ ਕੇ ਅਗ੍ਹਾਂ ਤੁਰ ਪੈਂਦਾ। ਉਹਨੂੰ ਰਹਿ ਰਹਿ ਕੇ ਜਵੰਦੀ 'ਤੇ ਗੁੱਸਾ ਆਉਂਦਾ ਕਿ ਉਹ ਅਜੇ ਆਈ ਕਿਉਂ ਨਹੀਂ।

ਇਕ ਥਾਂ ਭੀੜ ਵਿੱਚ 'ਗੰਢ ਕੱਟੀ ਗਈ' ਦਾ ਰੌਲਾ ਪੈ ਗਿਆ। ਸੁਣਦਿਆਂ ਸਾਰ ਸੂਰਤ ਦਾ ਦਿਲ ਧਕ-ਧਕ ਵੱਜਣ ਲੱਗ ਪਿਆ। ਉਹਨੂੰ ਇਉਂ ਭਾਸਿਆ, ਜਿਵੇਂ ਕਿਸੇ ਨੇ ਓਸੇ ਦੀ ਗੰਢ ਕੱਟ ਲਈ ਹੈ ਤੇ ਉਹਦੀ ਸਭੋ ਪੂੰਜੀ—ਮਨਜੀਤ ਦਾ ਰੁਮਾਲ—ਕੋਈ ਚੁਰਾ ਕੇ ਲੈ ਗਿਆ ਹੈ। ਇਸ ਫੁਰਨੇ ਨੇ ਉਹਨੂੰ ਸਿਰ ਤੋਂ ਪੈਰਾਂ ਤੱਕ ਕੰਬਾ ਦਿੱਤਾ। ਉਹਨੇ ਛੇਤੀ ਨਾਲ ਜੇਬ 'ਚੋਂ ਕੱਢ ਕੇ ਡਿੱਠਾ, ਪਰ ਚੰਗੇ ਭਾਗਾਂ ਨੂੰ ਰੁਮਾਲ ਹੈਗਾ ਸੀ। ਮਸਾਂ ਕਿਤੇ ਉਹਦਾ ਦਿਲ ਥਾਂਵੇਂ ਹੋਇਆ। ਫੇਰ ਉਹਨੇ ਜੇਬ ਤੋਂ ਹੱਥ ਨਹੀਂ ਚੁੱਕਿਆ।

ਕਿਤੇ ਇੱਕ ਵਜੇ ਜਵੰਦੀ ਉਹਦੀ ਨਜ਼ਰੀਂ ਪਈ। ਉਹਦੇ ਦਿਲ ਨੂੰ ਜ਼ਰਾ ਸ਼ਾਂਤੀ ਹੋਈ। ਜਵੰਦੀ ਦੇ ਨਾਲ—ਮੈਦੇ ਮੱਖਣ ਦੀ ਬਣੀ ਹੋਈ—ਇਕ ਮੁਟਿਆਰ ਨੂੰ ਵੇਖ ਕੇ ਸੂਰਤ ਦਾ ਦਿਲ ਬੇਵੱਸਾ ਉਛਲਣ ਲੱਗ ਪਿਆ। ਉਹਦੇ ਅੰਗ-ਅੰਗ ਵਿਚੋਂ ਅਣਮਿਣੀ



WWW.SIKHBOOKCLUB.COM 

ਖ਼ੁਸ਼ੀ ਉਮਡ ਪਈ। ਉਹਦੀ ਹਾਲਤ ਉਸ ਵੇਲੇ ਬੜੀ ਅਨੋਖੀ ਸੀ। ਉਹ ਇਉਂ ਅਗ੍ਹਾਂ ਵਧਿਆ, ਜਿਵੇਂ ਪਹਿਲੇ ਪਾਲ ਹੀ ਉਸ ਜੋਬਨ ਨੂੰ ਆਪਣੇ ਅੰਦਰ ਸਮਾ ਲਵੇਗਾ। ਪਰ ਜਵੰਦੀ ਨੇ ਘੂਰੀ ਵੱਟ ਕੇ ਉਹਨੂੰ ਪਿੱਛੇ ਹੀ ਰੋਕ ਦਿੱਤਾ, ਤੇ ਇਸ਼ਾਰੇ ਨਾਲ ਇੱਕ ਪਾਸੇ ਜਾਣ ਵਾਸਤੇ ਕਿਹਾ। ਫਿਰ ਜਵੰਦੀ ਨੇ ਭੇਤ ਭਰੀ ਨਜ਼ਰ ਨਾਲ ਮੁਟਿਆਰ ਵੱਲ ਵੇਖਿਆ ਤਾਂ ਉਹਨੇ ਸ਼ਰਮਾ ਕੇ ਨੀਵੀਂ ਪਾ ਲਈ।

ਮੇਲੇ ਤੋਂ ਇਕ ਪਾਸੇ ਹੋ ਕੇ ਜਵੰਦੀ ਨੇ ਮਨਜੀਤ ਦੀ ਬਾਂਹ ਸੂਰਤ ਦੇ ਹੱਥ ਫੜਾਉਂਦਿਆਂ ਕਿਹਾ, "ਲੈ ਸੂਰਤਾ ! ਮਰਦਾਂ ਵਾਲੀ ਕਰੀਂ। ਬਾਂਹ ਫੜੀ ਦੀ ਲਾਜ ਨਭਾਵੀਂ। ਤੇਰੇ ਪਿੱਛੇ ਇਹਨੇ ਮਾਂ-ਪਿਉ, ਭੈਣ-ਭਰਾ, ਸਾਕ-ਸਬੰਧੀ, ਸਾਰੇ ਛੱਡੇ ਨੇ, ਤੇ ਤੂੰ ਹੁਣ ਜਿਉਂਦੇ ਜੀ ਇਹਨੂੰ ਪਿੱਛਾ ਨਾ ਦੇਈਂ।"

"ਤੂੰ ਧਰਮ ਦੀ ਮਾਂ ਏਂ। ਮੈਂ ਸਿਰ ਦੇ ਦਿਆਂਗਾ, ਪਰ ਇਹਦੀ ਬਾਂਹ ਨਹੀਂ ਛੱਡਾਂਗਾ। ਅੱਗਾ ਇਹਦਾ ਤੇ ਪਿੱਛਾ ਮੇਰਾ। ਮੈਂ ਉਮਰ ਭਰ ਇਹਦਾ ਹੋ ਕੇ ਰਹਾਂਗਾ।" ਸੂਰਤ ਨੇ ਅੱਗੋਂ ਦ੍ਰਿੜ੍ਹਤਾ ਨਾਲ ਉੱਤਰ ਦਿੱਤਾ।

ਸੂਰਤ ਕੋਲ ਕਹਿਣ ਨੂੰ ਅਜੇ ਬਹੁਤ ਕੁਛ ਸੀ, ਪਰ ਖ਼ੁਸ਼ੀ ਦੇ ਭਾਰ ਥੱਲੇ ਦੱਬਿਆ ਹੋਇਆ ਉਹ ਵਧੇਰੇ ਬੋਲ ਨਾ ਸਕਿਆ। ਬੋਲਿਆਂ ਬਿਨਾਂ ਹੀ ਉਹਦੇ ਚਿਹਰੇ ਦਾ ਪ੍ਰਭਾਵ, ਦਿਲ ਦੀ ਧੜਕਣ ਤੇ ਅੰਗ-ਅੰਗ ਦਾ ਫਰਕਣਾ ਸਭ ਕੁਛ ਪ੍ਰਗਟ ਕਰ ਰਿਹਾ ਸੀ। ਉਸ ਵੇਲੇ ਉਹਦੀ ਹਾਲਤ ਪਰਬਤ ਨਾਲ ਟਕਰਾ ਜਾਣ ਵਾਲੇ ਦੀਵਾਨੇ ਵਰਗੀ ਸੀ। ਮਨਜੀਤ ਦੀ ਹਾਲਤ ਵੀ ਕਹਿਣ ਸੁਣਨ ਤੋਂ ਬਾਹਰ ਸੀ। ਉਹਦੀ ਬਾਂਹ ਸੂਰਤ ਦੇ ਹੱਥ ਵਿਚ ਥਰ ਥਰ ਕੰਬ ਰਹੀ ਸੀ ਤੇ ਇਸ ਪਹਿਲੀ ਛੋਹ ਤੋਂ ਸਾਰੇ ਲਹੂ ਵਿਚ ਬਿਜਲੀ ਦਾ ਅਸਰ ਹੋ ਰਿਹਾ ਸੀ। ਉਹਦਾ ਦਿਲ ਆਪੇ ਤੋਂ ਬਾਹਰ ਹੋ ਹੋ ਧੜਕ ਰਿਹਾ ਸੀ। ਉਹ ਗ਼ਮ, ਖ਼ੁਸ਼ੀ, ਵਿਛੋੜਾ, ਮਿਲਾਪ, ਪ੍ਰੇਮ, ਲੱਜਿਆ—ਨਾ ਜਾਣਾ, ਅਜਿਹਿਆਂ ਕਿੰਨਿਆਂ ਕੁ ਅਸਰਾਂ—ਦੇ ਭਾਰ ਥੱਲੇ ਦੱਬੀ ਹੋਈ ਸੀ। ਉਹਨਾਂ ਦੋਹਾਂ ਉੱਤੇ ਹੀ ਕੋਈ ਮਿੱਠੀ ਜਿਹੀ ਬੇਹੋਸ਼ੀ ਛਾਈ ਹੋਈ ਸੀ। ਉਹਨਾਂ ਨੂੰ ਬਾਂਹ ਛੱਡਣ ਜਾਂ ਛੁਡਾਉਣ ਦਾ ਵੀ ਚੇਤਾ ਨਹੀਂ ਸੀ। ਅੰਤ ਜਵੰਦੀ ਨੇ ਇਸ ਸਮੇਂ ਨੂੰ ਅਗਾਂਹ ਧੱਕਾ ਦੇਂਦਿਆਂ ਹੋਇਆਂ ਕਿਹਾ, "ਛੱਡੋ ਹੁਣ, ਤੇ ਜਰਾ ਹੋਸ਼ ਸੰਭਾਲੋ। ਕੋਈ ਵੇਖ ਨਾ ਲਵੇ। ਸੂਰਤ ! ਤੂੰ ਪੈਲੀ ਦੀ ਐਸ ਵੱਟੇ ਪੈ ਜਾਹ ਤੇ ਇਹ ਐਸ ਵੱਟੇ ਜਾਂਦੀ ਏ। ਜਰਾ ਅਗ੍ਹਾਂ ਜਾ ਮਿਲਿਓ। ਫੇਰ ਵੀ ਜਰਾ ਦੂਰ ਦੂਰ ਜਾਇਓ। ਕੋਈ ਤਾੜ ਨਾ ਲਵੇ। ਮੈਂ ਆਪਣਾ ਕੰਮ ਮੁਕਾ ਦਿੱਤਾ ਏ। ਅਗ੍ਹਾਂ ਤੁਸੀਂ ਜਾਣੋ। ਜਾਓ, ਤੁਹਾਡਾ ਅੱਲਾ ਰਾਖਾ !"

ਦੋਹਾਂ ਨੂੰ ਤੋਰ ਕੇ ਜਵੰਦੀ ਫੇਰ ਮੇਲੇ ਵਿਚ ਜਾ ਵੜੀ। ਚਾਰ ਪੰਜ ਪੈਲੀਆਂ ਜਾ ਕੇ ਉਹ ਦੋਵੇਂ ਮਿਲ ਪਏ। ਸੂਰਤ ਦਾ ਇਰਾਦਾ ਪੰਜ ਦਸ ਦਿਨ ਕਿਤੇ ਕਿਸੇ ਪਾਸੇ

ਚਲੇ ਜਾਣ ਦਾ ਸੀ, ਪਰ ਮਨਜੀਤ ਇਹ ਨਾ ਮੰਨੀ। ਉਹ ਸਿੱਧੀ ਆਪਣੇ ਘਰ—ਜਿਸ ਇੱਕ ਘਰ ਬਦਲੇ ਉਹਨੇ ਸਾਰੀ ਦੁਨੀਆਂ ਬਿਗਾਨੀ ਬਣਾ ਲਈ ਸੀ—ਜਾਣਾ ਚਾਹੁੰਦੀ ਸੀ।

ਪਤਾ ਹੀ ਨਾ ਲੱਗਾ ਕਿ ਉਹਨਾਂ ਦਾ ਪੰਧ ਕਿਹੜੇ ਵੇਲੇ ਮੁੱਕ ਗਿਆ। ਅੱਗੇ ਅੱਗੇ ਸੂਰਤ ਤੇ ਮਗਰ ਮਗਰ ਮਨਜੀਤ—ਦੋਵੇਂ—ਘਰ ਜਾ ਪਹੁੰਚੇ। ਸੂਰਤ ਨੇ ਚੰਦੋ ਨੂੰ ਮੱਥਾ ਟੇਕਦਿਆਂ ਕਿਹਾ, "ਚਾਚੀ ! ਤੇਲ ਚੋਵੋ। ਨੂੰਹ ਘਰ ਆਈ ਜੇ।"

ਚੰਦੋ ਵੇਖ ਕੇ ਖ਼ੁਸ਼ੀ ਨਾਲ ਉੱਠੀ। ਮਨਜੀਤ ਨੇ ਉਹਦੇ ਪੈਰਾਂ 'ਤੇ ਸਿਰ ਧਰ ਕੇ ਮੱਥਾ ਟੇਕਿਆ ਤੇ ਚੰਦੋ ਨੇ ਉਹਨੂੰ ਘੁੱਟ ਕੇ ਗਲ ਨਾਲ ਲਾ ਲਿਆ।

ਮਨਜੀਤ ਦੀਆਂ ਧਾਰਮਕ ਰੁਚੀਆਂ ਦਾ ਖ਼ਿਆਲ ਰੱਖਦਿਆਂ ਹੋਇਆਂ ਅਗਲੇ ਦਿਨ ਗੁਰੂ ਗ੍ਰੰਥ ਸਾਹਿਬ ਘਰ ਲਿਆ ਕੇ ਦੋਹਾਂ ਦਾ 'ਅਨੰਦ' ਪੜ੍ਹ ਦਿੱਤਾ ਗਿਆ।

## ੨੨

ਮਨਜੀਤ ਆਪਣੇ ਪਿਉ ਤੇ ਭਰਾ ਤੋਂ ਚੋਰੀ, ਸਿਰਫ਼ ਮਾਂ ਕੋਲੋਂ ਪੁੱਛ ਕੇ ਸਹੇਲੀਆਂ ਨਾਲ ਮੇਲੇ ਗਈ ਸੀ। ਮਾਂ ਵਿਚਾਰੀ ਕੀ ਜਾਣੇ ਕਿ ਮੇਲੇ ਗਈ ਮਨਜੀਤ ਨੇ ਫਿਰ ਨਹੀਂ ਪਰਤਣਾ। ਉਹ ਉਹਨੂੰ ਘੱਲ ਤਾਂ ਬੈਠੀ, ਪਰ ਉਹਦੇ ਦਿਲ ਵਿੱਚ ਬੜੀ ਬੇਚੈਨੀ ਜਿਹੀ ਪੈਦਾ ਹੋ ਗਈ। ਜਿਉਂ-ਜਿਉਂ ਚਿਰ ਹੁੰਦਾ ਗਿਆ, ਉਹਦੀ ਚਿੰਤਾ ਵਧਦੀ ਗਈ। ਲੌਢੇ ਵੇਲੇ ਤੱਕ ਮਨਜੀਤ ਨਾ ਮੁੜੀ, ਤਾਂ ਮਾਂ ਦਾ ਦਿਲ ਬੜਾ ਘਬਰਾ ਉਠਿਆ। ਉਹਦੇ ਜੀ ਨੂੰ ਬੁਰਾ ਕੁਛ ਹੋਇਆ ਤੇ ਉਹ ਉਠ ਕੇ ਐਵੇਂ ਅੰਦਰ ਬਾਹਰ ਉਰੇ ਪਰੇ ਹੱਥ ਮਾਰਨ ਲੱਗ ਪਈ। ਮੰਜੇ ਦੀ ਪੈਂਦ ਉਤੇ ਉਹ ਲੀੜੇ ਅਜੇ ਪਏ ਸਨ, ਜਿਹੜੇ ਲਾਹ ਕੇ ਮਨਜੀਤ ਨੇ ਨਵੇਂ ਪਾਏ ਸਨ। ਇਕ ਵਾਰ ਸੂਟ ਬਦਲਣ ਲੱਗਿਆਂ ਮਾਂ ਨੇ ਕਿਹਾ ਸੀ, "ਮਨਜੀਤ ! ਕੁਆਰੀਆਂ ਧੀਆਂ ਐਹੋ ਜੇਹੇ ਭੜਕੀਲੇ ਕੱਪੜੇ ਪਾ ਕੇ ਬਾਹਰ ਜਾਂਦੀਆਂ ਚੰਗੀਆਂ ਨਹੀਂ ਲੱਗਦੀਆਂ।" ਉਹਨੇ ਅੱਗੋਂ ਲਾਡ ਭਰੇ ਤਰਲੇ ਨਾਲ ਕਿਹਾ ਸੀ, "ਮਾਂ ਜੀ! ਮਾਪਿਆਂ ਦੇ ਰਾਜ ਵਿੱਚ ਰੀਝਾਂ ਨਾ ਲੱਥੀਆਂ, ਤਾਂ ਫੇਰ ਕਦੋਂ ਲਹਿਣਗੀਆਂ ? ਸਾਰੀਆਂ ਕੁੜੀਆਂ ਨਵੇਂ ਪਾ ਕੇ ਚਲੀਆਂ ਨੇ। ਬੱਸ, ਆਹਾ ਮੇਲਾ ਵੇਖਣਾ ਏਂ, ਫੇਰ ਕਦੇ ਨਹੀਂ ਜਾਂਦੀ।"

ਮਨਜੀਤ ਦੇ ਇਹਨਾਂ ਵਾਕਾਂ ਵਿਚ ਅਨੋਖੀ ਖਿੱਚ ਤੇ ਦਾਈਏ ਭਰਿਆ ਤਰਲਾ ਸੀ। ਅਜੇ ਤਕ ਮਾਂ ਦੇ ਕੰਨਾਂ ਵਿੱਚ ਉਹ ਵਾਕ ਗੂੰਜ ਰਹੇ ਸਨ। ਮਾਂ-ਧੀ ਦਾ ਹੱਦੋਂ ਵੱਧ ਪਿਆਰ ਸੀ। ਹੁੰਦਾ ਵੀ ਕਿਉਂ ਨਾ ? ਮਾਂ ਕੋਲ ਦੋ ਹੀ ਜਿੰਦਾਂ ਸਨ, ਇੱਕ ਪਲੇਠੀ ਦਾ ਪੁੱਤਰ ਤੇ ਉਸ ਤੋਂ ਸੱਤ ਵਰ੍ਹੇ ਛੋਟੀ ਇੱਕ ਧੀ—ਮਨਜੀਤ। ਇਹ ਦੋ

ਪਹਿਰਾਂ ਦਾ ਵਿਛੋੜਾ ਮਾਂ ਦੀ ਆਤਮਾ ਵਾਸਤੇ ਭਾਰੂ ਹੋ ਗਿਆ ਸੀ। ਉਹਦਾ ਜੀ ਅੱਜ ਫਿੱਸ ਫਿੱਸ ਕੇ ਰੋਣ ਨੂੰ ਕਰਦਾ ਸੀ। ਉਹ ਇੱਕ ਘੂਰੀ ਹੋਈ ਛੱਲੀ ਫੜ ਕੇ ਬਰੂਹਾਂ ਵਿੱਚ ਪੀਹੜੀ 'ਤੇ ਬਹਿ ਗਈ। ਉਸ ਦੇ ਉਲਝੇ ਹੋਏ ਤੰਦਾਂ ਵਿੱਚ ਉਹਦੀ ਮਮਤਾ ਉਲਝੀ ਹੋਈ ਸੀ। ਪੰਜ-ਚਾਰ ਦਿਨ ਤੋਂ ਮਨਜੀਤ ਦੀਆਂ ਗੱਲਾਂ ਤੇ ਹਰਕਤਾਂ ਬੜੀਆਂ ਅਜੀਬ ਜਿਹੀਆਂ ਹੋ ਗਈਆਂ ਸਨ। ਅਜਿਹੀਆਂ ਹਰਕਤਾਂ ਜਾਂ ਮੁਗਧ ਬੱਚਾ ਕਰਦਾ ਹੈ, ਜਾਂ ਪਾਗਲ। ਉਹ ਕਹਿੰਦੀ, "ਮਾਂ ! ਮਾਂਵਾਂ ਪੁੱਤਰਾਂ ਨੂੰ ਤਾਂ ਪਿਆਰ ਕਰਦੀਆਂ ਨੇ, ਉਹਨਾਂ ਪਿਛਲੀ ਉਮਰ ਖੱਟ ਕੇ ਖੁਆਉਣਾ ਹੁੰਦਾ ਏ ਤੇ ਜਾਇਦਾਦ ਦੇ ਮਾਲਕ ਬਣਨਾ ਹੁੰਦਾ ਏ, ਪਰ ਧੀਆਂ ਨਾਲ ਕਿਉਂ ਮੋਹ ਕਰਦੀਆਂ ਨੇ ? ਧੀ ਮਰ ਜਾਏ ਤਾਂ ਮਾਂਵਾਂ ਕਿਉਂ ਰੋਂਦੀਆਂ ਨੇ ? ਸਗੋਂ ਉਹਨਾਂ ਨੂੰ ਦਿੱਤ-ਦਾਜ ਦੇਣ ਤੋਂ ਛੁਟਕਾਰਾ ਮਿਲ ਜਾਂਦਾ ਏ। ਜੇ ਭਲਾ ਮੈਂ ਮਰ ਜਾਵਾਂ, ਤਾਂ ਤੂੰ ਵੀ ਮੈਨੂੰ ਰੋਵੇਂਗੀ ? ਕੀ ਮਰ ਕੇ ਆਦਮੀ ਫੇਰ 'ਕੱਠੇ ਨਹੀਂ ਹੁੰਦੇ ? ਇੱਕ ਵਾਰ ਵਿੱਛੜ ਕੇ ਫੇਰ ਨਹੀਂ ਮਿਲਦੇ ? ਮਰਨੋ ਤੇ ਵਿਛੜਨੋ ਲੋਕੀਂ ਕਿਉਂ ਡਰਦੇ ਨੇ ?" ਤੇ ਅਜਿਹੀਆਂ ਹੀ ਝੱਲ ਵਲੱਲੀਆਂ ਹੋਰ ਕਈ ਗੱਲਾਂ ਉਹ ਆਪ ਮੁਹਾਰੀ ਕਰੀ ਜਾਂਦੀ। ਮਾਂ ਖਿੱਝ ਕੇ ਕਹਿੰਦੀ, "ਮਨਜੀਤ ! ਤੂੰ ਸਗੋਂ ਦਿਨੋਂ-ਦਿਨ ਬਾਲੜੀ ਈ ਬਣਦੀ ਜਾਂਦੀ ਏਂ ? ਬਹੁਤਾ ਛਿੰਦ-ਪੁਣਾ ਕਰੇਂਗੀ ਤਾਂ ਮੈਂ ਮਾਰਾਂਗੀ।" ਪਰ ਇਹ ਮਾਂ ਧੀ-ਦੋਵੇਂ-ਜਾਣਦੀਆਂ ਸਨ ਕਿ 'ਮਾਰਾਂਗੀ' ਸ਼ਬਦ ਵਰਤੋਂ ਵਿਚ ਨਹੀਂ ਆ ਸਕਦਾ। ਇਹ ਕੇਵਲ ਕਹਿਣ ਵਾਸਤੇ ਹੀ ਸੀ।

ਵਿਛੜਨ ਤੋਂ ਇਕ ਦਿਨ ਪਹਿਲਾਂ, ਮਨਜੀਤ ਨੇ ਆਪਣੇ ਗਏ ਬਚਪਨ ਨੂੰ ਮੋੜ ਲਿਆਉਣ ਵਿਚ ਕੋਈ ਕਸਰ ਨਾ ਛੱਡੀ। ਉਹ ਬਾਹਰੋਂ ਆ ਕੇ ਮਾਂ ਦੀ ਗੋਦੀ ਵਿੱਚ ਲੇਟਣ ਲੱਗ ਪਈ ਤੇ ਲੱਗੀ ਬੱਚਿਆਂ ਵਾਂਗ ਜ਼ਿਦ ਕਰਨ: "ਊਂ, ਊਂ ! ਖੰਡ ਘਿਓ ਨਾਲ ਰੋਟੀ ਨੈਣੀ ਏਂ।" ਮਾਂ ਉਹਦੇ ਮੂੰਹ ਵੱਲ ਵੇਖ ਕੇ ਹੱਸਣ ਲੱਗ ਪਈ। ਉਹ ਛੱਲੀਆਂ ਅਟੇਰ ਰਹੀ ਸੀ। ਮਨਜੀਤ ਨੇ ਉਹਦੇ ਹੱਥਾਂ 'ਚੋਂ ਅੱਟੀ ਖੋਹ ਲਈ, ਅਟੇਰਨ ਉਖੇੜ ਘੱਤਿਆ ਤੇ ਨਾਲ ਲਟਕਦੀ ਛੱਲੀ ਘੂਰ ਘੱਤੀ। ਮਾਂ ਨੇ ਲਾਡ ਨਾਲ ਉਹਦੇ ਮੂੰਹ ਉਤੇ ਹੌਲੀ-ਹੌਲੀ ਦੋ ਚਪੇੜਾਂ ਮਾਰੀਆਂ, ਤੇ ਕਿਹਾ, "ਕਿੱਡੀ ਚੁੜੀਤੀ ਏਂ ਕੁੜੀਏ ਤੂੰ!"

ਅੱਜ ਓਹਾ ਘੂਰੀ ਹੋਈ ਛੱਲੀ ਠੀਕ ਕਰਨ ਲੱਗਿਆ ਮਾਂ ਦੀਆਂ ਅੱਖਾਂ ਸਾਮ੍ਹਣੇ ਓਹਾ ਦ੍ਰਿਸ਼ ਆ ਗਿਆ, ਤੇ ਫਿਰ ਉਸ ਤੋਂ ਵੀ ਪੰਦਰਾਂ ਸੋਲਾਂ ਸਾਲ ਪਹਿਲਾਂ ਦੀ ਯਾਦ। ਉਹਦਾ ਛਿਆਂ ਸੱਤਾਂ ਵਰ੍ਹਿਆਂ ਦਾ ਇੱਕੋ-ਇੱਕ ਲੜਕਾ ਬਾਹਰੋਂ ਭੱਜਾ ਭੱਜਾ ਆਉਂਦਾ ਤੇ ਮਾਂ ਦੇ ਗਲ ਨੂੰ ਜੱਫੀ ਪਾ ਕੇ ਆਹੰਦਾ, "ਮਾਂ ! ਮੇਰੀ ਭੈਣ ਕੋਈ



WWW.SIKHBOOKCLUB.COM 

ਨਹੀਂ ? ਮੈਂ ਬੀਬੀ ਕੀਹਨੂੰ ਆਖਾਂ ?" ਇਸ ਖ਼ਿਆਲ ਦੇ ਆਉਂਦਿਆਂ ਹੀ ਅੱਜ ਮਾਂ ਦੀਆਂ ਅੱਖਾਂ ਭਰ ਆਈਆਂ। ਪੂਰੇ ਸੱਤਾਂ ਵਰ੍ਹਿਆਂ ਪਿੱਛੋਂ ਮਨਜੀਤ ਹੋਈ। ਉਹਦੇ ਜੰਮਣ ਦੀਆਂ ਪੁੱਤਰਾਂ ਵਾਂਗ ਖ਼ੁਸ਼ੀਆਂ ਮਨਾਈਆਂ ਗਈਆਂ। ਮਾਂ, ਪੁੱਤਰ ਨੂੰ ਕਹਿੰਦੀ, "ਲੈ, ਰੱਬ ਨੇ ਤੇਰੀ ਭੈਣ ਘੱਲ ਦਿੱਤੀ ਊ। ਆਹੰਦਾ ਸੈਂ 'ਮੈਂ ਬੀਬੀ ਕੀਹਨੂੰ ਆਖਾਂ।" ਉਹਦੇ ਦਿਲ ਵਿੱਚ ਇਹ ਖ਼ਿਆਲ ਬੜੇ ਤੇਜ਼ ਦੌੜੇ ਜਾ ਰਹੇ ਸਨ ਤੇ ਉਹਦੀ ਨਜ਼ਰ ਮਨਜੀਤ ਦੇ ਲੱਥੇ ਹੋਏ ਕੱਪੜਿਆਂ 'ਤੇ ਟਿਕੀ ਹੋਈ ਸੀ। ਉਹਨੂੰ ਇਉਂ ਭਾਸਣ ਲੱਗਾ, ਜਿਵੇਂ ਉਹ ਨਿਰੇ ਕੱਪੜੇ ਨਹੀਂ, ਸਗੋਂ ਸੱਗਵੀਂ ਮਨਜੀਤ ਬੈਠੀ ਮਾਂ ਨਾਲ ਗੱਲਾਂ ਕਰ ਰਹੀ ਹੈ। ਉਹਨੇ ਛੱਲੀ ਭੋਇੰ 'ਤੇ ਰੱਖ ਦਿੱਤੀ ਤੇ ਉਠ ਕੇ ਮਨਜੀਤ ਦੇ ਕੱਪੜੇ ਮੰਜੇ ਤੋਂ ਚੁੱਕ ਲਏ, ਪਰ ਉਹ ਸਮਝ ਨਾ ਸਕੀ ਕਿ ਉਹਨੇ ਕਿਉਂ ਚੁੱਕੇ ਹਨ। ਉਹਨੇ ਤਿੰਨ ਕੱਪੜੇ-ਪਹਿਲਾਂ ਚੁੰਨੀ, ਫੇਰ ਸਲਵਾਰ, ਫਿਰ ਕੁੜਤਾ—ਇਕ ਇਕ ਕਰਕੇ ਕਿਲੀ 'ਤੇ ਟੰਗ ਦਿੱਤੇ। ਅਜੇ ਉਹ ਪਿਛਾਂਹ ਹਟਣ ਹੀ ਲੱਗੀ ਸੀ ਜਾਂ ਕੁੜਤਾ ਸਰਕ ਕੇ ਥੱਲੇ ਜਾ ਪਿਆ। ਉਹਨੇ ਫਿਰ ਭੋਇੰ ਤੋਂ ਚੁੱਕਿਆ ਤਾਂ ਉਹਦੀ ਉਤਲੀ ਜੇਬ ਪੁੱਠੀ ਹੋ ਗਈ ਤੇ ਵਿਚੋਂ ਤਹਿ ਕੀਤਾ ਹੋਇਆ ਕਾਗਜ਼ ਥੱਲੇ ਡਿੱਗ ਪਿਆ। ਉਹਨੇ ਉਸ ਵੱਲ ਕੋਈ ਧਿਆਨ ਨਾ ਦਿੱਤਾ ਤੇ ਫਿਰ ਪੀਹੜੀ 'ਤੇ ਬਹਿ ਕੇ ਛੱਲੀ ਸੁਆਰਨ ਲੱਗ ਪਈ। ਸੁਤੇ ਹੀ ਉਹਦਾ ਧਿਆਨ ਉਸ ਕਾਗਜ਼ 'ਤੇ ਜਾ ਟਿਕਿਆ, ਤੇ ਉਹ ਕਿੰਨਾ ਚਿਰ ਓਸੇ ਵੱਲੇ ਵਿਹੰਦੀ ਰਹੀ। ਹੱਥ ਉਹਦੇ ਧਾਗਿਆਂ ਵਿਚ ਉਲਝੇ ਹੋਏ ਸਨ ਤੇ ਨਿਗ੍ਹਾ ਕਾਗਜ਼ ਵਿਚ। ਉਹਨੂੰ ਇਉਂ ਪ੍ਰਤੀਤ ਹੋਣ ਲੱਗਾ, ਜਿਵੇਂ ਉਹ ਕਾਗਜ਼ ਸਰਕ ਸਰਕ ਕੇ ਉਸ ਵੱਲ ਆ ਰਿਹਾ ਹੈ। ਉਹਦੇ ਜੀ ਨੂੰ ਬੜੀ ਧੂਹ ਜਹੀ ਪਈ। ਉਹਨੇ ਛੱਲੀ ਛੱਡ ਕੇ ਕਾਗਜ਼ ਜਾ ਚੁੱਕਿਆ ਤੇ ਖੋਲ੍ਹ ਕੇ ਵੇਖਣ ਲੱਗੀ। ਇਹ ਮਨਜੀਤ ਦੀ ਚਿੱਠੀ ਸੀ। ਲਿਖਿਆ ਸੀ :

"ਪੂਜਯ ਮਾਤਾ ਜੀਉ !

"ਤੁਹਾਡੀ ਮਨਜੀਤ ਅੱਜ ਤੁਹਾਥੋਂ ਸਦਾ ਵਾਸਤੇ ਵਿਛੜ ਰਹੀ ਹੈ। ਉਹ ਓਸੇ ਘਰ ਜਾ ਰਹੀ ਹੈ, ਜਿਹੜਾ ਤੁਸਾਂ ਸਭ ਤੋਂ ਪਹਿਲਾਂ ਉਹਦੇ ਵਾਸਤੇ ਨੀਯਤ ਕੀਤਾ ਸੀ। ਮਾਂ ! ਮੈਂ ਉਮਰ ਭਰ ਏਸ ਘਰ ਨੂੰ ਨਾ ਛੱਡਦੀ, ਜੇ ਤੁਸੀਂ ਮੇਰੇ ਵਿਆਹ ਦੀ ਦੂਜੇ ਥਾਂ ਕਾਹਲੀ ਨਾ ਪਾ ਦੇਂਦੇ। ਜਿਹੜਾ 'ਵਰ' ਤੁਸਾਂ ਪਹਿਲਾਂ ਮੈਨੂੰ ਦਿੱਤਾ ਸੀ, ਮੈਂ ਉਹਨੂੰ ਦਿਲੋਂ ਪਤੀ-ਪਰਮੇਸ਼ਰ ਧਾਰ ਚੁੱਕੀ ਸਾਂ। ਮੇਰਾ ਸਤੀ ਧਰਮ ਕਿਸੇ ਹਾਲਤ ਵਿਚ ਵੀ ਮੈਨੂੰ ਆਗਿਆ ਨਹੀਂ ਸੀ ਦੇਂਦਾ ਕਿ ਮੈਂ ਇਕ ਪਤੀ ਜਿਉਂਦਾ ਛੱਡ ਕੇ ਕਿਸੇ ਦੂਜੇ ਅੱਗੇ ਆਪਣੀ ਪੱਤ ਵੇਚ ਦੇਂਦੀ। ਮਾਂ ! ਕੀ ਇਕ ਦੀ ਹੁੰਦਿਆਂ ਹੋਇਆਂ ਦੂਜੇ ਘਰ ਵਸਣਾ ਵਿਭਚਾਰ ਨਹੀਂ ? ਏਹਾ ਵਿਚਾਰ ਹਨ, ਜਿਨ੍ਹਾਂ ਮੈਨੂੰ ਇਹ ਕੁਛ



WWW.SIKHBOOKCLUB.COM 

ਕਰਨ 'ਤੇ ਮਜਬੂਰ ਕਰ ਦਿੱਤਾ।...ਮੈਂ ਜਾਣਦੀ ਹਾਂ, ਮੇਰੀ ਇਸ ਕਰਤੂਤ ਤੋਂ ਜਿੰਨਾ ਦੁੱਖ ਤੁਹਾਨੂੰ ਹੋਵੇਗਾ। ਜੇ ਧਰਮ ਪੁਸਤਕਾਂ ਵਿਚ ਆਤਮਘਾਤ ਪਾਪ ਨਾ ਮੰਨਿਆ ਹੁੰਦਾ, ਤਾਂ ਮੈਂ ਤੁਹਾਨੂੰ ਕਲੇਸ਼ ਪੁਚਾਉਣ ਦੀ ਥਾਂ ਆਪਣੀ ਜਾਨ 'ਤੇ ਖੇਡ ਜਾਂਦੀ। ਚੰਗਾ ਹੁੰਦਾ, ਜੇ ਮੈਂ ਕੱਲ੍ਹ ਤੋਂ ਪਹਿਲਾਂ ਮਰ ਗਈ ਹੁੰਦੀ। ਪਰ ਇਹ ਸਾਡੇ ਭਾਗਾਂ ਵਿਚ ਨਹੀਂ ਸੀ। ਹੁਣ ਹੋਰ ਨਹੀਂ ਲਿਖਿਆ ਜਾਂਦਾ।...ਮੈਨੂੰ ਅੱਜ ਤਕ ਲਡਾਏ ਹੋਏ ਲਾਡਾਂ ਦਾ ਵਾਸਤਾ ਈ, ਮਾਂ ! ਮੈਨੂੰ ਮਰ ਗਈ ਸਮਝ ਕੇ ਵਿਸਾਰ ਦੇਈਂ। ਤੇਰੀ ਮਨਜੀਤ ਜਿਉਂਦੀ ਮਰ ਗਈ ਏ, ਉਹਨੂੰ ਰੋਵੀਂ ਨਾ।

"ਮਾਪਿਆਂ ਦੇ ਰਾਜ ਵਿਚੋਂ ਸਦਾ ਵਾਸਤੇ ਧੱਕੀ ਹੋਈ,
"ਤੇਰੀ ਅਮੋੜ ਮਨਜੀਤ"

ਅਭਾਗਣ ਮਾਂ ਜਿਉਂ-ਜਿਉਂ ਚਿੱਠੀ ਪੜ੍ਹਦੀ ਗਈ, ਉਹਦੀਆਂ ਅੱਖਾਂ ਵਿਚੋਂ ਜਿਦੋ ਜਿਦੀ ਹੰਝੂ ਵਹਿੰਦੇ ਗਏ। ਚਿੱਠੀ ਮੁੱਕ ਗਈ, ਤਾਂ ਉਹਦੀਆਂ ਉੱਚੀ-ਉੱਚੀ ਧਾਹੀਂ ਨਿਕਲ ਗਈਆਂ। ਉਹਨੇ ਛੇਤੀ ਨਾਲ ਆਪਣੇ ਦੋਵੇਂ ਹੱਥ ਮੂੰਹ ਅੱਗੇ ਦੇ ਲਏ। ਉਹ ਨਹੀਂ ਸੀ ਚਾਹੁੰਦੀ ਕਿ ਉਹਦੇ ਰੋਣ ਦੀ 'ਵਾਜ ਕੋਈ ਹੋਰ ਸੁਣੇ। ਉਹ ਮਨਜੀਤ ਦੇ ਕੱਪੜਿਆਂ ਨੂੰ ਹਿੱਕ ਨਾਲ ਲਾ ਕੇ ਅੰਦਰੋ ਅੰਦਰ-ਹੁਭਕੀਂ ਹੁਭਕੀਂ—ਰੋ ਰਹੀ ਸੀ। ਬੇਕਾਬੂ ਹੋ ਕੇ ਚੀਕਾਂ ਉੱਚੀਆਂ ਉਠਦੀਆਂ ਸਨ, ਪਰ ਉਹ ਉੱਤੇ ਲੱਜ-ਸ਼ਰਮ ਦੇ ਦਾਬੂ ਰੱਖ ਕੇ ਉਹਨਾਂ ਨੂੰ ਦਬਾ ਦੇਂਦੀ ਸੀ। ਜਿਉਂ-ਜਿਉਂ ਬਾਹਰ ਉਠਦੀਆਂ ਲੰਬਾਂ ਨੂੰ ਉਹ ਰੋਕਦੀ ਸੀ, ਅੰਦਰ ਅੱਗ ਸਗੋਂ ਵਧਦੀ ਸੀ। ਉਹਦੇ ਅੰਦਰ ਇਕ ਪਾਸੇ ਮਮਤਾ ਕੁਰਲਾ ਰਹੀ ਸੀ ਤੇ ਇਕ ਪਾਸੇ ਲੋਕ ਲਾਜ ਕਾਤੀਆਂ ਚੁਭੋ ਰਹੀ ਸੀ। ਉਹਦੇ ਖ਼ਿਆਲਾਂ ਵਿਚ ਏਨਾ ਭਿਆਨਕ ਉਬਾਲ ਉਠ ਰਿਹਾ ਸੀ, ਜਿਸ ਤੋਂ ਹਾਰ ਖਾ ਕੇ ਉਹਦੀ ਸਮਝ ਮੈਦਾਨ ਛੱਡ ਗਈ ਸੀ। ਉਹਦੀ ਵਿਚਾਰ ਸ਼ਕਤੀ ਗ਼ਮ ਦੀਆਂ ਲਹਿਰਾਂ ਨਾਲ ਟਕਰਾ ਕੇ ਛਿੰਨ ਭਿੰਨ ਹੋ ਗਈ ਸੀ। ਹੁਣ ਉਹ ਮਨਜੀਤ ਦੇ ਕੱਪੜਿਆਂ ਵਿੱਚ ਮੂੰਹ ਲੁਕਾ ਕੇ ਮੰਜੇ ਉੱਤੇ ਮੂਧੇ ਮੂੰਹ ਪਈ ਹੋਈ ਸੀ। ਉਹਦੀ ਸੁਰਤ ਗੁੰਮ ਹੁੰਦੀ ਹੁੰਦੀ ਬੇਹੋਸ਼ੀ ਵਿਚ ਬਦਲ ਗਈ। ਉਹਨੂੰ ਇਹ ਵੀ ਪਤਾ ਨਾ ਰਿਹਾ ਕਿ ਉਹ ਕਿੰਨਾ ਚਿਰ ਏਸੇ ਹਾਲਤ ਵਿੱਚ ਪਈ ਰਹੀ।

ਦਿਨ ਛਿਪ ਕੇ ਹਨ੍ਹੇਰਾ ਹੋ ਚੁੱਕਾ ਸੀ, ਜਾਂ ਮਨਜੀਤ ਦਾ ਭਰਾ ਮੇਲੇ ਤੋਂ ਵਾਪਸ ਆਇਆ। ਉਹ ਮਾਂ ਦੀ ਇਹ ਹਾਲਤ ਵੇਖ ਕੇ ਹੈਰਾਨ ਰਹਿ ਗਿਆ। ਉਹਨੇ ਘਬਰਾਈ ਹੋਈ ਸੁਰ ਵਿਚ ਪੁੱਛਿਆ, "ਮਾਂ ! ਕੀ ਗੱਲ ਏ? ਸੁੱਖ ਤਾਂ ਹੈ ?"

ਮਾਂ ਨੇ ਸਿਰ ਉਤਾਂਹ ਕਰਕੇ ਇਕ ਵਾਰ ਪੁੱਤਰ ਵੱਲੋ ਵੇਖਿਆ, ਪਰ ਫਿਰ ਅੱਖਾਂ ਨੀਵੀਆਂ ਕਰ ਲਈਆਂ। ਰੁਕੇ ਹੋਏ ਹੰਝੂ ਇਕ ਵਾਰ ਫੇਰ ਉਹਦੀਆਂ ਅੱਖਾਂ 'ਚੋਂ ਫੁਟ ਨਿਕਲੇ। ਇਹ ਵੇਖ ਕੇ ਮੁੰਡਾ ਘਬਰਾ ਗਿਆ। ਉਹਨੇ ਅਗ੍ਹਾਂ ਵਧ ਕੇ ਮਾਂ ਨੂੰ ਬਾਂਹੋਂ

ਫੜ ਕੇ ਹਿਲਾਇਆ ਤੇ ਪੁੱਛਿਆ, "ਮਾਂ, ਤਾਂ ਵੀ ਗੱਲ ਕੀ ਏ ? ਦੱਸੇਂ ਵੀ ਕੁਛ ?"

ਫਿਰ ਵੀ ਮਾਂ ਦਾ ਹੌਸਲਾ ਨਾ ਪਿਆ ਕੁਛ ਕਹਿਣ ਦਾ। ਹਾਂ, ਹਉਕੇ ਜ਼ਰਾ ਅੱਗੇ ਨਾਲੋਂ ਉਚੇਰੇ ਹੋ ਗਏ। ਤੀਜੀ ਵਾਰ ਮੁੰਡੇ ਨੇ ਫਿਰ ਪੁੱਛਿਆ, "ਪਰ ਮੈਨੂੰ ਕੁਛ ਪਤਾ ਵੀ ਲੱਗੇ ? ਮਨਜੀਤ ਕਿੱਥੇ ਆ ?"

ਮਨਜੀਤ ਦਾ ਨਾਂ ਸੁਣ ਕੇ ਮਾਂ ਦੀਆਂ ਉੱਚੀ-ਉੱਚੀ ਧਾਹੀਂ ਨਿਕਲ ਗਈਆਂ। ਉਹਨੇ ਹਟਕੋਰੇ ਭਰਦੀ ਨੇ ਕਿਹਾ, "ਕਿੱਥੇ ਦੱਸਾਂ ? ਮਨਜੀਤ ਆਪ ਮਰ ਗਈ ਤੇ ਸਾਨੂੰ ਮੋਇਆਂ ਤੋਂ ਵੀ ਪਰਲੇ ਪਾਰ ਕਰ ਗਈ। ਆਹ ਪੜ੍ਹ ਲੈ ਉਹਦੀ ਚਿੱਠੀ।" ਉਹਨੇ ਚਿੱਠੀ ਪੁੱਤਰ ਦੇ ਹੱਥ ਦੇ ਦਿੱਤੀ। ਜਿਉਂ-ਜਿਉਂ ਉਹ ਚਿੱਠੀ ਪੜ੍ਹਦਾ ਗਿਆ, ਕ੍ਰੋਧ ਨਾਲ ਪਾਗ਼ਲ ਹੁੰਦਾ ਗਿਆ। ਉਹਦੇ ਤਨ ਮਨ ਵਿਚ ਭਾਂਬੜ ਬਲ ਉੱਠੇ, ਨੇਤਰ ਭੱਖ ਕੇ ਅੰਗਿਆਰਾਂ ਵਾਂਗ ਲਾਲ ਹੋ ਗਏ ਤੇ ਗ਼ੁੱਸੇ ਨਾਲ ਸਰੀਰ ਦੇ ਅੰਗ ਫਰਕਣ ਲੱਗ ਪਏ। ਉਹ ਸਿਰ ਤੋਂ ਪੈਰਾਂ ਤੱਕ ਅੱਗ ਰੂਪ ਹੋ ਗਿਆ। ਮਾਂ ਉਹਦੀ ਇਸ ਦਾਨਵੀ ਹਾਲਤ ਨੂੰ ਬੜੇ ਧਿਆਨ ਨਾਲ ਵੇਖ ਰਹੀ ਸੀ। ਉਹ ਪਲੋ ਪਲ ਭਿਆਨਕ ਸੂਰਤ ਧਾਰਨ ਕਰੀ ਜਾ ਰਿਹਾ ਸੀ। ਜਵਾਲਾ-ਮੁਖੀ ਵਾਂਗ ਉਹਦੇ ਨੈਣਾਂ ਵਿਚੋਂ ਲਾਟਾਂ ਨਿਕਲ ਰਹੀਆਂ ਸਨ। ਉਹਨੇ ਚਿੱਠੀ ਭੁਆ ਕੇ ਮਾਂ ਅੱਗੇ ਸੁੱਟ ਦਿੱਤੀ, ਤੇ ਚੁੱਪ ਚਾਪ ਅਗਲੇ ਅੰਦਰ ਵੜ ਗਿਆ। ਇਸ ਚੁੱਪ ਦਾ ਅਰਥ ਮਾਂ ਤੋਂ ਗੁੱਝਾ ਨਹੀਂ ਸੀ। ਉਹ ਵੀ ਮੰਜੇ ਤੋਂ ਉੱਠੀ ਤੇ ਅੰਦਰਲੇ ਬੂਹੇ ਵਿੱਚ ਹੋ ਖਲੋਤੀ। ਏਨੇ ਨੂੰ ਮੁੰਡੇ ਨੇ ਅੰਦਰੋਂ ਬਰਛੀ ਕੱਢ ਕੇ ਡਾਂਗ ਨੂੰ ਲਾ ਲਈ। ਇਹ ਵੇਖ ਕੇ ਮਾਂ ਦੀਆਂ ਅੱਖਾਂ ਅੱਗੇ ਹਨ੍ਹੇਰਾ ਛਾ ਗਿਆ। ਉਹਦੇ ਸਿਰ ਨੂੰ ਚੱਕਰ ਆਇਆ ਤੇ ਸਾਰਾ ਸਰੀਰ ਡਰ ਨਾਲ ਕੰਬ ਉਠਿਆ। ਬਰਛੀ ਦੀ ਧਾਰ ਵਿਚੋਂ ਉਹਨੂੰ ਢਿਡੋਂ ਜਣੀ ਮਨਜੀਤ ਦੀ ਮੌਤ ਹਸਦੀ ਜਾਪੀ। ਉਹਨੇ ਤ੍ਰਭਕ ਕੇ ਕਿਹਾ,"ਛਿੰਦਿਆ ! ਇਹ ਕੀ ਲੱਗਾ ਏਂ ਕਰਨ ? ਸਾਨੂੰ ਅਸਲੋਂ ਲੱਗਾ ਏਂ ਮਾਰਨ ?"

"ਕੀ ਕਰਨ ਲੱਗਾ ਆਂ ?" ਕ੍ਰੋਧ ਵਿਚ ਕੰਬਦੇ ਹੋਏ ਗਭਰੂ ਨੇ ਕਿਹਾ। "ਜਿਨ੍ਹਾਂ ਹੱਥਾਂ ਨਾਲ ਉਹਨੂੰ ਖਡਾਇਆ ਸੀ, ਜਿੰਨਾ ਚਿਰ ਓਹਾ ਹੱਥ ਉਹਦੇ ਲਹੂ ਵਿਚ ਨਹੀਂ ਰੰਗ ਲੈਂਦਾ, ਮੇਰੇ ਅੰਦਰ ਲੱਗੀ ਨਹੀਂ ਬੁਝਦੀ। ਜਿੰਨਾ ਚਿਰ ਮੈਂ ਉਹਨਾਂ ਦੋਹਾਂ ਦੇ ਸਿਰ ਨਹੀਂ ਲਾਹ ਲੈਂਦਾ, ਮੇਰੇ ਵਾਸਤੇ ਪਾਣੀ ਪੀਣਾ ਹਰਾਮ ਏਂ। ਬੱਸ, ਜਾਂ ਮਰ ਜਾਵਾਂਗਾ, ਤੇ ਜਾਂ ਉਹਨਾਂ ਨੂੰ ਮਾਰ ਦਿਆਂਗਾ।"

"ਪੁੱਤਰ, ਪਹਿਲਾਂ ਮੇਰੀ ਹਿੱਕ ਵਿਚੋਂ ਏਹਾ ਬਰਛੀ ਪਾਰ ਕਰ ਜਾਹ, ਤੇ ਫੇਰ ਅਗ੍ਹਾਂ ਜਾਈਂ।" ਮਾਂ ਨੇ ਤੜਪਦੀ 'ਵਾਜ ਵਿਚ ਕਿਹਾ। "ਧੀ ਮਰੀ ਦੇ ਮਗਰ ਮੈਂ ਪੁੱਤਰ ਵੀ ਮਾਰ ਲਵਾਂ ? ਮੇਰੀ ਦੁਨੀਆਂ ਵਸਦੀ ਰਹੇਗੀ ਕਿ ਉਜੜ ਜਾਏਗੀ ? ਮੈਂ ਨਹੀਂ.....।"

ਅਜੇ ਵਾਕ ਪੂਰਾ ਨਹੀਂ ਸੀ ਹੋਇਆ ਜਾਂ ਮੁੰਡਾ ਇਹ ਕਹਿੰਦਾ ਹੋਇਆ, "ਹਟ ਜਾ ਪਰ੍ਹਾਂ ਮੇਰੀਆਂ ਅੱਖੀਂ ਅੱਗੋਂ" ਜ਼ੋਰ ਨਾਲ ਬਾਹਰ ਨੂੰ ਵਧਿਆ। ਮਮਤਾ ਦੀ ਮਾਰੀ ਮਾਂ ਨੇ ਅੱਗੋਂ ਪੁੱਤਰ ਨੂੰ ਘੁੱਟ ਕੇ ਜੱਫੀ ਪਾ ਲਈ। ਉਹਨੇ ਸਾਰਾ ਤਾਣ ਲਾਇਆ ਉਹਨੂੰ ਰੋਕਣ ਦਾ, ਪਰ ਬਿਰਧ ਮਾਂ ਗ਼ੁੱਸੇ ਵਿੱਚ ਰਾਕਸ਼ ਬਣੇ ਹੋਏ ਜਵਾਨ ਪੁੱਤਰ ਨੂੰ ਰੋਕ ਨਾ ਸਕੀ। ਉਹ ਜ਼ੋਰ ਨਾਲ ਬਾਹੀਂ ਛੁਡਾ ਕੇ ਅਗ੍ਹਾਂ ਵਧਿਆ ਤਾਂ ਮਾਂ ਭੁਆਟਣੀ ਖਾ ਕੇ ਚੁਗਾਠ ਦੀ ਬਾਹੀ ਨਾਲ ਜਾ ਵੱਜੀ। ਲੱਕੜ ਦੀ ਤਿੱਖੀ ਅੱਸੀ ਉਹਦੇ ਮੱਥੇ ਵਿਚ ਇਕ ਪਾਸੇ ਕਰਕੇ ਇੰਚ ਭਰ ਖੁੱਭ ਗਈ। ਉਹ ਬੇਹੋਸ਼ ਹੋ ਕੇ ਦਲ੍ਹੀਜਾਂ ਵਿਚ ਮੂੰਹ ਭਾਰ ਜਾ ਪਈ। ਗਰਮੀ ਨਾਲ ਉਬਲਦਾ ਲਹੂ ਫੁਹਾਰੇ ਵਾਂਗ ਫੁਟ ਨਿਕਲਿਆ। ਸੁਫੇ ਦੇ ਬੂਹੇ 'ਚੋਂ ਬਾਹਰ ਨਿਕਲ ਕੇ ਪੁੱਤਰ ਨੇ ਇੱਕ ਵਾਰ ਪਿੱਛਾ ਭੌਂ ਕੇ ਵੇਖਿਆ ਤਾਂ ਜੋ ਕੁਛ ਉਹਨੂੰ ਨਜ਼ਰੀਂ ਪਿਆ, ਉਸ ਨੇ ਉਹਦੇ ਸਾਰੇ ਹਥਿਆਰ ਖੋਹ ਲਏ। ਉਹਨੂੰ ਲਹੂ ਵਿਚ ਲੱਥ-ਪੱਥ ਹੋਈ ਹੋਈ ਮਾਂ ਦੀ ਲੋਥ ਤੜਪਦੀ ਦਿੱਸੀ। ਉਹਨੇ ਬਰਛੀ ਓਥੇ ਹੀ ਸੁੱਟ ਦਿੱਤੀ ਤੇ ਭੱਜ ਕੇ ਮਾਂ ਨੂੰ ਆ ਚੁੱਕਿਆ। ਉਹਦੇ ਚਿਹਰੇ ਦਾ ਇਕ ਪਾਸਾ ਲਹੂ ਨਾਲ ਭਰਿਆ ਹੋਇਆ ਸੀ ਤੇ ਦੂਜਾ ਪਾਸਾ ਮੌਤ ਦੇ ਪਰਛਾਵੇਂ ਥੱਲੇ ਫਿੱਕਾ ਹੋਇਆ ਪਿਆ ਸੀ। ਇਹ ਵੇਖ ਕੇ ਪੁੱਤਰ ਦੀਆਂ ਧਾਹੀਂ ਨਿਕਲ ਗਈਆਂ। ਉਹਨੇ ਮਾਂ ਨੂੰ ਚੁੱਕ ਕੇ ਮੰਜੇ 'ਤੇ ਲਿਟਾ ਦਿੱਤਾ। ਉਹ ਨਿਰੀ ਲੋਥ ਭਾਸ ਰਹੀ ਸੀ। ਐਨ ਇਸ ਵੇਲੇ ਮਨਜੀਤ ਦਾ ਪਿਉ ਬਾਹਰੋਂ ਆ ਗਿਆ। ਦੋਹਾਂ-ਪਿਉ ਪੁੱਤਰ-ਨੇ ਰਲ ਕੇ ਫੱਟੜ ਦੀ ਦੰਦਣ ਖੋਲ੍ਹੀ ਤੇ ਵਗਿਆ ਹੋਇਆ ਲਹੂ ਪਾਣੀ ਨਾਲ ਸਾਫ਼ ਕਰਕੇ ਜ਼ਖ਼ਮ 'ਤੇ ਪੱਟੀ ਬੱਧੀ। ਕਿਤੇ ਡੂਢ ਘੰਟੇ ਪਿੱਛੋਂ ਉਹਨੂੰ ਸੁਰਤ ਆਈ। ਉਹਨੇ ਪੀੜ ਅਨੁਭਵ ਕਰਕੇ ਮੱਥੇ ਨੂੰ ਹੱਥ ਮਾਰਿਆ ਤੇ ਮੂੰਹੋਂ ਬੜੀ ਔਖਿਆਈ ਨਾਲ 'ਹਾਇ' ਕਿਹਾ। ਮਨਜੀਤ ਦੇ ਪਿਉ ਨੇ ਕਈ ਵਾਰ ਇਸ ਦੁਰਘਟਨਾ ਦਾ ਕਾਰਨ ਪੁੱਛਿਆ, ਪਰ ਮੁੰਡੇ ਨੇ ਹਰ ਵਾਰ ਏਹਾ ਉੱਤਰ ਦਿੱਤਾ, "ਮੇਰੀ ਮਾਂ ਹੋਸ਼ ਵਿਚ ਆਵੇਗੀ, ਤਾਂ ਦੱਸੇਗੀ ।"

ਉਹਦੀ ਸੁਰਤ ਬਿਲਕੁਲ ਠੀਕ ਹੋ ਗਈ। ਪੈਂਦ ਵੱਲੇ ਬੈਠੇ ਪੁੱਤਰ ਨੂੰ ਵੇਖ ਕੇ ਉਹਨੇ ਦੋਵੇਂ ਬਾਂਹੀਂ ਫੈਲਾ ਦਿੱਤੀਆਂ। ਦੂਜੇ ਪਲ ਵਿਚ ਉਹ ਪੁੱਤਰ ਦਾ ਸਿਰ ਜੱਫੀ ਵਿਚ ਲੈ ਕੇ ਹਿੱਕ ਨਾਲ ਲਾਈ ਕਹਿ ਰਹੀ ਸੀ, "ਛਿੰਦਿਆ ! ਮੇਰੀ ਸੌਂਹ ਖਾ ਕੇ ਆਖ ਕਿ ਤੂੰ ਮੈਨੂੰ ਛੱਡ ਕੇ ਕਿਤੇ ਨਹੀਂ ਜਾਵੇਂਗਾ। ਮੈਂ ਮਾਂ ਦੀਆਂ ਸਾਰੀਆਂ ਕੀਤੀਆਂ ਦਾ ਬਦਲਾ ਤੈਥੋਂ ਆਪਣੇ ਪੁੱਤਰ ਦੇ ਪ੍ਰਾਣਾਂ ਦੀ ਭਿਛਿਆ ਮੰਗਦੀ ਆਂ।"

ਪੁੱਤਰ ਅੱਗੋਂ ਕੋਈ ਉੱਤਰ ਦੇਣ ਦੀ ਥਾਂ ਭੁੱਬੀਂ ਭੁੱਬੀਂ ਰੋ ਰਿਹਾ ਸੀ। ਉਹਦੇ ਪਿਤਾ ਨੇ ਸਰ੍ਹਾਣੇ ਵੱਲੋਂ ਸਾਮ੍ਹਣੇ ਪਾਸੇ ਹੋ ਕੇ ਪੁੱਛਿਆ, "ਪਰ ਇਹ ਮਾਮਲਾ ਕੀ ਏ?"

ਪਤੀ ਨੂੰ ਵੇਖ ਕੇ ਮਨਜੀਤ ਦੀ ਮਾਂ ਨੇ ਦੋਵੇਂ ਹੱਥ ਜੋੜ ਕੇ ਕਿਹਾ, "ਗੁਰੂ ਦੇ ਵਾਸਤੇ ਮੇਰੀ ਨਿਕਰਮਣ ਮਨਜੀਤ ਨੂੰ ਮਾਫ਼ ਕਰ ਦਿਉ। ਉਹਨੂੰ ਮਰ ਗਈ ਸਮਝ ਕੇ

ਵਿਸਾਰ ਦਿਉ।" ਤੇ ਏਨੀ ਕਹਿ ਕੇ ਉਹ ਫਿਰ ਬੇਹੋਸ਼ ਹੋ ਗਈ। ਮਨਜੀਤ ਦਾ ਪਿਤਾ ਕੁਛ ਕੁਛ ਸਮਝ ਗਿਆ ਕਿ ਅਸਲ ਗੱਲ ਕੀ ਹੈ। ਮੁੰਡੇ ਨੇ ਲਾਗੋ ਪਈ ਮਨਜੀਤ ਦੀ ਚਿੱਠੀ ਉਹਨੂੰ ਫੜਾ ਦਿੱਤੀ। ਉਹ ਪੜ੍ਹ ਕੇ ਬਿਨਾਂ ਮੂੰਹੋਂ ਇਕ ਅੱਖਰ ਵੀ ਕੱਢੇ ਸਿਰ ਸੁੱਟ ਕੇ ਬਹਿ ਗਿਆ। ਸਾਰੀ ਰਾਤ ਉਹਨਾਂ ਭੁੱਖੇ ਭਾਣਿਆਂ ਨੂੰ ਏਸੇ ਤਰ੍ਹਾਂ ਨਿਭ ਗਈ।

ਕਈ ਦਿਨ ਤਕ ਉਹ ਪਿਉ ਪੁੱਤਰ ਅੰਦਰੋਂ ਬਾਹਰ ਨਾ ਨਿਕਲੇ। ਮਨਜੀਤ ਦੀ ਮਾਂ ਨੇ ਵਾਸਤੇ ਪਾ ਪਾ ਤੇ ਤਰਲੇ ਕਰ ਕਰ ਕੇ ਮਸਾਂ ਜਿਹੇ ਦੋਹਾਂ ਦਾ ਗ਼ੁੱਸਾ ਠੰਢਾ ਕੀਤਾ। ਕਈ ਦਿਨਾਂ ਦੀ ਵਿਚਾਰ ਪਿੱਛੋਂ ਸਾਰੇ ਪਰਿਵਾਰ ਨੇ ਏਹਾ ਫ਼ੈਸਲਾ ਕੀਤਾ ਕਿ ਪੁੱਟੀ ਹੋਈ ਮਿੱਟੀ ਨੂੰ ਉਚਾ ਉਛਾਲ ਕੇ ਅਣਸੁਣਿਆਂ ਨੂੰ ਨਾ ਸੁਣਾਇਆ ਜਾਵੇ। ਸੋ ਮਨਜੀਤ ਨੂੰ ਜਿਉਂਦੀ ਮਰ ਗਈ ਸਮਝ ਕੇ ਉਸ ਦੇ ਹਾਲ 'ਤੇ ਛੱਡ ਦਿੱਤਾ ਤੇ ਉਹਦਾ ਪਿੱਛਾ ਨਾ ਕੀਤਾ ਗਿਆ।

ਸਮਾਂ ਪਾ ਕੇ ਮਾਂ ਦੇ ਮੱਥੇ ਦਾ ਜ਼ਖ਼ਮ ਤਾਂ ਭਰ ਗਿਆ, ਪਰ ਦਿਲ ਦਾ ਨਾ ਭਰਿਆ।

## ੨੩

ਅਜੇ ਕਿਹਾ ਨਹੀਂ ਜਾ ਸਕਦਾ ਕਿ ਮਨਜੀਤ ਨੇ ਭਲੇ ਸਮੇਂ ਨਵੇਂ ਘਰ ਵਿੱਚ ਪੈਰ ਪਾਇਆ ਜਾਂ ਬੁਰੇ। ਚੰਦੋ ਨੇ ਸਕੀਆਂ ਸੱਸਾਂ ਨਾਲੋਂ ਵੀ ਉਹਦਾ ਵੱਧ ਆਦਰ ਕੀਤਾ। ਸੂਰਤ ਦੀਆਂ ਦੋਵੇਂ ਭੈਣਾਂ ਵੀ ਸੁਣ ਕੇ ਆ ਗਈਆਂ। ਘਰ ਦੇ ਜੀ, ਇਕ ਦੂਜੇ ਤੋਂ ਵੱਧ ਕੇ ਉਸ ਨਾਲ ਪਿਆਰ ਜਤਾਉਂਦੇ ਸਨ। ਇਸ ਖ਼ੁਸ਼ੀ ਵਿੱਚ ਸਾਰਿਆਂ ਜੀਆਂ ਨੂੰ ਇਕ ਚਿੰਤਾ ਵੀ ਸੀ, ਮਨਜੀਤ ਦੇ ਮਗਰਲਿਆਂ ਦੇ ਆਉਣ ਦੀ। ਮਨਜੀਤ ਨੇ ਪਹਿਲਾਂ ਇਸ ਬਾਰੇ ਕਦੇ ਨਹੀਂ ਸੀ ਸੋਚਿਆ, ਪਰ ਹੁਣ ਇਹ ਸੋਚ ਉਹਦਾ ਕਿਸੇ ਵੇਲੇ ਪਿੱਛਾ ਨਹੀਂ ਸੀ ਛੱਡਦੀ। ਇਕ ਤਾਂ ਉਹਨੂੰ ਮਾਪਿਆਂ ਦਾ ਵਿਛੋੜਾ ਤੜਫਾ ਰਿਹਾ ਸੀ ਤੇ ਦੂਜਾ ਹਰ ਵੇਲੇ ਦਾ ਇਹ ਡਰ ਕਿ ਮੇਰਾ ਪਿਉ ਤੇ ਭਰਾ ਮੇਰੇ ਮਗਰ ਲੜਨ ਵਾਸਤੇ ਆਉਣਗੇ। ਜਦ ਉਹ ਇਹ ਸੋਚਦੀ ਕਿ ਉਹ ਮਾਰੂ ਲੜਾਈ ਉਹਦੇ ਅੰਮੀਂ ਜਾਏ ਵੀਰ ਤੇ ਸਿਰ ਦੇ ਸੁਹਾਗ ਵਿਚ ਹੋਵੇਗੀ, ਸਹਿਮ ਨਾਲ ਉਹਦਾ ਸਾਹ ਰੁਕ ਜਾਂਦਾ। ਦੋਹਾਂ ਵਿਚੋਂ ਉਹ ਕੀਹਦਾ ਲਹੂ ਡੁਲ੍ਹਦਾ ਵੇਖ ਸਕੇਗੀ ? ਉਹਦੀ ਸੁਰਤ ਗੁੰਮ ਹੋਣ 'ਤੇ ਪਹੁੰਚ ਜਾਂਦੀ। ਉਹਨੂੰ ਅਹੁੜਦੀ ਸੁੱਝਦੀ ਕੁਛ ਨਾ ਕਿ ਹੁਣ ਕੀ ਬਣੇਗਾ। ਕਦੇ ਉਹਨੂੰ ਮਾਂ ਦੀਆਂ ਰੋ-ਰੋ ਸੁੱਜੀਆਂ ਹੋਈਆਂ ਅੱਖਾਂ ਦਿਸਣ ਲੱਗ ਪੈਂਦੀਆਂ ਤੇ ਕਦੇ ਭਰਾ ਦੇ ਹੱਥ ਵਿਚ ਫੜੀ ਹੋਈ ਮੌਤ ਦਾ ਰੂਪ ਬਰਛੀ। ਏਸ ਗ਼ਮ ਥੱਲੇ ਨਪੀੜਦੀ ਹੋਈ ਉਹਦੀ ਸੁਹਲ ਆਤਮਾ ਕੁਰਲਾ ਉਠਦੀ। ਏਹਾ ਗੱਲਾਂ



WWW.SIKHBOOKCLUB.COM 

ਉਹ ਪਹਿਲਾਂ ਸੋਚ ਲੈਂਦੀ ਤਾਂ ਕਦੇ ਘਰੋਂ ਬਾਹਰ ਪੈਰ ਨਾ ਕੱਢਦੀ। ਉਹਦੇ ਵਸ ਦੀ ਗੱਲ ਹੁੰਦੀ ਤਾਂ ਉਹ ਹੁਣ ਵੀ ਇਸ ਹਾਲਤ 'ਚੋਂ ਨਿਕਲ ਕੇ ਪਹਿਲੀ ਹਾਲਤ ਵਿਚ ਚਲੀ ਜਾਂਦੀ, ਪਰ ਇਹ ਹੋਣਾ ਹੁਣ ਕਿਸੇ ਦੇ ਵੀ ਵਸ ਨਹੀਂ ਸੀ। ਏਹਾ ਕਾਰਨ ਸੀ, ਕਿ ਐਨਾ ਆਦਰ ਮਾਣ ਹੁੰਦਿਆਂ ਵੀ ਉਹਦੇ ਦਿਲ ਦੀ ਉਦਾਸੀ ਨਹੀਂ ਸੀ ਜਾਂਦੀ। ਸੂਰਤ ਦਾ ਪਿਆਰ ਭਰਿਆ ਦਿਲ ਉਹਦੇ ਸਾਮ੍ਹਣੇ ਉਛਲਦਾ ਤਾਂ ਕੁਛ ਸਮੇਂ ਲਈ ਉਹ ਆਪਣੀ ਅਵਸਥਾ ਨੂੰ ਭੁੱਲ ਜਾਂਦੀ, ਪਰ ਜਿਉਂ ਹੀ ਉਹ ਪ੍ਰੇਮ ਦੀ ਦੁਨੀਆਂ ਵਿਚੋਂ ਨਿਕਲ ਕੇ ਹੋਸ਼ ਦੀ ਦੁਨੀਆਂ ਵਿਚ ਆਉਂਦੀ, ਉਹ ਡਰ ਨਾਲ ਕੰਬ ਉਠਦੀ। ਇਕੇਰਾਂ ਭੁੱਲ ਕੇ ਉਹ ਇਸ ਡਰ ਦਾ ਜ਼ਿਕਰ ਸੂਰਤ ਅੱਗੇ ਕਰ ਬੈਠੀ। ਸੂਰਤ ਨੇ ਅੱਗੋਂ ਬੜੇ ਨਿਡਰ ਲਹਿਜੇ ਵਿੱਚ ਉੱਤਰ ਦਿੱਤਾ, "ਤੂੰ ਕੇਹੀਆਂ ਗੱਲਾਂ ਕਰਦੀ ਏਂ ਪਈ ? ਕਿਸੇ ਦੀ ਮਜਾਲ ਏ ਏਥੇ ਆ ਕੇ ਤੇਰੀ ਵਾ ਵੱਲ ਵੀ ਵੇਖ ਸਕੇ ? ਮੈਂ ਵੱਢ ਕੇ ਡਕਰੇ ਨਾ.....।"

ਛੇਤੀ ਨਾਲ ਮਨਜੀਤ ਨੇ ਉਹਦੇ ਮੂੰਹ ਅੱਗੇ ਹੱਥ ਦੇ ਦਿੱਤਾ। ਉਹ ਤੜਫ਼ ਕੇ ਬੋਲੀ, "ਤੁਹਾਨੂੰ ਮੇਰੀ ਸੌਂਹ ਜੇ, ਜੇ ਮੂਹੋਂ ਹੋਰ ਇਕ ਸ਼ਬਦ ਵੀ ਕੱਢੋ ਤਾਂ।"

ਸੂਰਤ ਇਸਦਾ ਕਾਰਨ ਨਾ ਸਮਝ ਸਕਿਆ। ਉਹ ਬਿਟ-ਬਿਟ ਮਨਜੀਤ ਦੇ ਚਿਹਰੇ ਵੱਲੇ ਵੇਖਣ ਲੱਗ ਪਿਆ। ਇਹਨਾਂ ਚੌਂਹ ਸ਼ਬਦਾਂ ਦੀ ਗਰਮੀ ਨਾਲ ਉਹ ਸੁਹਲ ਕਲੀ ਇਉਂ ਕੁਮਲਾ ਗਈ, ਜਿਵੇਂ ਜੇਠ ਦੀ ਗਰਮੀ ਵਿਚ ਫੁੱਲ ਦੀਆਂ ਕੋਮਲ ਪੱਤੀਆਂ। ਉਹਦਾ ਦਿਲ ਧਕ-ਧਕ ਵੱਜਣ ਲੱਗ ਪਿਆ। ਡੁੱਲ੍ਹ-ਡੁੱਲ੍ਹ ਪੈਂਦਾ ਜੋਬਨ, ਜੁਆਨੀ ਦੇ ਮਚਲਦੇ ਚਾਅ ਤੇ ਖ਼ੁਸ਼ੀ ਦੀ ਲਾਲੀ ਸਭ ਛਾਂਈਂ-ਮਾਂਈਂ ਹੋ ਗਏ। ਇਕ ਸਾਹ ਨਾਲ ਉਹਦੇ ਦਿਲ ਵਿਚੋਂ ਕਈ ਵਾਰ ਹੂਕ ਉਠਦੀ ਸੀ, "ਇਹ ਕੀਹਦੇ ਡੱਕਰੇ ਕਰੇਗਾ ? ਕੌਣ-ਕੌਣ ਉਸਦੇ ਮਗਰ ਆਉਣਗੇ ? ਇਸ ਤੋਂ ਅਗ੍ਹਾਂ ਉਹਦੀ ਸੁਰਤ ਗੁੰਮ ਹੋ ਗਈ। ਵੈਰਨ ਬੁੱਧੀ ਨੇ ਫਿਰ ਵੀ ਹੌਲੀ ਜਿਹੀ ਉਹਦੇ ਕੰਨ ਵਿਚ ਕਹਿ ਦਿੱਤਾ, 'ਤੇਰਾ ਭਰਾ ਤੇ ਪਿਉ'। ਉਹ ਸਾਰੀ ਰਾਤ ਮਨਜੀਤ ਏਸੇ ਹਾਲਤ ਵਿਚ ਰਹੀ।

ਮੇਲੇ ਦਾ ਦਿਨ ਬੀਤਿਆ, ਉਸ ਤੋਂ ਅਗਲਾ ਤੇ ਉਸ ਤੋਂ ਅਗਲੇਰਾ ਵੀ, ਪਰ ਮਨਜੀਤ ਦੇ ਮਗਰ ਕੋਈ ਨਾ ਆਇਆ। ਤਿੰਨ ਦਿਨ ਹੋਰ ਵੀ ਲੰਘ ਗਏ। ਮਨਜੀਤ ਦੀ ਇਹ ਚਿੰਤਾ ਹਟੀ ਤਾਂ ਹੋਰ ਅੰਦਰ ਪੈਦਾ ਹੋ ਗਈ। ਉਹ ਸੋਚਣ ਲੱਗੀ, 'ਖ਼ਬਰੇ ਕੀ ਗੱਲ ਹੋਵੇ ? ਸਗੋਂ ਉਹਨਾਂ ਮੈਨੂੰ ਮਾਫ਼ ਕਰ ਦਿੱਤਾ ਹੋਵੇ ? ਇਹ ਨਹੀਂ ਹੋ ਸਕਦਾ। ਤਾਂ ਮੇਰੇ ਪਿਉ, ਮੇਰੇ ਭਰਾ, ਕਿਸੇ ਨੇ ਕੁਛ ਖਾ....?' ਇਸ ਤੋਂ ਅਗ੍ਹਾਂ ਉਹਦਾ ਫੁਰਨਾ ਵੀ ਰੁਕ ਗਿਆ। ਉਹ ਬੈਠੀ ਰੋਣ ਲੱਗ ਪਈ। ਚੰਦੋ ਨੂੰ ਪਤਾ ਲੱਗਾ, ਤਾਂ ਉਹ ਭੱਜੀ ਆਈ। ਉਹਨੇ ਮਨਜੀਤ ਨੂੰ ਘੁੱਟ ਕੇ ਹਿੱਕ ਨਾਲ ਲਾ ਲਿਆ ਤੇ ਬੜੇ ਲਾਡ ਨਾਲ ਕਿਹਾ, "ਮੈਂ ਮਰ ਜਾਂ। ਮੇਰੀ ਨੂੰਹ ਰਾਣੀ ਕਿਉਂ ਰੋਵੇ। ਮਨਜੀਤ ! ਮੈਂ ਤੇਰੀ ਮਾਂ ਬਣਾਂਗੀ। ਤੇਰੇ ਸਾਰੇ ਦੁਖ ਸੁਖ ਵੰਡਾਂਗੀ। ਤੂੰ ਸਾਰਿਆਂ ਨੂੰ ਛੱਡ ਕੇ ਸਾਡੇ ਕੋਲ ਆਈ



WWW.SIKHBOOKCLUB.COM 

ਏਂ, ਤਾਂ ਅਸੀਂ ਤੇਰੀ ਕੀਤੀ ਨੂੰ ਵਿਸਾਰਾਂਗੇ ਨਹੀਂ। ਨਾ ਰੋ ਪੁੱਤਰ। ਤੈਨੂੰ ਉਦਾਸ ਵੇਖ ਕੇ ਮੇਰਾ ਜੀ ਘਟਦਾ ਏ।"

ਸੜਦੇ ਤਵੇ 'ਤੇ ਪਾਣੀ ਪਾਈਏ, ਤਾਂ ਸਗੋਂ ਤੱਤੀ ਹਵਾੜ੍ਹ ਨਿਕਲਦੀ ਹੈ। ਓਹਾ ਕੰਮ ਚੰਦੋ ਦੀ ਹਮਦਰਦੀ ਨੇ ਕੀਤਾ। ਮਨਜੀਤ ਬੱਚਿਆਂ ਵਾਂਗ ਉਹਦੀ ਗੋਦੀ ਵਿੱਚ ਢਹਿ ਪਈ ਤੇ ਉੱਚੀ ਉੱਚੀ ਰੋਣ ਲੱਗ ਪਈ। ਇਹ ਵੇਖ ਕੇ ਦੁਖੀਆ ਚੰਦੋ ਨੂੰ ਸਾਰੀਆਂ ਅਗਲੀਆਂ ਪਿਛਲੀਆਂ ਚੇਤੇ ਆ ਗਈਆਂ। ਗੱਚ ਨਾਲ ਉਹ ਵੀ ਰੋਣ ਲੱਗ ਪਈ। ਜਿਉਂ-ਜਿਉਂ ਉਹ ਇਕ ਦੂਜੀ ਨੂੰ ਆਪਣੇ ਨਾਲ ਘੁੱਟਦੀਆਂ, ਤਿਉਂ ਤਿਉਂ ਹੰਝੂ ਤੇਜ਼ ਹੁੰਦੇ ਜਾਂਦੇ। ਦੁਨੀਆਂ ਵਿਚ ਸਭ ਨਾਲੋਂ ਛਿੰਦੇ ਤੇ ਅੱਥਰੇ ਹੰਝੂ ਹਨ। ਇਹਨਾਂ ਨੂੰ ਜਿਉਂ-ਜਿਉਂ ਵਰਜੋ, ਇਹ ਅਮੋੜ ਤੇ ਬਵਾਹਰੇ ਹੁੰਦੇ ਜਾਂਦੇ ਹਨ।

ਰੋ ਧੋ ਕੇ ਦੋਹਾਂ ਦੇ ਦਿਲ ਹੌਲੇ ਹੋਏ ਤਾਂ ਦੋਹਾਂ ਨੇ ਆਪੋ ਆਪਣੀ ਅਵਸਥਾ 'ਤੇ ਝਾਤੀ ਮਾਰੀ। ਕੁਝ ਸਮੇਂ ਵਾਸਤੇ ਦੋਵੇਂ ਚੁੱਪ ਰਹੀਆਂ। ਫਿਰ ਮਨਜੀਤ ਨੇ ਹੌਲੀ ਜਿਹੀ ਕਿਹਾ, "ਮਾਂ ਜੀ! ਇਕ ਬੇਨਤੀ ਮੰਨੋਗੇ ?"

"ਕਹੋ ਚੰਨ ?" ਚੰਦੋ ਨੇ ਬੜੇ ਪਿਆਰ ਨਾਲ ਕਿਹਾ। "ਮੈਂ ਕਿਹੜੀ ਗੱਲ ਤੇਰੀ ਨਾ ਮੰਨਾਂਗੀ ?"

"ਜੇ ਭੂਆ ਜਵੰਦੀ ਨੂੰ ਸੱਦ ਦਿਉ ਤਾਂ। ਉਹ ਮੇਰੀ ਮਾਂ ਦਾ ਪਤਾ ਲਿਆ ਦੇਵੇ। ਮੇਰਾ ਦਿਲ ਬੜਾ ਘਟਦਾ ਏ ਅੱਜ।" ਮਨਜੀਤ ਨੇ ਤਰਲੇ ਨਾਲ ਕਿਹਾ।

"ਜਿਵੇਂ ਆਖੇਂ। ਮਨਜੀਤ ! ਤੂੰ ਮੈਥੋਂ ਕਿਸੇ ਗੱਲੇ ਸੰਗਾ ਨਾ ਰੱਖਿਆ ਕਰ। ਸੂਰਤ ਮੇਰਾ ਢਿੱਡੋਂ ਜਣਿਆਂ ਵਰਗਾ ਪੁੱਤਰ ਏ। ਤੇ ਤੂੰ ਮੈਨੂੰ ਉਸ ਨਾਲੋਂ ਵੀ ਅੱਗੇ ਏਂ।"

ਕੁੜੀ ਹੱਥ ਸੁਨੇਹਾ ਪੁੱਜਾ, ਤਾਂ ਜਵੰਦੀ ਆ ਗਈ। ਚੰਦੋ ਨੇ ਵੇਖਿਆ ਕਿ ਮੈਥੋਂ ਸੰਗਦੀ ਮਨਜੀਤ ਉਹਦੇ ਨਾਲ ਖੁੱਲ੍ਹ ਕੇ ਗੱਲਾਂ ਨਹੀਂ ਕਰਦੀ ਤਾਂ ਉਹ ਕੋਲੋਂ ਉਠ ਕੇ ਚਲੀ ਗਈ। ਕਿੰਨਾ ਚਿਰ ਮਨਜੀਤ ਤੇ ਜਵੰਦੀ ਗੱਲਾਂ ਕਰਦੀਆਂ ਰਹੀਆਂ। ਅੰਤ ਜਵੰਦੀ ਉਹਨੂੰ ਹੌਸਲਾ ਦੇਂਦੀ ਹੋਈ ਅਗਲੇ ਦਿਨ ਆਉਣ ਦਾ ਇਕਰਾਰ ਕਰਕੇ ਚਲੀ ਗਈ। ਅਗਲਾ ਸਾਰਾ ਦਿਨ ਮਨਜੀਤ ਕਾਂ ਉਡਾਉਂਦੀ ਰਹੀ। ਸ਼ਾਮ ਨੂੰ ਜਵੰਦੀ ਆਈ ਤਾਂ ਇਹ ਸੁਣ ਕੇ ਸਾਰਿਆਂ ਦੇ ਦਿਲਾਂ ਨੂੰ ਧੀਰਜ ਹੋਈ, ਕਿ ਮਨਜੀਤ ਦੇ ਮਾਪਿਆਂ ਨੇ ਇਸ ਗੱਲ ਨੂੰ ਸਦਾ ਵਾਸਤੇ ਆਈ ਗਈ ਕਰ ਦਿੱਤਾ ਹੈ।

ਦਿਨੋ-ਦਿਨ ਮਨਜੀਤ ਦਾ ਦਿਲ ਪਰਚਣ ਲੱਗ ਪਿਆ। ਦਸ ਯਾਰਾਂ ਦਿਨ ਰਹਿ ਕੇ ਉਹਦੀ ਵੱਡੀ ਨਣਾਨ ਆਪਣੇ ਘਰ ਨੂੰ ਚਲੀ ਗਈ। ਇਹਨਾਂ ਦਿਨਾਂ ਵਿੱਚ ਮਨਜੀਤ ਨੇ ਇੱਕ ਬੜਾ ਬੁਰਾ ਅਸਰ ਗ੍ਰਹਿਣ ਕੀਤਾ। ਚੰਦੋ ਤੇ ਤੇਜੋ ਦੋਵੇਂ ਇੱਕ ਦੂਜੀ ਤੋਂ ਵੱਧ ਉਹਨੂੰ ਪਿਆਰ ਕਰਦੀਆਂ ਸਨ। ਉਸ ਦੀ ਤੇਜ਼ ਬੁੱਧੀ ਤੋਂ ਇਹ ਗੱਲ ਲੁੱਕੀ ਨਾ ਰਹੀ, ਕਿ ਇਸ ਵਿਖਾਵੇ ਵਿਚ ਰੀਸ ਤੇ ਈਰਖਾ ਕੰਮ ਕਰ ਰਹੀਆਂ ਹਨ।


WWW.SIKHBOOKCLUB.COM

ਸੱਸ ਤੇ ਨਣਾਨ ਦੋਹਾਂ ਦੇ ਦਿਲ ਵਿੱਚ ਏਹਾ ਸਾੜ੍ਹਾ ਸੀ, ਕਿ ਮਨਜੀਤ ਨੂੰ ਉਹ ਇਕ ਦੂਜੀ ਨਾਲੋਂ ਚੰਗੀਆਂ ਭਾਸਣ। ਤੇਜੋ ਨੇ ਤਾਂ ਏਥੋਂ ਤੱਕ ਸਾੜ੍ਹਾ ਕੱਢਿਆ ਕਿ ਚੰਦੋ ਦੇ ਵਿਰੁਧ ਮਨਜੀਤ ਦੇ ਦਿਲ ਵਿੱਚ ਜ਼ਹਿਰ ਭਰਨ ਵਿੱਚ ਕੋਈ ਕਸਰ ਬਾਕੀ ਨਾ ਛੱਡੀ। ਉਹ ਅੱਜੀਂ ਪੱਜੀਂ ਏਹਾ ਗੱਲ ਛੋਹ ਬਹਿੰਦੀ, "ਰੱਬ ਨੇ ਭਾਬੀ ਤਾਂ ਦਿੱਤੀ ਸੀ ਚੰਦ ਦੀ ਟੁਕੜੀ, ਪਰ ਮੰਦੇ ਭਾਗਾਂ ਨੂੰ ਮਤੇਈ ਦੇ ਵਸ ਪੈ ਗਈ। ਮਤੇਈਆਂ ਕਦੋਂ ਖ਼ੈਰ ਗੁਜ਼ਾਰਦੀਆਂ ਨੇ ? ਕਦੋਂ ਵੇਖ ਸੁਖਾਂਦੀਆਂ ਨੇ ? ਮਤੇਈ ਨੇ ਤਾਂ ਵਿਚਾਰੀ ਸੀਤਾ ਨੂੰ ਦੇਸ ਨਿਕਾਲਾ ਦੁਆ ਦਿੱਤਾ ਸੀ। ਸਾਡੇ ਮਾਂ-ਪਿਉ ਦਾ ਘਰ ਏ। ਮਤੇਈ ਸਾਨੂੰ ਵੜਨ ਦੇਵੇ, ਤਾਂ ਅਸੀਂ ਦੂਜੇ ਦਿਨ ਨਾ ਭੱਜੇ ਆਈਏ ? ਭਰਾ ਦਾ ਘਰ ਵੱਸਿਆ ਸੁਣ ਕੇ ਜੀ ਕਰ ਆਇਆ ਤੈਨੂੰ ਵੇਖਣ ਨੂੰ। ਸਾਰੇ ਰਾਹ ਜੀ ਡਰਦਾ ਆਇਆ ਕਿ ਖੌਰੇ ਕੁਲਹਿਣੀ ਘਰ ਵੜਨ ਦੇਵੇਗੀ ਕਿ ਨਾ। ਇਹ ਬੜੀ ਮੀਸਣੀ ਊ। ਐਵੇਂ ਤੇਰੇ ਕਰਕੇ ਚੁੱਪ ਕਰ ਰਹੀ ਏ, ਨਹੀਂ ਤਾਂ ਇਹਨੇ ਅੱਗੇ ਸਾਡੇ ਨਾਲ ਥੋੜ੍ਹੀ ਕਰ ਕੇ ਕੱਢਿਆ ਸੀ? ਪਿਉ ਮਰੇ 'ਤੇ ਆਈ ਤਾਂ ਬੁਰੀ ਬਾਬ ਕੀਤੀਓ ਸੂ। ਤੇ ਉਹ ਕੀਹਦਾ ਮਾਰਿਆ ਮਰਿਆ ਏ? ਏਸੇ ਕੁਛ ਦੇ ਕੇ ਮਾਰਿਆ ਸੀ ਕਿ। ਸਾਡੇ ਭੱਾ ਦਾ ਤਾਂ ਰਾਜ ਉਲਟ ਗਿਆ ਸੀ ਤੇ ਇਹਨੂੰ ਚਾਅ ਚੜ੍ਹੇ ਹੋਏ ਸਨ। ਬੀਬੀ ਰਾਣੀ! ਤੂੰ ਏਸ ਤੋਂ ਜਰਾ ਬਚ ਕੇ ਰਹੀਂ। ਅਸੀਂ ਤਾਂ ਮਰ-ਮਰ ਕੇ ਤੈਨੂੰ ਲੱਭਿਆ ਏ। ਭਾਵੇਂ ਸੌ ਫਲੌਹਣੀਆਂ ਦੇਵੇ, ਏਸ 'ਤੇ ਵਿੱਸੀਂ ਨਾ। ਦੋ ਮਹੀਨੇ ਕੱਟ, ਮੈਂ ਸੂਰਤ ਦੇ ਭਾਈਏ ਨੂੰ ਘੱਲਾਂਗੀ, ਉਹ ਤੁਹਾਨੂੰ ਅੱਡੋ-ਅੱਡ ਕਰ ਜਾਵੇਗਾ।"

SIKHBOOKCLUB.COM

ਪਤਾ ਨਹੀਂ, ਏਹੋ ਜਿਹਾ ਕਿੰਨਾ ਕੁਛ ਉਹ ਮਨਜੀਤ ਦੇ ਅੰਦਰ ਭਰ ਗਈ। ਵਿਚਾਰੀ ਮਨਜੀਤ ਨਿਰਨਾ ਨਾ ਕਰ ਸਕੀ ਕਿ ਉਹ ਦੋਹਾਂ-ਚੰਦੋ ਤੇ ਤੇਜੋ-ਵਿਚੋਂ ਕੀਹਨੂੰ ਸੱਚੀ ਤੇ ਕੀਹਨੂੰ ਝੂਠੀ ਸਮਝੇ, ਕੀਹਦੇ 'ਤੇ ਇਤਬਾਰ ਕਰੇ ਤੇ ਕੀਹਦੇ 'ਤੇ ਨਾ, ਕੀਹਨੂੰ ਮਿੱਤਰ ਜਾਣੇ ਤੇ ਕੀਹਨੂੰ ਦੁਸ਼ਮਣ।

ਤੇਜੋ ਦੇ ਚਲੇ ਜਾਣ ਪਿੱਛੋਂ ਥੋੜ੍ਹੇ ਦਿਨਾਂ ਵਿੱਚ ਹੀ ਮਨਜੀਤ ਨੂੰ ਇਹ ਗੱਲਾਂ ਭੁੱਲ ਗਈਆਂ। ਚੰਦੋ ਤੇ ਮਨਜੀਤ ਦੋਹਾਂ ਨੂੰ ਇਸ ਵੇਲੇ ਇਕ ਦੂਜੀ ਦੀ ਲੋੜ ਸੀ। ਮਗਰਲੀ ਲਾਡਾਂ ਭਰੀ ਗੋਦੀ ਵਿਚੋਂ ਨਿਕਲ ਕੇ ਆਈ ਸੀ। ਉਹਨੂੰ ਮਾਂ ਦੀ ਥੁੜ ਵੱਢ ਵੱਢ ਖਾਂਦੀ ਸੀ। ਵਿਤ ਅਨੁਸਾਰ ਚੰਦੋ ਨੇ ਇਸ ਥੁੜ ਨੂੰ ਪੂਰਾ ਕਰਨ ਦਾ ਯਤਨ ਕੀਤਾ। ਤੇ ਚੰਦੋ ਨੂੰ ਲੋੜ ਸੀ ਕਿਸੇ ਅਜਿਹੀ ਦਰਦਣ ਦੀ, ਜੋ ਇਸ ਔਖੇ ਸਮੇਂ ਉਹਨੂੰ ਸੰਭਾਲਦੀ। ਉਹ ਆਪਣੇ ਭਾਗਾਂ ਦੇ ਵੈਰੀ ਆਪਣੇ ਮਾਪਿਆਂ ਨੂੰ ਹੀ ਸਮਝਦੀ ਸੀ। ਇਸ ਵਾਸਤੇ ਨਾ ਤਾਂ ਉਹ ਪੇਕੇ ਘਰ ਜਾਣਾ ਚਾਹੁੰਦੀ ਸੀ, ਤੇ ਨਾ ਆਪਣੀ ਮਾਂ ਨੂੰ ਹੀ ਕੋਲ ਸੱਦ ਕੇ ਰਾਜ਼ੀ ਸੀ। ਮਾਂ ਨੂੰ ਵੇਖ ਕੇ ਉਹਦੇ ਅੰਦਰ ਅੱਗ ਬਲ ਉਠਿਆ ਕਰਦੀ ਸੀ। ਮਨਜੀਤ ਵਰਗੀ ਆਗਿਆਕਾਰ ਨੌਂਹ—ਤੇ ਸੁਚੱਜੀ ਸਹੇਲੀ—ਲੱਭ ਪੈਣ ਨਾਲ ਉਹਦੀ ਇਹ ਥੁੜ ਪੂਰੀ ਹੋ ਗਈ ਸੀ। 'ਲੋੜ ਨੂੰ ਲੋੜ,

ਮਿਲਾਪ ਦੀ ਗੰਢ'। ਉਹ ਇਕ ਦੂਜੀ ਦੇ ਹੋਰ ਨੇੜੇ ਹੋ ਗਈਆਂ। ਇਸ ਵੇਲੇ ਉਹ ਤਿੰਨੇ—ਚੰਦੋ, ਮਨਜੀਤ ਤੇ ਸੂਰਤ—ਥਾਂਉਂ ਥਾਈਂ ਬੜੇ ਖ਼ੁਸ਼ ਸਨ। ਜੇ ਵਿਚ ਕੋੜਗੰਦਲ ਸੀ ਤਾਂ ਉਹ ਸੀ ਜੀਤੋ, ਸੂਰਤ ਦੀ ਛੋਟੀ ਭੈਣ।

ਪੰਦਰਾਂ-ਕੁ ਦਿਨ ਆਈ ਨੂੰ ਹੋਏ, ਤਾਂ ਮਨਜੀਤ ਨੇ ਘਰ ਦਾ ਸਾਰਾ ਕੰਮ ਸੰਭਾਲ ਲਿਆ। ਚੰਦੋ ਬਥੇਰਾ ਜ਼ੋਰ ਲਾ ਰਹੀ ਕਿ ਉਹ ਅਜੇ ਹੋਰ ਚਾਰ ਦਿਨ ਪੀਹੜੇ 'ਤੇ ਸੁੱਖ ਲੈ ਲਵੇ, ਪਰ ਮਨਜੀਤ ਨੇ ਹੱਸ ਕੇ ਕਿਹਾ, "ਮਾਂ ਜੀ! ਧੀ ਪੁੱਤਰ ਕਾਹਦਾ ਹੋਇਆ, ਜੋ ਔਖੇ ਵੇਲੇ ਕੰਮ ਨਾ ਆਇਆ। ਤੁਹਾਥੋਂ ਕੰਮ ਹੁੰਦਾ ਏ? ਤੁਸੀਂ ਹੁਣ ਬੈਠੇ ਈ ਫੱਬਦੇ ਜੇ।"

ਚੰਦੋ ਨੂੰ ਇਸ ਠੱਠੇ ਵਿਚੋਂ ਬਿਓੜਕਾ ਅਨੰਦ ਪ੍ਰਾਪਤ ਹੋਇਆ। ਉਹ ਅੱਗੋਂ ਹੱਸ ਕੇ ਬੋਲੀ, "ਜੇਰਾ ਕਰ, ਬੱਚੀ ! ਆਉਂਦੇ ਵਰ੍ਹੇ ਨੂੰ ਤੂੰ ਵੀ ਏਸੇ ਤਰ੍ਹਾਂ ਫੱਬਣ ਲੱਗ ਪਵੇਂਗੀ। ਮੈਂ ਪੋਤਰਾ ਖਿਡਾਇਆ ਕਰਾਂਗੀ, ਤੇ ਤੂੰ ਕੰਮ ਕਰਿਆ ਕਰੀਂ।"

ਮਨਜੀਤ ਨੇ ਪਹਿਲਾਂ ਤਾਂ ਲੱਜਿਆ ਨਾਲ ਜ਼ਰਾ ਅੱਖਾਂ ਨੀਵੀਆਂ ਕਰ ਲਈਆਂ, ਪਰ ਜਿਥੋਂ ਤੱਕ ਉਹ ਆਪਸ ਵਿੱਚ ਘੁਲ-ਮਿਲ ਗਈਆਂ ਸਨ, ਉਸ ਗੱਲ ਨੇ ਉਹਨੂੰ ਅਗ੍ਹਾਂ ਕਹਿਣ ਦੀ ਦਲੇਰੀ ਦਿੱਤੀ। ਉਹਨੇ ਮੁਸਕਰਾ ਕੇ ਕਿਹਾ,"ਹਾਲੀ ਤਾਂ ਮੈਂ ਦਿਉਰ ਖਿਡਾਵਾਂਗੀ।"

"ਮੇਰੀ ਵਾਰੀ ਵੀ ਆ ਜਾਵੇਗੀ।" ਚੰਦੋ ਨੇ ਮੋੜਵਾਂ ਉੱਤਰ ਦਿੱਤਾ।

ਏਸੇ ਖ਼ੁਸ਼ੀ ਵਿੱਚ ਉਹਨਾਂ ਦੇ ਦਿਨ ਤੇ ਰਾਤਾਂ ਬੀਤ ਰਹੀਆਂ ਸਨ। ਜਦ ਚੰਦੋ ਉਸ ਜੋੜੀ ਨੂੰ ਹੱਸਦਿਆਂ ਖੇਡਦਿਆਂ ਵੇਖਦੀ, ਉਹਦੇ ਅੰਦਰ ਕੋਈ ਗੁੱਝੀ ਪੀੜ ਹੋਣ ਲੱਗ ਪੈਂਦੀ। ਉਹ ਹਉਕਾ ਲੈ ਕੇ ਕਹਿੰਦੀ, 'ਉਹ ! ਸਾਡੇ 'ਤੇ ਤਾਂ ਇਹ ਦਿਨ ਆਏ ਈ ਨਾ।' ਇਹ ਹਉਕਾ ਉਹਦੀ ਰਗ-ਰਗ ਵਿਚ ਫਿਰ ਜਾਂਦਾ, ਤੇ ਉਹਦਾ ਅੰਦਰ ਬਾਹਰ ਜਲਨ ਨਾਲ ਭਰ ਜਾਂਦਾ। ਫਿਰ ਵੀ ਉਹਦੀ ਏਹਾ ਰੀਝ ਹੁੰਦੀ, ਕਿ ਉਹ ਸਦਾ ਉਹਨਾਂ ਹੱਸਦਿਆਂ ਖੇਡਦਿਆਂ ਨੂੰ ਵਿਹੰਦੀ ਰਹੇ।

ਹੁਣ ਚੰਦੋ ਥੋੜ੍ਹਾ ਬਹੁਤਾ ਕਰਨ ਤੋਂ ਵੀ ਅਸਮਰੱਥ ਹੋ ਗਈ ਸੀ। ਸੂਰਤ ਸੰਗਦਾ ਉਹਦੇ ਕੋਲ ਨਹੀਂ ਸੀ ਜਾਂਦਾ, ਪਰ ਮਨਜੀਤ ਕੋਲੋਂ ਉਹ ਹਰ ਵੇਲੇ ਪੁੱਛਦਾ ਰਹਿੰਦਾ ਸੀ। ਦੋ ਦਿਨ ਤਾਂ ਚੰਦੋ ਨੂੰ ਬਹੁਤ ਹੀ ਤਕਲੀਫ਼ ਹੋ ਗਈ। ਦੋਵੇਂ ਦਿਨ ਮਨਜੀਤ ਉਹਦੇ ਮੰਜੇ ਲਾਗਿਓਂ ਨਾ ਉੱਠੀ। ਉਹਨੇ ਐਨੀ ਸੇਵਾ ਕੀਤੀ, ਕਿ ਚੰਦੋ ਇਕ ਇਕ ਸਾਹੇ ਉਹਨੂੰ ਸੌ ਸੌ ਅਸੀਸਾਂ ਦੇਂਦੀ। ਵੇਖਣ ਵਾਲੀਆਂ ਵੀ ਵਾਹ-ਵਾਹ ਕਰ ਉੱਠੀਆਂ। ਤੀਜੇ ਦਿਨ ਚੰਦੋ ਦੇ ਘਰ ਲੜਕੇ ਨੇ ਜਨਮ ਲਿਆ। ਵਧਾਈ ਦੀ 'ਵਾਜ ਉਹਦੇ ਕੰਨੀਂ ਪਈ ਤਾਂ ਇਕੇਰਾਂ ਉਹਨੂੰ ਸਾਰੇ ਦੁੱਖ ਭੁੱਲ ਗਏ। ਮੁੰਡੇ ਦਾ ਮੁਹਾਂਦਰਾ ਨਿਰਾ ਪੁਰਾ ਚੰਦੋ ਵਰਗਾ ਸੀ। ਉਹ ਤੇਰਾਂ ਦਿਨ ਦਾ ਹੋਇਆ, ਤਾਂ ਚੰਦੋ ਨੇ ਕਿਹਾ,



WWW.SIKHBOOKCLUB.COM 

"ਮਨਜੀਤ ਕੁਰੇ ! ਲੈ ਤੂੰ ਆਪਣੇ ਦਿਉਰ ਦਾ ਨਾਂ ਰੱਖ।"

ਮਨਜੀਤ ਨੂੰ ਇਹ ਸੁਣ ਕੇ ਅਸਹਿ ਖ਼ੁਸ਼ੀ ਹੋਈ, 'ਮਤੇਈ ਸੱਸ ਮੇਰਾ ਏਨਾ ਮਾਣ ਰੱਖਦੀ ਏ? ਇਸ ਨੂੰ ਮਤੇਈ ਕਹਿਣਾ ਠੀਕ ਨਹੀਂ।' ਫਿਰ ਉਹ ਕਾਕੇ ਨੂੰ ਕੁਛੜ ਚੁੱਕ ਕੇ ਬੋਲੀ, "ਕੀ ਨਾਂ ਰੱਖਾਂ, ਮਾਂ ਜੀ!"

"ਜਿਹੜਾ ਤੈਨੂੰ ਚੰਗਾ ਲੱਗੇ।"

"ਨਾਂ, ਜਿਹੜਾ ਤੁਸੀਂ ਹੁਕਮ ਕਰੋ। ਜਿਹੜਾ ਤੁਹਾਨੂੰ ਭਾਵੇਗਾ, ਮੈਨੂੰ ਓਹਾ ਚੰਗਾ ਲੱਗੇਗਾ।"

"ਮੈਨੂੰ ਤਾਂ ਸਾਰਿਆਂ ਨਾਲੋਂ ਤੂੰ ਈਂ ਚੰਗੀ ਲੱਗਦੀ ਏਂ। ਜਿਹੜਾ ਨਾਂ ਰੱਖੇਂਗੀ, ਓਹਾ ਚੰਗਾ ਹੋਵੇਗਾ। ਨਾਲੇ ਹੁਣ ਜ਼ਮਾਨਾ ਪੜ੍ਹੀਆਂ ਲਿਖੀਆਂ ਦਾ ਏ। ਸਾਨੂੰ ਅਨਪੜ੍ਹਾਂ ਨੂੰ ਕੀ ਸਮਝ ਏ?"

"ਮੈਨੂੰ ਤਾਂ ਫਿਰ 'ਕੁਲਵੰਤ' ਚੰਗਾ ਲੱਗਦਾ ਏ।"

"ਬੱਸ, ਏਹਾ ਸਭ ਨਾਲੋਂ ਚੰਗਾ ਏ।"

ਏਸੇ ਸਮੇਂ ਚੰਦੋ ਦੇ ਅੰਦਰ ਖ਼ਿਆਲਾਂ ਦਾ ਵਰੂਲਾ ਉਠ ਕੇ ਸਿਰ ਨੂੰ ਚੜ੍ਹ ਗਿਆ। ਉਹਦਾ ਰੰਗ ਇਕੋ ਵਾਰ ਫਿੱਕਾ ਪੈ ਗਿਆ। ਉਹਦੇ ਚਿਹਰੇ 'ਤੇ ਡੂੰਘੀ ਉਦਾਸੀ ਛਾ ਗਈ। ਉਹਨੇ ਠੰਢਾ ਸਾਹ ਲੈ ਕੇ ਕਿਹਾ, "ਮਨਜੀਤ ! ਮੇਰੇ ਤੇ ਇਸ ਬਾਲ ਦੇ ਸਿਰ 'ਤੇ ਹੁਣ ਤੁਸੀਂ ਈ ਓ।"

## ੨੪

ਦੂਲਾ ਸਿੰਘ ਮਾਪਿਆਂ ਘਰ ਦੂਲਾ ਹੀ ਜੰਮਿਆ ਸੀ। ਪਿਤਾ-ਪੁਰਖੀ ਚਾਲ-ਚਲਣ ਵਿੱਚ ਉਹ ਆਪਣੇ ਪਿਉ ਨਾਲੋਂ ਵੀ ਵਧ ਗਿਆ। ਉਹਦਾ ਪਿਉ ਕਿਤੋਂ ਇਕ ਜ਼ਨਾਨੀ ਕੱਢ ਕੇ ਲਿਆਇਆ ਸੀ। ਕਹਿੰਦੇ ਹਨ, ਉਹ ਮੁਸਲਮਾਨੀ ਸੀ। ਪੰਜ ਚਾਰ ਵਰ੍ਹੇ ਤਾਂ ਉਹ ਏਸ ਤਰ੍ਹਾਂ ਰਹੀ ਕਿ ਉਹ ਉਹਨੂੰ ਕਿਤੇ ਦੂਰ ਜਾ ਕੇ ਵੇਚ ਆਉਂਦਾ, ਤੇ ਉਹ ਮਹੀਨੇ ਦੋ ਮਹੀਨਿਆਂ ਪਿੱਛੋਂ ਅਗਲੇ ਘਰ ਦੀ ਛੱਲੀ-ਪੂਣੀ—ਜੋ ਹੱਥ ਲਗਦਾ-ਸਮੇਟ ਕੇ ਫਿਰ ਉਹਦੇ ਘਰ ਆ ਜਾਂਦੀ। ਅੰਤ ਉਹਦਾ ਦਿਲ ਏਸ ਕੰਮ ਤੋਂ ਉਕਤਾ ਗਿਆ ਤੇ ਉਹਨੇ ਜ਼ੋਰ ਦਿੱਤਾ ਕਿ ਉਹ ਉਹਨੂੰ ਪੱਕੀ ਤਰ੍ਹਾਂ ਆਪਣੇ ਘਰ ਪਾ ਲਵੇ। ਉਹ ਦੋਵੇਂ ਅੰਮ੍ਰਿਤਸਰ ਗਏ। ਓਥੋਂ ਅੰਮ੍ਰਿਤ ਛਕ ਕੇ ਤੇ ਅਨੰਦ ਪੜ੍ਹਾ ਕੇ ਹੀ ਘਰ ਆਏ। ਉਸ ਜੋੜੇ ਘਰ ਦੂਲਾ ਸਿੰਘ ਜੰਮਿਆ। ਦੂਲਾ ਅਜੇ ਤਿੰਨਾਂ ਵਰ੍ਹਿਆਂ ਦਾ ਸੀ ਜਾਂ ਉਹਦੀ ਮਾਂ ਮਰ ਗਈ। ਉਹ ਦਸਾਂ ਵਰ੍ਹਿਆਂ ਦਾ ਹੋਇਆ, ਤਾਂ ਉਹਦਾ ਪਿਉ ਵੀ ਆਪਣੀ ਜੀਵਨ-ਲੀਲ੍ਹਾ ਸਮਾਪਤ ਕਰ ਗਿਆ। ਫਿਰ ਉਹਨੂੰ ਹਟਕਣ ਵਰਜਣ ਵਾਲਾ ਕੋਈ ਨਾ ਰਿਹਾ। ਉਹ ਉਹਨਾਂ ਮੁੰਡਿਆਂ ਦੀ ਬੈਠਕ ਵਿੱਚ ਜੁਆਨ ਹੋਇਆ, ਜਿਨ੍ਹਾਂ ਉਤੇ ਜੁਆਨੀ ਜੇਲ੍ਹ ਦੀਆਂ ਚੱਕੀਆਂ ਪੀਹਣ ਵਾਸਤੇ ਆਉਂਦੀ ਹੈ।

ਦੂਲੇ ਦੇ ਪਿਉ ਨੇ ਘਰ ਦੀ ਜ਼ਮੀਨ, ਚਾਲੀ ਵਿਘੇ ਵਿਚੋਂ ਕੇਵਲ ਦਸ ਵਿਘੇ ਰਹਿਣ ਦਿੱਤੀ ਸੀ। ਦਸ ਵਿਘਿਆਂ ਉੱਤੇ ਦੂਲੇ ਦਾ ਗੁਜ਼ਾਰਾ ਔਖਾ ਸੀ। ਪਿਉ ਮਰੇ ਤੋਂ ਪਿੱਛੋਂ ਪੰਜਾਂ ਵਰ੍ਹਿਆਂ ਵਿਚ ਉਹ ਦਸਾਂ ਵਿਘਿਆਂ ਵੱਲੋਂ ਵੀ ਪਾਕ ਹੋ ਗਿਆ। ਨਾ ਹੁਣ ਉਹਨੂੰ ਜ਼ਮੀਨ ਵਾਹੁਣ ਦਾ ਫ਼ਿਕਰ ਸੀ, ਨਾ ਹਿੱਸਾ ਵੰਡਾਉਣ ਦਾ ਤੇ ਨਾ ਨੰਬਰਦਾਰ ਨੂੰ ਮਾਮਲਾ ਦੇਣ ਦਾ। ਘਰ ਦੀਆਂ ਦੋਹਾਂ ਕੋਠੜੀਆਂ ਤੋਂ ਬਿਨਾਂ ਉਹ ਸਭ ਕਾਸੇ ਵੱਲੋਂ ਸੁਰਖ਼ਰੂ ਹੋ ਬੈਠਾ ਸੀ।

ਹੁਣ ਉਹਨੇ ਜੀਵਨ ਨਿਰਬਾਹ ਦਾ ਬੜਾ ਬੇਫ਼ਿਕਰਾ ਰਾਹ ਮੱਲ ਲਿਆ ਸੀ: ਬੱਸ, ਦੋ ਘੜੀਆਂ ਦੀ ਖੇਚਲ ਤੇ ਅੱਠਾਂ ਪਹਿਰਾਂ ਦਾ ਆਰਾਮ। ਪਹਿਲਾਂ ਉਹਨੇ ਲੋਕਾਂ ਦੇ ਚੋਰੀ ਪੱਠੇ ਵਢਣੇ ਸਿੱਖੇ, ਫਿਰ ਬੋਲ੍ਹ ਚੁੱਕਣੇ ਤੇ ਅੰਤ ਘਰ ਭੰਨਣੇ। ਇਸਦਾ ਫਲ ਓਹਾ ਨਿਕਲਿਆ, ਜੋ ਨਿਕਲਦਾ ਹੁੰਦਾ ਹੈ। ਸਤਾਰਾਂ ਸਾਲ ਦੀ ਉਮਰ ਵਿਚ ਹੀ ਉਹ ਡੇਢ ਸਾਲ ਵਾਸਤੇ ਜੇਲ੍ਹ ਚਲਾ ਗਿਆ। ਜੇਲ੍ਹ ਵੀ ਇਕ ਕਾਲਜ ਹੈ, ਜਿੱਥੇ ਵਿਦਿਆਰਥੀ ਆਪਣੇ-ਆਪਣੇ ਹੁਨਰ ਵਿਚ ਤਾਕ ਹੋ ਕੇ ਨਿਕਲਦੇ ਹਨ। ਸੋ ਡੇਢ ਸਾਲ ਪਿੱਛੋਂ ਦੂਲਾ ਸਿੰਘ ਓਥੋਂ ਪੱਕਾ ਬਦਮਾਸ਼ ਬਣ ਕੇ ਨਿਕਲਿਆ।

ਇਸ ਵੇਲੇ ਉਹਦੀ ਉਮਰ ਪੰਝੀ ਸਾਲ ਦੀ ਸੀ। ਹੁਣ ਤੱਕ ਉਹ ਤਿੰਨ ਵਾਰ ਜੇਲ੍ਹ-ਯਾਤਰਾ ਕਰ ਚੁੱਕਾ ਸੀ ਤੇ ਇਕ ਸਾਲ ਜ਼ੇਰ-ਐਕਟ (੧੦ ਨੰਬਰੀਆ) ਰਹਿ ਚੁੱਕਾ ਸੀ। ਉਹ ਇਲਾਕੇ ਵਿਚ ਮੰਨਿਆ ਪ੍ਰਮੰਨਿਆ ਬਦਮਾਸ਼ ਤੇ ਬਦਮਾਸ਼ਾਂ ਦੀ ਢਾਣੀ ਦਾ ਆਗੂ ਸੀ। ਬਹੁਤੇ ਮਿੱਤਰ ਉਹਨੇ ਜੇਲ੍ਹ ਵਿਚ ਹੀ ਬਣਾਏ ਸਨ। ਅੱਜ ਕੱਲ੍ਹ ਕਈ ਦਿਨ ਤਾਂ ਉਹਦਾ ਬੂਹਾ ਅਸਲੋਂ ਬੰਦ ਰਹਿੰਦਾ ਤੇ ਜਦੋਂ ਖੁੱਲ੍ਹਦਾ, ਓਦੋਂ ਪੰਜਾਂ ਸੱਤਾਂ ਦੀ ਟੋਲੀ ਦੋ ਚਾਰ ਦਿਨ ਰੌਣਕ ਲਾਈ ਰੱਖਦੀ। ਪਿੰਡ ਦੇ ਸਾਰੇ ਆਦਮੀ ਡਰਦੇ ਉਹਨੂੰ 'ਜੀ, ਜੀ' ਕਰਦੇ ਰਹਿੰਦੇ ਸਨ। ਉਹਦਾ ਆਪਣਾ ਤਾਂ ਕੁਛ ਹੈ ਨਹੀਂ ਸੀ, ਜੋ ਵਿਗੜਨਾ ਸੀ, ਪਰ ਜੇ ਕੋਈ ਉਹਦੇ ਨਾਲ ਵੈਰ ਸਹੇੜ ਲੈਂਦਾ ਤਾਂ ਉਹਦੇ ਵਾਸਤੇ ਸਤਵਾਰਾ ਵੀ ਸੁਖ ਦਾ ਨਾ ਲੰਘਦਾ। ਐਹੋ ਜਿਹਾ ਦੂਲਾ ਸੀ ਉਹ ਦੂਲਾ ਸਿੰਘ।

ਪੰਡਤ ਜਵਾਲਾ ਸਹਾਏ ਬੜੀ ਖੁੱਲ੍ਹੀ ਜਾਣ-ਪਛਾਣ ਵਾਲਾ ਬੰਦਾ ਸੀ। ਦੂਲਾ ਸਿੰਘ ਉਹਦੇ ਨਿਕਟ ਵਰਤੀ ਚੇਲਿਆਂ ਵਿਚੋਂ ਸੀ। ਪੰਡਤ ਨੂੰ ਤਾਂ ਏਹੋ ਜਿਹੇ ਬੰਦਿਆਂ ਦੀ ਸਦਾ ਲੋੜ ਸੀ, ਪਰ ਅੱਜਕੱਲ੍ਹ ਦੂਲਾ ਸਿੰਘ ਨੂੰ ਵੀ ਉਹਦੀ ਬੜੀ ਲੋੜ ਸੀ। ਉਹਨੂੰ ਛੇ-ਕੁ ਮਹੀਨੇ ਹੋ ਗਏ ਸਨ ਜੇਲ੍ਹੋਂ ਆਏ ਨੂੰ। ਇਹਨਾਂ ਦਿਨਾਂ ਵਿੱਚ ਉਹਦੇ ਅੰਦਰ ਇਕੋ ਲਗਨ ਲੱਗੀ ਹੋਈ ਸੀ, ਚੰਦੋ ਨੂੰ ਕਾਬੂ ਕਰਨ ਦੀ। ਉਹ ਗੰਡਾ ਸਿੰਘ ਨੂੰ ਵੇਖ ਕੇ ਕਿਹਾ ਕਰਦਾ,"ਵੇਖੋ ਉਇ ਯਾਰੋ! ਇਹ ਬੁੱਢਾ ਖੋਢਾ ਪਰੀ ਵਰਗੀ ਮੁਟਿਆਰ ਸੰਭਾਲੀ ਬੈਠਾ ਏ ਤੇ ਅਸੀਂ ਹੀਰਿਆਂ ਵਰਗੇ ਗਭਰੂ, ਸਾਡੇ ਵੱਲੋਂ ਵਿਹੰਦਾ

ਵੀ ਕੋਈ ਨਹੀਂ।" ਉਹ ਗੰਡਾ ਸਿੰਘ ਨੂੰ 'ਚਾਚਾ' ਕਹਿੰਦਾ ਹੁੰਦਾ ਸੀ ਤੇ ਸ਼ਰੀਕੇ ਵਿਚੋਂ ਏਹਾ ਸਾਕ ਉਹਨਾਂ ਦਾ ਬਣਦਾ ਸੀ। ਪਰ ਬਦਚਲਨੀ ਨੂੰ ਇਹਨਾਂ ਵਹਿਮਾਂ ਤੇ ਸੰਬੰਧਾਂ ਨਾਲ ਕੀ। ਜਦੋਂ ਦਾ ਗੰਡਾ ਸਿੰਘ ਮਰ ਗਿਆ ਸੀ, ਓਦੋਂ ਤੋਂ ਇਹ ਅੱਗ ਦੂਲਾ ਸਿੰਘ ਦੇ ਦਿਲ ਵਿੱਚ ਵਧੇਰੇ ਭੜਕ ਉੱਠੀ ਸੀ। ਉਹ ਕਹਿੰਦਾ, "ਜੇ ਰੱਬ ਢੋਅ ਬਣਾ ਦੇਵੇ, ਤੇ ਚੰਦੋ ਮੰਨ ਜਾਵੇ, ਤਾਂ—ਕੱਸਮੇ—ਘਰ ਵਸ ਪਵੇ। ਤੇ ਨਾਲੇ ਜੋੜੀ ਬਣੇ, ਪਈ ਗੁਆਂਢੀ ਵੇਖ-ਵੇਖ ਸੜਨ।"

ਏਸ ਕੰਮ ਵਾਸਤੇ ਉਹਨੂੰ ਪੰਡਤ ਦੀ ਸਹਾਇਤਾ ਦੀ ਬੜੀ ਲੋੜ ਸੀ। ਉਹ ਜੋ ਕੁਝ ਬਾਹਰੋਂ ਲਿਆਉਂਦਾ, ਪਹਿਲਾਂ ਪੰਡਤ ਦਾ ਹਿੱਸਾ ਉਹਦੀ ਭੇਟਾ ਜਾ ਧਰਦਾ। ਅੱਧੀ-ਅੱਧੀ ਰਾਤ ਤਕ ਉਹ ਪੰਡਤ ਦੇ ਘਰ ਬੈਠਾ ਰਹਿੰਦਾ। ਰੋਜ਼ ਵਾਰਤਾ ਦਾ ਵਿਸ਼ਾ ਇਕੋ ਹੁੰਦਾ, ਚੰਦੋ ਦੀ ਪ੍ਰਾਪਤੀ। ਇਕ ਦਿਨ ਦੂਲਾ ਸਿੰਘ ਆਪਣੀ ਜੁੰਡੀ ਸਣੇ ਪੰਡਤ ਦੇ ਦੇਵਾਸ਼੍ਰਮ ਵਿਚ ਬੈਠਾ ਪੀ ਰਿਹਾ ਸੀ ਤੇ ਪੰਡਤ ਵੀ ਨਾਲ ਪਿਆਲੇ ਦਾ ਭਿਆਲ ਬਣਿਆ ਹੋਇਆ ਸੀ। ਨਸ਼ੇ ਦੇ ਰੰਗ ਵਿੱਚ ਰੰਗੇ ਹੋਏ ਦੂਲਾ ਸਿੰਘ ਨੇ ਕਿਹਾ, "ਪੰਡਤ ਜੀ ! ਬੱਸ ਅੱਜ ਗੱਲ ਹੰਨੇ ਬੰਨੇ ਹੋ ਜਾਏ ਜਾਂ ਵਰ ਜਾਂ ਸਰਾਫ, ਇਕ ਦਾਨ ਜ਼ਰੂਰ ਦਿਹੋ।"

"ਬੱਚੂ ! ਐਨਾ ਕਾਹਲਾ ਨਾ ਪੌ।" ਪੰਡਤ ਨੇ ਪਿਆਲਾ ਖ਼ਾਲੀ ਕਰਕੇ ਰੱਖਦਿਆਂ ਹੋਇਆਂ ਕਿਹਾ। "ਚੰਦੋ ਨੂੰ ਮਨਾਉਣਾ ਗੰਧਕ 'ਚੋਂ ਤੇਲ ਕੱਢਣ ਦੇ ਬਰਾਬਰ ਏ। ਉਹਦਾ ਜੀਵਨ ਚੁਫੇਰਿਓਂ ਦੁਖੀ ਹੈ, ਉਹਦੀ ਜੁਆਨੀ ਸੁੰਞੀਂ ਹੈ, ਉਹਦੀਆਂ ਰੀਝਾਂ ਸਿਸਕਦੀਆਂ ਰਹਿੰਦੀਆਂ ਨੇ, ਪਰ ਉਹ ਆਪਣੇ ਸਤੀ-ਧਰਮ ਵਿੱਚ ਬੜੀ ਪੱਕੀ ਏ। ਇਹ ਤਾਂ ਕੋਈ ਟੌਣਾ ਈ ਏਂ, ਜੇ ਲੱਗ ਜਾਵੇ ਤਾਂ ! ਨਹੀਂ ਤਾਂ ਕੋਈ ਆਸ ਨਹੀਂ।"

"ਪੰਡਤ ਜੀ !" ਦੂਲਾ ਸਿੰਘ ਤੜਫ ਕੇ ਬੋਲਿਆ। "ਇਉਂ ਨਾ ਕਹੋ। ਮੈਂ ਤੁਹਾਡੇ ਸਾਮ੍ਹਣੇ ਕੁਛ ਮਾਰ ਕੇ ਮਰ ਜਾਵਾਂਗਾ। ਨਹੀਂ ਤਾਂ ਮੇਰੀ ਮੁਰਾਦ ਪੂਰੀ ਕਰੋ।"

"ਇਕ ਵਿਉਂਤ ਏ।" ਪੰਡਤ ਨੇ ਕੁਛ ਚਿਰ ਸੋਚ ਕੇ ਕਿਹਾ।

"ਦੱਸੋ, ਕੀ ਏ ?" ਦੂਲਾ ਸਿੰਘ ਨੇ ਕਾਹਲੇ ਪੈ ਕੇ ਪੁੱਛਿਆ।

"ਪਹਿਲਾਂ ਉਹਨਾਂ ਦੇ ਘਰ ਵਿਚ ਪਾਟਕ ਪਾਉਣਾ ਪਵੇਗਾ। ਉਹਨੂੰ ਤੇ ਸੂਰਤ ਨੂੰ ਵੱਖੋ-ਵੱਖ ਕਰਨਾ ਪਵੇਗਾ।"

"ਤੁਹਾਡੇ ਅੱਗੇ ਇਹ ਕਿਹੜੀ ਔਖੀ ਗੱਲ ਏ।"

ਪੰਡਤ ਸੱਜੇ ਹੱਥ ਨਾਲ ਆਪਣੀ ਬੋਦੀ ਨੂੰ ਹਿਲਾਉਂਦਾ ਹੋਇਆ ਕਿਸੇ ਸਿੱਟੇ 'ਤੇ ਪੁੱਜ ਕੇ ਬੋਲਿਆ, "ਇਸ ਕੰਮ ਵਿਚ ਜਵੰਦੀ ਦੀ ਸਾਨੂੰ ਬੜੀ ਲੋੜ ਏ।" ਫਿਰ ਦੂਲਾ ਸਿੰਘ ਵੱਲੋਂ ਸੰਬੋਧਤ ਹੋ ਕੇ ਕਿਹਾ, "ਤੂੰ ਉਹਨੂੰ ਵੀ ਪੱਕੀ ਕਰੀਂ। ਨਾਲੇ ਉਹਦੀ ਕੁਛ ਪੂਜਾ ਵੀ ਕਰ ਦੇਵੀਂ।"



WWW.SIKHBOOKCLUB.COM 

"ਜਿਵੇਂ ਆਖੋ, ਪਰ ਇਹ ਕੰਮ ਸਿਰੇ ਚੜ੍ਹ ਜਾਵੇ। ਅਸਾਂ ਇਕ ਗੱਲ ਵਿਆਹੁਣੀ ਏ। ਨਹੀਂ ਤਾਂ ਮੇਰਾ ਜਿਉਣਾ ਝੂਠ ਜੇ।"

"ਚੰਗਾ, ਹੁਣ ਤੁਸੀਂ ਜਾਓ। ਰਾਮ ਸਭ ਭਲੀ ਕਰੇਗਾ।"

ਰਾਤ ਦੇ ਇਕ ਵਜੇ ਇਹ ਸਭਾ ਸਮਾਪਤ ਹੋਈ, ਤੇ ਸਾਰੇ ਥਾਂਓਂ ਥਾਂਈਂ ਜਾ ਬਿਰਾਜੇ।

## ੨੫

ਉਹ ਦਿਨ ਚਲੇ ਗਏ, ਜਦ ਚੰਦੋ ਸੂਰਤ ਨੂੰ ਵੇਖ ਕੇ ਜਿਉਂਦੀ ਸੀ। ਓਦੋਂ ਸੂਰਤ ਮਾਂ-ਮਹਿੱਟਰ ਸੀ ਤੇ ਚੰਦੋ ਨਰਕੀ ਪਿੰਜਰੇ ਦੀ ਨਵੀਂ ਕੈਦਣ। ਓਦੋਂ ਨਾ ਸੂਰਤ ਦੇ ਅਥਰੂ ਪੂੰਝਣ ਵਾਲਾ ਕੋਈ ਹੋਰ ਸੀ, ਤੇ ਨਾ ਚੰਦੋ ਦਾ ਦਿਲ ਪਰਚਾਉਣ ਵਾਲਾ। ਉਹ ਉਸ ਨੂੰ ਗੋਦੀ ਵਿਚ ਲੈ-ਲੈ ਕੇ ਘੁਟਦੀ, ਸਿਰ ਚੁੰਮਦੀ ਸੀ ਤੇ ਮੂੰਹ ਦੀਆਂ ਗ੍ਰਾਹੀਆਂ ਕੱਢ-ਕੱਢ ਦੇਂਦੀ ਸੀ। ਉਹਦੀ ਦੁਨੀਆਂ ਵਿਚ ਸੂਰਤ ਦੀ ਹੋਂਦ ਹੀ ਕੇਵਲ ਵਸਦਾ ਪਾਸਾ ਸੀ, ਬਾਕੀ ਸਭ ਉਜਾੜ। ਉਸ ਦੀ ਮਨ-ਮੋਹਣੀ ਸੂਰਤ ਉਹਦੇ ਸੁੰਞੇ ਦਿਲ ਦਾ ਸਹਾਰਾ ਸੀ, ਉਸ ਦੀ ਮਿੱਠੀ ਬੋਲੀ ਉਹਦੇ ਕੰਨਾਂ ਦਾ ਸੁਖਾਵਾਂ ਰਾਗ, ਤੇ ਉਸਦੇ ਹੱਸੂ ਹੱਸੂ ਕਰਦੇ ਨੇਤਰ, ਉਹਦੀਆਂ ਅੱਖਾਂ ਦੀ ਜੋਤਨਾ। ਉਹ ਹਰ ਵੇਲੇ ਓਸੇ ਦੀਆਂ ਸੁੱਖਾਂ ਸੁੱਖਦੀ ਰਹਿੰਦੀ, ਪਰ ਉਹ ਉਹਦੇ ਫੁਰਨਿਆਂ ਵਿਚ ਪੁੱਤਰ ਤੋਂ ਬਿਨਾਂ ਕੁਛ ਹੋਰ ਬਣ ਕੇ ਕਦੇ ਨਹੀਂ ਸੀ ਆਇਆ। ਉਹਦੀ ਪੁੱਤਰ-ਭਾਵਨਾ ਹੱਦ ਤਕ ਪੁੱਜੀ ਹੋਈ ਸੀ। ਕਈ ਵਾਰ ਉਹ ਸੋਚਦੀ, 'ਇਹ ਮੇਰੀ ਕੁਖੋਂ ਨਹੀਂ ਜੰਮਿਆਂ, ਮੈਂ ਇਹ ਗੋਦ ਨਹੀਂ ਖਿਡਾਇਆ, ਛਾਤੀਓਂ ਦੁੱਧ ਨਹੀਂ ਚੁੰਘਾਇਆ, ਪਰ ਇਹ ਮੈਨੂੰ ਐਨਾ ਪਿਆਰਾ ਕਿਉਂ ਲੱਗਦਾ ਏ? ਕਿਉਂ ਹਰ ਵੇਲੇ ਮੇਰੇ ਅੰਦਰ ਇਹ ਰੀਝ ਰਹਿੰਦੀ ਏ ਕਿ ਇਹ ਮੈਨੂੰ 'ਮਾਂ' ਆਖ ਕੇ ਬੁਲਾਵੇ ?'

ਪਰ ਹੁਣ ਸਮਾਂ ਬਦਲ ਚੁੱਕਾ ਸੀ। ਸੂਰਤ ਦੇ ਪਿਆਰ ਦੀ ਮਾਲਕ ਮਨਜੀਤ ਬਣ ਚੁੱਕੀ ਸੀ। ਮਰਦ ਦਾ ਬਚਪਨ ਦਾ ਪਿਆਰ ਮਾਂ ਵਾਸਤੇ ਹੁੰਦਾ ਹੈ ਤੇ ਜੁਆਨੀ ਦਾ ਇਸਤਰੀ ਵਾਸਤੇ। ਸੂਰਤ ਉੱਤੇ ਹੁਣ ਜੋਬਨ ਸੀ ਤੇ ਉਹਦਾ ਸਾਰਾ ਦਿਲ ਮਨਜੀਤ ਦੇ ਪ੍ਰੇਮ ਨੇ ਮੱਲਿਆ ਹੋਇਆ ਸੀ। ਚੰਦੋ ਨੂੰ ਵੀ ਹੁਣ ਸੂਰਤ ਦੀ ਲੋੜ ਨਹੀਂ ਸੀ। ਰੱਬ ਨੇ ਉਹਨੂੰ ਪੁੱਤਰ ਦੇ ਦਿੱਤਾ ਸੀ। ਉਹ ਸੂਰਤ ਦੀ ਥਾਂ ਕੁਲਵੰਤ ਨੂੰ ਪਿਆਰ ਕਰਦੀ ਸੀ। ਤੇ ਹੁਣ ਸੂਰਤ ਇਸ ਪਿਆਰ ਦਾ ਹੱਕਦਾਰ ਵੀ ਨਹੀਂ ਸੀ, ਕਿਉਂਕਿ ਕੁਲਵੰਤ ਚੰਦੋ ਦਾ ਕੁਖੋਂ ਜਣਿਆਂ ਪੁੱਤਰ ਸੀ। ਕਹਿੰਦੇ ਹਨ ਛੋਟਾ ਪੁੱਤਰ ਵੱਡਿਆਂ ਨਾਲੋਂ ਪਿਆਰਾ ਹੁੰਦਾ ਹੈ ਤੇ ਏਥੇ ਤਾਂ ਭਾਰੀ ਵਿੱਥ ਸੀ।

ਇਹ ਮੁੱਢਲਾ ਕਾਰਨ ਸੀ ਦੋਹਾਂ ਦੀ ਵਿਭੜ ਦਾ। ਉੱਤੋਂ ਤੇਜੋ, ਜੀਤੋ, ਜਵੰਦੀ ਤੇ ਪੰਡਤ ਨੇ ਰਹਿੰਦੀ ਕਸਰ ਪੂਰੀ ਕਰ ਦਿੱਤੀ। ਅੱਜ ਤੋਂ ਛੇ ਮਹੀਨੇ ਪਹਿਲਾਂ—ਜਦ

ਮਨਜੀਤ ਆਈ ਸੀ—ਦੋਹਾਂ ਧਿਰਾਂ ਵਿਚ ਸੂਈ ਜਿੰਨੀ ਵਿੱਥ ਨਹੀਂ ਸੀ। ਨੂੰਹ ਸੱਸ ਇੱਕੋ ਥਾਲੀ ਖਾਂਦੀਆਂ ਸਨ ਤੇ ਸੂਰਤ ਕੁਲਵੰਤ ਦਾ ਮੂੰਹ ਚੁੰਮਦਾ ਨਹੀਂ ਸੀ ਥੱਕਦਾ, ਪਰ ਹੁਣ ਉਹ ਇੱਕ ਦੂਜੇ ਨੂੰ ਵੇਖ ਨਹੀਂ ਸਨ ਸੁਖਾਉਂਦੇ। ਉਹਨਾਂ ਮਿਲੇ ਦਿਲਾਂ ਨੂੰ ਪਾੜਨ ਵਿੱਚ ਜਵੰਦੀ ਨੇ ਸਭ ਤੋਂ ਵਧੇਰੇ ਕੰਮ ਕੀਤਾ ਸੀ। ਉਹ ਇਕ ਪਾਸੇ ਇਕ ਨੂੰ ਤੇ ਦੂਜੇ ਪਾਸੇ ਦੂਜੀ ਨੂੰ ਵੱਖ-ਵੱਖ ਪੱਟੀਆਂ ਪੜ੍ਹਾਉਂਦੀ ਰਹਿੰਦੀ। ਇਕ ਦਿਨ ਉਹ ਮਨਜੀਤ ਨੂੰ ਕਹਿਣ ਲੱਗੀ, "ਐਦਕੀਂ ਮੈਨੂੰ ਤੇਰੀ ਮਾਂ ਮਿਲੀ ਸੀ। ਅੰਤ ਆਂਦਰਾਂ ਹੁੰਦੀਆਂ ਨੇ ਨਾ! ਆਖੇ : 'ਮੇਰੀ ਧੀ ਰਾਜ਼ੀ ਏ? ਉਹਨੂੰ ਘਰ ਵਿੱਚ ਕਿਹੋ ਜਿਹਾ ਜਾਣਦੇ ਨੇ ? ਸੂਰਤ ਉਹਦੇ ਨਾਲ ਕਦੇ ਲੜਿਆ ਝਗੜਿਆ ਤਾਂ ਨਹੀਂ ? ਮਤੇਈ ਸੱਸ ਉਹਨੂੰ ਨੋਕ ਟੋਕ ਤਾਂ ਨਹੀਂ ਕਰਦੀ ਰਹਿੰਦੀ ?' ਸਾਰੀਆਂ ਗੱਲਾਂ ਵੱਲੋਂ ਮੈਂ ਉਹਨੂੰ ਹੌਸਲਾ ਦਿੱਤਾ ਤਾਂ ਕਿੰਨਾ ਚਿਰ ਸੋਚ ਕੇ ਕਹਿਣ ਲੱਗੀ, 'ਮੇਰਾ ਇੱਕ ਸੁਨੇਹਾ ਮਨਜੀਤ ਨੂੰ ਦੇ ਦੇਈਂ। ਕਿਸੇ ਪੱਕੇ ਨੇ ਦੱਸਿਆ ਏ ਕਿ ਮਤੇਈ ਸੱਸ ਮਨਜੀਤ 'ਤੇ ਕੋਈ ਵਾਰ ਕਰਨ ਨੂੰ ਫਿਰਦੀ ਏ। ਉਹ ਉਹਦੇ ਉਤੇ ਵਿੱਸੋ ਨਾ।' ਕਹਿੰਦੀ ਸੀ, 'ਸੂਰਤ ਨੂੰ ਵੀ ਆਖੀਂ, ਮਾਂ ਨਾਲੋਂ ਘਰੋਂ ਵੱਖ ਹੋ ਜਾਏ। ਨਹੀਂ ਤਾਂ ਉਹਨੇ ਮੇਰੀ ਧੀ ਨੂੰ ਕੁਛ ਕਰ ਦੇਣਾ ਏਂ।' ਅੜੀਏ ਮਨਜੀਤ ! ਮੇਰਾ ਵੀ ਦਿਲ ਕਿਸੇ-ਕਿਸੇ ਵੇਲੇ ਡਰ ਨਾਲ ਕੰਬ ਉਠਦਾ ਏ।"

ਮਨਜੀਤ ਜਵੰਦੀ ਦੀਆਂ ਇਹ ਗੱਲਾਂ ਧਿਆਨ ਨਾਲ ਸੁਣਨ ਲੱਗ ਪਈ ਤਾਂ ਉਹਦਾ ਹੌਸਲਾ ਹੋਰ ਵੀ ਵਧ ਗਿਆ। ਉਹਨੇ ਏਥੋਂ ਤੱਕ ਕਹਿ ਦਿੱਤਾ, "ਮਨਜੀਤ ! ਜੇ ਢਿੱਡ ਵਿੱਚ ਰੱਖੇਂ, ਤਾਂ ਤੇਰੇ ਭਲੇ ਦੀ ਦੱਸਾਂ ?"

ਮਨਜੀਤ ਨੇ ਤ੍ਰਭਕ ਕੇ ਉਸ ਵੱਲ ਤੱਕਿਆ ਤੇ ਕਿਹਾ, "ਦੱਸ ਭੂਆ। ਅਗਾਂਹ ਨਾ ਕਰਨ ਵਾਲੀ ਹੋਈ, ਤਾਂ ਮੈਂ ਕਿਉਂ ਕਰਾਂਗੀ ?"

"ਅੜੀਏ, ਜੀਹਦੀ ਗੱਲ ਦੱਸਾਂ, ਤੂੰ ਓਸੇ ਕੋਲ ਜਾ ਕਰੇਂ, ਤਾਂ ਮੈਂ ਤਾਂ ਕਿਤੇ ਖਲੋਣ ਜੋਗੀ ਨਾ ਨਾ ਰਹਿ ਗਈ।" ਜਵੰਦੀ ਨੇ ਚਾਰ ਚੁਫੇਰੇ ਵੇਖ ਕੇ ਕਿਹਾ।

ਮਨਜੀਤ ਦਾ ਦਿਲ ਹੋਰ ਕੰਬ ਉਠਿਆ। ਉਹਨੇ ਹੱਥਲਾ ਕੰਮ ਛੱਡ ਕੇ ਪੁਛਿਆ, "ਪਰ ਅਜੇਹੀ ਗੱਲ ਕੀ ਏ?"

"ਪਰ ਬੀਬੀ !" ਜਵੰਦੀ ਨੇ ਪਾਸੇ ਨੂੰ ਮੂੰਹ ਕਰਕੇ ਕਿਹਾ। "ਮੈਂ ਨਹੀਂ ਦੱਸਦੀ। ਮੇਰਾ ਹੌਸਲਾ ਨਹੀਂ ਪੈਂਦਾ। ਕਿਤੇ ਉਹ ਨਾ ਹੋਵੇ ਕਿ ਭਲਿਆਈ ਕੀਤਿਆਂ ਬੁਰਿਆਈ ਪੇਸ਼ ਆਵੇ।"

ਮਨਜੀਤ ਮਣਾਂ ਮੂੰਹੀਂ ਸਹਿਮ ਹੇਠਾਂ ਦੱਬੀ ਗਈ। ਉਹ ਜਵੰਦੀ ਨੂੰ ਬਾਹੋਂ ਫੜ ਕੇ ਹਲੂਣਦੀ ਹੋਈ ਬੋਲੀ, "ਭਾਵੇਂ ਕੋਈ ਸੌਂਹ ਖੁਆ ਲੈ, ਮੈਂ ਕਿਸੇ ਕੋਲ ਗੱਲ ਨਹੀਂ ਕਰਦੀ। ਛੇਤੀ ਦੱਸ ਤੂੰ।"

"ਆਵਦੀ ਸੱਸ ਤੋਂ ਬਚ ਕੇ ਰਹੀਂ। ਸਾਰੀ ਗੱਲ ਮੈਂ ਫੇਰ ਦੱਸਾਂਗੀ। ਜਿੰਨੀ ਛੇਤੀ



WWW.SIKHBOOKCLUB.COM 

ਹੋ ਸਕੇ, ਅੱਡ ਹੋ ਜਾ ਉਸ ਨਾਲੋਂ। ਚੰਗਾ ਕਰੋ, ਤਾਂ ਬਾਹਰਲੀ ਹਵੇਲੀ ਵਿਚ ਚਲੇ ਜਾਓ।" ਜਵੰਦੀ ਉਹਦੇ ਕੰਨ ਕੋਲ ਹੋ ਕੇ ਬੋਲੀ।

ਏਨੇ ਨਾਲ ਮਨਜੀਤ ਦੀ ਤਸੱਲੀ ਨਾ ਹੋਈ, ਸਗੋਂ ਹੌਲ ਹੋਰ ਵਧ ਗਿਆ। ਉਹਨੇ ਫਿਰ ਪੁੱਛਿਆ, "ਪਰ ਇਹਦਾ ਕਾਰਨ ?"

"ਵੇਖੋਂ ਨਾ ! ਮੈਂ ਹੋਈ ਗਰੀਬਣੀ। ਤੇ ਜਬਾਨ ਆਂਹਦੀ ਏ, ਤੂੰ ਮੈਨੂੰ ਮੂਹੋਂ ਕੱਢ, ਮੈਂ ਤੈਨੂੰ ਪਿੰਡੋਂ ਕਢਾਉਨੀ ਆਂ। ਕਿਤੇ ਓਹੋ ਗੱਲ ਨਾ ਨਾ ਮੇਰੇ ਨਾਲ ਹੋਵੇ।"

"ਜਾਂ ਤਾਂ ਭੂਆ, ਤੂੰ ਗੱਲ ਨਹੀਂ ਸੀ ਛੇੜਨੀ ਤੇ ਜਾਂ ਹੁਣ ਸਾਰੀ ਦੱਸ।" ਮਨਜੀਤ ਨੇ ਕਾਹਲੀ ਪੈ ਕੇ ਕਿਹਾ।

ਜਵੰਦੀ ਬੜਾ ਸਹਿਮਿਆ ਜਿਹਾ ਮੂੰਹ ਬਣਾ ਕੇ ਬੋਲੀ, "ਇਕ ਦਿਨ ਤੇਰੀ ਸੱਸ ਆਖਣ ਲੱਗੀ, 'ਬੇਬੇ ਜਵੰਦੀਏ, ਮੇਰਾ ਇਕ ਕੰਮ ਕਰ, ਤੇਰਾ ਮੂੰਹ ਮਿੱਠਾ ਕਰਾਵਾਂਗੀ।' ਮੈਂ ਆਖਿਆ, 'ਦੱਸ ਬੇਬੇ!' ਤਾਂ ਆਖਣ ਲੱਗੀ, 'ਮੈਨੂੰ ਕੋਈ ਚੀਜ਼ ਲਿਆ ਕੇ ਦੇਹ ਜਿਸ ਨਾਲ ਮਨਜੀਤ ਦੇ ਘਰ ਕੁਛ ਨਾ ਹੋਵੇ, ਤੇ ਮੇਰਾ ਈ ਮੁੰਡਾ ਸਭ ਕਾਸੇ ਦਾ ਮਾਲਕ ਰਹੇ। ਜੋ ਮੂਹੋਂ ਮੰਗੇਂਗੀ, ਦਿਆਂਗੀ।' ਮੈਂ ਕੰਨੀਂ ਹੱਥ ਲਾਇਆ, ਤੇ ਕਿਹਾ 'ਨਾ ਬੀਬੀ ਰਾਣੀ ! ਮੈਥੋਂ ਇਹ ਪਾਪ ਨਹੀਂ ਹੁੰਦਾ।' ਹੁਣ ਸੁਣਿਆਂ ਏਂ, ਉਹਨੇ ਹੋਰ ਕਿਸੇ ਹੱਥ ਕੁਛ ਮੰਗਵਾਇਆ ਏ। ਤਾਂ ਤੈਨੂੰ ਆਖਿਆ ਏ, ਕਿ ਉਸ ਤੋਂ ਬਚ ਕੇ ਰਹੀਂ।"

ਮਨਜੀਤ ਨੇ ਅੱਗੋਂ ਕੋਈ ਉੱਤਰ ਨਾ ਦਿੱਤਾ। ਉਹ ਕਿਸੇ ਆਉਣ ਵਾਲੇ ਖ਼ਤਰੇ ਦੇ ਗ਼ਮ ਥੱਲੇ ਦੱਬੀ ਗਈ। ਚੰਦੋ ਤੋਂ ਉਹਨੂੰ ਕਦੇ ਵੀ ਇਹ ਆਸ ਨਹੀਂ ਸੀ। ਉਹ ਇਹਨਾਂ ਵਹਿਣਾਂ ਵਿਚ ਬੜੀ ਡੂੰਘੀ ਲਹਿ ਗਈ। ਇਸ ਵੇਲੇ ਉਹ ਆਪਣੀ ਵਰਤਮਾਨ ਹਾਲਤ ਤੋਂ ਬਹੁਤ ਦੂਰ ਪੁੱਜ ਚੁੱਕੀ ਸੀ। ਉਹਨੂੰ ਇਹ ਵੀ ਪਤਾ ਨਾ ਰਿਹਾ ਕਿ ਉਹਦੇ ਕੋਲੋਂ ਕਿਹੜੇ ਵੇਲੇ ਜਵੰਦੀ ਉਠ ਕੇ ਚਲੀ ਗਈ। ਬਾਹਰੋਂ ਸੂਰਤ ਆਇਆ ਤਾਂ ਉਹਦੀ ਇਸ ਹਾਲਤ ਨੂੰ ਵੇਖ ਕੇ ਡਰ ਗਿਆ। ਉਹਨੇ ਉਸ ਨੂੰ ਬਾਂਹੋਂ ਹਲੂਣ ਕੇ ਪੁੱਛਿਆ, "ਮਨਜੀਤ ! ਕੀ ਗੱਲ ਏ?"

"ਕੁਝ ਨਹੀਂ।" ਤੋਂ ਵੱਧ ਉਹਨੇ ਕੋਈ ਉੱਤਰ ਨਾ ਦਿੱਤਾ। ਕਈ ਵਾਰ ਪੁੱਛਣ 'ਤੇ ਅੰਤ ਰਾਤ ਨੂੰ ਉਹਨੇ ਜਵੰਦੀ ਦੀਆਂ ਸਾਰੀਆਂ ਗੱਲਾਂ ਸੂਰਤ ਨੂੰ ਦੱਸ ਦਿੱਤੀਆਂ। ਸੁਣ ਕੇ ਸੂਰਤ ਦਾ ਵੀ ਦਿਲ ਕੰਬ ਗਿਆ। ਉਹ ਕਿੰਨੇ ਦਿਨ ਸੋਚਾਂ ਵਿੱਚ ਪਿਆ ਰਿਹਾ। ਉਹ ਘਰ ਵਿੱਚ ਚੁੱਪ-ਚੁੱਪ ਰਹਿਣ ਲੱਗਾ। ਚੰਦੋ ਬੁਲਾਉਂਦੀ ਵੀ ਤਾਂ ਉਹ 'ਹੂੰ, ਹਾਂ' ਤੋਂ ਵੱਧ ਕੋਈ ਉੱਤਰ ਨਾ ਦੇਂਦਾ।

ਦੂਜੇ ਪਾਸੇ ਚੰਦੋ ਦੇ ਅੰਦਰ ਵੀ ਜਵੰਦੀ ਨੇ ਏਹਾ ਅੱਗ ਬਾਲ ਦਿੱਤੀ। ਉਹਨੇ ਉਸ ਨੂੰ ਤਸੱਲੀ ਕਰਾ ਦਿੱਤੀ ਕਿ ਮਨਜੀਤ ਤੇ ਸੂਰਤ, ਕੁਲਵੰਤ ਦੀ ਜਾਨ ਲੈਣ ਦੀ ਸੋਚ ਰਹੇ ਹਨ। ਉਹ ਏਸ ਗੱਲੋਂ ਸੜਦੇ ਹਨ ਕਿ ਕੁਲਵੰਤ ਜ਼ਮੀਨ 'ਚੋਂ ਅੱਧ

ਵੰਡਾਉਣ ਵਾਲਾ ਉਹਨਾਂ ਦਾ ਸ਼ਰੀਕ ਜੰਮ ਪਿਆ ਹੈ। ਇਸ ਵਾਸਤੇ ਚੰਦੋ ਨੂੰ ਉਹਨਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਤੇ ਦੋਹਾਂ ਧਿਰਾਂ ਨੂੰ ਹੁਣ ਵੱਖੋ-ਵੱਖ ਹੋ ਜਾਣਾ ਚਾਹੀਦਾ ਹੈ।

ਥੋੜ੍ਹੇ ਦਿਨਾਂ ਵਿੱਚ ਹੀ ਗੱਲ ਦੂਰ ਤੱਕ ਅਪੜ ਗਈ। ਉਸ ਘਰ ਦਾ ਮਿਲਾਪ ਖੰਭ ਲਾ ਕੇ ਉੱਡ ਗਿਆ। ਚੰਦੋ ਦੇ ਦੁੱਖਾਂ ਦਾ ਨਵਾਂ ਕਾਂਡ ਸ਼ੁਰੂ ਹੋ ਗਿਆ। ਇਕੋ ਘਰ ਵਿੱਚ ਰਹਿੰਦਿਆਂ ਹੋਇਆਂ ਉਹ ਆਪਣੀਆਂ ਵੱਖਰੀਆਂ ਪਕਾਉਂਦੀ ਸੀ ਤੇ ਮਨਜੀਤ ਵੱਖਰੀਆਂ। ਇਹ ਹਾਲਤ ਕਿੰਨਾ ਕੁ ਚਿਰ ਨਿਭਦੀ ? ਅੰਤ ਹਰ ਵੇਲੇ ਨੂੰਹ ਸੱਸ ਦੀ ਲੜਾਈ ਰਹਿਣ ਲੱਗੀ। ਸੂਰਤ ਤੇ ਜੀਤੋ ਵੀ ਵਿੱਚ ਪੁੱਜਦਾ ਹਿੱਸਾ ਲੈਂਦੇ। ਉਹਨਾਂ ਵਿਚ ਤਾਹਨੇ ਮਿਹਣੇ ਏਥੋਂ ਤੱਕ ਅਪੜ ਪਏ ਕਿ ਇਕ ਨਿਕਲ ਕੇ ਆਉਣ ਦਾ ਮਿਹਣਾ ਦੇਂਦੀ ਤੇ ਦੂਜੀ ਮੁੱਲ ਲਿਆਂਦੀ ਦਾ। ਪਾਣੀ ਸਿਰ ਉੱਤੋਂ ਦੀ ਲੰਘ ਤੁਰਿਆ ਤਾਂ ਦੋਵੇਂ ਧਿਰਾਂ ਇਸ ਨਿੱਤ ਦੀ ਕਲ੍ਹੇ ਤੋਂ ਛੁਟਕਾਰੇ ਦੀ ਵਿਉਂਤ ਸੋਚਣ ਲੱਗੀਆਂ। ਉਪਕਾਰੀ ਪੁਰਸ਼ ਵੀ ਪਿੰਡਾਂ ਦੇ ਵਿੱਚੇ ਹੁੰਦੇ ਹਨ। ਚੰਗੇ ਭਾਗਾਂ ਨੂੰ ਉਸ ਪਿੰਡ ਵਿੱਚ ਵੀ ਪੰਡਤ ਜਵਾਲਾ ਸਹਾਇ ਹੈਗਾ ਸੀ। ਉਹਨੇ ਦੋਹਾਂ ਘਰਾਂ ਦੀ ਸਮਾਈ ਕਰਾ ਦਿੱਤੀ। ਅੰਦਰਲਾ ਘਰ—ਜਿੱਥੇ ਉਹਨਾਂ ਦੀ ਵਸੋਂ ਸੀ—ਚੰਦੋ ਦੇ ਕਬਜ਼ੇ ਰਹਿਣ ਦਿੱਤਾ ਗਿਆ ਤੇ ਬਾਹਰਲੀ ਹਵੇਲੀ ਸੂਰਤ ਸਿੰਘ ਨੂੰ ਦੇ ਦਿੱਤੀ। ਇਹ ਵੰਡ ਦੋਹਾਂ ਭਰਾਵਾਂ ਵਿੱਚ ਪੱਕੀ ਮੰਨ ਲਈ ਗਈ। ਬਾਹਰੋਂ ਜ਼ਮੀਨ ਵੀ ਅੱਧੋ-ਅੱਧ ਕਰ ਦਿੱਤੀ ਗਈ। ਚੰਦੋ ਦੇ ਹਿੱਸੇ ਦਾ ਸੂਰਤ ਸਿੰਘ ਨੇ ਉਹਨੂੰ ਠੇਕਾ ਦੇਣਾ ਮੰਨ ਲਿਆ ਤੇ ਪੰਡਤ ਵਿੱਚ ਜ਼ਾਮਨ ਹੋ ਗਿਆ। ਏਸ ਤਰ੍ਹਾਂ ਉਤੋਂ-ਉਤੋਂ ਇਹ ਝਗੜਾ ਕੁਛ ਚਿਰ ਵਾਸਤੇ ਨਜਿੱਠਿਆ ਗਿਆ।

## ੨੬

ਹੁਣ ਜਵੰਦੀ ਤੇ ਪੰਡਤ ਦਾ ਸਾਰਾ ਧਿਆਨ ਚੰਦੋ ਦਾ ਇਸਤਰੀਤਵ ਲੁੱਟਣ ਵੱਲੋ ਲੱਗਾ ਹੋਇਆ ਸੀ। ਕਦੇ ਕਦਾਈਂ ਪੰਡਤ ਆਉਂਦਾ ਤੇ ਦੱਬੀ ਜ਼ਬਾਨ ਵਿੱਚ ਆਪਣੇ ਮਤਲਬ ਦੀ ਕੋਈ ਨਾ ਕੋਈ ਗੱਲ ਕਰ ਜਾਂਦਾ। ਪਰ ਬਹੁਤਾ ਫੇਰਾ ਜਵੰਦੀ ਦਾ ਰਹਿੰਦਾ। ਚੰਦੋ ਆਪਣੇ ਘਰ ਵਿੱਚ ਇਕੱਲੀ ਰਹਿੰਦੀ ਸੀ। ਕਦੇ ਕਦਾਈਂ ਉਹ ਬਹੁਤੀ ਉਦਾਸ ਹੋ ਜਾਂਦੀ ਤਾਂ ਹਰਪਾਲ ਸਿੰਘ ਕੇ ਘਰ ਸੁਰਿੰਦਰ ਕੋਲ ਜਾ ਬਹਿੰਦੀ। ਉਹਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਉਦਾਸ ਚੰਦੋ ਨੂੰ ਬੜੀਆਂ ਚੰਗੀਆਂ ਲੱਗਦੀਆਂ। ਪਰ ਉਸ ਜੋੜੀ ਦੇ ਸੁਖੀ ਜੀਵਨ ਵੱਲੋ ਵੇਖ ਕੇ ਜਦ ਉਹ ਆਪਣੀ ਜ਼ਿੰਦਗੀ 'ਤੇ ਝਾਤੀ ਮਾਰਦੀ, ਉਹਨੂੰ ਬੜਾ ਦੁੱਖ ਹੁੰਦਾ। ਉਹ ਲਹੂ ਦੇ ਘੁੱਟ ਪੀ ਕੇ ਰਹਿ ਜਾਂਦੀ। ਆਪਣੀ ਬਦਕਿਸਮਤੀ 'ਤੇ ਜਦ ਉਹ ਰੋ ਕੇ ਹਟਦੀ ਤਾਂ ਸੁਰਿੰਦਰ



WWW.SIKHBOOKCLUB.COM 

ਵਾਸਤੇ ਸੁੱਖਾਂ ਮੰਗ ਕੇ ਚੁੱਪ ਹੋ ਰਹਿੰਦੀ। ਉਹਦੇ ਅੰਦਰ ਇਕ ਗੁੱਝੀ ਪੀੜ ਸੀ ਕਿ ਮੈਂ ਵੀ ਸੁਰਿੰਦਰ ਵਾਂਗ ਸੁਖੀ ਹੁੰਦੀ।

ਤੇ ਜਿਸ ਦਿਨ ਉਹਦੇ ਕੋਲ ਜਵੰਦੀ ਆ ਬਹਿੰਦੀ, ਉਹ ਆਪਣੀਆਂ ਹੀ ਗੱਲਾਂ ਵਿੱਚ ਸਾਰੀ ਦਿਹਾੜੀ ਉਹਨੂੰ ਪਰਚਾਈ ਰੱਖਦੀ। ਜਵੰਦੀ ਏਸ ਵਿੱਦਿਆ ਦੀ ਪੂਰੀ ਉਸਤਾਦ ਸੀ। ਉਹਨੇ ਅੱਗੇ ਕਈ ਅਜਿਹੇ ਗਾਂਢੇ ਸਾਂਢੇ ਕੀਤੇ ਸਨ। ਉਹ ਚੰਗੀ ਤਰ੍ਹਾਂ ਜਾਣਦੀ ਸੀ ਕਿ ਚੰਦੋ ਦੇ ਅੰਦਰ ਇਕ ਚਿਰੋਕਣੀ ਭੁੱਖ ਹੈ। ਉਹਦੀ ਜੁਆਨੀ ਦੀ ਸੱਧਰ ਕਦੇ ਵੀ ਨਹੀਂ ਲੱਥੀ। ਉਹ ਇਹ ਵੀ ਸਮਝਦੀ ਸੀ ਕਿ ਉਹਦੀ ਭੁੱਖੀ ਆਤਮਾ ਕਿਹੋ ਜਿਹੀਆਂ ਗੱਲਾਂ ਸੁਣਨਾ ਚਾਹੁੰਦੀ ਹੈ। ਸੋ ਜਵੰਦੀ ਹਰ ਵੇਲੇ ਉਹਨੂੰ ਆਪਣੀ ਬੀਤੀ ਜੁਆਨੀ ਦੀਆਂ ਹੀ ਕਹਾਣੀਆਂ ਸੁਣਾਉਂਦੀ ਰਹਿੰਦੀ। ਕੁਛ ਸੱਚੀਆਂ ਤੇ ਕੁਛ ਵਾਧੂ ਮਨ-ਘੜਤ। ਸਹਿਜ-ਸਹਿਜ ਚੰਦੋ ਉਹਦੀਆਂ ਅਜਿਹੀਆਂ ਗੱਲਾਂ ਚਾਅ ਨਾਲ ਸੁਣਨ ਲੱਗ ਪਈ, ਤਾਂ ਜਵੰਦੀ ਸਗੋਂ ਵਧੇਰੇ ਮਸਾਲਾ ਲਾ ਕੇ ਸੁਨਾਉਣ ਲੱਗੀ। ਇਕ ਦਿਨ ਉਹਨੇ ਕਿਹਾ, "ਛੱਡ ਨੀ ਸ਼ਰਮਾਕਲੇ! ਤੇਰੇ 'ਤੇ ਤਾਂ ਜੇਹੀ ਜੁਆਨੀ ਆਈ, ਤੇਹੀ ਨਾ ਆਈ। ਜਿੱਦਣ ਸਾਡੇ 'ਤੇ ਦਿਨ ਸਨ, ਪੰਛੀ ਪਏ ਡਿੱਗਦੇ ਸਨ। ਰੱਬ ਰੂਪ ਦੇਵੇ, ਤਾਂ ਚਾਰ ਦਿਨ ਤਾਂ ਚੰਮ ਦੀਆਂ ਚਲਾ ਲਵੇ। ਢਲੀ ਜੁਆਨੀ 'ਤੇ ਤਾਂ ਮਰਦ ਪੁੱਛਦੇ ਵੀ ਨਹੀਂ। ਉਹ ਦਿਨ ਸਾਰਿਆਂ 'ਤੇ ਇੱਕੋ ਜਹੇ ਹੁੰਦੇ ਨੇ। ਤੇਰੇ ਵਾਲਾ ਸਰਦਾਰ ਮੇਰੀਆਂ ਬਰੂਹਾਂ ਪੁੱਟ ਕੇ ਖਾ ਗਿਆ ਸੀ। ਆਖੇ: 'ਜਵੰਦੀਏ! ਸਾਰੀ ਉਮਰ ਤੇਰਾ ਗ਼ੁਲਾਮ ਬਣ ਕੇ ਰਹਾਂਗਾ। ਜੇ ਤੂੰ ਨਾ ਮੰਨੀਓਂ, ਤਾਂ ਮੈਂ ਕੁਛ ਖਾ ਕੇ ਮਰ ਜਾਵਾਂਗਾ।' ਮੈਂ ਸੋਚਿਆ, ਮਨਾ ! ਅੱਲਾ ਨੇ ਹੁਸਨ ਦਿੱਤਾ ਏ, ਤਾਂ ਕਿਸੇ ਦੀ ਬੱਦੁਆ ਨਾ ਲਵੀਂ। ਇਹ ਰੂਪ ਢਲਦਾ ਪਰਛਾਵਾਂ ਏਂ। ਕੋਈ ਮਾਣ ਕਿਸ ਗੱਲ ਦਾ ਕਰੇ ? ਨਾਲੇ ਅਸੀਂ ਲੋਕਾਂ ਦੀਆਂ ਬਦਅਸੀਸਾਂ ਲੈਣ ਵਾਸਤੇ ਨਹੀਂ ਆਏ ਹੋਏ।"

ਜਵੰਦੀ ਚੋਖਾ ਚਿਰ ਏਹ ਗੱਲਾਂ ਕਰੀ ਗਈ, ਪਰ ਚੰਦੋ ਦੀ ਸੁਰਤ ਅਧਵਾਟੇ ਹੀ ਉਲਝੀ ਰਹੀ। ਉਹ ਆਪਣੇ ਬੁੱਢੇ ਪਤੀ ਬਾਬਤ ਸੋਚ ਰਹੀ ਸੀ, 'ਕੀ ਉਹ ਅਜਿਹਾ ਸੀ? ਤਾਂ ਉਹਨੇ ਮੇਰੀ ਜ਼ਿੰਦਗੀ ਕਿਉਂ ਬਰਬਾਦ ਕੀਤੀ। ਭੈੜਾ ਉਹ ਆਪ ਸੀ, ਤੇ ਬਦਚਲਣੀ ਦੇ ਮਿਹਣੇ ਮੈਨੂੰ ਦੇਂਦਾ ਸੀ? ਉਹ ਧੀਆਂ ਪੁੱਤਰਾਂ ਵਾਲਾ ਤੇ ਇਹ ਸਾਰੇ ਪਿੰਡ ਦੀ ਛੱਟੀ ਹੋਈ। ਉਹਨੂੰ ਸ਼ਰਮ ਨਾ ਆਈ? ਜੇ ਮਰਦ ਆਪ ਏਹੋ ਜੇਹੇ ਹੁੰਦੇ ਨੇ, ਤਾਂ ਘਰਦੀਆਂ ਨੂੰ ਕਿਸ ਗੱਲ ਦਾ ਮਿਹਣਾ ਦੇਂਦੇ ਨੇ? ਪਰ ਮਰਦ ਤਾਂ ਹੋਏ ਈ, ਤੇ ਜਨਾਨੀਆਂ ਨੂੰ ਵੀ ਆਪਣੀ ਇੱਜਤ ਵੇਚਦਿਆਂ ਲਾਜ ਨਹੀਂ ਆਉਂਦੀ? ਉਹ ਅਜਿਹਾ ਕਰਨ ਲੱਗੀਆਂ ਮਰ ਕਿਉਂ ਨਹੀਂ ਜਾਂਦੀਆਂ ?' ਚੋਖਾ ਚਿਰ ਉਹ ਏਸੇ ਵਹਿਣ ਵਿਚ ਪਈ ਰਹੀ। ਉਹਨੂੰ ਪਤਾ ਹੀ ਨਾ ਰਿਹਾ ਕਿ ਜਵੰਦੀ ਨੇ ਉਹਨੂੰ ਡੌਲਿਓਂ ਹਲੂਣ ਕੇ ਕਿਹਾ, "ਨੀ ਕਸਮ ਏ ਅੱਲਾ ਪਾਕ ਦੀ, ਦੂਲੇ ਦੇ ਹਉਕੇ ਸੁਣ ਕੇ

ਛਾਤੀ ਪਾਟਦੀ ਏ। ਵਚਾਰਾ ਰਾਤ ਦਿਨੇਂ ਤੇਰੇ ਈ ਨਾਂ ਦੀ ਮਾਲਾ ਫੇਰਦਾ ਰਹਿੰਦਾ ਏ। ਮੇਰੇ ਵਰਗੀ ਹੋਵੇ, ਤਾਂ...।"

ਵਿਚੋਂ ਈਂ ਗੱਲ ਟੋਕ ਕੇ ਚੰਦੋ ਨੇ ਗੁੱਸੇ ਭਰੇ ਲਹਿਜੇ ਵਿਚ ਕਿਹਾ, "ਬੱਸ, ਬੇਬੇ! ਮੇਰੇ ਕੋਲ ਮੁੜ ਕੇ ਏਹੋ ਜੇਹੀ ਗੱਲ ਨਾ ਕਰੀਂ। ਮੈਂ ਸੌ ਜੁੱਤੀ ਮਾਰਦੀ ਆਂ ਏਹੋ ਜੇਹੀਆਂ ਦੇ ਸਿਰ 'ਚ।"

ਸੁਣ ਕੇ ਜਵੰਦੀ ਇਕੋ ਵਾਰ ਤ੍ਰਭਕ ਉਠੀ। ਉਹ ਇਉਂ ਕੰਬ ਉਠੀ, ਜਿਵੇਂ ਚੰਦੋ ਦੀ ਕਹੀ ਹੋਈ ਸੌ ਜੁੱਤੀ ਓਸੇ ਨੂੰ ਆ ਵੱਜੀ ਹੋਵੇ। ਚੰਦੋ ਉਠ ਕੇ ਅੰਦਰ ਚਲੀ ਗਈ, ਤੇ ਪਲ ਪਿੱਛੋਂ ਜਵੰਦੀ ਵੀ ਉਦਾਸ ਜਿਹੀ ਹੋ ਕੇ ਘਰ ਨੂੰ ਚਲਦੀ ਬਣੀ।

ਤਿੰਨ ਚਾਰ ਦਿਨ ਜਵੰਦੀ ਨਾ ਆਈ, ਪਰ ਫੇਰ ਪੱਜ ਬਹਾਨੇ ਆਉਣ ਲੱਗ ਪਈ। ਹੁਣ ਉਹ ਖੁੱਲ੍ਹੇ ਸ਼ਬਦਾਂ ਵਿੱਚ ਤਾਂ ਚੰਦੋ ਨੂੰ ਕੁਛ ਨਾ ਆਖਦੀ, ਪਰ ਬੁਝਾਰਤਾਂ ਜ਼ਰੂਰ ਪਾਉਂਦੀ ਰਹਿੰਦੀ। ਚੰਦੋ ਆਪਣੇ ਉਤੇ ਕੀਤੇ ਹੋਏ ਕਿਸੇ ਸੰਵਾਲ ਦਾ ਜਵਾਬ ਨਾ ਦੇਂਦੀ, ਪਰ ਉਹਦੀਆਂ ਹੱਡ-ਬੀਤੀਆਂ ਜਾਂ ਜੱਗ-ਬੀਤੀਆਂ ਪ੍ਰੇਮ ਕਥਾਵਾਂ ਜ਼ਰੂਰ ਸੁਣਦੀ ਰਹਿੰਦੀ। ਜਦ ਕਦੇ ਜਵੰਦੀ ਉਹਦੇ ਰੂਪ ਦੀ ਸੋਭਾ ਕਰਦੀ, ਉਹਦੇ ਅੰਦਰ ਇਕ ਗੁੱਝੀ ਪੀੜ ਉਤਪੰਨ ਹੋ ਉਠਦੀ। ਉਹਦੀਆਂ ਰੀਝਾਂ ਹਉਕੇ ਬਣਕੇ ਅੰਦਰੋਂ ਨਿਕਲਦੀਆਂ। ਉਹ ਮਨ ਹੀ ਮਨ ਵਿੱਚ ਕਹਿੰਦੀ, 'ਕਾਸ਼ ! ਕੋਈ ਇਸ ਜਵਾਨੀ ਦੇ ਕੰਨਾਂ ਕੋਲ ਕਹਿਣ ਵਾਲਾ ਹੁੰਦਾ, ਕਿ ਤੂੰ ਬੜੀ ਸੁੰਦਰ ਏਂ।' ਕਿਸੇ ਕਿਸੇ ਵੇਲੇ ਤਾਂ ਬਦੋ ਬਦੀ ਉਹਦਾ ਜੀ ਹਾਰ ਸ਼ਿੰਗਾਰ ਲਾ ਕੇ ਸ਼ੀਸ਼ੇ ਅੱਗੇ ਖਲੋਣ ਨੂੰ ਕਰਦਾ। ਰੱਬ ਜਾਣੇ ਇਹ ਉਹਦੇ ਅੰਦਰ ਦੀ ਜਮਾਂਦਰੂ ਭੁੱਖ ਸੀ, ਜਾਂ ਜਵੰਦੀ ਦੇ ਪ੍ਰਚਾਰ ਦਾ ਅਸਰ।

ਇਕ ਦਿਨ ਚੰਦੋ ਸੁਰਿੰਦਰ ਨੂੰ ਮਿਲਣ ਗਈ। ਉਹ ਅੱਗੋ ਚੌਖਟੇ ਵਿਚ ਜੜੇ ਹੋਏ ਸ਼ੀਸ਼ੇ ਸਾਮ੍ਹਣੇ ਖਲੋਤੀ ਕੇਸ ਵਾਹ ਰਹੀ ਸੀ। ਉਹਦੇ ਕੇਸ ਕਾਲੇ ਚਮਕਦਾਰ, ਲੰਮੇ ਤੇ ਅੱਤ ਮਨ-ਮੋਹਣੇ ਸਨ। ਚੰਦੋ ਦਿਲ ਵਿੱਚ ਆਪਣੇ ਕੇਸਾਂ ਦਾ ਉਸ ਨਾਲ ਟਾਕਰਾ ਕਰਨ ਲੱਗੀ। ਸ਼ੀਸ਼ੇ ਵਿੱਚ ਉਸ ਦਾ ਪਰਤੋ (ਅਕਸ) ਵੇਖ ਕੇ ਸੁਰਿੰਦਰ ਛੇਤੀ ਨਾਲ ਪਿਛਾਂਹ ਪਰਤੀ, ਤੇ ਸ਼ਰਮਾਈ ਹੋਈ ਬੋਲੀ, "ਉਹਨਾਂ ਜਾਣ ਕੇ ਮੇਰੇ ਕੇਸ ਉਲਝਾ ਦਿੱਤੇ ਸਨ।"

ਇਹ ਵਾਕ ਉਹਦੇ ਮੂੰਹੋਂ ਬੇਵਸੇ ਹੀ ਨਿਕਲ ਗਿਆ ਸੀ। ਇਸ ਨੇ ਉਹਨੂੰ ਦੂਹਰੀ ਲੱਜਿਆ ਦੇ ਭਾਰ ਹੇਠ ਦੱਬ ਦਿੱਤਾ। ਜਦ ਉਹਨੂੰ ਗਿਆਨ ਹੋਇਆ ਕਿ ਉਹਨੇ ਥੋੜ੍ਹਾ ਛੁਪਾਉਣ ਬਦਲੇ, ਸਗੋਂ ਉਸ ਨਾਲੋਂ ਬਹੁਤਾ ਕੁਛ ਹੋਰ ਪ੍ਰਗਟ ਕਰ ਦਿੱਤਾ ਹੈ, ਉਹਨੇ ਨੀਵੀਂ ਪਾ ਲਈ ਤੇ ਕੇਸ ਉਹਦੇ ਮੂੰਹ ਅੱਗੇ ਖਿੱਲਰ ਗਏ ਮਾਨੋ ਚੰਦ ਜਾਣ ਕੇ ਕਾਲੀਆਂ ਘਟਾਂ ਵਿੱਚ ਲੁਕ ਗਿਆ। ਉਸ ਵੇਲੇ ਉਹ ਚੰਦੋ ਨੂੰ ਬਹੁਤ

ਪਿਆਰੀ ਲੱਗੀ। ਉਹਨੇ ਹੱਸ ਕੇ ਕਿਹਾ, "ਤਾਂ ਹੋਇਆ ਕੀ ? ਸ਼ਰਮਾ ਕਿਉਂ ਗਈ ਏਂ? ਮੇਰਾ ਕੋਈ ਏਹੋ ਜੇਹਾ ਹੁੰਦਾ, ਤਾਂ ਮੈਂ ਰੱਬ ਤੋਂ ਏਹਾ ਮੰਗਦੀ ਕਿ ਉਹ ਸਾਰੀ ਉਮਰ ਮੇਰੇ ਕੇਸ ਉਲਝਾਉਂਦਾ ਰਹੇ ਤੇ ਮੈਂ ਸੁਆਰਦੀ ਰਹਾਂ।"

ਇਹਨਾਂ ਥੋੜ੍ਹੇ ਜਿਹੇ ਸ਼ਬਦਾਂ ਵਿਚੋਂ ਇੱਕ ਨੂੰ ਬੇਓੜਕੀ ਖ਼ੁਸ਼ੀ ਹਾਸਲ ਹੋਈ ਤੇ ਇੱਕ ਨੂੰ ਅਸਹਿ ਪੀੜ। ਸਾਰਿਆਂ ਨਾਲੋਂ ਦੁੱਖ ਵਾਲੀ ਗੱਲ ਤਾਂ ਚੰਦੋ ਵਾਸਤੇ ਇਹ ਹੋਈ ਕਿ ਅੱਜ ਉਹ ਆਪਣਾ ਰੂਪ ਸੁਰਿੰਦਰ ਨਾਲ ਇੱਕੋ ਥਾਂ ਸ਼ੀਸ਼ੇ ਵਿਚੋਂ ਵੇਖ ਚੁੱਕੀ ਸੀ। ਮੁੜ ਮੁੜ ਕੇ ਉਹਦੇ ਦਿਲੋਂ ਏਹਾ ਹੂਕ ਉਠਦੀ ਕਿ ਮੈਂ ਸੁਰਿੰਦਰ ਨਾਲੋਂ ਘੱਟ ਸੋਹਣੀ ਨਹੀਂ। ਕਦੇ ਉਹ ਆਪਣੀ ਸਹੇਲੀ ਹਰਬੰਸੋ ਦੀਆਂ ਗੱਲਾਂ ਸੁਣ ਕੇ ਤੜਫਦੀ ਸੀ। ਉਸ ਨਾਲੋਂ ਉਹ ਆਪਣੇ-ਆਪ ਨੂੰ ਢੇਰ ਰੂਪਵਾਨ ਮੰਨਦੀ ਸੀ। ਅੱਜ ਤੋਂ ਪਹਿਲਾਂ ਸੁਰਿੰਦਰ ਉਹਦੇ ਨਾਲੋਂ ਸੋਹਣੀ ਸੀ, ਪਰ ਅੱਜ ਉਹਨੇ ਦੋਹਾਂ ਦਾ ਰੂਪ ਇੱਕੋ ਸ਼ੀਸ਼ੇ 'ਚੋਂ ਵੇਖ ਲਿਆ ਸੀ ਤੇ ਵੇਖਣ ਵਾਲਾ ਅਜੇ ਤਕ ਉਹਦੇ ਕੰਨਾਂ ਵਿੱਚ ਕਹਿ ਰਿਹਾ ਸੀ ਕਿ ਤੂੰ ਉਹਦੇ ਨਾਲੋਂ ਘੱਟ ਸੋਹਣੀ ਨਹੀਂ। ਜਿੰਨਾ ਦੁੱਖ ਚੰਦੋ ਨੂੰ ਇਸ ਖ਼ਿਆਲ ਨੇ ਪੁਚਾਇਆ, ਉਹ ਕਾਲੀ ਕੋਝੀ ਹੁੰਦੀ ਤਾਂ ਉਹਨੂੰ ਏਨੀ ਤਕਲੀਫ਼ ਨਾ ਹੁੰਦੀ। ਉਸ ਦਸ-ਕੁ ਮਿੰਟ ਸੁਰਿੰਦਰ ਕੋਲ ਬੈਠੀ ਤਾਂ ਸਹੀ, ਪਰ ਉਹਦਾ ਦਿਲ ਨਾ ਲੱਗਾ। ਜ਼ਰੂਰੀ ਕੰਮ ਦਾ ਪੱਜ ਲਾ ਕੇ ਉਹ ਘਰ ਨੂੰ ਪਰਤ ਆਈ। ਘਰ ਆ ਕੇ ਸਭ ਤੋਂ ਪਹਿਲਾ ਕੰਮ ਉਹਨੇ ਇਹ ਕੀਤਾ ਕਿ ਮੁੱਦਤ ਦਾ ਸੰਦੂਕ ਵਿੱਚ ਸਾਂਭ ਕੇ ਰਖਿਆ ਹੋਇਆ ਸ਼ੀਸ਼ਾ ਕੱਢ ਕੇ ਉਹਦੇ ਸਾਮ੍ਹਣੇ ਬਹਿ ਕੇ ਚੀਰਨੀ ਸੁਆਰੀ। ਉਹਨੇ ਕੇਸ ਸੁਆਰ ਤਾਂ ਲਏ, ਪਰ ਹੁਣ ਉਲਝਾਵੇ ਕੌਣ ? ਏਸ ਦੁੱਖ ਨੇ ਉਹਦੇ ਅੰਦਰ ਭਾਂਬੜ ਬਾਲ ਦਿੱਤੇ। ਕਿੰਨਾ ਚਿਰ ਉਹ ਪਲੰਘ 'ਤੇ ਮੂੰਹ ਪਰਨੇ ਪਈ ਰੋਂਦੀ ਰਹੀ। ਉਹਦੀ ਹੋਸ਼ ਟਿਕਾਣੇ ਆਈ, ਤਾਂ ਉਹਨੇ ਇਕ ਵਾਰ ਫਿਰ ਸ਼ੀਸ਼ਾ ਵੇਖਿਆ। ਉਹਦੇ ਕੇਸ ਉਲਝਣ ਦੀ ਥਾਂ ਬਹੁਤੇ ਖੁੱਸੇ ਹੋਏ ਸਨ ਤੇ ਕੰਘੀ ਦੇ ਕੁਛ ਟੁੱਟੇ ਹੋਏ ਦੰਦੇ ਅਜੇ ਵਿੱਚੇ ਅੜੇ ਹੋਏ ਸਨ। ਉਹ ਹੈਰਾਨ ਹੋ ਗਈ, ਜਦ ਉਹਨੂੰ ਸਮਝ ਪਈ ਕਿ ਇਹ ਸਭ ਕੁਛ ਉਹਨੇ ਆਪ ਹੀ ਕੀਤਾ ਸੀ।

ਚੰਦੋ ਦੀ ਜਦੋਂ ਦੀ ਸੁਰਤ ਸੰਭਲੀ ਸੀ, ਉਹਨੂੰ ਕਦੇ ਵੀ ਸ਼ਾਂਤੀ ਨਸੀਬ ਨਹੀਂ ਸੀ ਹੋਈ। ਇਹਨਾਂ ਦਿਨਾਂ ਵਿੱਚ ਉਹਦੇ ਦਿਲ ਦੀ ਬੇਚੈਨੀ ਹੱਦੋਂ ਵਧ ਗਈ ਹੋਈ ਸੀ।

## ੨੭

ਇਹਨਾਂ ਦਿਨਾਂ ਵਿੱਚ ਹੀ ਇਕ ਹੋਰ ਦੁਰਘਟਨਾ ਹੋ ਗਈ। ਕੁਲਵੰਤ ਬਿਮਾਰ ਹੋ ਗਿਆ। ਇਸ ਵੇਲੇ ਉਹ ਡੇਢ-ਕੁ ਸਾਲ ਦਾ ਸੀ। ਖਾਣ ਦੀ ਬਦਪਰਹੇਜ਼ੀ ਨਾਲ ਉਹਦੀ ਛਾਤੀ ਰੁਕ ਗਈ ਤੇ ਉਹਨੂੰ ਬੁਖ਼ਾਰ ਨਾਲ ਖੰਘ ਆਉਣ ਲੱਗ ਪਈ। ਕਿਸੇ

ਕਿਸੇ ਵੇਲੇ ਉਹਦਾ ਸਾਹ ਰੁਕ ਜਾਂਦਾ ਤੇ ਹਿੱਕ ਘਰੜ-ਘਰੜ ਕਰਨ ਲੱਗ ਪੈਂਦੀ। ਇਸ ਸਮੇਂ ਪੰਡਤ ਨੂੰ ਚੰਦੋ ਦੇ ਘਰ ਆਉਣ ਜਾਣ ਦਾ ਚੰਗਾ ਬਹਾਨਾ ਮਿਲ ਗਿਆ। ਉਹ ਦਿਨ ਵਿੱਚ ਦੋ ਵਾਰ ਦਵਾਈ ਲੈ ਕੇ ਆਉਂਦਾ। ਚੰਦੋ ਉਹਦੇ ਪੈਰੀਂ ਹੱਥ ਲਾਉਂਦੀ ਤੇ ਉਹ ਉਮਰ ਭਰ ਸਪੁੱਤੀ ਰਹਿਣ ਦੀ ਅਸੀਸ ਦੇਂਦਾ। ਉਹਦੀ ਇਸ ਹਮਦਰਦੀ ਦੇ ਭਾਰ ਥੱਲੇ ਚੰਦੋ ਆਪਣੇ-ਆਪ ਨੂੰ ਦੱਬੀ ਹੋਈ ਅਨੁਭਵ ਕਰਨ ਲੱਗੀ। ਇਕ ਦਿਨ ਚੰਦੋ ਨੇ ਪੁੱਛਿਆ, "ਪੰਡਤ ਜੀ! ਸੱਚ ਦੱਸੋ, ਮੇਰੇ ਬੱਚੇ ਨੂੰ ਉਂਞ ਤਾਂ ਖ਼ੈਰ ਏ ? ਇਹਦੇ ਬਿਨਾਂ ਮੈਂ ਜਿਉਂਦੀ ਨਹੀਂ ਰਹਿ ਸਕਾਂਗੀ।"

"ਦੇਵੀ ! ਤੇਰੇ ਪੁੱਤਰ ਦੀ ਭਗਵਾਨ ਰੱਖਿਆ ਕਰੇਗਾ।" ਪੰਡਤ ਨੇ ਹੌਸਲਾ ਬਨ੍ਹਾਉਂਦਿਆਂ ਕਿਹਾ, "ਸਮੇਂ ਸਿਰ ਇਲਾਜ ਨਾ ਹੁੰਦਾ ਤਾਂ ਖ਼ਤਰਾ ਜ਼ਰੂਰ ਸੀ। ਪਰ ਹੁਣ ਕੋਈ ਫ਼ਿਕਰ ਨਹੀਂ। ਭਲਕੇ ਐਤਵਾਰ ਮੈਂ ਤਵੀਤ ਕਰਕੇ ਲਿਆ ਦਿਆਂਗਾ। ਉਸਨੂੰ ਸੱਤ ਦਿਨ ਸਵੇਰੇ ਧੂਪ ਦੇਂਦੇ ਰਹਿਣਾ। ਹੇ ਰਾਮ ! ਕਿਸੇ ਦਾ ਬੁਰਾ ਕਰਨ ਵਾਲਿਆਂ ਦੀ ਕਲਿਆਣ ਕਿਵੇਂ ਹੋਵੇਗੀ ?"

ਪੰਡਤ ਦੇ ਪਹਿਲੇ ਵਾਕ ਨੂੰ ਸੁਣ ਕੇ ਚੰਦੋ ਨੂੰ ਹੌਸਲਾ ਹੋਇਆ ਸੀ, ਪਰ ਅੰਤਲਾ ਵਾਕ ਸੁਣ ਕੇ ਉਹਦਾ ਹਿਰਦਾ ਕੰਬ ਉਠਿਆ। ਉਸਦਾ ਭਾਵ ਉਹ ਸਾਫ਼ ਸਮਝ ਗਈ ਕਿ ਉਹਦੇ ਪੁੱਤਰ ਨੂੰ ਕਿਸੇ ਕੁਛ ਕੀਤਾ ਹੋਇਆ ਹੈ। ਪਿਛਲੇ ਦਿਨ ਜਵੰਦੀ ਨੇ ਵੀ ਉਹਨੂੰ ਏਹਾ ਦੱਸਿਆ ਸੀ। ਉਹਨੂੰ ਇਹ ਵੀ ਸ਼ੱਕ ਸੀ ਕਿ ਜੋ ਕੀਤਾ ਹੈ, ਮਨਜੀਤ ਨੇ ਹੀ ਕੀਤਾ ਹੈ। ਜਵੰਦੀ ਦੀ ਨਿੱਤ ਦੀ ਚੁਕਣਾ ਨੇ ਇਹ ਗੱਲ ਉਹਦੇ ਅੰਦਰ ਪੱਕੀ ਤਰ੍ਹਾਂ ਬਿਠਾ ਦਿੱਤੀ ਹੋਈ ਸੀ। ਉਹਨੇ ਸ਼ੰਕਾ ਨਵਿਰਤ ਕਰਨ ਬਦਲੇ ਪੰਡਤ ਨੂੰ ਪੁੱਛਿਆ, "ਜੀ, ਤੁਸੀਂ ਮੈਨੂੰ ਸਾਫ ਨਹੀਂ ਦੱਸਦੇ। ਮੈਨੂੰ ਪਤਾ ਤਾਂ ਲੱਗ ਜਾਵੇ ਕਿ ਉਹ ਭਰਾਵਾਂ ਪਿੱਟੀ ਕੌਣ ਏ?"

ਜਿਹੜੀ ਗੱਲ ਪੰਡਤ ਕਈਆਂ ਦਿਨਾਂ ਤੋਂ ਕਹਿਣ ਨੂੰ ਫਿਰਦਾ ਸੀ, ਉਸਦਾ ਇਸ ਤੋਂ ਚੰਗਾ ਮੌਕਾ ਹੋਰ ਕੋਈ ਨਹੀਂ ਸੀ। ਫਿਰ ਵੀ ਉਹਨੇ ਜ਼ਰਾ ਇਸ ਨੂੰ ਹੋਰ ਲਮਕਾਉਣਾ ਚੰਗਾ ਸਮਝਿਆ ਤੇ ਕਿਹਾ, "ਇਹਨਾਂ ਗੱਲਾਂ ਵਿੱਚ, ਦੇਵੀ! ਕੀ ਪਿਆ ਏ ? ਸੁਣ ਕੇ ਸਗੋਂ ਤੇਰੀ ਆਤਮਾ ਕਲਪੇਗੀ। ਨਾਲੇ ਕਿਸੇ ਦੇ ਘਰ ਵਿਚ ਪਾਟਕ ਪਾਉਣਾ ਪੰਡਤ ਦਾ ਕੰਮ ਨਹੀਂ। ਅਖ਼ੀਰ ਤੁਸਾਂ ਫਿਰ ਇੱਕੋ ਮਿੱਕੋ ਹੋ ਜਾਣਾ ਏਂ, ਤੇ ਅਸੀਂ ਵਾਧੂ ਦਾ ਵੈਰ ਕਿਉਂ ਵਧਾ ਲਈਏ ?"

ਇਹਨਾਂ ਵਾਕਾਂ ਨੇ ਚੰਦੋ ਦਾ ਸ਼ੱਕ ਨਿਸਚੇ ਵਿਚ ਬਦਲ ਦਿੱਤਾ। ਪੰਡਤ ਨੇ ਕਿਸੇ ਬਾਰੇ ਦੱਸਿਆ ਨਹੀਂ, ਪਰ ਦੱਸਣ ਵਿਚ ਕਸਰ ਵੀ ਕੋਈ ਨਹੀਂ ਰਹਿ ਗਈ। ਚੰਦੋ ਦੇ ਅੰਦਰ ਈਰਖਾ ਦੇ ਭਾਂਬੜ ਬਲ ਉੱਠੇ। ਉਹ ਦਿਲ ਵਿੱਚ ਸੋਚਣ ਲੱਗੀ, 'ਕੀ, ਜਿਸ ਨੂੰ ਮੈਂ ਪੁੱਤਰਾਂ ਵਾਂਗ ਲਾਡ ਲਡਾਉਂਦੀ ਰਹੀ ਸਾਂ, ਉਹ ਮੇਰੇ ਹੀ ਕਲੇਜੇ ਨੂੰ

ਰੁੱਗ ਪਾਉਣ ਲਈ ਤਿਆਰ ਹੋ ਗਿਆ ? ਉਸ ਤੋਂ ਮੈਨੂੰ ਏਹਾ ਆਸ ਸੀ ? ਉਸ ਉਧਾਲ ਤੋਂ ਤਾਂ ਹਰ ਤਰ੍ਹਾਂ ਦੀ ਉਮੈਦ ਹੋ ਸਕਦੀ ਏ। ਜਿਹੜੀ ਪੇਕਿਆਂ ਦੀ ਵਢ ਆਈ, ਉਹ ਹੋਰ ਕਿਸੇ ਦੀ ਸਕੀ ਕਦੋਂ ਬਣਨ ਲੱਗੀ ਏ। ਪਰ ਉਹਦੇ ਪਿੱਛੇ ਲੱਗ ਕੇ ਉਹ ਵੀ ਦੁਸ਼ਮਣ ਹੋ ਗਿਆ?' ਅਜਿਹੇ ਖ਼ਿਆਲਾਂ ਨੇ ਉਹਨੂੰ ਕਿਤੋਂ ਚੁੱਕ ਕੇ ਕਿਤੇ ਲਿਜਾ ਸੁੱਟਿਆ। ਸੂਰਤ ਦੇ ਵਿਰੋਧ ਨਾਲ ਉਸ ਵੇਲੇ ਉਹਦਾ ਲੂੰ-ਲੂੰ ਭਰ ਗਿਆ ਸੀ। ਉਹਨੇ ਆਪਣੇ ਨਿਸਚੇ ਨੂੰ ਹੋਰ ਪੱਕਿਆਂ ਕਰਨ ਬਦਲੇ ਪੁੱਛਿਆ, "ਜੀ, ਮੈਂ ਕਿਸੇ ਅੱਗੇ ਭੋਗ ਨਹੀਂ ਪਾਉਂਦੀ। ਪਰ ਅਗ੍ਹਾਂ ਵਾਸਤੇ ਤਾਂ ਉਸ ਤੋਂ ਬਚੀ ਰਹਾਂ। ਮੈਨੂੰ ਪੂਰਾ ਪਤਾ ਤਾਂ ਹੋ ਜਾਵੇ। ਮੈਨੂੰ ਰੱਬੋਂ ਉਰੇ ਤੁਹਾਡਾ ਈ ਆਸਰਾ ਏ।"

ਪੰਡਤ ਨੇ ਜ਼ਰਾ ਵਧੇਰੇ ਧਿਆਨ ਨਾਲ ਚੰਦੋ ਵੱਲ ਤਕਿਆ। ਘੁੰਡ ਵਿਚੋਂ ਉਹਦੀਆਂ ਉਦਾਸ ਅੱਖਾਂ ਤੇ ਪੱਲੇ ਹੇਠੋਂ ਥੋੜ੍ਹੀ ਜਿਹੀ ਨੰਗੀ ਠੋਡੀ ਸਾਫ ਦੀਹਦੀ ਸੀ। ਕੁਮਲਾਇਆ ਹੋਇਆ ਫੁੱਲ ਕਈ ਵਾਰ ਵੇਖਣ ਵਾਲੇ ਨੂੰ ਅਸਲ ਨਾਲੋਂ ਵਧੇਰੇ ਸੋਹਣਾ ਲੱਗਦਾ ਹੈ। ਉਸ ਦੇ ਵੇਖਣ ਨਾਲ ਹੀ ਇਹ ਸਵਾਲ ਆਪਣੇ-ਆਪ ਉਠ ਖਲੋਂਦਾ ਹੈ ਕਿ ਜੇ ਇਸ 'ਤੇ ਜੋਬਨ ਹੋਵੇ, ਤਾਂ ਫੇਰ ਕਿੰਨੀ ਕੁ ਸੁੰਦਰਤਾ ਹੋਵੇ। ਅਜਿਹੇ ਹੀ ਸਵਾਲ ਚੰਦੋ ਦੇ ਕੁਮਲਾਏ ਹੋਏ ਚਿਹਰੇ ਦਾ ਥੋੜ੍ਹਾ ਜਿਹਾ ਹਿੱਸਾ ਵੇਖ ਕੇ ਪੰਡਤ ਦੇ ਮਨ ਵਿੱਚ ਉਠ ਰਹੇ ਸਨ। ਅੱਗੇ ਕਦੇ ਉਹਦੇ ਫੁਰਨੇ ਵਿੱਚ ਵੀ ਇਹ ਗੱਲ ਨਹੀਂ ਸੀ ਆਈ ਕਿ ਚੰਦੋ ਨੂੰ ਰੱਬ ਨੇ ਐਨਾ ਰੂਪ ਦਿੱਤਾ ਹੈ। ਇਸ ਪਲ ਤੋਂ ਉਹਦੇ ਅੰਦਰ ਇਕ ਨਵੀਂ ਜਲਣ ਪੈਦਾ ਹੋ ਗਈ। ਮੁੱਦਤ ਦੀ ਬੀਤ ਚੁੱਕੀ ਜੁਆਨੀ ਦੀਆਂ ਢਹਿ ਢੇਰੀ ਹੋਈਆਂ ਹਿਰਸਾਂ ਨੇ ਉਹਦੇ ਵਿਕਾਰੀ ਮਨ ਵਿਚ ਜ਼ਰਾ ਪਾਸਾ ਪਰਤਿਆ। ਪਰ ਉਹਨੇ ਆਪਣੇ ਭਾਵਾਂ ਨੂੰ ਹਾਲੇ ਓਥੇ ਹੀ ਦਬਾ ਲਿਆ। ਚੰਦੋ ਦੇ ਪ੍ਰਸ਼ਨ ਦਾ ਉੱਤਰ ਦੇਣ ਦੀ ਥਾਂ ਉਹਨੇ ਲੰਮੀ ਕਹਾਣੀ ਸ਼ੁਰੂ ਕਰ ਦਿੱਤੀ : "ਵੇਖੋਂ ਨਾ, ਦੇਵੀ! ਮੈਨੂੰ ਏਸ ਘਰ ਨਾਲੋਂ ਕੌਣ ਚੰਗਾ ਏ? ਗੰਡਾ ਸਿੰਘ ਮੇਰਾ ਧਰਮ ਦਾ ਭਰਾ ਸੀ। ਬਚਪਨ ਤੋਂ ਸਾਡਾ ਆਪਸ ਵਿਚ ਗੂੜ੍ਹਾ ਪਿਆਰ ਸੀ। ਇਸ ਪਿਆਰ-ਗੰਢ ਨੂੰ ਪੱਕਿਆਂ ਕਰਨ ਬਦਲੇ ਈ ਅਸਾਂ ਆਪਸ ਵਿੱਚ ਪੱਗਾਂ ਵਟਾਈਆਂ ਸਨ। ਕਹਿੰਦੇ ਨੇ : ਪੱਗਾਂ ਵਟਾਉਣੀਆਂ ਸਿਰ ਵਟਾਉਣ ਦੇ ਬਰਾਬਰ ਹੁੰਦੀਆਂ ਨੇ। ਜਦ ਤਕ ਉਹ ਜਿਉਂਦਾ ਰਿਹਾ, ਅਸਾਂ ਇਸ ਸਾਂਝ ਨੂੰ ਤੋੜ ਨਿਭਾਇਆ। ਉਹਨੇ ਮੈਥੋਂ ਕਦੇ ਵੀ ਕੁਛ ਲੁਕਾ ਕੇ ਨਹੀਂ ਸੀ ਰਖਿਆ ਤੇ ਅਸੀਂ ਵੀ ਉਹਦੇ ਥਾਂ ਸਿਰ ਦੇਣ ਤੱਕ ਪੁੱਜਦੇ ਰਹੇ ਆਂ। ਤੇਰੇ ਵਿਆਹ ਵੇਗੀਂ ਉਹਨੂੰ ਕੁਛ ਪੈਸਿਆਂ ਦੀ ਤੋਟ ਆ ਗਈ। ਮੇਰੇ ਕੋਲ ਜਿਹੜੀ ਥੋੜ੍ਹੀ ਬਹੁਤੀ ਪੂੰਜੀ ਸੀ, ਉਹਦੇ ਅੱਗੇ ਲਜਾ ਰੱਖੀ। ਉਹ ਕੁਛ ਨਾਂਹ ਨੁੱਕਰ ਕਰਨ ਲੱਗਾ। ਮੈਂ ਕਿਹਾ, 'ਗੰਡਾ ਸਿਹਾਂ ! ਮੈਂ ਉਹਨਾਂ ਬੰਦਿਆਂ ਵਿਚੋਂ ਨਹੀਂ, ਜੋ ਨਿਰੇ ਗੱਲੀਂ ਬਾਤੀਂ ਈ ਸਦਕੇ ਹੁੰਦੇ ਨੇ। ਅਸੀਂ ਜਾਨ ਤੱਕ ਵਾਰਨ ਤੋਂ ਢਿੱਲ ਕਰਨ ਵਾਲੇ ਨਹੀਂ।' ਮਰਨ ਤੋਂ

ਪੰਜ ਸੱਤ ਦਿਨ ਪਹਿਲਾਂ ਉਹ ਆਖਣ ਲੱਗਾ, 'ਪੰਡਤ ਜੀ ! ਮੈਂ ਤੁਹਾਡਾ ਕਰਜ਼ ਨਾ ਲਾਹ ਸਕਿਆ।' ਮੈਂ ਕਿਹਾ, 'ਕੇਹਾ ਕਰਜ਼ ? ਭਰਾਵਾਂ ਦਾ ਆਪਸ ਵਿੱਚ ਕੁਛ ਵੰਡਿਆ ਹੁੰਦਾ ਏ?' ਉਹ ਮੇਰੇ ਪੈਰੀਂ ਹੱਥ ਲਾ ਕੇ ਤੇ ਹਉਕਾ ਭਰ ਕੇ ਕਹਿਣ ਲੱਗਾ, 'ਮੇਰੇ ਪਿੱਛੋਂ ਚੰਦੋ ਦੀ ਬਾਂਹ ਹੁਣ ਤੁਹਾਡੇ ਹੱਥ ਜੇ।'

ਇਸ ਵਾਕ 'ਤੇ ਦੋਹਾਂ ਦੇ ਦਿਲ ਧੜਕ ਉਠੇ। ਚੰਦੋ ਦੇ ਅੰਦਰ ਦੀ ਤਾਂ ਬੁਝਣੀ ਔਖੀ ਹੈ, ਪਰ ਪੰਡਤ ਆਪਣੇ ਮਨ ਵਿਚ ਉੱਗ ਰਹੇ ਨਵੇਂ ਪਾਪ ਤੋਂ ਆਪ ਹੀ ਡਰ ਗਿਆ ਸੀ। ਉਹਨੇ ਛੇਤੀ ਨਾਲ ਚੰਦੋ ਦੀਆਂ ਪੱਲੇ ਉਹਲੇ ਝੁਕੀਆਂ ਹੋਈਆਂ ਅੱਖਾਂ ਵੱਲੇ ਵੇਖਿਆ। ਉਹ ਉਸ ਦੇ ਚਿਹਰੇ ਤੋਂ ਪਤਾ ਲਾਉਣਾ ਚਾਹੁੰਦਾ ਸੀ ਕਿ ਇਸ ਵਾਕ ਨੇ ਉਹਨੂੰ ਗੁੱਸੇ ਤਾਂ ਨਹੀਂ ਕਰ ਦਿੱਤਾ ? ਉਹਦੇ ਚੰਗੇ ਭਾਗਾਂ ਨੂੰ ਚੰਦੋ ਦੇ ਚਿਹਰੇ ਉੱਤੇ ਉਦਾਸੀ ਤੋਂ ਬਿਨਾਂ ਕਿਸੇ ਹੋਰ ਭਾਵ ਦੇ ਚਿੰਨ੍ਹ ਪ੍ਰਗਟ ਨਹੀਂ ਸਨ। ਉਹਦਾ ਦਿਲ ਜ਼ਰਾ ਥਾਂਵੇਂ ਹੋਇਆ। ਉਸ ਨੇ ਆਪਣੀ ਕਥਾ ਨੂੰ ਚਾਲੂ ਰੱਖਦਿਆਂ ਕਿਹਾ, "ਤੇ ਇਹਨੂੰ ਕਿਸੇ ਗੱਲੋਂ ਔਖੀ ਨਾ ਹੋਣ ਦਿਆ ਜੇ।"

ਚੰਦੋ ਵੀ ਅਸਲੀ ਅਵਸਥਾ ਵਿਚੋਂ ਜ਼ਰਾ ਕੁ ਸੰਭਲ ਕੇ ਤੇ ਧੰਨਵਾਦ ਵਜੋਂ ਹੋਰ ਥੋੜ੍ਹਾ ਜਿਹਾ ਸਿਰ ਝੁਕਾ ਕੇ ਬੋਲੀ, "ਜੀ, ਤੁਹਾਡੇ ਹੁੰਦਿਆਂ ਮੈਨੂੰ ਕਾਹਦੀ ਥੁੜ ਏ?"

"ਰਾਮ ਸਾਖੀ ਏ ਦੇਵੀ ! ਮੈਨੂੰ ਤੇਰੇ 'ਤੇ ਬੜਾ ਤਰਸ ਆਉਂਦਾ ਏ।" ਪੰਡਤ ਨੇ ਹੋਰ ਅਪਣੱਤ ਜਤਾਉਂਦਿਆਂ ਕਿਹਾ। "ਤੇਰੀ ਹਾਲਤ ਵੇਖ ਕੇ ਦਿਲ ਡੁੱਬਣ ਲੱਗਦਾ ਏ। ਮੈਂ ਗੰਡਾ ਸਿੰਘ ਨੂੰ ਦੂਜੇ ਵਿਆਹ ਤੋਂ ਵਰਜ ਰਿਹਾ ਸਾਂ। ਪਰ ਜਦ ਤੇਰੇ ਮਾਪਿਆਂ ਨੇ ਮੱਲੋ ਮੱਲੀ ਫ਼ੈਸਲਾ ਕਰ ਲਿਆ, ਮੈਨੂੰ ਮਾਰੀਦਿਆਂ ਹਾਮੀ ਭਰਨੀ ਪਈ। ਮੈਂ ਅਸਲੋਂ ਪਿਛਾਂਹ ਹਟਦਾ ਸਾਂ ਤਾਂ ਗੰਡਾ ਸਿੰਘ ਮੈਨੂੰ ਭਾਈਚਾਰੇ ਦਾ ਮੇਹਣਾ ਮਾਰਦਾ ਸੀ। ਅਸਲ ਵਿੱਚ ਜਿਹੜਾ ਸੰਜੋਗ ਸ਼ਾਸਤਰ ਅਨੁਸਾਰ ਠੀਕ ਨਾ ਹੋਵੇ, ਉਹ ਕਦੇ ਵੀ ਨਹੀਂ ਫਲਦਾ। ਤੇਰਾ ਉਹਦਾ ਸੰਜੋਗ ਨਹੀਂ ਸੀ। ਸੰਜੋਗ ਕਿਸੇ ਹੋਰ ਨਾਲ ਸੀ ਤੇ ਨਰੜ ਏਧਰ ਹੋ ਗਿਆ। ਮੈਂ ਸਾਰੀਆਂ ਗੱਲਾਂ ਉਹਨੂੰ ਦੱਸ ਦਿੱਤੀਆਂ ਸਨ, ਪਰ ਉਹ ਮੇਰੀ ਮੰਨਿਆ ਕੋਈ ਨਾ। ਸ਼ਾਸਤਰਾਂ ਵਿੱਚ ਸਾਫ਼ ਲਿਖਿਆ ਹੈ ਕਿ ਜੁਆਨ ਇਸਤਰੀ ਦਾ ਕਿਸੇ ਸੁੰਦਰ ਗਭਰੂ ਨਾਲ ਵਿਆਹ ਹੋਣਾ ਚਾਹੀਦਾ ਏ। ਮਾਪੇ ਪੈਸੇ ਲੈ ਕੇ ਉਸ ਨੂੰ ਕਿਸੇ ਬੁੱਢੇ ਜਾਂ ਰੋਗੀ ਨਾਲ ਵਿਆਹ ਦੇਣ, ਤਾਂ ਇਸਤਰੀ ਦਾ ਹੱਕ ਏ, ਕਿ ਉਹ ਕਿਸੇ ਮਨ-ਭਾਉਂਦੇ ਗਭਰੂ ਨਾਲ ਮਿੱਤਰਤਾ ਰੱਖ ਸਕੇ। ਸ਼ਾਸਤਰਾਂ ਵਿੱਚ ਇਸ ਨੂੰ ਪਾਪ ਨਹੀਂ ਗਿਣਿਆ ਜਾਂਦਾ।"

ਪੰਡਤ ਨੇ ਭਾਵੇਂ ਅੱਜ ਤਕ ਵੇਦ, ਸ਼ਾਸਤਰ ਪੜ੍ਹੇ-ਛੱਡਿਆ-ਵੇਖੇ ਵੀ ਨਹੀਂ ਸਨ, ਪਰ ਜਦ ਉਹਨੇ ਕਿਸੇ ਗੱਲ ਦਾ ਨਿਸਚਾ ਕਰਾਉਣਾ ਹੁੰਦਾ, ਉਹ ਕਹਿੰਦਾ, 'ਵੇਦ ਇਉਂ ਕਹਿੰਦੇ ਹਨ, ਸ਼ਾਸਤਰਾਂ ਵਿਚ ਇਹ ਲਿਖਿਆ ਏ, ਭਗਵਾਨ ਦਾ ਇਹ

ਹੁਕਮ ਹੈ, ਇਸ਼ਟ-ਦੇਵ ਇਹ ਫ਼ੁਰਮਾਉਂਦੇ ਹਨ....।'

"ਕੀ ਸ਼ਾਸਤਰਾਂ ਵਿੱਚ ਇਸਨੂੰ ਪਾਪ ਨਹੀਂ ਮੰਨਦੇ ?" ਚੰਦੋ ਦੇ ਅਚੇਤ ਮਨ ਵਿਚੋਂ ਇਹ ਪ੍ਰਸ਼ਨ ਉਠਿਆ, 'ਇਸਤਰੀ ਨੂੰ ਮਨ-ਮਰਜ਼ੀ ਦੇ ਮਰਦ ਨਾਲ ਮਿੱਤਰਤਾ ਰੱਖਣ ਦਾ ਹੱਕ ਹੈ ? ਕੀ ਬੁੱਢਿਆਂ ਪਤੀਆਂ ਦੀਆਂ ਸਾਰੀਆਂ ਇਸਤਰੀਆਂ ਨੂੰ ਇਹ ਹੱਕ ਹੈ ? ਤਾਂ ਲੋਕਲਾਜ ? ਧਰਮ? ਪਾਪ ? ਤੇ ਭੈੜ ?' ਇਸ ਤੋਂ ਅਗ੍ਹਾਂ ਉਹ ਕੁਛ ਨਾ ਸੋਚ ਸੱਕੀ। ਨਾ ਉਹਦੇ ਕੋਲ ਸੋਚਣ ਦਾ ਸਮਾਂ ਸੀ ਤੇ ਨਾ ਉਹਦੇ ਦਿਲ ਵਿੱਚ ਅਜਿਹੀਆਂ ਸੋਚਾਂ ਵਾਸਤੇ ਥਾਂ। ਏਨੇ ਨੂੰ ਕੁਲਵੰਤ ਨੂੰ ਖੰਘ ਆ ਗਈ ਤੇ ਉਹ ਹੌਲੀ ਹੌਲੀ ਰੋਣ ਲੱਗ ਪਿਆ। ਚੰਦੋ ਨੇ ਲੰਮਾ ਹਉਕਾ ਲੈ ਕੇ ਕਿਹਾ, "ਜਾਹ ਨੀ ਪਾਪਣੇ ! ਤੇਰਾ ਕਿਸ ਜੁੱਗ ਭਲਾ ਹੋਵੇਗਾ।" ਨਾਲ ਹੀ ਉਹਨੇ ਕੁਲਵੰਤ ਨੂੰ ਮੰਜੇ ਤੋਂ ਚੁੱਕ ਕੇ ਗੋਦ ਵਿੱਚ ਲੈ ਲਿਆ। ਪੰਡਤ ਵੀ ਜਾਣ ਵਾਸਤੇ ਮੰਜੇ ਤੋਂ ਉਠ ਬੈਠਾ। ਚੰਦੋ ਨੇ ਜ਼ਰਾ ਉਸ ਵੱਲੇ ਉਤਾਂਹ ਸਿਰ ਚੁੱਕ ਕੇ ਤਰਲੇ ਨਾਲ ਪੁੱਛਿਆ, "ਜੀ, ਮੈਨੂੰ ਦੱਸ ਦੇਂਦੇ ਤਾਂ!"

"ਤੇਰੇ ਆਪਣਿਆਂ ਤੋਂ ਬਿਨਾਂ ਹੋਰ ਕੌਣ ਹੋ ਸਕਦਾ ਏ? ਹੋਰ ਕਿਸੇ ਇਸਦੀ ਜ਼ਮੀਨ ਸਾਂਭਣੀ ਏਂ ?" ਪੰਡਤ ਨੇ ਤੁਰਦਿਆਂ ਹੋਇਆਂ ਕਿਹਾ।

ਪੰਡਤ ਚਲਾ ਗਿਆ, ਪਰ ਚੰਦੋ ਦੇ ਅੰਦਰ ਬਲਦੀ 'ਤੇ ਤੇਲ ਪਾ ਗਿਆ। ਅਗਲੇ ਦਿਨ ਮਨਜੀਤ ਕੁਲਵੰਤ ਦੀ ਸੁਰਤ ਨੂੰ ਆਈ, ਤਾਂ ਚੰਦੋ ਨੇ ਗੁੱਸੇ ਵਿੱਚ—ਜੋ ਨਹੀਂ ਵੀ ਆਖਣੀ ਸੀ, ਆਖ ਕੇ—ਉਹਨੂੰ ਘਰੋਂ ਕੱਢ ਦਿੱਤਾ।

ਪੰਡਤ ਦੀ ਦਵਾਈ ਦਾ ਅਸਰ ਜਾਂ ਤਵੀਤਾਂ ਦੀ ਕਰਾਮਾਤ ਜਾਂ ਚੰਦੋ ਦੀਆਂ ਅਰਦਾਸਾਂ ਦਾ ਫਲ—ਕੁਛ ਵੀ ਸਮਝੋ—ਥੋੜ੍ਹੇ ਦਿਨਾਂ ਪਿਛੋਂ ਹੀ ਕੁਲਵੰਤ ਰਾਜ਼ੀ ਹੋ ਗਿਆ। ਕਾਕੇ ਦੀ ਬਿਮਾਰੀ ਟਲ ਗਈ, ਪਰ ਚੰਦੋ ਦੇ ਦਿਲ 'ਤੇ ਜੋ ਅਸਰ ਛੱਡ ਗਈ, ਇਕ ਸੂਰਤ ਤੇ ਮਨਜੀਤ ਵਾਸਤੇ ਬੇਓੜਕੀ ਈਰਖਾ ਤੇ ਦੂਜਾ ਜਿਸ ਕਰਮ ਨੂੰ ਉਹ ਅੱਜ ਤੱਕ ਪਾਪ ਮੰਨਦੀ ਆਈ ਸੀ, ਸ਼ਾਸਤਰ ਉਸ ਨੂੰ ਪਾਪ ਨਹੀਂ ਗਿਣਦੇ, ਇਸ ਉਤੇ ਵਿਚਾਰ ਕਰਨੀ।

## ੨੮

ਇਸ ਵੇਲੇ ਚੰਦੋ ਦੇ ਸਿਰ 'ਤੇ ਮੁਸੀਬਤਾਂ ਦੀ ਹਨ੍ਹੇਰੀ ਝੁੱਲੀ ਹੋਈ ਸੀ। ਇਕ ਪਾਸੇ ਉਹਨੂੰ ਮਾਲੀ ਔਕੜਾਂ ਨੇ ਤੰਗ ਕੀਤਾ ਹੋਇਆ ਸੀ ਤੇ ਇਕ ਪਾਸੇ ਦਿਲ ਦੀ ਬੇਚੈਨੀ ਨੇ। ਜੋ ਕੁਛ ਉਹਦੇ ਕੋਲ ਸੀ, ਕੁਛ ਉਹ ਮਨਜੀਤ ਨੂੰ ਦੇ ਬੈਠੀ ਸੀ, ਬਾਕੀ ਵਿਚੋਂ ਵੀ ਸੂਰਤ ਨੇ ਅੱਡ ਹੋਣ ਲਗਿਆਂ ਹਿੱਸਾ ਵੰਡਾ ਲਿਆ ਸੀ ਤੇ ਰਹਿੰਦਾ ਛਿੱਛ ਪੱਤ ਦੋ ਸਾਲ ਵਿਚ ਖ਼ਰਚ ਹੋ ਚੁੱਕਾ ਸੀ। ਅੱਡ ਹੋਣ ਲੱਗਿਆਂ ਸੂਰਤ ਨੇ ਚੰਦੋ ਨੂੰ

ਪੈਲੀ ਦਾ ਠੇਕਾ ਦੇਣਾ ਮੰਨਿਆ ਸੀ ਤੇ ਉਹਦੇ ਦਾਣੇ ਪੀਹਣੇ ਵੀ। ਪਰ ਨਾ ਉਹਨੇ ਠੇਕਾ ਪੂਰਾ ਦਿੱਤਾ ਤੇ ਨਾ ਬਾਕੀ ਕੋਈ ਸਹਾਇਤਾ। ਉਲਟਾ ਜਵੰਦੀ ਤੋਂ ਸੁਣੀਆਂ ਸੁਣਾਈਆਂ ਪਿੱਛੇ ਲੱਗ ਕੇ ਉਹ ਕਈ ਵਾਰ ਚੰਦੋ ਨਾਲ ਮਿਹਣੋ ਮਿਹਣੀ ਹੋ ਹਟਿਆ ਸੀ। ਸਭ ਤੋਂ ਦੁੱਖਦਾਈ ਮਿਹਣਾ ਓਸੇ ਬਦਮਾਸ਼ ਦੂਲਾ ਸਿੰਘ ਦਾ ਸੀ, ਜਿਸ ਦਾ ਕਦੇ ਫੁਰਨਾ ਵੀ ਚੰਦੋ ਦੇ ਦਿਲ ਵਿੱਚ ਨਹੀਂ ਸੀ ਫੁਰਿਆ। ਉਹ ਉਸ ਨੂੰ ਘਿਰਣਾ ਕਰਦੀ ਸੀ। ਉਹਨੇ ਉਹਦਾ ਬਾਹਰ ਨਿਕਲਣਾ ਔਖਾ ਕਰ ਦਿੱਤਾ ਸੀ। ਹੁਣ ਉਸ ਦੇ ਨਿਰੇ ਸੁਨੇਹੇ ਹੀ ਨਹੀਂ ਸੀ ਆਉਂਦੇ, ਸਗੋਂ ਰਾਹ ਗਲੀ ਉਹ ਸਿੱਧੀ ਛੇੜ-ਛਾੜ ਕਰਨ ਲੱਗ ਪਿਆ ਸੀ, ਭਾਵੇਂ ਇਹ ਕੇਵਲ ਜ਼ਬਾਨੀ ਹੀ ਹੁੰਦੀ। ਪਹਿਲਾਂ ਤਾਂ ਦੂਲਾ ਸਿੰਘ ਨੇ ਨਰਮੀ ਵਾਲਾ ਪਾਸਾ ਫੜਿਆ। ਪੱਜ ਬਹਾਨੇ ਉਹ ਘਰ ਆਉਂਦਾ ਤਾਂ ਕਹਿੰਦਾ, 'ਆਪਣੇ ਹਿੱਸੇ ਦੀ ਪੈਲੀ ਮੈਨੂੰ ਦਿਹ ਖਾਂ ! ਵੇਖਾਂਗਾ ਮੈਂ ਕੌਣ ਰੋਕਦਾ ਏ ਮੈਨੂੰ ਤੇਰੇ ਹਿੱਸੇ ਤੋਂ। ਤੇ ਸਾਲ ਦਾ ਠੇਕਾ ਮੈਥੋਂ ਪਹਿਲਾਂ ਲੈ ਲਿਆ ਕਰ। ਤੇਰੀ ਮੈਂਹ ਦੇ ਪੱਠੇ ਤੇ ਦਾਣੇ ਪੀਹਣੇ ਮੇਰੇ ਜ਼ੁੰਮੇ ਰਹੇ। ਕੋਈ ਸਾਡਾ ਬਣ ਕੇ ਵੇਖੇ, ਅਸੀਂ ਕੀਤੀ ਗੱਲ ਨੂੰ ਸਿਰੇ ਪਰੇ ਨਭਾਵਾਂਗੇ।" ਪਰ ਜਦ ਚੰਦੋ ਇਸ ਜਾਲ ਵਿਚ ਨਾ ਫਸੀ, ਉਹਨੇ ਧਮਕੀਆਂ ਨਾਲ ਕੰਮ ਕੱਢਣ ਦੀ ਸੋਚੀ। ਪਹਿਲਾਂ ਉਹਨੇ ਜਵੰਦੀ ਹੱਥ ਸੁਨੇਹਾ ਭੇਜਿਆ ਤੇ ਫਿਰ ਇਕ ਦਿਨ ਆਪ ਕਹਿ ਦਿੱਤਾ, "ਮੈਂ ਵੇਖ ਲਵਾਂਗਾ ਤੈਨੂੰ ਸਤਵੰਤੀ ਨੂੰ। ਮੈਂ ਤੇਰਾ ਮੁੰਡਾ ਮਾਰ ਦਿਆਂਗਾ। ਜੇ ਸਿੱਧੀ ਤਰ੍ਹਾਂ ਨਾ ਮੰਨੇਗੀ, ਤਾਂ ਮੈਂ ਤੈਨੂੰ ਰਾਤ ਬਦੋ ਬਦੀ ਚੁੱਕ ਲਜਾਵਾਂਗਾ। ਤੂੰ ਆਪਣੀ ਇੱਜ਼ਤ ਮੈਥੋਂ ਕਿਸੇ ਢੰਗ ਨਾਲ ਵੀ ਨਹੀਂ ਬਚਾ ਸਕੇਂਗੀ। ਜਦ ਸਾਰਾ ਪਿੰਡ ਤੈਨੂੰ ਮੇਰਾ ਮਿਹਣਾ ਦੇਂਦਾ ਏ, ਤੂੰ ਮਿਹਣਾ ਸੱਚਾ ਕਿਉਂ ਨਹੀਂ ਕਰ ਦੇਂਦੀ ? ਚੰਗੀ ਕਰੇਂ, ਤਾਂ ਸਣੇ ਮੁੰਡੇ ਮੇਰੇ ਘਰ ਚੱਲ ਵਸ। ਮੈਂ ਵੇਖਾਂਗਾ ਫਿਰ ਕੌਣ ਤੈਨੂੰ ਮਿਹਣਾ ਦੇਂਦਾ ਏ ਜਾਂ ਤੇਰੇ ਮੁੰਡੇ ਦੀ 'ਵਾ ਵੱਲੇ ਵੀ ਵੇਖਦਾ ਏ?"

ਚੰਦੋ ਨੂੰ ਸੁਣ ਕੇ ਅੱਗ ਲੱਗ ਉੱਠੀ। ਪਹਿਲਾਂ ਤਾਂ ਉਹ ਅੱਗੋਂ ਕੜਕ ਕੇ ਬੋਲੀ ਤੇ ਦੋ ਚਾਰ ਗਾਲ੍ਹਾਂ ਵੀ ਕੱਢ ਦਿੱਤੀਆਂ, ਪਰ ਜਦੋਂ ਅਗੋਂ ਦੂਲਾ ਸਿੰਘ ਹੱਥੀਂ ਪੈਣ ਨੂੰ ਤਿਆਰ ਹੋ ਗਿਆ ਤਾਂ ਡਰਦੀ ਮਾਰੀ ਚੰਦੋ ਨੇ ਖਿਸਕਣ ਦੀ ਕੀਤੀ। ਉਹਨੂੰ ਚੁੱਪ ਵੇਖ ਕੇ, ਉਸ ਬਦਮਾਸ਼ ਨੇ ਅੱਖਾਂ ਲਾਲ ਕਰਕੇ ਕਿਹਾ, "ਇਕ ਅਠਵਾਰੇ ਤਕ ਸੋਚ ਲੈ, ਨਹੀਂ ਤਾਂ ਮੈਨੂੰ ਸਾਰੀ ਦੁਨੀਆਂ ਜਾਣਦੀ ਏ, ਜੇਹੋ ਜਿਹਾ ਹਾਂ।"

ਮਾੜੇ ਦਾ ਗੁੱਸਾ ਰੋਣ 'ਤੇ। ਬਦਨਸੀਬ ਚੰਦੋ ਨੇ ਰੋ ਰੋ ਕੇ ਦੀਦੇ ਗਾਲ ਲਾਏ। ਜਦ ਉਹ ਬੈਠੀ-ਬੈਠੀ ਆਪਣੀ ਹਾਲਤ 'ਤੇ ਝਾਤੀ ਮਾਰਦੀ, ਉਹਨੂੰ ਚੁਫੇਰੇ ਭਾਂਬੜ ਹੀ ਬਲਦੇ ਨਜ਼ਰ ਆਉਂਦੇ। ਕੋਈ ਵੀ ਪਾਸਾ ਨਹੀਂ ਸੀ ਦੀਹਦਾ, ਜਿਧਰੋਂ ਉਸ ਤੱਤੀ ਨੂੰ ਠੰਢੀ ਵਾ ਆਉਂਦੀ। ਮਾਂ ਪਿਉ ਦਾ ਚੇਤਾ ਆਉਂਦਾ ਤਾਂ ਉਹਦੀਆਂ ਭੁੱਬਾਂ ਨਿਕਲ ਜਾਂਦੀਆਂ। ਉਹ ਕਹਿੰਦੀ, 'ਜੇ ਮਾਪੇ ਵੈਰ ਨਾ ਕਮਾਉਂਦੇ, ਤਾਂ ਮੇਰੀ ਇਹ

ਹਾਲਤ ਕਿਉਂ ਹੁੰਦੀ ? ਸਾਰੀ ਦੁਨੀਆਂ ਵਿਚੋਂ ਇਹ ਬੁੱਢਾ ਖੋਢਾ ਹੀ ਮੇਰੇ ਲੇਖਾਂ ਵਿਚ ਲਿਖਿਆ ਹੋਇਆ ਸੀ? ਮੇਰੇ ਜੋਗਾ ਹਾਣ ਪਰਵਾਣ ਵਰ ਮਰ ਗਿਆ ਸੀ ? ਕਿਸੇ ਗ਼ਰੀਬ ਲੋੜਵੰਦੇ ਘਰ ਵਿਆਹ ਦੇਂਦੇ। ਮੈਂ ਮਿਹਨਤ ਮਜ਼ੂਰੀ ਕਰਕੇ ਖਾ ਲੈਂਦੀ। ਤੇ ਏਥੇ ਕਿਹੜਾ ਤਖ਼ਤ 'ਤੇ ਬਹਾ ਦਿੱਤਾ ਨੇ ? ਪਰ ਉਹਨਾਂ ਨੂੰ ਮੇਰੇ ਨਾਲ ਕੀ ? ਉਹਨਾਂ ਨੂੰ ਆਪਣੇ ਦੰਮਾਂ ਨਾਲ ਸੀ। ਕੀ ਮੈਂ ਉਹਨਾਂ ਮਾਪਿਆਂ ਦੀ ਲੱਜ ਪਾਲਦੀ ਹੀ ਇਸ ਦੁੱਖਾਂ ਦੀ ਚੱਕੀ ਵਿਚ ਪੀਸੀ ਜਾ ਰਹੀ ਹਾਂ ? ਏਦੋਂ ਤਾਂ ਚੰਗਾ ਸੀ, ਮੈਂ ਓਦੋਂ ਸਾਰਿਆਂ ਵੱਲੋਂ ਮੂੰਹ ਕਾਲਾ ਕਰਕੇ ਕਿਤੇ ਨਿਕਲ ਜਾਂਦੀ। ਉਹ ਜਾਣੇ, ਜਿਹੜਾ ਬਾਂਹ ਫੜਦਾ, ਉਹ ਦੁੱਖ ਸੁੱਖ ਤਾਂ ਨਾਲ ਵੰਡਾਉਂਦਾ ?' ਏਥੇ ਪੁੱਜ ਕੇ ਅੰਦਰੋਂ ਇਕ ਭੈ ਭੀਤ ਕਰਨ ਵਾਲੀ ਮੱਧਮ ਜਿਹੀ 'ਵਾਜ ਆਈ, 'ਹੁਣ ਦੂਲਾ ਸਿੰਘ ਜੁ ਬਾਂਹ ਫੜਦਾ ਈ।' ਇਹ ਖ਼ਿਆਲ ਆਉਂਦਿਆਂ ਚੰਦੋ ਇਕੋ ਵਾਰ ਕੰਬ ਉੱਠੀ, ਜਿਵੇਂ ਆਪਣੀ ਧੁਨ ਵਿਚ ਤੁਰੇ ਜਾ ਰਹੇ ਰਾਹੀ ਦਾ ਪੈਰ ਸੱਪ ਉਤੇ ਆ ਗਿਆ ਹੋਵੇ। ਚੰਦੋ ਦਾ ਆਪਣਾ-ਆਪ ਵੱਸ ਵਿਚ ਨਾ ਰਿਹਾ। ਉਹਦਾ ਦਿਲ ਧਕ ਧਕ ਵੱਜਣ ਲੱਗ ਪਿਆ। ਉਹਨੂੰ ਸਾਹ ਚੜ੍ਹ ਗਿਆ, ਤੇ ਅਜਿਹੇ ਖ਼ਿਆਲਾਂ ਨਾਲ ਉਹਦਾ ਦਿਲ ਸਾਰੇ ਦਾ ਸਾਰਾ ਘਿਰਣਾ ਨਾਲ ਭਰ ਗਿਆ। ਉਹਨੂੰ ਆਪਣੇ ਆਪ ਤੋਂ ਨਫ਼ਰਤ ਆਉਣ ਲੱਗ ਪਈ। ਬੇਵਸੇ ਹੀ ਉਹਦੇ ਮੂੰਹੋਂ ਨਿਕਲ ਗਿਆ, "ਇਸ ਕੰਮ ਨਾਲੋਂ ਕੁਛ ਖਾ ਕੇ ਨਹੀਂ ਮਰ ਜਾਈਦਾ ? ਜੋ ਉਸ ਤੋਂ ਪੁੱਜੇ, ਉਹ ਕਰ ਲਵੇ। ਮੇਰਾ ਘਰ ਅੱਗ ਲਾ ਕੇ ਸਾੜ ਦੇਵੇ। ਭਾਵੇਂ ਮੇਰਾ ਸਿਰ ਲਾਹ ਦੇਵੇ। ਬੇਸ਼ੱਕ ਮੇਰਾ ਮੁੰਡਾ ਮਾ....।" ਇਸ ਤੋਂ ਅਗ੍ਹਾਂ ਵਾਕ ਪੂਰਾ ਨਾ ਹੋ ਸਕਿਆ। ਉਹਨੂੰ ਇਉਂ ਭਾਸਿਆ, ਜਿਵੇਂ ਕਿਸੇ ਨੇ ਉਹਦਾ ਗਲ ਘੁੱਟ ਦਿੱਤਾ ਹੋਵੇ। ਮਾਂ-ਹਿਰਦੇ ਵਿਚ ਏਨਾ ਜੇਰਾ ਨਹੀਂ ਸੀ ਕਿ ਉਹ ਪੁੱਤਰ ਦੀ ਮੌਤ ਬਾਰੇ ਮੂੰਹੋਂ ਕੁਛ ਕਹਿ ਸੱਕੇ। ਉਹਨੇ ਘੁੱਟ ਕੇ ਕੁਲਵੰਤ ਨੂੰ ਛਾਤੀ ਨਾਲ ਲਾ ਲਿਆ। ਉਹ ਪੁੱਤਰ ਨੂੰ ਹਿੱਕ ਨਾਲ ਇਉਂ ਘੁੱਟੀ ਜਾ ਰਹੀ ਸੀ, ਜਿਵੇਂ ਕੋਈ ਉਸ ਤੋਂ ਖੋਹੀ ਜਾ ਰਿਹਾ ਹੋਵੇ। ਬਹੁਤਾ ਘੁੱਟਿਆ ਜਾਣ ਕਰਕੇ, ਕੁਲਵੰਤ ਰੋ ਪਿਆ। ਉਸ ਨੂੰ ਚੁੱਪ ਕਰਾਉਣ ਦੀ ਥਾਂ ਉਹ ਆਪ ਵੀ ਉੱਚੀ ਉੱਚੀ ਰੋਣ ਲੱਗ ਪਈ। ਉਹ ਕਮਲਿਆਂ ਵਾਂਗ ਏਧਰ ਓਧਰ ਤੁਰੀ ਫਿਰਦੀ ਸੀ, ਤੇ ਸੀਨਾ ਪਾੜ ਕੇ ਉਹਦੇ ਅੰਦਰੋਂ ਇਹ ਵਾਕ ਨਿਕਲ ਰਹੇ ਸਨ, 'ਮਾਂ ਮਰ ਜਾਏ, ਕੁਲਵੰਤ ! ਤੈਨੂੰ ਤੱਤੀ ਵਾ ਨਾ ਲੱਗੇ। ਮੈਂ ਤੇਰੇ ਬਿਨਾਂ ਨਹੀਂ ਜਿਉਂ ਸਕਦੀ। ਮੇਰੀਆਂ ਆਂਦਰਾਂ ਨੂੰ ਆਰੀ ਫਿਰੇਗੀ, ਤਾਂ ਮੈਂ ਪੁੰਨ ਪਾਪ ਨੂੰ ਸਿਰ 'ਚ ਮਾਰਾਂਗੀ ? ਭਾਵੇਂ ਮੈਨੂੰ ਕੁਛ ਵੀ ਝੱਲਣਾ ਪਵੇ, ਮੈਂ ਤੇਰੇ ਬਦਲੇ ਝੱਲਾਂਗੀ।'

ਕਿੰਨਾ ਹੀ ਚਿਰ ਉਹ ਏਸੇ ਤਰ੍ਹਾਂ ਫਿਰਦੀ ਰਹੀ। ਕੁਲਵੰਤ ਮੋਢੇ ਲੱਗ ਕੇ ਸੌਂ ਗਿਆ ਸੀ, ਪਰ ਉਹ ਅਜੇ ਵੀ ਉਹਨੂੰ ਥਾਪੜੀ ਜਾ ਰਹੀ ਸੀ। ਏਨੇ ਨੂੰ ਰਸੋਈ ਦਾ ਵੇਲਾ ਹੋ ਗਿਆ। ਕੁਲਵੰਤ ਜਾਗ ਉਠਿਆ ਸੀ। ਉਹ ਖੇਡਣ ਲੱਗ ਗਿਆ ਤੇ ਚੰਦੋ

ਰੋਟੀ ਦੇ ਆਹਰ। ਕੁਲਵੰਤ ਨੇ ਤਾਂ ਖਾ ਲਈ, ਪਰ ਚੰਦੋ ਦੇ ਅੰਦਰ ਰੋਟੀ ਜੋਗੀ ਥਾਂ ਹੀ ਨਹੀਂ ਸੀ। ਉਹ ਸਾਰੀ ਦੀ ਸਾਰੀ ਗ਼ਮਾਂ ਨਾਲ ਭਰੀ ਪਈ ਸੀ।

ਅੱਜ ਮੰਜੇ 'ਤੇ ਪਾਉਣ ਦੀ ਥਾਂ ਉਹਨੇ ਕੁਲਵੰਤ ਨੂੰ ਗੋਦੀ ਵਿੱਚ ਹੀ ਸੁਆ ਲਿਆ। ਭਾਵੇਂ ਬੂਹਾ ਵੱਜਾ ਹੋਇਆ ਸੀ, ਪਰ ਉਹਦੇ ਦਿਲ ਨੂੰ ਇਹ ਡਰ ਭਾਸ ਰਿਹਾ ਸੀ ਕਿ ਹੁਣ ਵੀ ਕੋਈ ਆਇਆ ਤੇ ਉਸ ਤੋਂ ਕੁਲਵੰਤ ਨੂੰ ਖੋਹ ਕੇ ਲੈ ਗਿਆ। ਸਾਰੀ ਰਾਤ ਉਹਨੇ ਏਸੇ ਤਰ੍ਹਾਂ ਬੈਠਿਆਂ ਲੰਘਾ ਦਿੱਤੀ।

ਅਗਲੇ ਦਿਨ ਦੁਪਹਿਰੇ ਜਵੰਦੀ ਹੱਥ ਦੂਲਾ ਸਿੰਘ ਦਾ ਸੁਨੇਹਾ ਆਇਆ। ਏਧਰ ਓਧਰ ਦੀਆਂ ਦੋ ਚਾਰ ਕਰਕੇ ਜਵੰਦੀ ਨੇ ਬੁਰਾ ਜਿਹਾ ਮੂੰਹ ਬਣਾ ਕੇ ਕਿਹਾ, "ਬੇਬੇ ! ਹੁਣ ਕੀ ਬਣੇ ? ਉਹ ਤਾਂ ਵਹੀ ਬੁਰੀ 'ਤੇ ਤੁੱਲਿਆ ਹੋਇਆ ਹੈ। ਅਖੇ ਮੈਨੂੰ ਅਖ਼ੀਰੀ ਹਾਂ ਜਾਂ ਨਾਂਹ ਦਾ ਪਤਾ ਲਿਆ ਦੇਹ। ਨਹੀਂ ਤਾਂ ਤੀਜੇ ਦਿਨ ਤਕ ਦੋਵੇਂ ਮਾਂ-ਪੁੱਤ ਦਰਿਆ ਬੁਰਦ ਕਰ ਦਿਆਂਗਾ। ਉਹਦੇ ਘਰ ਅੱਜ ਪੰਜ ਛੀ ਹੋਰ ਮੁਸ਼ਟੰਡੇ ਆਏ ਬੈਠੇ ਨੇ। ਖੌਰੇ ਕੀ ਕਰਨਗੇ ? ਦੱਸ, ਮੈਂ ਉਹਨੂੰ ਕੀ ਜਵਾਬ ਦਿਆਂ ?"

ਸੁਣ ਕੇ ਚੰਦੋ ਦੀ ਸੁਰਤ ਗੁੰਮ ਹੋ ਗਈ, ਜਿਵੇਂ ਡੂੰਘੇ ਪਾਣੀ ਵਿਚ ਗੋਤਾ ਆਉਣ 'ਤੇ ਆਦਮੀ ਅੱਧ-ਬੇਹੋਸ਼ ਹੋ ਜਾਂਦਾ ਹੈ। ਕਿੰਨਾ ਚਿਰ ਉਹ ਅੱਗੋਂ ਇਕ ਅੱਖਰ ਵੀ ਨਾ ਬੋਲੀ। ਉਹ ਟਿਕ ਬਧੀ ਧਰਤੀ ਵੱਲੇ ਵੇਖ ਰਹੀ ਸੀ ਤੇ ਜਵੰਦੀ ਉਹਦੇ ਚਿਹਰੇ ਵੱਲੇ। ਉਸ ਨੂੰ ਭੈ ਭੀਤ ਹੋਈ ਵੇਖ ਕੇ ਜਵੰਦੀ ਨੇ ਕਿਹਾ, "ਨੀ, ਤੂੰ ਵੀ ਛੱਡ ਪਰ੍ਹਾਂ, ਕੇਹੀ ਜਿਦ ਫੜੀ ਹੋਈ ਊ ? ਐਵੇਂ ਗ਼ਮਾਂ ਵਿਚ ਜਾਨ ਪਾਈ ਹੋਈ ਊ। ਸਾਰੇ ਪਿੰਡ 'ਚੋਂ ਕਿਹੜੀ ਹੱਲ 'ਤੇ ਨ੍ਹਾਤੀ ਊ ? ਕਿਸੇ ਦਾ ਕਿਸੇ ਨਾਲ ਤੇ ਕਿਸੇ ਦਾ ਕਿਸੇ ਨਾਲ। ਜੇ ਇਕ ਨਾਲ ਤੇਰੀ ਕੋਈ ਗੱਲ ਹੋ ਜਾਊ ਤਾਂ ਕੀ ਆਖ਼ਰ ਆ ਜਾਏਗੀ ? ਅਸਾਂ ਤਾਂ ਐਹੋ ਜੇਹੀ ਨਿੰਦ ਵਚਾਰ ਕਦੇ ਨਹੀਂ ਸੀ ਰੱਖੀ।"

ਏਨੇ ਚਿਰ ਨੂੰ ਚੰਦੋ ਦੀ ਸੁਰਤ ਜ਼ਰਾ ਪਰਤੀ ਤੇ ਉਹ ਕਿਸੇ ਅਖ਼ੀਰੀ ਫ਼ੈਸਲੇ 'ਤੇ ਪਹੁੰਚ ਕੇ ਬੋਲੀ, "ਬੇਬੇ, ਜੇ ਉਹ ਮੇਰੇ ਲਹੂ ਦਾ ਈ ਤਿਹਾਇਆ ਏ, ਤਾਂ ਉਹਨੂੰ ਆਖ, ਜੋ ਪੁਜਦੀ ਸੂ ਕਰੇ। ਮੈਂ ਵੇਸਵਾ ਨਹੀਂ, ਜਿਹੜੀ ਮੌਤ ਤੋਂ ਡਰਦੀ ਆਪਣੀ ਇੱਜ਼ਤ ਵੇਚ ਦਿਆਂਗੀ। ਤੇ ਤੂੰ ਜੇ ਅੱਜ ਤੋਂ ਪਿੱਛੋਂ ਮੇਰੇ ਕੋਲ ਕਦੇ ਅਜਿਹੀ ਗੱਲ ਕੀਤੀ, ਤਾਂ ਮੈਥੋਂ ਬੁਰਾ ਕੋਈ ਨਹੀਂ ਊਂ। ਤੂੰ ਆਵਦੀ ਮੱਤ ਆਵਤੇ ਕੋਲ ਰੱਖ। ਤੇ ਤੂੰ ਮੇਰੇ ਘਰ ਨਾ....।"

ਏਸ ਅਧੂਰੇ ਵਾਕ ਨੂੰ ਜਵੰਦੀ ਪੂਰੀ ਤਰ੍ਹਾਂ ਸਮਝ ਗਈ। ਚੰਦੋ ਉਠ ਕੇ ਚੌਂਕੇ ਨੂੰ ਚਲੀ ਗਈ ਤੇ ਜਵੰਦੀ ਆਪਣੇ ਘਰ ਨੂੰ।

ਕੁਝ ਸਮੇਂ ਵਾਸਤੇ ਚੰਦੋ ਆਪਣਾ-ਆਪ ਹੌਲਾ-ਹੌਲਾ ਅਨੁਭਵ ਕਰਨ ਲੱਗੀ, ਜਿਵੇਂ ਉਹਦੀ ਆਤਮਾ ਤੋਂ ਮਣਾ ਮੂੰਹੀਂ ਪਾਪਾਂ ਦਾ ਭਾਰ ਉੱਤਰ ਗਿਆ ਹੋਵੇ। ਪਰ



WWW.SIKHBOOKCLUB.COM 

ਜਿਸ ਵੇਲੇ ਉਹਨੂੰ ਦੂਲਾ ਸਿੰਘ ਦੇ ਦੁਸ਼ਟ ਸੁਭਾਅ ਦਾ ਖ਼ਿਆਲ ਆਇਆ, ਉਹ ਡਰ ਨਾਲ ਕੰਬ ਉੱਠੀ। ਉਹ ਸੋਚਣ ਲੱਗੀ, 'ਖਵਰੇ ਉਹ ਕੀ ਕਰੇਗਾ ? ਸਾਰਾ ਪਿੰਡ ਉਸ ਤੋਂ ਡਰਦਾ ਏ। ਉਹਦੇ ਨਾਲ ਹਰ ਵੇਲੇ ਬਦਮਾਸ਼ਾਂ ਦੀ ਢਾਣੀ ਰਹਿੰਦੀ ਏ। ਸਾਮ੍ਹਣੇ ਪਿੰਡ ਵਾਲੇ ਉਹਦੇ ਨਾਲ ਝਗੜੇ ਸਨ ਤਾਂ ਉਹਨੇ ਉਹਨਾਂ ਦਾ ਬੰਦਾ ਮਾਰ ਕੇ ਕਿਧਰੇ ਗੁੰਮ ਈ ਕਰ ਦਿੱਤਾ ਸੀ। ਅੱਜ ਤੱਕ ਉਹਦੀ ਉੱਘ-ਸੁੱਘ ਨਹੀਂ ਨਿਕਲੀ। ਜੇ ਉਹਨੇ ਕੁਲਵੰਤ ਨੂੰ....। ਹਾਇ ਮੈਂ ਕੀ ਕਰ ਬੈਠੀ ? ਮੈਂ ਕਿਉਂ ਉਹਨੂੰ ਨਰਾਜ ਕਰ ਲਿਆ? ਕੀਹਦੇ ਬਦਲੇ ਮੈਂ ਇਹ ਜਤ ਸਤ ਸੰਭਾਲੀ ਬੈਠੀ ਆਂ ? ਉਹ ਆਪ ਚੰਗਾ ਸੀ, ਜਿਹੜਾ ਮਰਨ ਕਨਾਰੇ ਮੈਨੂੰ ਵਿਆਹ ਲਿਆਇਆ ਸੀ ? ਤੇ ਕੀ ਉਹਨੇ ਆਪਣਾ ਜਤ ਸਤ ਰਖਿਆ ਹੋਇਆ ਸੀ? ਅਜੇ ਤਾਂ ਜਵੰਦੀ ਜਿਉਂਦੀ ਜਾਗਦੀ ਉਹਦੀਆਂ ਕਰਤੂਤਾਂ ਦੱਸਦੀ ਫਿਰਦੀ ਏ? ਕੀ ਮੈਂ ਉਹਦੇ ਹੱਕ ਵਿਚ ਬੈਠੀ ਇਹ ਦੁੱਖ ਮੁਸੀਬਤਾਂ ਸਹਿੰਦੀ ਰਹਾਂ ? ਮਾਪਿਆਂ ਦੀ ਪੱਤ ? ਕਿਹੜੇ ਮਾਪਿਆਂ ਦੀ ਪਤ ? ਜਿਨ੍ਹਾਂ ਮੇਰਾ ਮਾਸ ਪੈਸਿਆਂ ਤੋਂ ਵੇਚ ਦਿੱਤਾ ਸੀ? ਉਹਨਾਂ ਦੀ ਇੱਜਤ ਬਦਲੇ ? ਲੋਕਲਾਜ ? ਮੇਰੇ ਵਾਸਤੇ ਕੋਈ ਚੀਜ਼ ਬਾਕੀ ਨਹੀਂ ਰਹਿ ਗਈ। ਮੈਂ ਆਪਣੀ ਮਰਜੀ ਕਰਾਂਗੀ। ਮੈਂ ਕਿਉਂ ਦੁੱਖਾਂ ਦੇ ਭੱਠ ਵਿੱਚ ਸੜਦੀ ਰਹਾਂ ? ਮੈਂ ਉਹਨੂੰ ਮਨਾ ਲਵਾਂਗੀ। ਮੈਂ ਪਾਪਣ ਬਣ ਜਾਵਾਂਗੀ, ਪਰ ਸਾਰਿਆਂ ਤੋਂ ਗਿਣ-ਗਿਣ ਕੇ ਬਦਲੇ ਲਵਾਂਗੀ। ਭਲਕੇ ਦੀ ਜਵੰਦੀ ਹੱਥ ਉਹਨੂੰ ਸੱਦ ਘੱਲਾਂਗੀ। ਮੈਨੂੰ ਕਿਸੇ ਦਾ ਡਰ ਨਹੀਂ, ਕਿਸੇ ਦੀ ਲੱਜ ਨਹੀਂ। ਮੈਂ?....ਮੈਂ...।'

'ਮੈਂ' ਤੋਂ ਅਗ੍ਹਾਂ ਹੋਰ ਕੁਛ ਨਾ ਕਹਿ ਸਕੀ ਤੇ ਉਹ ਬੇਹੋਸ਼ ਹੋ ਕੇ ਭੋਇੰ 'ਤੇ ਡਿੱਗ ਪਈ। ਨਿੱਕਾ ਕੁਲਵੰਤ—ਜਿਸ ਨੂੰ ਉਹ ਪਲ ਵੀ ਅੱਖਾਂ ਤੋਂ ਉਹਲੇ ਨਹੀਂ ਸੀ ਕਰਦੀ—ਉਹਨੂੰ ਸੁੱਤੀ ਹੋਈ ਸਮਝ ਕੇ ਬਾਹਰ ਖੇਡਣ ਨਿਕਲ ਗਿਆ। ਦੋ ਘੰਟਿਆਂ ਪਿੱਛੋਂ ਉਸ ਨੂੰ ਹੋਸ਼ ਆਈ। ਕੁਲਵੰਤ ਨੂੰ ਘਰ ਵਿਚ ਨਾ ਵੇਖ ਕੇ ਉਹ ਘਬਰਾ ਗਈ। ਬੂਹਾ ਖੁੱਲ੍ਹਾ ਛੱਡ ਕੇ ਉਹ ਬਾਹਰ ਨੂੰ ਉਠ ਭੱਜੀ। ਅਜੇ ਉਹ ਬੂਹਿਓਂ ਬਾਹਰ ਹੀ ਨਿਕਲੀ ਸੀ ਜਾਂ ਸਾਮ੍ਹਣਿਓਂ ਪੰਡਤ ਕੁਲਵੰਤ ਨੂੰ ਚੁੱਕੀ ਆਉਂਦਾ ਨਜ਼ਰੀਂ ਪਿਆ। ਉਹਨੇ ਦੋਹਾਂ ਹੱਥਾਂ ਉਤੇ ਕਾਕੇ ਨੂੰ ਏਸ ਤਰ੍ਹਾਂ ਪਾਇਆ ਹੋਇਆ ਸੀ, ਜਿਵੇਂ ਕਿਸੇ ਫੱਟੜ ਨੂੰ। ਨਾਲ ਹੀ ਕੁਲਵੰਤ ਦੇ ਸਿਰ ਵਿਚੋਂ ਲਹੂ ਵਗਦਾ ਦਿੱਸ ਰਿਹਾ ਸੀ। ਵੇਖਦੇ ਸਾਰ ਚੰਦੋ ਵਿਚੋਂ ਸਾਹ ਸਤ ਨਿਕਲ ਗਿਆ। ਉਹਨੂੰ ਧਰਤੀ ਤੇ ਅੰਬਰ—ਦੋਵੇਂ ਪੁੜ—ਮਿਲਦੇ ਦਿੱਸੇ। ਉਹਦੇ ਪੈਰ ਥਿੜਕ ਗਏ ਤੇ ਮਸਾਂ ਹੀ ਡਿਗਦੀ-ਡਿਗਦੀ ਬਚੀ। ਉਹਦੀ ਉੱਚੀ ਸਾਰੀ ਚੀਕ ਨਿਕਲ ਗਈ। ਇਹ ਉਹਦਾ ਹਿਰਦਾ ਪਾੜ ਕੇ ਨਿਕਲੀ ਸੀ। ਉਹਨੂੰ ਇਕੋ-ਇਕ ਬੱਚਾ ਲੋਥ ਦੇ ਰੂਪ ਵਿੱਚ ਦਿੱਸ ਰਿਹਾ ਸੀ। ਉਹਨੂੰ ਪੰਡਤ ਤੋਂ ਘੁੰਡ ਕੱਢਣ ਦਾ ਵੀ ਧਿਆਨ ਨਾ ਰਿਹਾ। ਉਹ ਇਕੋ ਸਾਹੇ ਭੱਜ ਕੇ ਪੰਡਤ



WWW.SIKHBOOKCLUB.COM 

ਨੂੰ ਅੱਗੋਂ ਜਾ ਮਿਲੀ। ਉਹਦੇ ਹੱਥਾਂ 'ਚੋਂ ਖੋਹ ਕੇ ਉਹਨੇ ਕੁਲਵੰਤ ਨੂੰ ਹਿੱਕ ਨਾਲ ਲਾ ਲਿਆ। ਅਜੇ ਤੱਕ ਉਹਨੂੰ ਇਹ ਪਤਾ ਨਹੀਂ ਸੀ ਕਿ ਕੁਲਵੰਤ ਨੂੰ ਹੋਇਆ ਕੀ ਹੈ। ਮਾਂ ਦੇ ਕੁੱਛੜ ਆ ਕੇ ਉਹ ਉੱਚੀ-ਉੱਚੀ ਰੋਣ ਲੱਗ ਪਿਆ। ਉਸ ਦਾ ਇਸ ਵੇਲੇ ਦਾ ਰੋਣਾ ਮਾਂ ਵਾਸਤੇ ਹਜ਼ਾਰਾਂ ਹਾਸਿਆਂ ਨਾਲੋਂ ਪਿਆਰਾ ਸੀ। ਇਹ ਉਹਦੇ ਜਿਉਂਦਾ ਹੋਣ ਦੀ ਨਿਸ਼ਾਨੀ ਸੀ। ਦੋਵੇਂ ਮਾਂ-ਪੁੱਤ ਰੋ ਰਹੇ ਸਨ। ਪੰਡਤ ਨੇ ਅੱਜ ਪੂਰੀ ਤਰ੍ਹਾਂ ਚੰਦੋ ਨੂੰ ਨੰਗੇ ਮੂੰਹ ਵੇਖਿਆ ਸੀ। ਉਹਦਾ ਦਿਲ ਪਰਵਾਨੇ ਵਾਂਗ ਉਹਦੇ ਹੁਸਨ ਦੀ ਜੋਤ 'ਤੇ ਆਹੂਤੀ ਹੋਣ ਵਾਸਤੇ ਤੜਪ ਉਠਿਆ। ਉਪਰੋਂ ਧੀਰਜ ਦੇਂਦਾ ਹੋਇਆ ਉਹ ਚੰਦੋ ਦੇ ਮੋਢੇ 'ਤੇ ਹੱਥ ਧਰ ਕੇ ਬੋਲਿਆ, "ਕੋਈ ਨਹੀਂ, ਦੇਵੀ ! ਰੋ ਨਾ। ਐਵੇਂ ਥੋੜ੍ਹੀ ਜਿਹੀ ਸੱਟ ਲੱਗੀ ਏ। ਰਾਮ ਰੱਖ ਗਿਆ ਏ।"

ਪੁੱਤਰ ਨੂੰ ਠੀਕ-ਠਾਕ ਵੇਖ ਕੇ ਚੰਦੋ ਦੀ ਜਾਨ ਵਿੱਚ ਜਾਨ ਪਈ। ਉਹਨੇ ਸਿਰ ਦਾ ਲੀੜਾ ਹੱਥ ਨਾਲ ਸਰਕਾ ਕੇ ਘੁੰਡ ਕੱਢ ਲਿਆ ਤੇ ਪਿਛਾਂਹ ਘਰ ਨੂੰ ਪਰਤ ਪਈ। ਪੰਡਤ ਦਾ ਧੰਨਵਾਦ ਕਰਨਾ ਵੀ ਉਹਨੂੰ ਯਾਦ ਨਾ ਰਿਹਾ। ਪਰ ਕੀ ਦੇਵਤਾ ਜੀ ਬਿਨਾਂ ਧੰਨਵਾਦ ਕਰਾਏ ਹੀ ਮੁੜਨ ਵਾਲੇ ਸਨ? ਚੰਦੋ ਦੇ ਮਗਰੇ ਪੰਡਤ ਵੀ ਉਹਦੇ ਘਰ ਨੂੰ ਤੁਰ ਪਿਆ। ਚੀਕਾਂ ਰੋਕ ਕੇ, ਮੁੜ-ਮੁੜ ਪੁੱਤਰ ਦੇ ਮੂੰਹ ਵੱਲ ਵੇਖਦੀ ਚੰਦੋ ਨੇ ਹਉਕਾ ਭਰ ਕੇ ਕਿਹਾ, "ਉਸ ਪਾਪੀ ਨੇ ਕਿਹੜੇ ਜਨਮ ਦਾ ਬਦਲਾ ਲਿਆ ਏ?"

ਉਹਦੇ ਦਿਲ ਵਿੱਚ ਏਹਾ ਖ਼ਿਆਲ ਸੀ, ਕਿ ਇਹ ਕਾਰਾ ਦੂਲਾ ਸਿੰਘ ਦਾ ਹੈ। ਪੰਡਤ ਨੇ ਕੋਲ ਹੋਣ ਕਰਕੇ ਉਸ ਵਹੀ ਤੋਂ ਕੁਲਵੰਤ ਨੂੰ ਬਚਾ ਲਿਆ ਹੈ। ਉਸ ਦਾ ਸ਼ੱਕ ਦੂਰ ਕਰਨ ਵਾਸਤੇ ਪੰਡਤ ਨੇ ਕਿਹਾ, "ਕੋਈ ਹੋਰ ਵਹਿਮ ਨਾ ਕਰੋ। ਕਾਕਾ ਖੇਡਦਾ-ਖੇਡਦਾ ਆਪੇ ਥੜ੍ਹੇ ਤੋਂ ਡਿੱਗ ਪਿਆ ਸੀ ਤੇ ਭੋਇੰ ਤੋਂ ਕੁਛ ਵੱਜ ਕੇ ਸਿਰ ਵਿਚੋਂ ਲਹੂ ਨਿਕਲ ਆਇਆ ਏ। ਮੈਂ ਚੰਗੀ ਤਰ੍ਹਾਂ ਵੇਖ ਲਿਆ ਏ, ਜ਼ਖ਼ਮ ਕੋਈ ਡੂੰਘਾ ਨਹੀਂ। ਜ਼ਰਾ ਤੇਲ ਦਾ ਫਹਿਆ ਬੰਨ੍ਹ ਦਿਓ, ਭਲਕੇ ਪਰਸੋਂ ਤੱਕ ਠੀਕ ਹੋ ਜਾਏਗਾ। ਭਗਵਾਨ ਰਾਖਾ ਹੁੰਦਾ ਏ ਬੱਚਿਆਂ ਦਾ, ਪਰ ਜ਼ਰਾ ਸੰਭਾਲ ਕੇ ਰਖਿਆ ਕਰੋ। ਇਹਨੂੰ ਬਾਹਰ ਨਾ ਜਾਣ ਦਿਆ ਕਰੋ।"

"ਜੀ ਮੇਰੇ ਵਾਸਤੇ ਤਾਂ ਤੁਸੀਂ ਈ ਭਗਵਾਨ ਬਣ ਕੇ ਬਹੁੜ ਪਏ। ਮੇਰੀ ਸਾਰੀ ਪੂੰਜੀ ਏਹਾ ਈ ਏ। ਤੁਹਾਡਾ ਉਪਕਾਰ ਮੈਂ ਉਮਰ ਭਰ ਨਹੀਂ ਭੁੱਲਾਂਗੀ। ਤੁਸੀਂ ਮੇਰੇ ਪਿਤਾ ਦੀ ਥਾਂ ਓ। ਜੇ ਤੁਸੀਂ ਨਾ ਰੱਖਿਆ ਕਰੋ, ਤਾਂ ਕੌਣ ਕਰੇ ?" ਚੰਦੋ ਨੇ ਬੜੇ ਅਹਿਸਾਨ ਹੇਠਾਂ ਦੱਬੀ ਹੋਈ ਨੇ ਕਿਹਾ।

ਬਾਕੀ ਵਾਕ ਸੁਣ ਕੇ ਪੰਡਤ ਖ਼ੁਸ਼ੀ ਨਾਲ ਫੁੱਲ ਰਿਹਾ ਸੀ, ਪਰ ਸ਼ਬਦ 'ਪਿਤਾ' ਉਹਨੂੰ ਡਾਂਗ ਵਾਂਗ ਵੱਜਾ। ਉਹ ਚਕਰਾ ਕੇ ਨੇੜੇ ਪਏ ਮੰਜੇ 'ਤੇ ਡਿੱਗ ਪਿਆ। ਜਿਸ


WWW.SIKHBOOKCLUB.COM 

ਤਰਾਂ ਉਹ ਮੰਜੇ 'ਤੇ ਢੱਠਾ, ਉਸ ਵਾਸਤੇ ਸ਼ਬਦ 'ਬਹਿਣਾ' ਨਹੀਂ, ਸਗੋਂ 'ਡਿਗਣਾ' ਹੀ ਵਰਤਿਆ ਜਾ ਸਕਦਾ ਹੈ। ਉਹਦੇ ਮਨ ਵਿੱਚੋਂ ਖ਼ਿਆਲ ਉਬਲ ਕੇ ਨਿਕਲ ਤੁਰੇ, 'ਪਿਤਾ ? ਏਹ ਮੈਨੂੰ ਪਿਤਾ ਸਮਝਦੀ ਏ? ਮੈਂ ਇਹਦੇ ਰੂਪ 'ਤੇ ਲੁਟਿਆ ਪਿਆ ਹਾਂ ਤੇ ਇਹ ਮੈਨੂੰ ਪਿਤਾ ਕਹਿੰਦੀ ਏ। ਹੈਂ ? ਹੈਂ ? ਇਹ ਕੀ ? ਮੈਂ ਕਿਧਰ ਜਾ ਰਿਹਾ ਹਾਂ ? ਹੇ ਰਾਮ! ਮੇਰੀ ਰਖਿਆ ਕਰੋ।' ਕਿੰਨਾ ਹੀ ਚਿਰ ਉਹ ਇਸ ਵਹਿਣ ਵਿਚ ਰੁੜ੍ਹਦਾ ਰਿਹਾ। ਉਹਦੇ ਦਿਲ ਵਿੱਚ ਨਿਰਾਸਤਾ ਦੇ ਨਾਲ-ਨਾਲ ਪਸ਼ਚਾਤਾਪ ਵੀ ਵਧ ਰਿਹਾ ਸੀ। ਉਹ ਚੁੱਪਚਾਪ ਪੱਥਰ ਦੇ ਬੁੱਤ ਵਾਂਗ ਸਿਰ ਝੁਕਾਈ ਬੈਠਾ ਸੀ।

ਚੰਦੋ ਨੇ ਦੁੱਧ ਵਿਚ ਘਿਓ ਪਾ ਕੇ ਪਹਿਲਾਂ ਕੁਲਵੰਤ ਨੂੰ ਪਿਆਇਆ ਤੇ ਫਿਰ ਛੰਨਾ ਭਰ ਕੇ ਪੰਡਤ ਵਾਸਤੇ ਲਿਆਈ। ਪੰਡਤ ਦੀ ਸਮਾਧੀ ਤਦ ਖੁੱਲ੍ਹੀ ਜਾਂ ਚੰਦੋ ਦੇ ਇਹ ਵਾਕ ਕੰਨੀਂ ਪਏ : "ਲਓ ਜੀ ! ਘੁੱਟ ਦੁੱਧ ਪੀ ਲੋ।"

ਪੰਡਤ ਨੇ ਉਭੜਵਾਹੇ ਉਤਾਂਹ ਤਕਿਆ, ਜਿਵੇਂ ਕੋਈ ਸੁੱਤਾ ਪਿਆ ਜਾਗਦਾ ਹੈ ਤੇ ਥਿੜਕਵੀ 'ਵਾਜ ਵਿੱਚ ਕਿਹਾ, "ਮੈਨੂੰ...ਮੈਨੂੰ ਕੋਈ ਲੋੜ ਨਹੀਂ ਸੀ। ਈਸ਼ੂਰ ਤੈਨੂੰ ਸੁਖੀ ਰੱਖੇ, ਤੇਰੇ ਬੱਚੇ ਦੀ ਵੱਡੀ ਉਮਰ ਹੋਵੇ।"

"ਜੀ, ਇਹ ਕਿਹੜਾ ਮੁੱਲ ਲਿਆਂਦਾ ਏ ? ਮੈਂ ਤਾਂ ਰੋਜ ਉਡੀਕਦੀ ਸਾਂ। ਜਦੋਂ ਦੀ ਮਹਿ ਸੂਈ ਏ, ਤੁਹਾਡੇ ਦਰਸ਼ਨ ਈ ਨਹੀਂ ਹੋਏ। ਮੈਂ ਸੁਖਿਆ ਹੋਇਆ ਸੀ, ਪਰ ਡੋਰੇ ਕੀਹਦੇ ਹੱਥ ਘੱਲਦੀ?"

ਪੰਡਤ ਨੇ ਛੰਨਾ ਫੜ ਕੇ ਦੁੱਧ ਪੀ ਲਿਆ। ਹੁਣ ਥੋੜ੍ਹਾ ਥੋੜ੍ਹਾ ਉਹਨੇ ਆਪਣੀ ਅਵਸਥਾ 'ਤੇ ਕਾਬੂ ਪਾ ਲਿਆ ਸੀ। ਛੰਨਾ ਥੱਲੇ ਰੱਖਦਾ ਹੋਇਆ ਉਹ ਬੋਲਿਆ, "ਪੁਤਰੀ ! ਭਗਵਾਨ ਤੈਨੂੰ ਕੋਈ ਦੁੱਖ ਨਾ ਵਿਖਾਵੇ।"

ਅੱਜ ਪਹਿਲੇ ਦਿਨ ਉਹਨੇ ਚੰਦੋ ਵਾਸਤੇ 'ਪੁੱਤਰੀ' ਸ਼ਬਦ ਵਰਤਿਆ ਸੀ ਤੇ ਇਸ ਨਾਲ ਉਹਦੀ ਆਤਮਾ ਤੋਂ ਬੇਓੜਕਾ ਭਾਰ ਲਹਿ ਗਿਆ ਸੀ। ਇਸ ਸਮੇਂ ਪੰਡਤ ਦੀ ਆਤਮਾ ਬਿਲਕੁਲ ਸਾਫ਼ ਸੀ। ਐਨ ਇਸ ਵੇਲੇ ਵਾਗੀ ਮੁੰਡਾ ਬਾਹਰੋਂ ਘਾਬਰਿਆ ਹੋਇਆ ਭੱਜਾ ਆਇਆ। ਉਹਦਾ ਸਾਹ ਨਾਲ ਸਾਹ ਨਹੀਂ ਸੀ ਰਲਦਾ। ਉਹਦਾ ਉਡਿਆ ਹੋਇਆ ਰੰਗ ਵੇਖ ਕੇ ਚੰਦੋ ਵੀ ਘਬਰਾ ਗਈ। ਬੜੀ ਕਾਹਲੀ ਨਾਲ ਉਹਨੇ ਪੁੱਛਿਆ, "ਕਿਉਂ ਵੇ ਕਰਮੂ! ਸੁੱਖ ਤਾਂ ਏ?"

ਹਫੇ ਹੋਏ ਮੁੰਡੇ ਦੇ ਮੂਹੋਂ ਸਾਫ਼ ਗੱਲ ਨਹੀਂ ਸੀ ਨਿਕਲਦੀ। ਉਹ ਘਰਕਦਾ ਘਰਕਦਾ ਬੋਲਿਆ, "ਤਾਈ! ਆਪਣੀ....ਆਪਣੀ ਮੈਂਹ ਕਿਸੇ ਭਜਾ...ਲਈ ਏ।"

ਚੰਦੋ ਦੇ ਪੈਰਾਂ ਥਲਿਓਂ ਮਿੱਟੀ ਨਿਕਲ ਗਈ। ਉਹਦੇ ਮੂਹੋਂ ਬੇਵਸੇ ਨਿਕਲ ਗਿਆ, "ਹਾਇ ਮੈਂ ਲੁੱਟੀ ਗਈ। ਬੱਸ, ਓਸੇ ਦਾ ਕੰਮ ਏ। ਮੇਰੇ ਬੱਚੇ ਦੇ ਮੂਹੋਂ ਦੁੱਧ ਖੋਹਣ ਵਾਲਿਆ ! ਤੇਰਾ ਕੱਖ ਨਾ ਰਹੇ। ਅਜੇ ਮਹੀਨਾ ਨਹੀਂ ਹੋਇਆ ਸੂਈ ਨੂੰ। ਰੱਬ ਨਿਆਂ ਕਰੇ, ਤਾਂ ਮੈਨੂੰ ਅੱਖੀਂ ਵਖਾਵੇ ਉਸ ਤੋਂ ਬਦਲਾ ਲੈ ਕੇ।"

ਵਿਚੋਂ ਹੀ ਉਸ ਦੀਆਂ ਗੱਲਾਂ ਟੋਕ ਕੇ ਪੰਡਤ ਬੋਲਿਆ, "ਉਸ ਪਾਪੀ ਦਾ ਬੁਰਾ



WWW.SIKHBOOKCLUB.COM 

ਹੋਵੇ। ਹੱਛਾ, ਮੈਨੂੰ ਮਿਲ ਲੈਣ ਦਿਓ ਸੂ। ਧੀਰਜ ਕਰ ਪੁੱਤਰੀ ! ਇਸ ਪੰਡਤ ਦਾ ਦਮ ਕਾਇਮ ਰਿਹਾ, ਤਾਂ ਤੇਰੀ ਮਹਿੰ ਤੇਰੇ ਘਰ ਮੁੜ ਆਵੇਗੀ।"

ਏਨੀ ਕਹਿ ਕੇ ਬਿਨਾਂ ਚੰਦੋ ਦੇ ਮੂੰਹੋਂ ਕਿਸੇ ਉੱਤਰ ਦੀ ਉਡੀਕ ਕੀਤੇ ਉਹ ਚਲਾ ਗਿਆ। ਚੰਦੋ ਦੀ ਹਾਲ ਦੁਹਾਈ ਸੁਣ ਕੇ, ਗੁਰਨਾਮ ਕੌਰ ਉਹਦੇ ਕੋਲ ਆ ਗਈ ਤੇ ਉਹਨੂੰ ਦਲਾਸਾ ਦੇਣ ਲੱਗੀ। ਉਹ ਬथੇਰਾ ਧੀਰਜ ਬਨ੍ਹਾਉਂਦੀ, ਪਰ ਜੀਹਦੇ ਅੰਦਰ ਲੱਗੀ ਹੋਵੇ, ਉਹ ਕਦੋਂ ਛੇਤੀ ਧੀਰਜ ਧਰਦਾ ਏ ? ਤਕਾਲਾਂ ਤੱਕ ਵਿਚਾਰੀ ਚੰਦੋ ਨੇ ਰੋਂਦਿਆਂ ਕੱਟੀ।

ਖਾਉ-ਪੀਆ ਹੋ ਗਿਆ, ਪਰ ਚੰਦੋ ਨੇ ਘਰ ਵਿਚ ਦੀਵਾ ਤੱਕ ਨਹੀਂ ਜਗਾਇਆ ਸੀ। ਉਹਦੇ ਅੰਦਰ ਬਾਹਰ ਸਾਰੇ ਹਨ੍ਹੇਰਾ ਹੀ ਹਨ੍ਹੇਰਾ ਸੀ। ਹਨ੍ਹੇਰੇ ਵਿੱਚ ਉਹਨੂੰ ਬੂਹੇ ਵਿਚੋਂ ਕੋਈ ਆਉਂਦਾ ਦਿਸਿਆ। ਉਹ ਪੱਲਾ ਕਰਕੇ ਉਠ ਕੇ ਅਗ੍ਹਾਂ ਹੋਈ ਵੇਖਣ ਵਾਸਤੇ। ਪੰਡਤ ਨੇ ਨੇੜੇ ਆ ਕੇ ਕਿਹਾ, "ਬੱਸ ਦੇਵੀ ! ਰਾਤੋਂ ਰਾਤ ਮਹਿੰ ਤੇਰੀ ਮੁੜ ਆਵੇਗੀ। ਮੈਂ ਉਸ ਦੁਸ਼ਟ ਨੂੰ ਬੜੀ ਫਿਟ-ਲਾਹਨਤ ਕੀਤੀ ਏ। ਰੋਟੀ ਪਕਾਓ ਤੇ ਖਾਓ। ਰੋਵੋ ਨਾ। ਮੈਂ ਉਹਦੇ ਨਾਲ ਆਵਾਂਗਾ। ਤੂੰ ਮੇਰੀ 'ਵਾਜ ਸੁਣ ਕੇ ਬੂਹਾ ਖੋਲ੍ਹ ਦੇਣਾ।"

ਏਨੀ ਕਹਿ ਕੇ ਪੰਡਤ ਮੁੜ ਗਿਆ। ਚੰਦੋ ਦੇ ਦਿਲ ਨੂੰ ਕੁਛ-ਕੁਛ ਸ਼ਾਂਤੀ ਹੋਈ, ਪਰ ਪੂਰੀ ਨਹੀਂ। ਉਹ ਸੁੱਖਣਾ ਸੁੱਖੇ ਤੇ ਕਦੇ ਆਪਣੀ ਕਿਸਮਤ ਦਾ ਧਿਆਨ ਕਰਕੇ ਕਹੇ, "ਮੇਰੇ ਐਡੇ ਭਾਗ ਕਿੱਥੋਂ ?"

ਜਿਉਂ-ਜਿਉਂ ਰਾਤ ਬੀਤਦੀ ਗਈ, ਚੰਦੋ ਦੀ ਚਿੰਤਾ ਵਧਦੀ ਗਈ। ਜ਼ਰਾ-ਕੁ ਹਵਾ ਨਾਲ ਵੀ ਤਖਤੇ ਹਿਲਦੇ, ਤਾਂ ਉਹ ਉਠ ਕੇ ਬਾਹਰਲੇ ਬੂਹੇ ਕੋਲ ਜਾ ਖਲੋਂਦੀ। ਖਲੋ ਖਲੋ ਕੇ—ਜਦ ਬਾਹਰੋਂ ਕਿਸੇ ਦੀ 'ਵਾਜ ਨਾ ਆਉਂਦੀ—ਉਹ ਮੁੜਦੀ, ਤੇ ਹਉਕਾ ਭਰ ਕੇ ਕਹਿੰਦੀ, "ਜਿਹੜੇ ਜੰਮੇ ਈ ਮਾੜੇ ਲੇਖ ਲਿਖਾ ਕੇ ਹੋਣ, ਉਹਨਾਂ ਨੂੰ ਸੁਖ ਕਿੱਥੇ ? ਕਦੇ ਚੋਰਾਂ ਹੱਥ ਆਈਆਂ ਚੀਜ਼ਾਂ ਵੀ ਮੁੜੀਆਂ ਨੇ ? ਭੁੱਜੇ ਦਾਣੇ ਕਦੋਂ ਉਗਦੇ ਨੇ ? ਉਹਨੇ ਪੰਡਤ ਦੇ ਆਖੇ ਕਦੋਂ ਲੱਗਣਾ ਏਂ ?"

ਏਸੇ ਤਰ੍ਹਾਂ ਅੱਧੀ ਰਾਤ ਲੰਘ ਗਈ। ਬਾਹਰੋਂ ਕਿਸੇ ਦੋ ਵਾਰ ਤਖ਼ਤਿਆਂ 'ਤੇ ਹੱਥ ਮਾਰਿਆ। ਚੰਦੋ ਜਾਗਦੀ ਹੀ ਬੈਠੀ ਸੀ। ਉਹ ਬੂਹੇ ਕੋਲ ਜਾ ਕੇ ਬੋਲੀ, "ਕੌਣ ਏਂ?"

"ਬੂਹਾ ਖੋਲ੍ਹੋ !"

ਪੰਡਤ ਦੀ 'ਵਾਜ ਪਛਾਣ ਕੇ ਚੰਦੋ ਨੇ ਕੁੰਡਾ ਖੋਲ੍ਹ ਦਿੱਤਾ। ਅੱਗੇ-ਅੱਗੇ ਪੰਡਤ ਤੇ ਮਗਰ ਮਗਰ ਮਹਿੰ ਦਾ ਰੱਸਾ ਫੜੀ ਦੂਲਾ ਸਿੰਘ ਹਵੇਲੀਓਂ ਅੰਦਰ ਆ ਗਏ। ਪੰਡਤ ਨੇ ਕਿਹਾ,"ਦੂਲਾ ਸਿੰਘਾਂ ! ਆਪਣੇ ਹੱਥੀਂ ਕਿੱਲੇ ਨਾਲ ਬੰਨ੍ਹ ਦੇ। ਤੇ ਅੱਜ ਤੋਂ ਪਿੱਛੋਂ ਏਸ ਅਬਲਾ ਨੂੰ ਨਾ ਸਤਾਵੀਂ।"

"ਹੱਛਾ, ਪੰਡਤ ਜੀ !" ਦੂਲਾ ਸਿੰਘ ਮਹਿੰ ਬੰਨ੍ਹਦਾ ਹੋਇਆ ਬੋਲਿਆ। "ਇਹਨੇ ਤਾਂ ਆਵਦੀ ਜਿਦ ਨਹੀਂ ਛੱਡੀ, ਪਰ ਮੈਥੋਂ ਬੇਸ਼ੱਕ ਸੌਂਹ ਖੁਆ ਲਓ, ਜੇ ਅੱਜ ਤੋਂ



WWW.SIKHBOOKCLUB.COM 

ਪਿੱਛੋਂ ਇਹਦਾ ਕੁਝ ਵਗਾੜਾਂ ਜਾਂ ਕਿਸੇ ਨੂੰ ਵਗਾੜਨ ਦਿਆਂ ਤਾਂ। ਭਾਵੇਂ ਹੁਣ ਰਾਤ ਦਿਨੇ ਖੁੱਲ੍ਹੀ ਛੱਡ ਛੱਡਿਆ ਕਰੇ। ਮੁੰਡੇ ਨੂੰ ਸੱਟ ਲੱਗੀ ਵੇਖ ਕੇ ਇਹ ਮੇਰਾ ਨਾਂ ਲੈਂਦੀ ਸੀ। ਮੈਂ ਆਪਣੀ ਕਾਇਆਂ 'ਤੇ ਪਾਵਾਂ, ਜੇ ਉਹਦੇ ਵੱਲੇ ਬੁਰੀ ਅੱਖ ਕਰਕੇ ਵੀ ਵੇਖਾਂ ਤਾਂ। ਬੁਰੇ ਜੇ ਕਿਸੇ ਦਾ ਕੁਛ ਵਗਾੜ ਸਕਦੇ ਨੇ, ਤਾਂ ਜੀਹਨੂੰ ਉਹ ਆਪਣਾ ਬਣਾ ਲੈਣ, ਉਹਦਾ ਕੁਛ ਸੁਆਰ ਵੀ ਸਕਦੇ ਨੇ। ਬੱਸ, ਪਿੱਛੇ ਜੋ ਹੋ ਗਈ, ਸੋ ਹੋ ਗਈ। ਹੁਣ ਮੇਰਾ ਕੋਈ ਵਾਧਾ ਸੁਣੋਂਗੇ, ਤਾਂ ਜੋ ਮਰਜੀ ਜੇ ਕਿਹੋ। ਅੱਗੇ ਇਹ ਜਾਣੇ।"

"ਉਇ ਕੋਈ ਨਹੀਂ। ਉਹ ਵੀ ਤੇਰੇ ਨਾਲ ਕੋਈ ਵਾਧਾ ਘਾਟਾ ਨਹੀਂ ਕਰਦੀ। ਪਿਛਲੀਆਂ ਗੱਲਾਂ ਤੁਸੀਂ ਦੋਵੇਂ ਈ ਭੁਲਾ ਦਿਓ। ਉਹ ਕੋਈ ਕਮਲੀ ਏ, ਜੋ ਆਪਣਾ ਨਫ਼ਾ ਨੁਕਸਾਨ ਨਾ ਸੋਚੇਗੀ ?" ਪੰਡਤ ਨੇ ਆਪ ਹੀ ਚੰਦੋ ਵੱਲੋਂ ਉੱਤਰ ਦੇ ਦਿੱਤਾ।

ਏਨੀਆਂ ਗੱਲਾਂ ਕਰਕੇ ਉਹ ਦੋਵੇਂ ਚਲੇ ਗਏ ਤੇ ਚੰਦੋ ਨੂੰ ਇਕ ਨਵੀਂ ਸੋਚ ਵਿਚ ਧੱਕਾ ਦੇ ਗਏ।

## ੨੯

ਮਨਜੀਤ ਬੜੀ ਹੱਸਮੁਖ ਤੇ ਮਿਠਬੋਲੀ ਸੀ। ਏਥੋਂ ਤੱਕ ਕਿ ਅੱਤ ਲੜਾਕੀ ਤੇ ਬੜਬੋਲ ਤੇਜੋ ਵੀ ਉਹਨੂੰ ਚੰਗਿਆਂ ਜਾਣਦੀ। ਉਹ ਕਿਸੇ ਨੂੰ ਕੌੜੀ ਲੱਗਦੀ ਸੀ, ਤਾਂ ਚੰਦੋ ਨੂੰ ਕਿਉਂਕਿ ਪਹਿਲੀ ਨੇ ਮਗਰਲੀ ਕੋਲੋਂ ਪੁੱਤਾਂ ਵਰਗਾ ਪਿਆਰਾ ਤੇ ਦੁੱਖਾਂ ਦਾ ਸਹਾਰਾ 'ਸੂਰਤ' ਖੋਹ ਲਿਆ ਸੀ। ਰਹਿੰਦੀ ਕਸਰ ਪੂਰੀ ਕਰ ਦਿੱਤੀ ਜਵੰਦੀ ਨੇ, ਜੀਹਨੇ ਝੂਠੀਆਂ ਸੱਚੀਆਂ ਦੱਸ-ਦੱਸ ਕੇ ਦੋਹਾਂ ਦੇ ਦਿਲ ਦੂਰ ਕਰ ਦਿੱਤੇ। ਜਦ ਮਹਿੰ ਵਾਲੀ ਘਟਨਾ ਹੋਈ, ਮਨਜੀਤ ਆਪਣੀ ਨਣਾਨ ਕੋਲ ਗਈ ਹੋਈ ਸੀ। ਤੀਜੇ ਦਿਨ ਦਾ ਸੂਰਤ ਸਿੰਘ ਵੀ ਉਹਨੂੰ ਲੈਣ ਵਾਸਤੇ ਗਿਆ ਹੋਇਆ ਸੀ। ਪਿੱਛੋਂ ਚੰਦੋ ਅਸਲੋਂ ਬੇਸਹਾਰਾ ਸੀ।

ਅੱਧੀ ਰਾਤ ਤਕ ਉਹ ਮਹਿੰ ਦੀ ਚਿੰਤਾ ਵਿੱਚ ਬੈਠੀ ਰਹੀ; ਤੇ ਉਸ ਤੋਂ ਪਿੱਛੋਂ ਨਵੀਂ ਵਰਤਣ ਵਾਲੀ ਭਾਵੀ ਦੇ ਸਹਿਮ ਵਿੱਚ। ਪੰਡਤ ਤੇ ਦੂਲਾ ਸਿੰਘ ਚਲੇ ਗਏ, ਪਰ ਚੰਦੋ ਦਾ ਦਿਲ ਗ਼ਮਾਂ ਤੋਂ ਖ਼ਲਾਸੀ ਨਾ ਪਾ ਸਕਿਆ। ਉਹ ਸੋਚਦੀ, 'ਹੁਣ ਕੀ ਹੋਵੇਗਾ ? ਮੰਨਿਆਂ, ਉਹ ਹੁਣ ਮੈਨੂੰ ਦੁੱਖ ਨਹੀਂ ਦੇਵੇਗਾ, ਪਰ ਇਹਦੇ ਬਦਲੇ ? ਜਿਹੜੀ ਪੂੰਜੀ ਮੈਂ ਉਮਰ ਭਰ ਸਾਂਭ ਕੇ ਰੱਖੀ ਹੋਈ ਸੀ, ਉਹ ? ਮੈਂ ਆਪਣਾ ਧਰਮ ਕਿਵੇਂ ਉਸ ਰਾਕਸ਼ ਤੋਂ ਬਚਾ ਕੇ ਰੱਖ ਸਕਾਂਗੀ ? ਹੁਣ ਤਾਂ ਕੋਈ ਵੀ ਸਹਾਰਾ ਬਾਕੀ ਨਹੀਂ ਰਿਹਾ। ਮੈਂ ਵੀ ਜਵੰਦੀ ਵਰਗੀ ਹੋ ਜਾਵਾਂਗੀ। ਪਰ ਮੈਂ ਕੋਈ ਚਾਅ ਨੂੰ ਤਾਂ ਮਹੁਰਾ ਨਹੀਂ ਚਖਣਾ। ਜੀਹਦੇ ਸਿਰੋਂ ਪਾਣੀ ਲੰਘ ਜਾਵੇ, ਉਹ ਕੀ ਕਰੇ ? ਇਸਤਰੀ ਦਾ ਤਾਂ ਰੱਬ ਨੇ ਬਣਾਇਆ ਈ ਕੁਛ ਨਹੀਂ। ਓਦੋਂ ਖੂਹ ਵਿਚ ਡੁਬ ਕੇ ਮਰ ਜਾਂਦੀ ਤਾਂ ਚੰਗਾ ਸੀ। ਹੁਣ ਤਾਂ ਕੁਲਵੰਤ ਮੇਰੇ ਪੈਰਾਂ ਦੀ ਬੇੜੀ ਬਣ ਗਿਆ ਏ। ਹੁਣ ਮੈਂ ਕਿਵੇਂ ਮਰ ਸਕਦੀ ਆਂ ? ਮੈਨੂੰ ਜਿਊਣਾ ਹੀ ਪਵੇਗਾ। ਉਹ ਜਿਊਣਾ ਭਾਵੇਂ ਨਰਕਾਂ ਨਾਲੋਂ



WWW.SIKHBOOKCLUB.COM 

ਵੀ ਭੈੜਾ ਹੋਵੇ। ਕਿਸੇ ਤੋਂ ਸਹਾਇਤਾ ਦੀ ਆਸ ਬਾਕੀ ਨਹੀਂ ਰਹੀ। ਔਖੇ ਵੇਲੇ ਰੱਬ ਵੀ ਕਿਸੇ ਦੀ ਸਹਾਇਤਾ ਨਹੀਂ ਕਰਦਾ। ਤੇ ਜਾਂ ਮੇਰਾ ਰੱਬ ਈ ਕੋਈ ਨਹੀਂ ਹੋਣਾ।....'

ਇਹਨਾਂ ਸੋਚਾਂ ਵਿਚ ਡੁੱਬੀ ਹੋਈ ਉਹ ਅੱਧ-ਬੇਹੋਸ਼ੀ ਵਿਚ ਊਂਘ ਰਹੀ ਸੀ। ਕਿਸੇ ਨੇ ਕੰਧ ਤੋਂ ਅੰਦਰ ਵਾਰ ਛਾਲ ਮਾਰੀ। ਚੰਦੋ ਨੇ ਪਿੱਛਾ ਭੌਂ ਕੇ ਤੱਕਿਆ। ਕੋਈ ਉੱਚਾ ਲੰਮਾ ਆਦਮੀ ਸੀ ਤੇ ਉਹਦੇ ਹੱਥ ਵਿਚ ਮੌਤ ਨਾਲੋਂ ਵੱਧ ਡਰਾਉਣੀ ਬਰਛੀ ਚਮਕ ਰਹੀ ਸੀ। ਚੰਦੋ ਏਨੀ ਗ਼ਮ ਵਿੱਚ ਨਪੀੜੀ ਹੋਈ ਸੀ ਕਿ ਉਹਦੇ ਅੰਦਰ ਹੋਰ ਘਬਰਾਉਣ ਦੀ ਵੀ ਗੁੰਜਾਇਸ਼ ਨਹੀਂ ਸੀ। ਉਹਨੇ ਓਸੇ ਤਰ੍ਹਾਂ ਬੈਠੀ ਨੇ ਹੌਲੀ ਜਿਹੀ ਪੁੱਛਿਆ, "ਕੌਣ ਏਂ ?"

"ਕੋਈ ਨਹੀਂ।" ਅੱਗੋਂ ਉੱਤਰ ਮਿਲਿਆ।

ਚੰਦੋ ਨੇ 'ਵਾਜ ਪਛਾਣ ਲਈ। ਕੋਈ ਥੋੜ੍ਹੀ ਬਹੁਤ ਸੁਰਤ ਬਾਕੀ ਹੈਗੀ ਸੀ, ਤਾਂ ਉਹਦੀ ਉਹ ਵੀ ਜਾਂਦੀ ਰਹੀ। ਉਹ ਅਲਾਣੀ ਮੰਜੀ ਉਤੇ ਬਾਹੀ ਤੋਂ ਥੱਲੇ ਲੱਤਾਂ ਲਮਕਾ ਕੇ ਬੈਠੀ ਹੋਈ ਸੀ। ਸਾਮ੍ਹਣੀ ਮੰਜੀ ਉੱਤੇ ਕੁਲਵੰਤ ਸੁੱਤਾ ਪਿਆ ਸੀ। ਦੂਲਾ ਸਿੰਘ ਰਵਾਂ ਰਵੀਂ ਉਹਦੇ ਵੱਲੇ ਵਧਦਾ ਆਇਆ। ਉਹ ਚੰਦੋ ਦੇ ਕੋਲ ਆ ਖਲੋਤਾ, ਪਰ ਉਹ ਓਵੇਂ ਅਹਿਲ ਬੈਠੀ ਰਹੀ। ਉਸ ਵੇਲੇ ਉਹਦੀ ਉਹ ਹਾਲਤ ਸੀ, ਜੋ ਬਿੱਲੀ ਦੀਆਂ ਖ਼ੂਨੀ ਬਲਦੀਆਂ ਅੱਖਾਂ ਵੇਖ ਕੇ ਨਿਮਾਣੀ ਕਬੂਤਰੀ ਦੀ ਹੋ ਜਾਂਦੀ ਹੈ। ਦੂਲਾ ਸਿੰਘ ਉਹਦੇ ਨਾਲ ਲੱਗ ਕੇ ਮੰਜੀ ਦੀ ਬਾਹੀ 'ਤੇ ਆ ਬੈਠਾ, ਪਰ ਉਹ ਓਵੇਂ ਚੁੱਪ ਚਾਪ ਬੈਠੀ ਸੀ। ਨਾ ਉਹਦੇ ਅੰਦਰ ਕੋਈ ਵਿਚਾਰ ਬਾਕੀ ਸੀ, ਨਾ ਵਿਚਾਰ-ਸ਼ਕਤੀ। ਦੂਲਾ ਸਿੰਘ ਨੇ ਬਰਛੀ ਵਾਲੀ ਡਾਂਗ ਮੰਜੇ ਦੀ ਬਾਹੀ ਨਾਲ ਰੱਖ ਦਿੱਤੀ। ਕਿੰਨਾ ਚਿਰ ਉਹ ਚੰਦੋ ਦੇ ਕੁਮਾਲਏ ਹੋਏ ਚਿਹਰੇ ਵੱਲ ਵੇਖਦਾ ਰਿਹਾ। ਫਿਰ ਸਹਿਜ ਨਾਲ ਉਹਨੇ ਚੰਦੋ ਦੀ ਖੱਬੀ ਵੀਣੀ ਫੜੀ। ਉਸ ਵਿੱਚ ਨਾਂ-ਮਾਤਰ ਵੀ ਹਰਕਤ ਨਹੀਂ ਸੀ। ਉਹਨੇ ਬਾਂਹ ਫੜ ਕੇ ਆਪਣੇ ਗੋਡੇ 'ਤੇ ਰੱਖ ਲਈ, ਪਰ ਇਉਂ, ਜਿਵੇਂ ਕਿਸੇ ਮੁਰਦੇ ਦੀ। ਅੱਗੋਂ ਬੋਲਣਾ ਕਿਤੇ ਰਿਹਾ, ਚੰਦੋ ਦਾ ਸਾਹ ਚਲਦਾ ਵੀ ਪ੍ਰਤੀਤ ਨਹੀਂ ਸੀ ਹੁੰਦਾ। ਪਲ ਪਿਛੋਂ ਉਸ ਨਿਰਦਈ ਨੇ ਚੰਦੋ ਨੂੰ ਆਪਣੀਆਂ ਦੋਹਾਂ ਬਾਂਹੀਂ ਵਿਚ ਘੁੱਟ ਲਿਆ। ਉਹ ਉਸ ਵੇਲੇ ਨਿਰੀ ਲੋਥ ਹੀ ਲੋਥ ਸੀ। ਉਹਦਾ ਸਰੀਰ ਠੰਢਾ ਹੋਇਆ ਹੋਇਆ ਸੀ। ਦਿਲ ਦੀ ਧੜਕਣ ਤੋਂ ਬਿਨਾਂ ਦੇਹ ਵਿਚ ਜ਼ਿੰਦਗੀ ਦੀ ਹੋਰ ਕੋਈ ਨਿਸ਼ਾਨੀ ਨਹੀਂ ਸੀ। ਨਾ ਉਹਨੂੰ ਆਪਣੀ ਅਵਸਥਾ ਦਾ ਗਿਆਨ ਸੀ, ਨਾ ਵਰਤਣ ਵਾਲੀ ਭਾਵੀ ਦਾ। ਹੋਸ਼ ਹਵਾਸ ਉਹਨੂੰ ਚਿਰੋਕਣਾ ਪਿੱਛਾ ਦੇ ਗਏ ਸਨ। ਦੂਲਾ ਸਿੰਘ ਦੀ ਆਤਮਾ ਸਮੂਲ 'ਚੋਂ ਨਾ ਮਰ ਚੁੱਕੀ ਹੁੰਦੀ, ਤਾਂ ਉਹਨੂੰ ਚੰਦੋ ਦੀ ਉਸ ਹਾਲਤ 'ਤੇ ਜ਼ਰੂਰ ਤਰਸ ਆ ਜਾਂਦਾ। ਪਰ ਓਥੇ ਤਾਂ 'ਤਰਸ' ਜਾਂ 'ਦਇਆ' ਨਾਮ ਦੀ ਕੋਈ ਚੀਜ਼ ਜੰਮੀ ਹੀ ਨਹੀਂ ਸੀ।

ਦੂਲਾ ਸਿੰਘ ਆਇਆ ਤੇ ਚਲਾ ਗਿਆ। ਤੇ ਚੰਦੋ ਨੂੰ ਉਸ ਖੁੱਭਣ ਵਿੱਚ ਧੱਕਾ ਦੇ ਗਿਆ, ਜਿਸ ਵਿਚ ਇਕ ਵਾਰ ਡਿੱਗ ਕੇ ਕਦੇ ਕੋਈ ਇਸਤਰੀ ਮੁੜ ਕੇ ਉਸ



WWW.SIKHBOOKCLUB.COM 

ਚਿੱਕੜ ਦੇ ਦਾਗ਼ਾਂ ਨੂੰ ਧੋ ਕੇ ਸਾਫ਼ ਨਹੀਂ ਕਰ ਸਕੀ। ਉਸ ਦਾ ਸਤੀਤਵ ਲੁੱਟਿਆ ਗਿਆ। ਉਹ ਪਤਨ ਦੀ ਡੂੰਘੀ ਖੱਡ ਵਿੱਚ ਡਿੱਗ ਪਈ। ਉਹਦਾ ਇਸਤਰੀ ਧਰਮ ਸਦਾ ਵਾਸਤੇ ਨਾਸ ਹੋ ਗਿਆ। ਹੁਣ ਉਹ ਦੁਨੀਆਂ ਦੀ ਨਜ਼ਰ ਵਿਚ ਕੁਕਰਮਣ, ਦੁਰਾਚਰਨ, ਭ੍ਰਿਸ਼ਟ—ਤੇ ਨਾ ਜਾਣਾ—ਕੀ ਕੀ ਕੁਛ ਹੋ ਗਈ ਸੀ।

ਰਾਤ ਦਾ ਬਾਕੀ ਹਿੱਸਾ ਉਹਨੇ ਓਸੇ ਅਚੇਤ ਅਵਸਥਾ ਵਿਚ ਪਈ ਨੇ ਹੀ ਬਿਤਾ ਦਿੱਤਾ। ਦਿਨ ਦੀ ਲੋ ਹੋ ਆਈ। ਉਹ ਬਾਹਰੋਂ ਉਠ ਕੇ ਅੰਦਰ ਜਾ ਪਈ। ਸੂਰਜ ਚੋਖਾ ਚੜ੍ਹ ਆਇਆ, ਪਰ ਉਹ ਓਵੇਂ ਪਈ ਹੋਈ ਸੀ। ਹੁਣ ਉਹ ਕੁਛ-ਕੁਛ ਆਪਣੀ ਅਵਸਥਾ ਨੂੰ ਸਮਝਣ ਲੱਗੀ। ਜਦ ਉਹਨੇ ਗੁਜ਼ਰੀਆਂ ਘੜੀਆਂ 'ਤੇ ਵਿਚਾਰ ਕੀਤੀ, ਉਹਦਾ ਦਮ ਘੁੱਟਣ ਲੱਗਾ। ਉਹਨੂੰ ਇਉਂ ਭਾਸਣ ਲੱਗਾ, ਜਿਵੇਂ ਉਹਦੇ ਪਤਿਤ ਹੋਣ ਦਾ ਢੋਲ ਸਾਰੀ ਦੁਨੀਆਂ 'ਤੇ ਵੱਜ ਗਿਆ ਹੋਵੇ। ਹੁਣ ਉਹ ਕਿਸੇ ਨੂੰ ਮੂੰਹ ਵਿਖਾਉਣ ਜੋਗੀ ਨਹੀਂ ਰਹੀ। ਛੱਤ ਦੀਆਂ ਕੜੀਆਂ ਉਤੇ ਬੇਧਿਆਨੇ ਹੀ ਉਹਦੀ ਨਿਗ੍ਹਾ ਟਿਕੀ ਹੋਈ ਸੀ। ਆਲ੍ਹਣੇ ਵਿਚ ਬੈਠਾ ਚਿੜੀਆਂ ਦਾ ਜੋੜਾ ਚਹਿ-ਚਹਾ ਰਿਹਾ ਸੀ। ਚੰਦੋ ਦੇ ਖ਼ਿਆਲ ਵਿਚ ਉਹ ਓਸੇ ਦੀ ਗੁਜ਼ਰੀ ਰਾਤ ਦੀ ਚਰਚਾ ਕਰ ਰਹੇ ਸਨ ਤੇ ਖੰਭਾਂ ਦੀ ਮੁਠ ਉਹ ਛੋਟੀ ਜਿਹੀ ਚਿੜੀ ਉਹਨੂੰ ਮਿਹਣੇ ਦੇ ਰਹੀ ਸੀ। ਉਹ ਸਾਫ਼ ਸੁਣ ਰਹੀ ਸੀ ਕਿ ਕੋਈ ਕਹਿ ਰਹੀ ਸੀ, 'ਨੀ, ਤੂੰ ਤਾਂ ਇਸਤਰੀ ਜਾਤੀ ਦੀ ਵੱਢ ਦਿੱਤੀ। ਸਤੀਆਂ ਏਡੀ ਛੇਤੀ ਧਰਮ ਹਾਰ ਜਾਂਦੀਆਂ ਨੇ?' ਫਿਰ ਉਸਨੂੰ ਸੁਰਿੰਦਰ ਮੂੰਹੋਂ ਸੁਣੀ ਸਤੀ ਸੀਤਾ ਦੀ ਸਾਖੀ ਯਾਦ ਆ ਗਈ, ਜੋ ਮੁੱਦਤ ਤੱਕ ਰਾਵਣ ਦੈਂਤ ਦੀ ਕੈਦ ਵਿਚ ਰਹਿ ਕੇ ਵੀ ਧਰਮੋ ਨਹੀਂ ਸੀ ਡੋਲੀ। ਚੰਦੋ ਨੇ ਦੋਹਾਂ ਹੱਥਾਂ ਨਾਲ ਆਪਣਾ ਮੂੰਹ ਕੱਜ ਲਿਆ। ਉਹਨੂੰ ਆਪਣੇ ਆਪ ਤੋਂ ਵੀ ਸ਼ਰਮ ਆਉਣ ਲੱਗ ਪਈ। ਕਿੰਨਾ ਚਿਰ ਉਹ ਅੱਖਾਂ 'ਤੇ ਹੱਥ ਧਰੀ ਪਈ ਰਹੀ।

ਦੋ-ਕੁ ਦਿਨ ਤੋਂ ਗੁਰਨਾਮ ਕੌਰ ਕੁਛ ਤਕੜੀ ਨਹੀਂ ਸੀ। ਉਹ ਚੁਬਾਰੇ ਵਿੱਚ ਮੰਜੇ 'ਤੇ ਲੇਟੀ ਹੋਈ ਸੀ। ਸੁਰਿੰਦਰ ਉਹਦਾ ਹਾਲ ਪੁੱਛਣ ਵਾਸਤੇ ਚੁਬਾਰੇ ਵਿਚ ਗਈ ਤਾਂ ਦੂਜੇ ਪਾਸਿਓਂ ਕੁਲਵੰਤ ਦੇ ਰੋਣ ਦੀ 'ਵਾਜ ਆਈ। ਚੰਦੋ ਤੇ ਗੁਰਨਾਮ ਕੌਰ ਦੇ ਘਰ ਦੀ ਵਿਚਲੀ ਕੰਧ ਸਾਂਝੀ ਸੀ। ਸੁਰਿੰਦਰ ਨੇ ਬਾਰੀ ਵਿਚੋਂ ਹੇਠਾਂ ਝਾਤੀ ਮਾਰੀ, ਤਾਂ ਬੂਹੇ ਅੱਗੇ ਖਲੋਤਾ ਕੁਲਵੰਤ ਰੋਂਦਾ ਦਿੱਸਿਆ। ਕੋਠੇ ਦਾ ਇਕ ਤਖ਼ਤਾ ਢੁਕਾ ਹੋਇਆ ਤੇ ਇਕ ਖੁੱਲ੍ਹਾ ਸੀ। ਖੁੱਲ੍ਹੇ ਬੂਹੇ ਵੱਲੋਂ ਚੰਦੋ ਦਾ ਅੱਧਾ ਮੰਜਾ ਦੀਹਦਾ ਸੀ। ਉਹਦਾ ਮੂੰਹ ਉਹਲੇ ਸੀ ਤੇ ਪੈਰ ਸਾਮ੍ਹਣੇ ਸਨ। ਖੁਰਲੀ 'ਤੇ ਮਹਿੰ ਖਲੋਤੀ ਕੱਟੀ ਵੱਲੇ ਤਾਂਘ ਰਹੀ ਸੀ। ਸਾਰੇ ਪਾਸੇ ਝਾਤੀ ਮਾਰ ਕੇ ਸੁਰਿੰਦਰ ਨੇ ਗੁਰਨਾਮ ਕੌਰ ਨੂੰ ਕਿਹਾ, "ਮਾਂ ਜੀ ! ਇਹਨਾਂ ਦੀ ਮਹਿੰ ਤਾਂ ਮੁੜ ਆਈ ਏ।"

"ਤੈਨੂੰ ਕਿਵੇਂ ਪਤਾ ਏ ?" ਗੁਰਨਾਮ ਕੌਰ ਨੇ ਉਹਦੇ ਵੱਲੇ ਮੂੰਹ ਕਰਕੇ ਪੁੱਛਿਆ।

"ਅਹੁ ਵੇਖਾਂ ਖੁਰਲੀ 'ਤੇ ਖਲੋਤੀ। ਕੁਲਵੰਤ ਬੂਹੇ ਵਿਚ ਖਲੋਤਾ ਰੋ ਰਿਹਾ ਏ,

ਤੇ ਬੇਬੇ ਚੰਦਾਂ ਅੰਦਰ ਮੰਜੇ 'ਤੇ ਪਈ ਹੋਈ ਏ। ਪਤਾ ਨਹੀਂ, ਕੀ ਗੱਲ ਏ ? ਸ਼ਾਇਦ ਬਿਮਾਰ ਏ।" ਸੁਰਿੰਦਰ ਓਸੇ ਪਾਸੇ ਤਕਦੀ ਹੋਈ ਬੋਲੀ। ਫਿਰ ਉਹਨੇ ਗੁਰਨਾਮ ਕੌਰ ਵੱਲ ਤੱਕ ਕੇ ਕਿਹਾ, "ਆਗਿਆ ਦਿਓ, ਤਾਂ ਮੈਂ ਪਤਾ ਲੈ ਆਵਾਂ ? ਵਿਚਾਰੀ ਦਾ ਜੀਵਨ ਕਿੰਨਾ ਦੁਖੀ ਏ।"

"ਲੈ ਆ ਪਤਾ, ਪਰ ਛੇਤੀ ਮੁੜੀਂ।" ਗੁਰਨਾਮ ਕੌਰ ਨੇ ਓਸੇ ਹਾਲਤ ਵਿਚ ਪਈ ਨੇ ਉੱਤਰ ਦਿੱਤਾ।

"ਹੁਣੇ ਆਈ।" ਕਹਿ ਕੇ ਸੁਰਿੰਦਰ ਬੂਹਿਓਂ ਬਾਹਰ ਨਿਕਲ ਗਈ। ਉਹ ਅੱਗੇ ਦੋ ਚਾਰ ਵੇਰਾਂ ਸੱਸ ਦੇ ਨਾਲ ਉਹਦੇ ਘਰ ਗਈ ਸੀ, ਪਰ ਚੰਦੋ ਨਿੱਤ ਉਹਦੇ ਘਰ ਆਉਂਦੀ ਸੀ। ਉਹਨਾਂ ਦੋਹਾਂ ਦਾ ਆਪਸ ਵਿੱਚ ਕਾਫ਼ੀ ਪਿਆਰ ਸੀ। ਸੁਰਿੰਦਰ ਨੂੰ ਗਲੀ ਵਿੱਚ ਦੀ ਜਾਣ ਦੀ ਲੋੜ ਨਹੀਂ ਸੀ। ਕੋਠਿਓਂ ਕੋਠੀ ਚੰਦੋ ਦੇ ਘਰ ਪੌੜੀ ਥਾਣੀ ਉਤਰ ਜਾਈਦਾ ਸੀ। ਸੁਰਿੰਦਰ ਉਹਦੇ ਬੂਹੇ ਅੱਗੇ ਗਈ ਤਾਂ ਵੇਖ ਕੇ ਹੈਰਾਨ ਰਹਿ ਗਈ। ਚੰਦੋ ਦੇ ਦੋਵੇਂ ਹੱਥ ਮੂੰਹ ਤੋਂ ਥੋੜ੍ਹੇ ਜਿਹੇ ਢਿਲਕੇ ਹੋਏ ਸਨ। ਉਹਦੀਆਂ ਅੱਖਾਂ ਨੰਗੀਆਂ ਸਨ, ਪਰ ਚਿਹਰੇ ਦਾ ਬਾਕੀ ਹੇਠਲਾ ਹਿੱਸਾ ਹੱਥਾਂ ਥੱਲੇ ਕੱਸਿਆ ਹੋਇਆ ਸੀ। ਉਹਦੀਆਂ ਅੱਖਾਂ ਪਾਗ਼ਲਾਂ ਵਾਂਗ ਛੱਤ ਵੱਲੇ ਤਾੜੇ ਲੱਗੀਆਂ ਹੋਈਆਂ ਸਨ। ਉਹਨੂੰ ਕੁਲਵੰਤ ਦੇ ਰੋਣ ਦੀ ਕੋਈ ਸੁਰਤ ਨਹੀਂ ਸੀ। ਸੁਰਿੰਦਰ ਨੇ ਪਹਿਲਾਂ ਤਾਂ ਕੁਲਵੰਤ ਨੂੰ ਕੁੱਛੜ ਚੁੱਕਿਆ ਤੇ ਫਿਰ ਅੰਦਰ ਲੰਘ ਕੇ ਚੰਦੋ ਨੂੰ 'ਵਾਜ ਮਾਰੀ, "ਬੇਬੇ ਜੀ !"

ਚੰਦੋ ਦੀਆਂ ਅੱਖ-ਪੁਤਲੀਆਂ ਵਿਚ ਹਰਕਤ ਪੈਦਾ ਹੋਈ। ਉਹਨੇ ਸਹਿਜ ਨਾਲ ਸੁਰਿੰਦਰ ਵੱਲੇ ਨਿਗ੍ਹਾ ਫੇਰ ਕੇ ਤਕਿਆ। ਕੁਛ ਚਿਰ ਉਹ ਇਉਂ ਵੇਖਦੀ ਰਹੀ, ਜਿਵੇਂ ਉਹਨੂੰ ਪਛਾਣਦੀ ਹੋਵੇ। ਤੇ ਫਿਰ ਇਕੋ ਵਾਰ ਤ੍ਰਭਕ ਕੇ ਉਹ ਮੰਜੇ ਦੇ ਦੂਜੇ ਪਾਸੇ ਵੱਲ ਹੋ ਬੈਠੀ। ਉਹ ਅਜੇ ਵੀ ਇਉਂ ਉਸ ਵਲੇ ਵੇਖੀ ਜਾਂਦੀ ਸੀ, ਜਿਵੇਂ ਸਕੂਲੋਂ ਨੱਸਿਆ ਮੁੰਡਾ ਆਪਣੇ ਮਾਸਟਰ ਵਲੇ। ਸੁਰਿੰਦਰ ਜ਼ਰਾ ਹੋਰ ਅਗ੍ਹਾਂ ਹੋ ਕੇ ਬੋਲੀ, "ਬੇਬੇ ਜੀ ! ਕੀ ਗੱਲ ਏ?"

ਚੰਦੋ ਮੰਜੇ ਤੋਂ ਛਾਲ ਮਾਰ ਕੇ ਪਰਲੀ ਕੰਧ ਨਾਲ ਜਾ ਲੱਗੀ। ਉਹ ਡਰ ਨਾਲ ਥਰ-ਥਰ ਕੰਬ ਰਹੀ ਸੀ। ਸੱਜਾ ਹੱਥ ਉਹ ਇਸ ਤਰ੍ਹਾਂ ਅੱਗੇ ਪਸਾਰ ਕੇ ਹਿਲਾ ਰਹੀ ਸੀ, ਜਿਵੇਂ ਕਿਸੇ ਨੂੰ 'ਪਰੇ ਰਹੋ' ਕਹਿ ਰਹੀ ਹੋਵੇ। ਭੱਰਾਈ ਹੋਈ 'ਵਾਜ ਵਿਚ ਉਹਨੇ ਚੀਕ ਕੇ ਕਿਹਾ, "ਬੀਬੀ ਸੁਰਿੰਦਰ ! ਮੈਥੋਂ ਪਰੇ ਰਹੀਂ। ਮੈਂ ਹੁਣ ਉਹ ਚੰਦੋ ਨਹੀਂ ਰਹੀ। ਮੇਰਾ ਸਰੀਰ ਭ੍ਰਸ਼ਟਿਆ ਗਿਆ ਏ। ਤੂੰ ਦੇਵੀ ਏਂ। ਮੈਂ ਪਾਪਣ ਹੋ ਗਈ ਆਂ। ਮੇਰੇ ਨਾਲ ਨਾ ਛੋਹਵੀਂ।"

ਉਹਦਿਆਂ ਇਹਨਾਂ ਵਾਕਾਂ ਵਿਚ ਲੋਹੜੇ ਦਾ ਤਰਲਾ ਤੇ ਦਿਲ ਹਿਲਾ ਦੇਣ ਵਾਲਾ ਦਰਦ ਸੀ।

"ਬੇਬੇ ਜੀ ! ਧੀਰਜ ਕਰੋ ਖਾਂ। ਤਾਂ ਵੀ ਹੋਇਆ ਕੀ ਏ ਤੁਹਾਨੂੰ ?" ਸੁਰਿੰਦਰ ਨੇ ਇਕ ਕਦਮ ਹੋਰ ਅੱਗੇ ਹੋ ਕੇ ਕਿਹਾ।


WWW.SIKHBOOKCLUB.COM

ਸੁਰਿੰਦਰ ਅਜੇ ਇਹ ਵਾਕ ਮਸਾਂ ਪੂਰੇ ਕੀਤੇ ਸਨ ਜਾਂ ਚੰਦੋ ਬੇਹੋਸ਼ ਹੋ ਕੇ ਧਰਤੀ 'ਤੇ ਢਹਿ ਪਈ। ਸੁਰਿੰਦਰ ਘਬਰਾ ਗਈ। ਉਹਨੇ ਕੁਲਵੰਤ ਨੂੰ ਉਤਾਰ ਦਿੱਤਾ ਤੇ ਭੱਜ ਕੇ ਘੜੇ ਵੱਲੇ ਗਈ। ਪਾਣੀ ਲਿਆ ਕੇ ਉਹਨੇ ਚੰਦੋ ਦੇ ਮੂੰਹ ਵਿੱਚ ਚੋਇਆ ਤੇ ਕੁਛ ਉਹਦੇ ਚਿਹਰੇ 'ਤੇ ਛੱਟੇ ਮਾਰੇ। ਸੁਰਿੰਦਰ ਨੂੰ ਰੱਬ ਨੇ ਦਰਦ ਭਰਪੂਰ ਦਿਲ ਦਿੱਤਾ ਸੀ। ਉਹਨੇ ਚੰਦੋ ਦਾ ਸਿਰ ਚੁੱਕ ਕੇ ਆਪਣੀ ਗੋਦ ਵਿੱਚ ਰੱਖ ਲਿਆ ਤੇ ਸਿਰ ਵਾਲੇ ਲੀੜੇ ਦੇ ਪੱਲੇ ਨਾਲ ਝੱਲ ਮਾਰ ਕੇ ਉਹਨੂੰ ਹੋਸ਼ ਵਿਚ ਲਿਆਉਣ ਦਾ ਯਤਨ ਕਰਨ ਲੱਗੀ। ਚੰਦੋ ਦਾ ਸਾਰਾ ਸਰੀਰ ਮੁੜ੍ਹਕੇ ਨਾਲ ਭਿੱਜ ਗਿਆ। ਪੰਜ ਕੁ ਮਿੰਟ ਪਿੱਛੋਂ ਉਹਨੂੰ ਹੋਸ਼ ਆ ਗਈ, ਤੇ ਉਹ ਸੁਰਿੰਦਰ ਕੋਲੋਂ ਉਠ ਨਸਣ ਦਾ ਯਤਨ ਕਰਨ ਲੱਗੀ। ਸੁਰਿੰਦਰ ਨੇ ਉਹਨੂੰ ਬਾਂਹੀਂ ਵਿੱਚ ਘੁੱਟ ਲਿਆ ਤੇ ਕਿਹਾ, "ਹੋਸ਼ ਕਰੋ ਖਾਂ ! ਤੁਸੀਂ ਐਨੇ ਘਬਰਾ ਕਾਸਤੋਂ ਗਏ ਓ? ਲਓ, ਪਾਣੀ ਦੀਆਂ ਦੋ ਘੁੱਟਾਂ ਪੀਓ।"

ਖੱਬੇ ਹੱਥ ਦਾ ਸਹਾਰਾ ਰੱਖ ਕੇ ਸੱਜੇ ਹੱਥ ਨਾਲ ਉਹਨੇ ਪਾਣੀ ਵਾਲਾ ਭਾਂਡਾ ਚੰਦੋ ਦੇ ਮੂੰਹ ਨਾਲ ਲਾ ਦਿੱਤਾ। ਬਿਨਾਂ ਲੋੜ ਹੀ ਉਹ ਅੱਧਾ ਛੰਨਾ ਪੀ ਗਈ। ਅੰਦਰ ਜ਼ਰਾ-ਕੁ ਸ਼ਾਂਤੀ ਆਈ ਤੇ ਉਹ ਆਪਣਾ-ਆਪ ਸੰਭਾਲ ਕੇ ਬੋਲੀ, "ਬੀਬੀ ਸੁਰਿੰਦਰ! ਹੁਣ ਮੈਂ ਤੈਨੂੰ ਪਿਆਰ ਕਰਨ ਜਾਂ ਤੇਰੇ ਨਾਲ ਛੋਹਣ ਜੋਗ ਨਹੀਂ ਰਹਿ ਗਈ।" ਤੇ ਉਹਨੇ ਰਾਤ ਵਾਲੀ ਹੋਈ ਸਾਰੀ ਘਟਨਾ ਹੂ-ਬ-ਹੂ ਸੁਣਾ ਦਿੱਤੀ। ਉਹ ਸੁਣਾਈ ਜਾ ਰਹੀ ਸੀ, ਤੇ ਸੁਰਿੰਦਰ ਦੀਆਂ ਅੱਖਾਂ ਵਿੱਚੋਂ ਟੁੱਟੇ ਹਾਰ ਦਿਆਂ ਮੋਤੀਆਂ ਵਾਂਗ ਹੰਝੂ ਵਹਿ ਰਹੇ ਸਨ। ਸਾਰੀ ਕਥਾ ਸੁਣਾ ਕੇ ਚੰਦੋ ਭੁੱਬਾਂ ਮਾਰ ਕੇ ਰੋ ਪਈ। ਸੁਰਿੰਦਰ ਦਾ ਦਿਲ ਭਰ ਉਛਲਿਆ। ਉਹਨੇ ਚੰਦੋ ਨੂੰ ਫੇਰ ਘੁੱਟ ਕੇ ਜੱਫੀ ਪਾ ਲਈ, ਤੇ ਹੌਸਲਾ ਦੇਂਦੀ ਹੋਈ ਬੋਲੀ, "ਬੇਬੇ ਜੀ, ਧੀਰਜ ਕਰੋ। ਰੱਬ ਏਸ ਦਾ ਬਦਲਾ ਲਵੇਗਾ। ਤੁਹਾਡਾ ਇਸ ਵਿਚ ਕੋਈ ਕਸੂਰ ਨਹੀਂ।"

"ਕੋਈ ਕਸੂਰ ਨਹੀਂ ? ਤੂੰ ਮੈਨੂੰ ਪਾਪਣ ਨਹੀਂ ਸਮਝਦੀ ? ਮੈਨੂੰ ਹੁਣ ਵੀ ਓਸੇ ਤਰ੍ਹਾਂ ਪਿਆਰ ਕਰਿਆ ਕਰੇਂਗੀ ? ਆਪਣੇ ਕੋਲ ਬਹਿਣ ਦਿਆ ਕਰੇਂਗੀ ?"

ਸੁਰਿੰਦਰ ਦਾ ਦਿਲ ਪਾਟਣ 'ਤੇ ਆ ਗਿਆ। ਉਹਦੇ ਗਲੇ 'ਚੋਂ 'ਵਾਜ ਨਹੀਂ ਸੀ ਨਿਕਲਦੀ। ਖੰਘੂਰੇ ਨਾਲ ਗਲਾ ਸਾਫ਼ ਕਰਕੇ ਉਹ ਬੋਲੀ, "ਨਹੀਂ, ਤੁਹਾਡਾ ਕਸੂਰ ਨਹੀਂ, ਕਸੂਰ ਸਮਾਜ ਦਾ ਏ, ਜਾਂ ਓਸ ਦੁਸ਼ਟ ਦਾ। ਮੈਂ ਤੁਹਾਨੂੰ ਪਹਿਲਾਂ ਵਾਂਗ ਹੀ ਪਿਆਰ ਕਰਦੀ ਰਹਾਂਗੀ। ਮੈਂ ਤੁਹਾਡੀ ਬੱਚੀ ਆਂ।"

ਚੰਦੋ ਨੇ ਸੁਰਿੰਦਰ ਨੂੰ ਜੱਫੀ ਵਿੱਚ ਘੁੱਟ ਲਿਆ। "ਤੂੰ ਬੜੀ ਚੰਗੀ ਏਂ, ਸੁਰਿੰਦਰ!" ਇਹ ਉਹਦੀ ਆਤਮਾ ਦੀ 'ਵਾਜ ਸੀ। ਚੰਦੋ ਨੂੰ ਦਿਲਾਸਾ ਦੇ ਕੇ ਕੁਲਵੰਤ ਨੂੰ—ਜੋ ਕੋਲ ਖਲੋਤਾ ਹੌਲੀ-ਹੌਲੀ ਬੁਸਕ ਰਿਹਾ ਸੀ—ਉਸ ਦੀ ਗੋਦ ਵਿੱਚ ਦੇ ਕੇ ਸੁਰਿੰਦਰ ਘਰ ਨੂੰ ਚਲੀ ਗਈ।

ਕਈ ਦਿਨਾਂ ਤੱਕ ਚੰਦੋ ਅੰਦਰੋਂ ਬਾਹਰ ਨਾ ਨਿਕਲੀ। ਉਹ ਕਿਸੇ ਦੇ ਵੀ ਮੱਥੇ ਨਹੀਂ ਸੀ ਲੱਗਣਾ ਚਾਹੁੰਦੀ।

ਜਵੰਦੀ ਦਾ ਦਿਲ ਚੰਦੋ ਦੇ ਵਿਰੁੱਧ ਈਰਖਾ ਨਾਲ ਭਰਿਆ ਪਿਆ ਸੀ। ਉਹ ਉਸ ਦਿਨ ਦੇ ਅਪਮਾਨ ਦਾ ਉਸ ਤੋਂ ਬਦਲਾ ਲੈਣਾ ਚਾਹੁੰਦੀ ਸੀ। ਮਹਿੰ ਵਾਲੀ ਘਟਨਾ ਤੋਂ ਅਗਲੇ ਦਿਨ ਹੀ ਦੂਲਾ ਸਿੰਘ ਆਪਣੀ ਢਾਣੀ ਨਾਲ ਬਾਹਰ ਚਲਾ ਗਿਆ ਸੀ। ਜਾਣ ਤੋਂ ਪਹਿਲਾਂ ਉਹ ਸਾਰੀ ਗੱਲ ਜਵੰਦੀ ਨੂੰ ਦੱਸ ਗਿਆ ਸੀ। ਚੰਦੋ ਦੀ ਬੇਪਤੀ ਦਾ ਹਾਲ ਸੁਣ ਕੇ ਜਵੰਦੀ ਨੂੰ ਅਥਾਹ ਖ਼ੁਸ਼ੀ ਹੋਈ। ਉਹ ਓਸੇ ਵੇਲੇ ਤੋਂ ਸਾਰੇ ਪਿੰਡ ਵਿੱਚ ਘਰ-ਘਰ ਫਿਰਨ ਲੱਗੀ ਤੇ ਇਕ ਇਕ ਸੁਆਣੀ ਕੋਲ ਬਹਿ ਕੇ ਮਸਾਲੇ ਲਾ ਲਾ ਕੇ ਚੰਦੋ ਦੀਆਂ ਗੱਲਾਂ ਕਰਨ ਲੱਗੀ। ਏਥੇ ਹੀ ਬੱਸ ਨਹੀਂ, ਜਿੱਥੇ ਕੋਈ ਬੰਦਾ ਮਿਲਦਾ, ਉਸ ਨੂੰ ਸਾਰੀ ਕਥਾ ਦੱਸੇ ਬਿਨਾਂ ਉਹ ਅਗ੍ਹਾਂ ਨਾ ਤੁਰਦੀ। ਜੀ ਜੀ ਦੇ ਕੰਨਾਂ ਤੱਕ ਉਹਨੇ ਉਹ ਕਹਾਣੀ ਅਪੜਾ ਦਿੱਤੀ। ਠੀਕ ਹੀ ਚੰਦੋ ਦੇ ਪਤਤ ਹੋਣ ਦੇ ਸਾਰੇ ਢੋਲ ਵੱਜ ਗਏ ਸਨ।

ਅਜੇ ਵੀ ਜਵੰਦੀ ਦੀ ਹਿੱਕ ਠੰਢੀ ਨਾ ਹੋਈ। ਸ਼ਾਮ ਨੂੰ ਉਹ ਚੰਦੋ ਦੇ ਘਰ ਜਾ ਪੁੱਜੀ। ਅੱਜ ਉਹਨੂੰ ਉਸ ਤੋਂ ਕੋਈ ਡਰ ਨਹੀਂ ਸੀ। ਜਾਂਦਿਆਂ ਹੀ ਫਿੱਕਾ ਜਿਹਾ ਹਾਸਾ ਹੱਸ ਕੇ ਬੋਲੀ, "ਕੁੜੇ, ਵਧਾਇਓਂ। ਖੇਖਣ ਹਾਰੀਏ, ਮੇਰੇ ਕੋਲ ਪੈਰਾਂ 'ਤੇ ਪਾਣੀ ਨਹੀਂ ਸੈਂ ਪੈਣ ਦੇਂਦੀ ਤੇ ਆਪ ਅੰਦਰੋ ਅੰਦਰੀ ਸਭ ਪੱਕ ਪਕਾਏ ਹੋਏ ਸਨ ?"

ਪਤਾ ਨਹੀਂ ਅਜੇ ਉਹ ਹੋਰ ਕੀ ਕੁਛ ਕਹਿੰਦੀ, ਪਰ ਜਿਉਂ ਹੀ ਚੰਦੋ ਨੇ ਉਸ ਵੱਲ ਉਤਾਂਹ ਅੱਖਾਂ ਚੁੱਕੀਆਂ, ਉਹ ਸਹਿਮ ਕੇ ਚੁੱਪ ਕਰ ਗਈ। ਚੰਦੋ ਦੀਆਂ ਅੱਖਾਂ ਵਿੱਚ ਬ੍ਰਹਿਮੰਡ ਜਲਦਾ ਨਜ਼ਰ ਆ ਰਿਹਾ ਸੀ। ਅਸਲ ਵਿੱਚ ਜੋ ਕੁਛ ਉਹਦੀ ਨਿਗ੍ਹਾ ਵਿਚੋਂ ਪ੍ਰਗਟ ਹੋ ਰਿਹਾ ਸੀ, ਉਹ ਬੋਲੀ ਵਿਚ ਪ੍ਰਗਟ ਹੀ ਨਹੀਂ ਕੀਤਾ ਜਾ ਸਕਦਾ। ਜਵੰਦੀ ਵੇਖ ਕੇ ਹੈਰਾਨ ਰਹਿ ਗਈ। ਨਿਰੀ ਹੈਰਾਨ ਨਹੀਂ, ਉਹ ਡਰ ਵੀ ਗਈ। ਉਹਦੀ ਮਸ਼ੀਨ ਵਾਂਗ ਚੱਲਣ ਵਾਲੀ ਜ਼ਬਾਨ ਇਕੋ ਵਾਰ ਬੰਦ ਹੋ ਗਈ। ਚੰਦੋ ਉਸ ਵੱਲ ਬਿਟ-ਬਿਟ ਤਕ ਰਹੀ ਸੀ। ਉਹ ਮੂੰਹੋਂ ਅਵਾਕ ਸੀ, ਪਰ ਉਸ ਦੀ ਇਸ ਚੁੱਪ ਵਿੱਚੋਂ ਵੀ ਹਜ਼ਾਰਾਂ 'ਵਾਜਾਂ ਆ ਰਹੀਆਂ ਸਨ। ਉਹ ਕੂਕਾਂ ਸਨ, ਫ਼ਰਯਾਦਾਂ ਸਨ, ਤਾਹਨੇ ਸਨ, ਜਾਂ ਫਿਟਕਾਰਾਂ, ਕਿਹਾ ਨਹੀਂ ਜਾ ਸਕਦਾ। ਦੋ-ਕੁ ਮਿੰਟ ਜਵੰਦੀ ਚੁੱਪ ਚਾਪ ਉਹਦੇ ਵੱਲੇ ਵੇਖਦੀ ਰਹੀ। ਉਸ ਮੌਤ ਵਰਗੀ ਤੱਕਣੀ ਸਾਮ੍ਹਣੇ ਉਹ ਬਹੁਤਾ ਚਿਰ ਖਲੋ ਨਾ ਸਕੀ। ਉਹ ਘਬਰਾਈ ਹੋਈ ਓਥੋਂ ਛੇਤੀ ਛੇਤੀ ਘਰ ਨੂੰ ਤੁਰ ਗਈ। ਸਾਰੀ ਰਾਤ ਉਹਦੀਆਂ ਅੱਖਾਂ ਅੱਗੇ ਚੰਦੋ ਦੀ ਓਹਾ ਪਾਗਲਾਂ ਵਾਲੀ ਸ਼ਕਲ ਫਿਰਦੀ ਰਹੀ।

ਜਵੰਦੀ ਦੀ ਆਤਮਾ ਮਰ ਚੁੱਕੀ ਸੀ। ਧਰਮ, ਦਇਆ, ਤਰਸ ਜਾਂ ਪਛਤਾਵਾ ਉਹਦੇ ਨੇੜੇ ਨਹੀਂ ਸੀ ਫੜਕ ਸਕਦਾ। ਚੜ੍ਹੇ ਦਿਨ ਤੋਂ ਉਹਨੇ ਫੇਰ ਓਹਾ ਵਿਹਾਰ ਆਰੰਭ ਦਿੱਤਾ। ਅਗਲੇ ਦਿਨ ਸੂਰਤ ਸਿੰਘ ਤੇ ਮਨਜੀਤ ਕੌਰ ਵੀ ਆ ਗਏ। ਜਵੰਦੀ ਨੇ ਉਚੇਚਾ ਉਹਨਾਂ ਦੇ ਘਰ ਜਾ ਕੇ ਸੂਰਤ ਨੂੰ ਸਾਰੀ ਗੱਲ ਮਨਜੀਤ ਦੇ ਕੋਲ ਹੀ



WWW.SIKHBOOKCLUB.COM 

ਸੁਣਾ ਦਿੱਤੀ। ਉਹਦਾ ਇਹ ਵਾਕ : "ਲੈ, ਆਹ ਈ ਕਰਤੂਤ ਤੇਰੀ ਮਾਂ ਦੀ।" ਤਾਂ ਸੂਰਤ ਦੀ ਛਾਤੀ ਵਿਚਦੀ ਤੀਰ ਵਾਂਗ ਲੰਘ ਗਿਆ। ਮਨਜੀਤ ਕੋਲ ਨਾ ਹੁੰਦੀ, ਤਾਂ ਸ਼ਾਇਦ ਉਹਨੂੰ ਏਨਾ ਦੁੱਖ ਨਾ ਹੁੰਦਾ। ਉਹਨੇ ਸਿਰ ਨੀਵਾ ਕੀਤਾ ਹੋਇਆ ਸੀ। ਉਹਦੀ ਨਿਗ੍ਹਾ ਜ਼ਮੀਨ 'ਤੇ ਗੱਡੀ ਹੋਈ ਸੀ। ਉਹਦਾ ਖ਼ੂਨ ਤੇਜ਼ਾਬ ਵਾਂਗ ਉਬਲ ਰਿਹਾ ਸੀ। ਉਹਦੇ ਅੰਦਰ ਬਾਹਰ ਭਾਂਬੜ ਬਲ ਉੱਠੇ ਸਨ। ਉਹੰਦਾ ਦਿਲ ਦੇ ਦਿਮਾਗ਼ ਦੋਵੇਂ ਅਹਿਸਾਸ ਤੇ ਵਿਚਾਰ ਤੋਂ ਖ਼ਾਲੀ ਹੋ ਗਏ ਸਨ। ਕਿੰਨਾ ਹੀ ਚਿਰ ਉਹ ਏਸੇ ਹਾਲਤ ਵਿੱਚ ਬੈਠਾ ਰਿਹਾ। ਜਵੰਦੀ ਮੂਹੋਂ ਮਨਜੀਤ ਨਾਲ ਗੱਲਾਂ ਕਰ ਰਹੀ ਸੀ, ਪਰ ਉਹਦੀ ਨਿਗ੍ਹਾ ਸੂਰਤ ਦੇ ਚਿਹਰੇ 'ਤੇ ਗੱਡੀ ਹੋਈ ਸੀ। ਮਨਜੀਤ 'ਹੂੰ ਹਾਂ' ਤੋਂ ਬਿਨਾਂ ਉਹਦੀ ਕਿਸੇ ਗੱਲ ਦਾ ਉੱਤਰ ਨਹੀਂ ਸੀ ਦੇ ਰਹੀ। ਸੱਚੀ ਗੱਲ ਤਾਂ ਇਹ ਹੈ ਕਿ ਉਸ ਦੀਆਂ ਗੱਲਾਂ ਸੁਣ ਹੀ ਨਹੀਂ ਰਹੀ ਸੀ। ਉਹਦੀਆਂ ਅੱਖਾਂ ਆਪਣੇ ਪਤੀ ਦੇ ਚਿਹਰੇ 'ਤੇ ਟਿਕੀਆਂ ਹੋਈਆਂ ਸਨ ਤੇ ਦਿਲ ਕਿਨ੍ਹਾਂ ਡਰਾਉਣਿਆਂ ਖ਼ਿਆਲਾਂ ਨੇ ਮੱਲਿਆ ਹੋਇਆ ਸੀ।

ਦਿਲ ਨਾਲ ਕੋਈ ਪੱਕਾ ਫ਼ੈਸਲਾ ਕਰਕੇ ਸੂਰਤ ਮੰਜੇ ਤੋਂ ਉਠਿਆ ਤੇ ਤੂੜੀ ਵਾਲੇ ਅੰਦਰ ਜਾ ਵੜਿਆ। ਮਨਜੀਤ ਵੇਖ ਕੇ ਸਿਰ ਤੋਂ ਪੈਰਾਂ ਤੱਕ ਕੰਬ ਉੱਠੀ। ਉਹਦੇ ਦਿਲ ਦੀ ਕੋਠੀ ਧੜਕਣ ਲੱਗ ਪਈ। ਉਹਦੀਆਂ ਅੱਖਾਂ ਅੱਗੇ ਹਨ੍ਹੇਰਾ ਛਾ ਗਿਆ। ਉਹ ਪਤੀ ਦੇ ਮਗਰ ਭੱਜੀ ਗਈ। ਏਨੇ ਨੂੰ ਤੂੜੀ ਵਿਚੋਂ ਨੱਪੀ ਹੋਈ ਬਰਛੀ ਕੱਢ ਕੇ ਸੂਰਤ ਬਾਹਰ ਨਿਕਲਣ ਲੱਗਾ ਸੀ। ਮਨਜੀਤ ਨੇ ਜਾਂਦਿਆਂ ਉਹਦੀ ਡਾਂਗ ਫੜ ਲਈ ਤੇ ਅੱਖਾਂ ਭਰ ਕੇ ਬੋਲੀ, "ਪਹਿਲਾਂ ਮੈਨੂੰ ਮਾਰ ਜਾਓ। ਮੈਂ ਸਹੁਰਿਆਂ ਪੇਕਿਆਂ ਤੋਂ ਨਥਾਂਵੀ ਪਿੱਛੋਂ ਰੁਲਦੀ ਨਾ ਰਹਾਂ।"

ਏਨੇ ਨੂੰ ਜਵੰਦੀ ਵੀ ਆ ਅਪੜੀ ਤੇ ਤਾੜਨਾ ਭਰੇ ਢੰਗ ਨਾਲ ਬੋਲੀ, "ਸੁਣ ਵੇ ਮੁੰਡਿਆ ! ਏਸ ਤਰ੍ਹਾਂ ਹੋਛਾ ਨਾ ਬਣ। ਕੰਮ ਕਰੀਏ ਉਹ, ਜਿਸ ਨਾਲ ਸੱਪ ਵੀ ਮਰ ਜਾਏ ਤੇ ਸੋਟਾ ਵੀ ਰਹਿ ਜਾਏ, ਕਾਹਲਾ ਨਾ ਪਓ। ਜਦੋਂ ਵੇਲਾ ਆਵੇਗਾ, ਮੈਂ ਤੈਨੂੰ ਦੱਸਾਂਗੀ। ਸਗੋਂ ਹਾਲੇ ਤੂੰ ਕਿਸੇ ਅੱਗੇ ਧੂੰ ਨਾ ਕਢੀਂ ਏਸ ਗੱਲ ਦਾ। ਅੱਗੇ ਕਿਹੜੀ ਕਸਰ ਏ ? ਪਿੰਡ ਵਿੱਚ ਤਾਂ ਸਾਰੇ ਓਸੇ ਵੇਲੇ ਦੀ ਡੌਂਡੀ ਪਿੱਟੀ ਗਈ ਏ। ਪਹਿਲਾਂ ਤਾਂ ਕੁਛ ਲੁਕ-ਲੁਕਾ ਸੀ, ਪਰ ਓਦਣ ਤੋਂ ਤਾਂ ਐਨ ਨਸ਼ਰ ਹੋ ਗਈ ਨਾ। ਜਿੱਥੇ ਚਾਰ ਬੰਦੇ ਬਹਿੰਦੇ ਨੇ, ਉਥੇ ਏਹਾ ਗੱਲਾਂ। ਤੇ ਤੂੰ ਅਸਲੋਂ ਅਣਸੁਣਿਆਂ ਨੂੰ ਸੁਨਾਉਣ ਲੱਗਾ ਏਂ ? ਹਾਲੀ ਚੁੱਪ ਵੱਟੀ ਰੱਖ। ਉਹਨੂੰ ਅਲਫੋਂ ਬੇ ਨਹੀਂ ਕਹਿਣੀ ਤੂੰ। ਮੇਰੇ ਆਖੇ ਲੱਗੇਂ, ਤਾਂ ਦੋ ਚਾਰ ਦਿਨ ਮੱਥੇ ਹੀ ਨਾ ਲੱਗੀਂ ਉਹਦੇ। ਫੜਾ ਉਰ੍ਹਾਂ ਸੋਟਾ। ਲੈ ਜਾ, ਕੁੜੀਏ ! ਇਹਨੂੰ ਅੰਦਰ।"

ਦੋਹਾਂ ਦੇ ਹੱਥੋਂ ਬਰਛੀ ਫੜ ਕੇ ਉਹਨੇ ਫੇਰ ਤੂੜੀ ਵਿਚ ਨੱਪ ਦਿੱਤੀ। ਤੇ ਮਨਜੀਤ ਪਤੀ ਨੂੰ ਫੜ ਕੇ ਵਸੋਂ ਵਾਲੇ ਅੰਦਰ ਲੈ ਗਈ। ਉਸ ਵਿਚਾਰੀ ਦੀ ਹਾਲਤ ਉਸ ਵੇਲੇ ਬੜੀ ਤਰਸਯੋਗ ਸੀ। ਉਹਦੀਆਂ ਅੱਖਾਂ ਵਿਚੋਂ ਹੰਝੂ ਵਹਿ ਰਹੇ ਸਨ, ਬੁੱਲ੍ਹ



WWW.SIKHBOOKCLUB.COM 

ਫਰਕ ਰਹੇ ਸਨ, ਪਰ ਜ਼ਬਾਨ ਬੇ-ਹਰਕਤ ਸੀ। ਜਵੰਦੀ ਉਸ ਸੁੱਖ ਵਸਦੀ ਜੋੜੀ ਦੇ ਘਰ ਅੱਗ ਲਾ ਕੇ ਚਲਦੀ ਬਣੀ।

ਸਾਰੀ ਰਾਤ ਸੂਰਤ ਨੇ ਮੰਜੇ 'ਤੇ ਪਾਸੇ ਪਰਤਦਿਆਂ ਕੱਟੀ ਤੇ ਮਨਜੀਤ ਨੇ ਪੈਂਦ 'ਤੇ ਬੈਠਿਆਂ। ਦੋਹਾਂ ਦੇ ਦਿਲਾਂ ਵਿੱਚ ਬਹੁਤ ਕੁਛ ਸੀ, ਪਰ ਇੱਕ ਦੂਜੇ ਨੂੰ ਕਹਿਣ ਵਾਸਤੇ ਕੁਛ ਵੀ ਨਹੀਂ। ਸੂਰਤ ਦਾ ਮਨ ਬਹੁਤ ਦੂਰ ਤਕ ਦੌੜਿਆ ਫਿਰਦਾ ਸੀ। ਉਹਦੇ ਡੌਲੇ ਆਪਣੇ-ਆਪ ਫਰਕ ਰਹੇ ਸਨ। ਉਹ ਕਦੇ ਚੰਦੋ ਦਾ ਖ਼ੂਨ ਵਿਹੰਦਾ ਵੇਖਦਾ ਸੀ ਤੇ ਕਦੇ ਦੂਲਾ ਸਿੰਘ ਦਾ। ਉਹ ਦੋਹਾਂ ਨੂੰ 'ਕੱਠਿਆਂ ਬੈਠਿਆਂ ਤੇ ਹੱਸ-ਹੱਸ ਗੱਲਾਂ ਕਰਦਿਆਂ ਵੇਖਦਾ, ਤੇ ਫੇਰ ਦੋਹਾਂ ਦੀਆਂ ਲੋਥਾਂ ਤੜਫਦੀਆਂ। ਫੇਰ ਪੁਲੀਸ, ਹਥਕੜੀਆਂ, ਜੇਲ੍ਹ ਦੀਆਂ ਹਨ੍ਹੇਰੀਆਂ ਕੋਠੜੀਆਂ ਤੇ ਅੰਤ ਫਾਂਸੀ ਦਾ ਰੱਸਾ, ਸਭ ਕੁਝ ਇਕੇਰਾਂ ਹੀ ਉਹਦੀਆਂ ਨਜ਼ਰਾਂ ਵਿਚੋਂ ਗੁਜ਼ਰ ਜਾਂਦਾ। ਅਖ਼ੀਰੀ ਦ੍ਰਿਸ਼ ਵੇਖ ਕੇ ਉਹਦਾ ਸਾਰਾ ਸਰੀਰ ਕੰਬ ਉਠਦਾ। ਉਹਦੇ ਅੰਦਰ ਦੇ ਕਾਂਬੇ ਨਾਲ ਸਾਰਾ ਮੰਜਾ ਹਿੱਲ ਜਾਂਦਾ। ਮਨਜੀਤ ਤ੍ਰਭਕ ਕੇ ਉਹਨੂੰ ਘੁੱਟ ਕੇ ਫੜ ਲੈਂਦੀ, ਜਿਵੇਂ ਉਹ ਉਸ ਤੋਂ ਪੱਲਾ ਛੁਡਾ ਕੇ ਕਿਤੇ ਉੱਡ ਚਲਿਆ ਹੁੰਦਾ ਹੈ। ਮਨਜੀਤ ਦੇ ਦਿਲ ਵਿੱਚ ਵਾਰ-ਵਾਰ ਇਕੋ ਸਵਾਲ ਉਠਦਾ ਸੀ, 'ਹੁਣ ਕੀ ਬਣੇਗਾ ?' ਪਰ ਪਤੀ ਨੂੰ ਕੁਛ ਕਹਿਣ ਕਹਾਉਣ ਦੀ ਉਸ ਵਿਚ ਹਿੰਮਤ ਨਹੀਂ ਸੀ।

ਅਗਲੇ ਦਿਨ ਦੁਪਹਿਰ ਤਕ ਸੂਰਤ ਘਰੋਂ ਬਾਹਰ ਨਾ ਨਿਕਲਿਆ। ਤਰਲੇ ਕਰ ਕਰ ਤੇ ਵਾਸਤੇ ਪਾ ਪਾ ਮਨਜੀਤ ਨੇ ਉਹਨੂੰ ਥੋੜ੍ਹੀ ਜਿਹੀ ਰੋਟੀ ਖੁਆਈ, ਪਰ ਉਹਦੇ ਆਪਣੇ ਸੰਘੋਂ ਇਕ ਬੁਰਕੀ ਵੀ ਨਾ ਲੰਘੀ। ਪਿਛਲੇ ਪਹਿਲ ਸੂਰਤ ਬਾਹਰ ਵੱਲ ਨੂੰ ਚੱਲਿਆ, ਤਾਂ ਬਾਹਰਲੇ ਬੂਹੇ ਤਕ ਮਨਜੀਤ ਉਹਦੇ ਨਾਲ ਗਈ। ਵਿਛੜਨ ਲੱਗਿਆਂ ਉਹਨੇ ਹਉਕਾ ਭਰ ਕੇ ਕਿਹਾ, "ਵੇਖੋ ਨਾ ! ਕਿਸੇ ਦਾ ਕੋਈ ਹੋਵੇਗਾ, ਕਿਸੇ ਦਾ ਕੋਈ, ਪਰ ਮੇਰਾ ਤੁਹਾਡੇ ਬਿਨਾਂ ਹੋਰ ਕੋਈ ਵੀ ਨਹੀਂ ਜੇ।"

ਉਹਦੀ ਬੋਲੀ ਵਿਚ ਲੋਹੜੇ ਦਾ ਤਰਲਾ ਸੀ, ਦੋਵੇਂ ਹੱਥ ਜੁੜੇ ਹੋਏ ਸਨ ਤੇ ਅੱਖਾਂ ਪਰਲ ਪਰਲ ਵਹਿ ਰਹੀਆਂ ਸਨ। ਸੂਰਤ ਨੇ ਉਤਾਂਹ ਧਿਆਨ ਕਰਕੇ ਉਸ ਵੱਲ ਵੇਖਿਆ ਤਾਂ ਉਹਦਾ ਦਿਲ ਕੰਬ ਉਠਿਆ। 'ਕੀ ਇਹ ਓਹਾ ਮਨਜੀਤ ਏ?' ਨਹੀਂ, ਠੀਕ ਹੀ ਮਨਜੀਤ ਉਹ ਨਹੀਂ ਸੀ ਰਹੀ। ਉਹ ਹੱਸਦਾ ਖਿਡਾਉਣਾ ਸੀ ਤੇ ਇਹ ਦਰਦ ਦੀ ਸੂਰਤ। ਚਿਹਰੇ ਦੀ ਲਾਲੀ ਪਿਲੱਤਣ ਵਿਚ ਬਦਲ ਚੁੱਕੀ ਸੀ। ਸੂਰਤ ਨੇ ਡਰ ਕੇ ਅੱਖਾਂ ਨੀਵੀਂਆਂ ਕਰ ਲਈਆਂ ਤੇ ਹੌਲੀ ਜਿਹੀ ਕਿਹਾ, "ਮੈਂ ਕਿਤੇ ਨਹੀਂ ਜਾਂਦਾ, ਕੁਛ ਨਹੀਂ ਕਰਦਾ, ਤੂੰ ਜੇਰੇ ਨਾਲ ਘਰ ਬਹੁ।"

ਸੂਰਤ ਚਲਾ ਗਿਆ ਤੇ ਮਨਜੀਤ ਪਿਛਾਂਹ ਮੁੜ ਆਈ। ਉਹ ਮਨ ਨੂੰ ਧੋਖਾ ਦੇਣ ਵਾਸਤੇ ਘਰ ਦੇ ਧੰਦੇ ਲੱਗ ਗਈ, ਪਰ ਉਹਦੀਆਂ ਅੱਖਾਂ, ਬਰਾਬਰ ਬੂਹੇ ਉੱਤੇ ਲੱਗੀਆਂ ਰਹੀਆਂ।

ਸੂਰਤ ਰਾਹ ਵਿੱਚ ਕਿਸੇ ਨੂੰ ਖਲੋਤਾ ਵੇਖ ਕੇ ਦੂਜੇ ਪਾਸੇ ਹੋ ਜਾਂਦਾ। ਉਹ ਨੀਵੀਂ



WWW.SIKHBOOKCLUB.COM 

ਪਾਈ ਤੁਰਿਆ ਜਾਂਦਾ ਸੀ। ਉਹ ਕਿਸੇ ਨਾਲ ਬੋਲਣਾ ਜਾਂ ਅੱਖਾਂ ਸਾਮ੍ਹਣੀਆਂ ਕਰਨਾ ਨਹੀਂ ਸੀ ਚਾਹੁੰਦਾ। ਗਲੀ ਦੇ ਮੋੜ 'ਤੇ ਉਹਦੇ ਇਕ ਹਾਣੀ ਨੇ ਬੁਲਾ ਹੀ ਲਿਆ, "ਸੂਰਤ ! ਸੁਣਾ ਕੀ ਹਾਲ ਨੇ?"

ਸੂਰਤ ਨੇ ਇਕ ਵਾਰ ਉਤਾਂਹ ਮੂੰਹ ਕਰਕੇ ਉਸ ਦੇ ਚਿਹਰੇ ਵੱਲ ਤਕਿਆ ਤੇ ਫਿਰ ਨੀਵੀਂ ਪਾ ਕੇ ਬਿਨਾਂ ਉਹਦੀ ਗੱਲ ਦਾ ਉਤਰ ਦਿੱਤੇ ਅਗਾਂਹ ਲੰਘ ਗਿਆ। ਬੁਲਾਉਣ ਵਾਲੇ ਨੇ ਸੁਭਾਵਕ ਹੀ ਬੁਲਾਇਆ ਸੀ, ਪਰ ਸੂਰਤ ਨੂੰ ਭਾਸਿਆ ਕਿ ਉਹਨੇ ਚੰਦੋ ਦੀ ਕਰਤੂਤ ਦਾ ਹੀ ਮਿਹਣਾ ਦਿੱਤਾ ਹੈ। ਉਹਦੇ ਅੰਦਰ ਧੁਖਦੀ ਭਾਂਬੜ ਬਣ ਕੇ ਬਲ ਉਠੀ, ਜਿਸ ਦੀਆਂ ਲਾਟਾਂ ਉਹਦਾ ਤਨ ਮਨ ਸਾੜਨ ਲੱਗੀਆਂ। ਉਹ ਓਥੋਂ ਪਰਤ ਕੇ ਘਰ ਆ ਗਿਆ। ਉਹਨੂੰ ਬੂਹੇ 'ਚੋਂ ਮੁੜਦਾ ਵੇਖ ਕੇ ਮਨਜੀਤ ਉੱਡ ਕੇ ਜਾ ਮਿਲੀ। ਸਹਿਮੀ-ਸਹਿਮੀ ਉਹ ਪਤੀ ਦੇ ਨਾਲ ਤੁਰੀ ਆਈ। ਉਹ ਅੰਦਰ ਮੰਜੇ 'ਤੇ ਲੰਮਾ ਆ ਪਿਆ, ਤਾਂ ਨਾਲ ਬਹੀ ਤੇ ਬਹਿਕੇ ਉਹਦੇ ਮੱਥੇ ਤੇ ਹੱਥ ਰੱਖ ਕੇ ਮਨਜੀਤ ਬੋਲੀ, "ਤੁਸਾਂ ਕਿਉਂ ਏਨੀ ਦਿਲ ਨੂੰ ਲਾ ਲਈ ਏ? ਮੇਰੇ ਵੱਲੇ ਵੇਖੋ ਖਾਂ !"

ਸੂਰਤ ਨੇ ਉਹਦੀਆਂ ਅੱਖਾਂ ਵਿੱਚ ਅੱਖਾਂ ਪਾਈਆਂ, ਤਾਂ ਮਨਜੀਤ ਅੱਗੋਂ ਥੋੜ੍ਹਾ ਜਿਹਾ ਮੁਸਕਰਾ ਪਈ। ਪਰ ਇਹ ਦੋਵੇਂ ਜਾਣਦੇ ਸਨ ਕਿ ਇਹ ਹਾਸਾ ਕੁਦਰਤੀ ਨਹੀਂ, ਸਗੋਂ ਬਣਾਉਟੀ ਸੀ। ਕਈ ਵਾਰ ਦਾ ਹਾਸਾ ਰੋਣ ਨਾਲੋਂ ਵੀ ਵਧੇਰੇ ਕਰੁਣਾਮਈ ਹੁੰਦਾ ਹੈ। ਮਨਜੀਤ ਨੇ ਸਾਰਾ ਯਤਨ ਕੀਤਾ ਪਤੀ ਦਾ ਮਨ ਪਰਚਾਉਣ ਦਾ, ਪਰ ਉਹਦਾ ਆਪਣਾ ਮਨ ਹੀ ਗੁਆਚਾ ਹੋਇਆ ਸੀ, ਉਹ ਕਿਸੇ ਦਾ ਕਿਵੇਂ ਲਾ ਸਕਦੀ?

ਅੱਗੇ ਮਨਜੀਤ ਪਤੀ ਵੱਲੇ ਵੇਖ ਕੇ ਮੁਸਕਰਾਉਂਦੀ ਸੀ ਤਾਂ ਉਹਨੂੰ ਉਸ ਵਿਚੋਂ ਅੰਮ੍ਰਿਤ ਵਰਗਾ ਸੁਆਦ ਆਉਂਦਾ ਸੀ, ਪਰ ਅੱਜ ਦਾ ਮੁਸਕਰਾਉਣਾ ਉਹਨੂੰ ਜ਼ਹਿਰ ਨਾਲੋਂ ਵੀ ਬੁਰਾ ਭਾਸਿਆ।

## ੩੧

ਅੱਜ ਪੰਜਵਾਂ ਦਿਨ ਹੋ ਗਿਆ ਸੀ, ਚੰਦੋ ਅੰਦਰੋਂ ਬਾਹਰ ਨਹੀਂ ਸੀ ਨਿਕਲੀ। ਕੁਲਵੰਤ ਸਤਾਉਂਦਾ ਤਾਂ ਉਹਨੂੰ ਫੁਲਕਾ ਪਕਾ ਦੇਂਦੀ ਤੇ ਆਪ ਓਵੇਂ ਹੀ ਭੁੱਖਣ ਭਾਣੀ ਪੈ ਰਹਿੰਦੀ। ਅੰਦਰ ਬਹੁਤੀਆਂ ਹੀ ਵਾਢਾਂ ਪੈਂਦੀਆਂ ਤਾਂ ਦੋ ਬੁਰਕੀਆਂ ਮੂੰਹ ਪਾ ਲੈਂਦੀ। ਉਹਦੇ ਅੰਦਰ ਉਬਾਲ ਵਾਂਗ ਖ਼ਿਆਲ ਉਠਦੇ ਤੇ ਸਿਰ ਨੂੰ ਚੜ੍ਹ ਜਾਂਦੇ, 'ਮੈਂ ਕਿਸੇ ਨੂੰ ਮੂੰਹ ਵਿਖਾਉਣ ਜੋਗੀ ਨਹੀਂ ਰਹੀ। ਮੇਰੇ ਵਿੱਚ ਤੇ ਵੇਸਵਾ ਵਿੱਚ ਕੀ ਫਰਕ ਏ ? ਉਹ ਪੈਸਿਆਂ ਬਦਲੇ ਇੱਜਤ ਵੇਚ ਦੇਂਦੀ ਏ, ਮੈਂ ਮੌਤ ਤੋਂ ਡਰ ਕੇ। ਜਿਹੜੀ ਇੱਕ ਤੋਂ ਅਗ੍ਹਾਂ ਵਧ ਕੇ ਦੂਜੇ ਨਾਲ ਭੈੜੀ ਹੋ ਗਈ, ਭਾਵੇਂ ਸਾਰੀ ਦੁਨੀਆਂ ਨਾਲ ਹੋ ਜਾਏ। ਭੈੜ ਆਖ਼ਰ ਭੈੜ ਈ ਏ, ਭਾਵੇਂ ਕਿਸੇ ਹਾਲਤ ਵਿੱਚ ਹੋਵੇ। ਰੱਬ ਦੀ ਦਰਗਾਹ ਕੀ ਮੂੰਹ ਲੈ ਕੇ ਜਾਵਾਂਗੀ ? ਏਸ ਪਾਪ ਨਾਲੋਂ ਮਰਨਾ ਚੰਗਾ ਨਹੀਂ ਸੀ ?


WWW.SIKHBOOKCLUB.COM 

ਪਰ ਕੀ ਇਸ ਪਾਪ ਦੀ ਭਾਗੀ ਨਿਰੀ ਮੈਂ ਹੀ ਹਾਂ ? ਮੈਨੂੰ ਪਾਪਣ ਬਨਾਉਣ ਬਦਲੇ ਹੋਰ ਕਿਸੇ ਹਿੱਸਾ ਨਹੀਂ ਲਿਆ? ਸਭ ਤੋਂ ਪਹਿਲਾਂ ਜੇ ਮਾਪੇ ਈ ਧਰਮ ਕਰਦੇ ਤਾਂ ਇਹ ਦਿਨ ਕਿਉਂ ਆਉਂਦੇ ? ਜੇ ਉਹ ਬੁੱਢਾ ਹੀ ਮੈਨੂੰ ਆਪਣੀ ਵਾਸ਼ਨਾ ਦਾ ਸ਼ਿਕਾਰ ਨਾ ਬਣਾਉਂਦਾ, ਤਾਂ ਫੇਰ ਏਸ ਤਰ੍ਹਾਂ ਕਿਉਂ ਹੁੰਦਾ ? ਜੇ ਸੂਰਤ ਈ ਮੇਰਾ ਬਣਿਆਂ ਰਹਿੰਦਾ, ਤਾਂ ਮੈਂ ਨਿਆਸਰੀ ਕਿਉਂ ਹੁੰਦੀ ? ਤੇ ਜੇ ਰੱਬ ਮੈਨੂੰ ਮਾਂ ਹੀ ਨਾ ਬਣਾਉਂਦਾ, ਤਾਂ ਮੈਂ ਪਾਪਣ ਬਣਨ ਤੋਂ ਪਹਿਲਾਂ ਹੀ ਮਰ ਜਾਂਦੀ। ਜੇ.....ਜੇ.....ਜੇ ?'

ਏਹੋ ਜਿਹੀ ਉਲਝਣ ਵਿੱਚ ਹੀ ਉਹ ਰਾਤ ਦਿਨੇ ਪਈ ਰਹਿੰਦੀ। ਤੇ ਜਦੋਂ ਉਸ ਨੂੰ ਉਸ ਨਰਕੀ ਘੜੀ ਦਾ ਚੇਤਾ ਆਉਂਦਾ, ਅੰਦਰ ਲੰਬਾਂ ਬਲ ਉਠਦੀਆਂ। ਉਤੋਂ ਜਵੰਦੀ ਦਾ ਮਿਹਣਾ ਬਲਦੀ 'ਤੇ ਤੇਲ ਦਾ ਕੰਮ ਕਰਦਾ। ਉਹ ਵਧਾਈ ਦੇਣ ਦੀ ਥਾਂ ਉਹਦੀ ਹਿੱਕ ਵਿੱਚ ਬਰਛੀ ਮਾਰ ਦੇਂਦੀ ਤਾਂ ਉਹ ਸਗੋਂ ਉਸ ਦਾ ਅਹਿਸਾਨ ਮੰਨਦੀ।

ਕਦੇ ਕਦਾਈਂ ਸੁਰਿੰਦਰ ਆ ਜਾਂਦੀ ਤਾਂ ਉਹਨੂੰ ਕੁਛ ਠੰਡ ਪ੍ਰਤੀਤ ਹੁੰਦੀ। ਉਹਦੀਆਂ ਗੱਲਾਂ ਸੁਣ ਕੇ ਉਹ ਸੋਚਣ ਲੱਗ ਪੈਂਦੀ, 'ਸੁਰਿੰਦਰ ਠੀਕ ਹੀ ਆਹੰਦੀ ਏ। ਇਹ ਪੜ੍ਹੀ ਲਿਖੀ ਸਿਆਣੀ ਕੁੜੀ ਏ। ਮੈਂ ਠੀਕ ਨਿਰਦੋਸ਼ ਆਂ। ਮੇਰਾ ਏਸ ਵਿੱਚ ਕੀ ਕਸੂਰ ਏ? ਉਹਦੀ ਧੱਕੇ-ਸ਼ਾਹੀ ਤੋਂ ਮੈਂ ਆਪਣਾ ਸਤ ਨਹੀਂ ਬਚਾ ਸਕੀ, ਪਰ ਮੇਰੇ ਦਿਲ ਵਿੱਚ ਤਾਂ ਕੋਈ ਚੋਰ ਨਹੀਂ ਸੀ, ਕੋਈ ਬੇਈਮਾਨੀ ਜਾਂ ਬੁਰਾ ਖਿਆਲ ਨਹੀਂ ਸੀ। ਮੈਂ ਅਗਲੀ ਦਰਗਾਹੇ ਵੀ ਏਹਾ ਕੁਛ ਸੱਚ ਸੱਚ ਕਹਿ ਦਿਆਂਗੀ। ਮੇਰਾ ਮਨ ਤਾਂ ਨਹੀਂ ਡੋਲਿਆ। ਜੋ ਕੁਛ ਮੇਰੇ ਨਾਲ ਹੋਇਆ ਏ, ਮੱਲੋ ਮੱਲੀ ਹੋਇਆ ਏ। ਮੈਂ ਪਾਪਣ ਨਹੀਂ, ਤੇ ਨਾ ਹੀ ਕਦੇ ਪਾਪਣ ਬਣਾਂਗੀ।' ਇਹਨਾਂ ਖ਼ਿਆਲਾਂ ਤੋਂ ਉਹਦੀ ਆਤਮਾ ਨੂੰ ਕੁਛ ਸ਼ਾਂਤੀ ਮਿਲਦੀ, ਪਰ ਇਹ ਹਾਲਤ ਓਨਾ ਚਿਰ ਹੀ ਰਹਿੰਦੀ, ਜਿੰਨਾ ਚਿਰ ਸੁਰਿੰਦਰ ਕੋਲ ਰਹਿੰਦੀ। ਜਦ ਉਹ ਚਲੀ ਜਾਂਦੀ, ਚੰਦੋ ਦੀ ਫਿਰ ਪਹਿਲੀ ਮਾੜੂ ਹਾਲਤ ਹੋ ਜਾਂਦੀ। ਉਹਦੀ ਆਤਮਾ ਇਉਂ ਕੁਰਲਾ ਉਠਦੀ, ਜਿਵੇਂ ਚੱਕੀ ਦੇ ਦੋ ਭਾਰੇ ਪੁੜਾਂ ਵਿੱਚ ਆਈ ਹੁੰਦੀ ਹੈ।

ਅੱਜ ਸਵੇਰ ਦਾ ਚੰਦੋ ਨੇ ਮੂੰਹ ਨਹੀਂ ਸੀ ਜੁਠਲਾਇਆ। ਉਹਦਾ ਮਨ ਮੱਲੋ ਮੱਲੀ ਰੋਣ ਨੂੰ ਕਰਦਾ ਸੀ, ਪਰ ਵਧੇਰੇ ਦੁੱਖ ਏਸ ਗੱਲ ਦਾ ਸੀ ਕਿ ਉਹਨੂੰ ਰੋਣ ਆਉਂਦਾ ਨਹੀਂ ਸੀ। ਬੜੇ ਚੰਦਰੇ ਫੁਰਨੇ ਉਹਦੇ ਅੰਦਰ ਹਲਚਲ ਮਚਾ ਰਹੇ ਸਨ। ਉਹਦਾ ਦਿਲ ਕਿਸੇ ਦੇ ਲਹੂ ਵਿੱਚ ਹੱਥ ਰੰਗਣ ਨੂੰ ਕਰਦਾ ਸੀ। ਉਹ ਅੱਜ ਸਾਰੀ ਦੁਨੀਆਂ ਨੂੰ ਪੈਰਾਂ ਥੱਲੇ ਦਲ ਸੁੱਟਣਾ ਚਾਹੁੰਦੀ ਸੀ। ਜਿਹੜਾ ਵੀ ਉਹਦੇ ਫੁਰਨੇ ਵਿੱਚ ਆਉਂਦਾ, ਉਹਦਾ ਖ਼ੂਨ ਕਰ ਘੱਤਣ ਨੂੰ ਉਹਦਾ ਦਿਲ ਤੜਫ਼ ਰਿਹਾ ਸੀ। ਮਾਂ ਉਹਦੇ ਖ਼ਿਆਲ ਵਿੱਚ ਆਈ ਤਾਂ ਉਹਦਾ ਦਿਲ ਚਾਹਵੇ ਕਿ ਅੰਦਰ ਦੀ ਅੱਗ ਨਾਲ ਉਹਨੂੰ ਜਿਉਂਦੀ ਨੂੰ ਸਾੜ ਸੁੱਟੇ। ਪਤੀ ਦਾ ਚੇਤਾ ਆਇਆ ਤਾਂ ਨਾਲ ਹੀ ਉਹ ਅਫ਼ੀਮ ਵਾਲਾ ਛੰਨਾ ਵੀ। ਸੂਰਤ ਸਾਮ੍ਹਣੇ ਆਇਆ ਤਾਂ ਘਿਰਣਾ ਨਾਲ ਉਹਨੇ ਮੂੰਹ ਫੇਰ ਲਿਆ। ਪਰ ਜਿਸ ਵੇਲੇ ਦੂਲਾ ਸਿੰਘ ਨਜ਼ਰ ਪਿਆ, ਉਹਨੇ ਇਸਤਰੀ ਤੋਂ ਵੱਧ ਕੇ

ਰਾਕਸ਼ਣੀ ਦਾ ਰੂਪ ਧਾਰ ਲਿਆ। ਉਹਦੀਆਂ ਅੱਖਾਂ ਚੰਗਿਆੜੇ ਛੱਡਣ ਲੱਗ ਪਈਆਂ। ਉਹ ਮੰਜੇ 'ਤੇ ਬੈਠੀ ਉਠ ਖਲੋਤੀ। ਸਿਰ ਤੋਂ ਪੈਰਾਂ ਤੱਕ ਉਹ ਬਲਦੀ ਲਾਟ ਵਾਂਗ ਕੰਬ ਰਹੀ ਸੀ। ਉਹ ਇੱਕੋ ਛਿਨ ਵਿੱਚ ਸਾਰੀ ਦੁਨੀਆ ਨੂੰ ਭਸਮ ਕਰ ਦੇਣਾ ਚਾਹੁੰਦੀ ਸੀ, ਜਿਸ ਨੇ ਦੂਲਾ ਸਿੰਘ ਵਰਗੇ ਦੁਸ਼ਟ ਨੂੰ ਥਾਂ ਦਿੱਤੀ ਹੋਈ ਸੀ। ਉਹ ਕਲਜੋਗਣਾਂ ਵਾਂਗ ਉਹਦੀ ਰੱਤ ਦੇ ਛੰਨੇ ਭਰ-ਭਰ ਪੀਣਾ ਚਾਹੁੰਦੀ ਸੀ। ਏਸ ਹਾਲਤ ਵਿੱਚ ਉਹ ਕਿੰਨਾ ਚਿਰ ਪਾਗਲਾਂ ਵਾਂਗ ਅੰਦਰ ਫਿਰਦੀ ਰਹੀ। ਉਹਨੂੰ ਸਮਝ ਨਹੀਂ ਸੀ ਆਉਂਦੀ ਕਿ ਅੱਜ ਉਹ ਏਸ ਤਰ੍ਹਾਂ ਕਿਉਂ ਕਰ ਰਹੀ ਹੈ। ਸੱਚੀ ਗੱਲ ਤਾਂ ਇਹ ਹੈ ਕਿ ਸਮਝ ਨਾਮ ਦੀ ਕੋਈ ਚੀਜ਼ ਉਹਦੇ ਅੰਦਰ ਰਹਿ ਹੀ ਨਹੀਂ ਸੀ ਗਈ।

ਐਨ ਇਸ ਵੇਲੇ ਉਹਨੂੰ ਗਲੀ ਵਿਚੋਂ ਕਿਸੇ ਦੇ ਚਾਂਗਰਾਂ ਮਾਰਨ ਦੀ 'ਵਾਜ ਆਈ। ਉਹਦੇ ਕੰਨ ਆਪਣੇ-ਆਪ ਬਾਹਰ ਦੀ ਬਿੜਕ ਲੈਣ ਲੱਗ ਪਏ। ਸਾਰੇ ਸਰੀਰ ਦੀ ਸ਼ਕਤੀ ਕੰਨਾਂ ਵਿੱਚ ਕੱਠੀ ਹੋ ਆਈ। ਬਾਹਰੋਂ ਫਿਰ ਵਾਜ ਆਈ: "ਹੋ ਜਾਣਗੇ ਸਬੱਬ ਨਾਲ ਮੇਲੇ.....ਅੱਜ ਵਿਛੜੇ ਮਿਲ ਪੈਣਗੇ। ਹੋਅ-ਅ-ਹਾਅ-ਅ।"

ਚੰਦੋ ਨੂੰ ਪਛਾਨਣ ਵਿੱਚ ਦੇਰ ਨਾ ਲੱਗੀ। ਇਹ ਉਸੇ ਦੁਸ਼ਟ ਦੂਲੇ ਦੀ 'ਵਾਜ ਸੀ। ਸੁਣਦਿਆਂ ਸਾਰ ਚੰਦੋ ਦੇ ਅੰਦਰ ਕ੍ਰੋਧ ਦੇ ਨਾਲ ਸਹਿਮ ਵੀ ਰਲ ਗਿਆ। ਸਿਰ ਤੋਂ ਪੈਰਾਂ ਤੱਕ ਉਹ ਇਉਂ ਕੰਬ ਰਹੀ ਸੀ, ਜਿਵੇਂ ਕਾਂਬੂ ਤਾਪ ਚੜ੍ਹਨਾ ਸ਼ੁਰੂ ਹੋ ਗਿਆ ਹੋਵੇ।

ਓਦਣ ਦਾ ਗਿਆ ਦੂਲਾ ਸਿੰਘ ਅੱਜ ਪਿੰਡ ਮੁੜਿਆ ਸੀ। ਦੋ ਤਿੰਨ ਸਾਥੀ ਵੀ ਉਹਦੇ ਨਾਲ ਸਨ। ਉਹ ਥੋੜ੍ਹਾ ਜਿਹਾ ਸ਼ਰਾਬੀ ਹੋਇਆ ਹੋਇਆ ਸੀ, ਪਰ ਅਸਲ ਨਸ਼ੇ ਨਾਲੋਂ ਵਧੇਰੇ ਦੱਸਣ ਬਦਲੇ ਉਹ ਚਾਂਗਰਾਂ ਮਾਰਦਾ ਜਾਂਦਾ ਸੀ। ਐਵੇਂ ਘੜੀ-ਕੁ ਦਿਨ ਖਲੋਤਾ ਸੀ, ਜਾਂ ਉਹ ਆਪਣੇ ਘਰ ਪੁੱਜਾ। ਪਤਾ ਲੱਗਣ 'ਤੇ ਜਵੰਦੀ ਝਟ ਉਹਦੇ ਘਰ ਪੁੱਜੀ ਤੇ ਜਾਂਦੀ ਹੀ ਬੋਲੀ, "ਵੇ ਤੂੰ ਕਿੱਡਾ ਪੱਥਰ-ਚਿੱਤ ਏਂ? ਉਸ ਨਮਾਣੀ ਨੂੰ ਮਾਰ ਕੇ ਫੇਰ ਵਾਤ ਵੀ ਨਹੀਂ ਉਂ ਪੁੱਛੀ। ਉਹ ਓਦਣ ਦੀ ਤੇਰੇ ਨਾਂ ਦੀਆਂ ਔਸੀਆਂ ਪਾ ਪਾ ਥਕ ਗਈ ਏ। ਐਡੀ-ਐਡੀ ਅੱਖ ਰੋਂਦੀ ਏ। ਵਚਾਰੀ ਹੱਥ ਜੋੜਦੀ ਸੀ, ਅਖੇ: 'ਜਦੋਂ ਆਵੇ, ਆਉਂਦਾ ਮੈਨੂੰ ਮਿਲੇ। ਹੁਣ ਮੇਰਾ ਉਹਦੇ ਬਿਨਾਂ ਜਿਉਣਾ ਮੁਹਾਲ ਏ।' ਸੋ, ਜਰਾ ਚਾਨ-ਭਾਨ ਮਿਟ ਲੈਣ ਦੇ, ਤੇ ਉਹਦੇ ਕੋਲ ਜਰੂਰ ਪੁੱਜੀਂ। ਮੈਂ ਉਹਨੂੰ ਦੱਸ ਆਈ ਆਂ। ਕਿਤੇ ਸ਼ਰਾਬੀ ਹੋਇਆ ਨਾ ਪਿਆ ਰਹੀਂ। ਭਲਾ ਵਚਾਰੀ ਐਵੇਂ ਤੇਰੀ ਉਡੀਕ ਵਿੱਚ ਮਰਦੀ ਰਹੇ।"

ਦੂਲਾ ਸਿੰਘ ਸੁਣ ਕੇ ਖ਼ੁਸ਼ੀ ਨਾਲ ਫੁੱਲ ਕੇ ਕੁੱਪਾ ਹੋ ਗਿਆ। ਇਕ ਅਨਪੜ੍ਹ, ਦੂਜਾ ਸ਼ਰਾਬੀ, ਤੇ ਤੀਜਾ...। ਅਕਲ ਨਾਂ ਦੀ ਕੋਈ ਚੀਜ਼ ਜੋ ਥੋੜ੍ਹੀ ਬਹੁਤੀ ਹੈਗੀ ਵੀ ਸੀ, ਤਾਂ ਉੱਡ ਪੁੱਡ ਗਈ।

ਏਧਰੋਂ ਪੱਕੀ ਕਰਕੇ ਜਵੰਦੀ ਸੂਰਤ ਵੱਲੋ ਗਈ। ਉਹ ਮਨ ਹੀ ਮਨ ਵਿਚ ਹੱਸਦੀ ਜਾਂਦੀ ਸੀ : 'ਅੱਜ ਪਤਾ ਲੱਗੂ ਜਵੰਦੀ ਦੇ ਹੱਥਾਂ ਦਾ। ਅਜਿਹਾ ਬਦਲਾ

ਲਵਾਂਗੀ, ਕਿ ਉਹ ਉਮਰ ਭਰ ਯਾਦ ਰੱਖੇ।' ਖੇਤੋਂ ਆਉਂਦਾ ਹੋਇਆ ਸੂਰਤ ਉਹਨੂੰ ਰਾਹ ਵਿੱਚ ਮਿਲ ਪਿਆ। ਉਹਨੂੰ ਖਲ੍ਹਾਰ ਕੇ ਜਵੰਦੀ ਆਖਣ ਲੱਗੀ, "ਲੈ ਅੱਜ ਈ ਵੇਲਾ ਬਦਲਾ ਲੈਣ ਦਾ। ਅੱਧੀ-ਕੁ ਰਾਤ ਜਾਈਂ ਉਹਦੇ ਘਰ। ਓਸ ਵੇਲੇ ਦੂਲਾ ਓਥੇ ਈ ਹੋਊਗਾ। ਚੋਰ ਨੂੰ ਸਿਰੋਂ ਫੜੀਏ। ਐਵੇਂ ਤਾਂ ਥੁੱਕੀਂ ਮੂੰਹ ਭਰਾਉਣਾ ਹੁੰਦਾ ਏ। ਤੇ ਜਰਾ ਤਕੜਾ ਹੋ ਕੇ ਜਾਈਂ, ਕੁਛ ਹੱਥ 'ਚ ਲੈ ਕੇ।"

ਲਾ ਕੇ ਅੱਗ ਜਵੰਦੀ ਅਹੁ ਗਈ।

ਐਵੇਂ ਜ਼ਰਾ ਜਿੰਨੀ ਚੰਗਿਆੜੀ ਹੁੰਦੀ ਹੈ, ਜਿਹੜੀ ਢੇਰਾਂ ਦੇ ਢੇਰ ਸਾੜ ਕੇ ਸੁਆਹ ਕਰ ਦੇਂਦੀ ਹੈ। ਜਵੰਦੀ ਦਾ ਜ਼ਰਾ-ਕੁ ਇਸ਼ਾਰਾ ਸੂਰਤ ਦੇ ਕੋਮਲ ਦਿਲ ਨੂੰ ਮਘਦੇ ਅੰਗਿਆਰਾਂ ਵਿੱਚ ਬਦਲ ਗਿਆ। ਜੁਆਨੀ ਦੇ ਕੁਦਰਤੀ ਸੁਭਾਅ ਦੀ ਗੱਲ ਵੱਖਰੀ ਹੈ, ਨਹੀਂ ਤਾਂ ਸੂਰਤ ਬੜਾ ਸਾਊ ਮੁੰਡਾ ਸੀ। ਉਹ ਅੱਜ ਤੱਕ ਕਦੇ ਕਿਸੇ ਨਾਲ ਨਹੀਂ ਸੀ ਲੜਿਆ। ਉਹਦੇ ਮੂੰਹੋਂ ਭੁੱਲ ਕੇ ਵੀ ਕਦੇ ਗਾਲ੍ਹ ਨਹੀਂ ਸੀ ਨਿਕਲੀ। ਅੱਜ ਓਹਾ ਸੂਰਤ ਰਾਕਸ਼ ਦਾ ਰੂਪ ਧਾਰ ਬੈਠਾ ਸੀ।

ਔਖਾ ਸੌਖਾ ਦਿਲ ਨੂੰ ਕਾਬੂ ਕਰ ਕੇ ਉਹ ਕਿਵੇਂ ਨਾ ਕਿਵੇਂ ਘਰ ਪਹੁੰਚਿਆ। ਉਹਨੇ ਮਨਜੀਤ ਤੋਂ ਆਪਣਾ-ਆਪ ਲੁਕਾਉਣ ਦਾ ਬੜਾ ਯਤਨ ਕੀਤਾ, ਪਰ ਗ਼ੁੱਸਾ ਤੇ ਹਾਸਾ ਕਦ ਲੁਕੇ ਰਹਿੰਦੇ ਹਨ ? ਸਹਿਮੀ-ਸਹਿਮੀ ਮਨਜੀਤ ਨੇ ਪੁੱਛਿਆ, "ਤੁਸੀਂ ਮੈਨੂੰ ਦਿਲ ਦੀ ਨਹੀਂ ਦੱਸਦੇ। ਅੱਜ ਫੇਰ ਕੋਈ ਗੱਲ ਹੋਈ ਏ?"

"ਨਹੀਂ, ਕੋਈ ਨਹੀਂ।"

"ਤਾਂ ਫਿਰ ਤੁਹਾਡਾ ਰੰਗ ਕਿਉਂ ਏਸ ਤਰ੍ਹਾਂ ਦਾ ਹੋਇਆ ਹੋਇਆ ਏ?"

"ਕਿਸ ਤਰ੍ਹਾਂ ਦਾ ?"

"ਬੜਾ ਡਰਾਉਣਾ ਜਿਹਾ।"

"ਤੈਨੂੰ ਐਵੇਂ ਲੱਗਦਾ ਏ। ਮੈਂ ਬਿਲਕੁਲ ਠੀਕ ਆਂ।"

ਕੁਛ ਚਿਰ ਚੁੱਪ ਰਹਿ ਕੇ ਮਨਜੀਤ ਫਿਰ ਬੋਲੀ, "ਇਕ ਗੱਲ ਸੋਚ ਲਿਓ: ਮੇਰਾ ਹੋਰ ਕੋਈ ਵੀ ਆਸਰਾ ਨਹੀਂ।" ਨਾਲ ਹੀ ਉਹਦੀਆਂ ਅੱਖਾਂ ਵਿੱਚ ਪਾਣੀ ਆ ਗਿਆ। ਉਹਦੀ 'ਵਾਜ ਦਰਦ ਵਿਚ ਭਿੱਜੀ ਹੋਈ ਸੀ। ਜਾਂ ਇਉਂ ਕਹੋ ਕਿ ਦਰਦ ਦਾ ਕੋਈ ਸਰੂਪ ਹੋ ਸਕਦਾ ਹੈ ਤਾਂ ਉਹਦੀ ਵਾਜ ਪ੍ਰਤੱਖ ਪ੍ਰਮਾਣ ਸੀ। ਸੂਰਤ ਵੀ ਇਕ ਵਾਰ ਕੰਬ ਉਠਿਆ। ਉਹਨੇ ਅਜਿਹੀ ਨਜ਼ਰ ਨਾਲ ਮਨਜੀਤ ਵੱਲ ਤਕਿਆ ਜਿਹੀ ਨਾਲ ਅੱਜ ਤੱਕ ਕਦੇ ਨਹੀਂ ਸੀ ਤਕਿਆ। ਉਸ ਨੇ ਉਸ ਦੀ ਹਾਲਤ 'ਤੇ ਬਹੁਤ ਕੁਛ ਸੋਚਣਾ ਚਾਹਿਆ, ਪਰ ਅਣਖ ਮਿਲੇ ਕ੍ਰੋਧ ਨੇ ਉਹਦੀ ਸੋਚ ਦੇ ਬੂਹੇ ਬੰਦ ਕਰ ਦਿੱਤੇ ਹੋਏ ਸਨ। ਫਿਰ ਅੱਖਾਂ ਨੀਵੀਆਂ ਕਰਕੇ ਉਹ ਕਿੰਨਾ ਚਿਰ ਜਿਵੇਂ ਗੁਆਚਿਆ ਜਿਹਾ ਰਿਹਾ। ਉਹ ਧਰਤੀ ਵੱਲ ਤਕ ਰਿਹਾ ਸੀ ਤੇ ਮਨਜੀਤ ਉਹਦੇ ਚਿਹਰੇ ਵੱਲ। ਉਹ ਦੋਵੇਂ ਅਵਾਕ ਸਨ। ਘਰ ਵਿੱਚ ਮੌਤ ਵਰਗੀ ਚੁੱਪ ਛਾਈ ਹੋਈ ਸੀ। ਏਨੇ ਚਿਰ ਨੂੰ ਸੂਰਤ ਨੇ ਆਪਣੇ-ਆਪ ਨੂੰ ਕੁਛ ਕਹਿਣ ਵਾਸਤੇ ਤਿਆਰ ਕਰ ਲਿਆ। ਖੰਘੂਰਾ



WWW.SIKHBOOKCLUB.COM 

ਮਾਰ ਕੇ ਤੇ ਗਲਾ ਸਾਫ਼ ਕਰਕੇ ਉਹ ਬੋਲਿਆ, "ਮਨਜੀਤ ! ਘਬਰਾ ਨਾ। ਮੈਂ ਤੇਰੀ ਬਾਂਹ ਧੋਖਾ ਦੇਣ ਵਾਸਤੇ ਨਹੀਂ ਸੀ ਫੜੀ।"

ਮਨਜੀਤ ਦੇ ਅੰਦਰ ਬਲਦੀ ਜਵਾਲਾ 'ਤੇ ਜਿਵੇਂ ਕਿਸੇ ਪਾਣੀ ਦਾ ਛੱਟਾ ਮਾਰ ਦਿੱਤਾ। ਉਹਦਾ ਗ਼ਮਾਂ ਥੱਲੇ ਦਬਿਆ ਦਿਲ ਕੁਛ ਹੌਲਾ ਹੋ ਗਿਆ ਤੇ ਉਹ ਧੰਨਵਾਦ ਵਜੋਂ ਪਤੀ ਦੇ ਚਰਨਾਂ 'ਤੇ ਝੁਕ ਗਈ।

ਰਾਤ ਸਾਰਿਆਂ ਵਾਸਤੇ ਆਉਂਦੀ ਹੈ, ਪਰ ਨੀਂਦ ਸਾਰਿਆਂ ਵਾਸਤੇ ਨਹੀਂ। ਖੁੱਲ੍ਹੇ ਵਿਹੜੇ ਵਿੱਚ ਸੂਰਤ ਤੇ ਮਨਜੀਤ ਦੇ ਮੰਜੇ ਕੋਲੋ ਕੋਲ ਡੱਠੇ ਹੋਏ ਸਨ। ਗੁਆਂਢੀ ਘਰਾਂ ਵਿਚੋਂ 'ਵਾਜਾਂ ਆਉਣੀਆਂ ਘਟਦੀਆਂ ਘਟਦੀਆਂ ਬੰਦ ਹੋ ਗਈਆਂ, ਪਰ ਉਹ ਦੋਵੇਂ ਅਜੇ ਜਾਗਦੇ ਸਨ। ਜਾਗਦੇ ਪਏ ਵੀ ਉਹ ਇਕ ਦੂਜੇ ਨੂੰ ਇਹ ਦੱਸਣਾ ਚਾਹੁੰਦੇ ਸਨ, ਕਿ ਉਹ ਘੂਕ ਸੁੱਤੇ ਪਏ ਹਨ। ਰਾਤ ਅੱਧੀ ਦੇ ਲਗਪਗ ਬੀਤ ਗਈ। ਕਿਤੇ ਕਿਤੇ ਕੁੱਤਿਆਂ ਦੇ ਭੌਂਕਣ ਤੋਂ ਬਿਨਾਂ ਸਾਰੇ ਚੁੱਪ ਵਰਤੀ ਹੋਈ ਸੀ। ਬਦਕਿਸਮਤ ਮਨਜੀਤ ਨੂੰ ਵੀ ਥੋੜ੍ਹੀ ਜਿਹੀ ਝਪਕੀ ਆ ਗਈ। ਉਹ ਚੰਗੀ ਤਰ੍ਹਾਂ ਸੁੱਤੀ ਨਹੀਂ ਸੀ, ਪਰ ਜਾਗਦੀ ਵੀ ਨਹੀਂ ਸੀ। ਏਨੇ ਸਮੇਂ ਨੂੰ ਹੀ ਸੂਰਤ ਨੇ ਗ਼ਨੀਮਤ ਸਮਝਿਆ ਤੇ ਉਠ ਕੇ ਦੱਬੇ ਪੈਰੀਂ ਬਾਹਰ ਨਿਕਲ ਗਿਆ। ਹੱਥ ਵਿਚ ਬਰਛੀ ਤੇ ਸਿਰ 'ਤੇ ਮੜਾਸਾ ਕੀਤੀ ਉਹ ਚੰਦੋ ਦੇ ਘਰ ਨੂੰ ਜਾ ਰਿਹਾ ਸੀ।

ਮਨਜੀਤ ਨੇ ਸੁਪਨ-ਦੋਸ਼ ਵਿੱਚ ਝਾਤੀ ਮਾਰੀ ਤਾਂ ਕੀ ਵੇਖਦੀ ਹੈ ਕਿ ਕੋਈ ਕਾਲੀ-ਧੂਤ ਜਿਹੀ ਬਲੱਾ ਹੱਥ ਵਿਚ ਮੁਆਤਾ ਲਈ ਉਹਦੇ ਵੱਲੇ ਵਧੀ ਆ ਰਹੀ ਹੈ। ਉਹਦੀਆਂ ਅੱਖਾਂ ਵਿਚੋਂ ਲਹੂ ਸਿਮ ਰਿਹਾ ਹੈ, ਤੇ ਹੱਸਣ ਨਾਲ ਮੂੰਹ ਵਿਚੋਂ ਅੰਗਿਆਰ ਨਿਕਲ ਰਹੇ ਹਨ। ਮਨਜੀਤ ਸਹਿਮ ਕੇ ਇਕ ਪਾਸੇ ਹੁੰਦੀ ਜਾਂਦੀ ਹੈ। ਜਿਉਂ-ਜਿਉਂ ਉਹ ਪਾਸੇ ਹੁੰਦੀ ਹੈ, ਉਹ ਡੈਣ ਵਰਗੀ ਸੂਰਤ ਓਸੇ ਦੇ ਮਗਰ ਲੱਗੀ ਆਉਂਦੀ ਹੈ। ਮਨਜੀਤ ਨੇ ਬਚਣ ਦਾ ਬੜਾ ਯਤਨ ਕੀਤਾ, ਪਰ ਨਿਸਫਲ। ਉਹ ਪਿੱਛੇ ਹਟਦੀ ਹਟਦੀ ਕੋਠੇ ਦੀ ਗੁੱਠ ਵਿਚ ਜਾ ਲੁਕੀ ਤੇ ਮਗਰੇ ਉਹ ਚੁੜੇਲ। ਉਹਨੇ ਉੱਚੀ ਸਾਰੀ ਹੱਸ ਕੇ ਕਿਹਾ, 'ਹੁਣ ਕਿੱਥੇ ਜਾਏਂਗੀ।' ਮਨਜੀਤ ਨੇ ਹੱਥ ਜੋੜੇ, ਵਾਸਤੇ ਪਾਏ, ਪਰ ਉਹ ਇਕ ਨਾ ਮੰਨੀ। ਉਹਨੇ ਅਗ੍ਹਾਂ ਹੱਥ ਵਧਾ ਕੇ ਅੱਗ ਮਨਜੀਤ ਦੇ ਕੱਪੜਿਆਂ ਨੂੰ ਲਾ ਦਿੱਤੀ, ਉਹਦੀ ਉੱਚੀ ਸਾਰੀ ਚੀਕ ਨਿਕਲ ਗਈ। ਨਾਲ ਹੀ ਉਹਦੀ ਜਾਗ ਖੁੱਲ੍ਹ ਗਈ ਤੇ ਉਹ ਤ੍ਰਭਕ ਕੇ ਉਠ ਬੈਠੀ। ਜਿਉਂ ਹੀ ਉਹਦੀ ਨਜ਼ਰ ਸੂਰਤ ਦੇ ਖ਼ਾਲੀ ਮੰਜੇ 'ਤੇ ਪਈ, ਉਹਦੀ ਖ਼ਾਨਿਓਂ ਗਈ। ਉਹ ਛੇਤੀ ਨਾਲ ਮੰਜੇ ਤੋਂ ਉਠ ਬੈਠੀ, ਤੇ ਸੂਰਤ ਦੇ ਮੰਜੇ ਉਤੇ ਹੱਥ ਨਾਲ ਟੋਹ ਕੇ ਵੇਖਣ ਲੱਗੀ। 'ਕਿਤੇ ਮੈਂ ਸੁਫ਼ਨੇ ਵਿੱਚ ਤਾਂ ਨਹੀਂ ?' ਇਹ ਸੋਚ ਕੇ ਉਹ ਅੱਖਾਂ ਮਲ-ਮਲ ਕੇ ਉਘੇੜਨ ਲੱਗੀ। ਜਦ ਉਹਨੂੰ ਯਕੀਨ ਹੋ ਗਿਆ ਕਿ ਉਹ ਜਾਗਦੀ ਹੈ ਤੇ ਸੂਰਤ ਮੰਜੇ 'ਤੇ ਕੋਈ ਨਹੀਂ, ਤਾਂ ਉਹਦਾ ਦਿਲ ਚਾਹਿਆ ਕਿ ਉੱਚੀ-ਉੱਚੀ ਚੀਕਾਂ ਮਾਰਨ ਲੱਗ ਪਵੇ। ਪਰ ਫਿਰ ਇਹ ਸੋਚ ਕੇ, ਕਿ ਸ਼ਾਇਦ ਏਥੇ ਹੀ ਕਿਤੇ ਉਠਿਆ ਹੋਵੇ, ਉਹ ਉਹਨੂੰ ਹਵੇਲੀ 'ਚ ਏਧਰ ਓਧਰ

ਭਾਲਣ ਲੱਗੀ। ਚੁਫੇਰੇ ਫਿਰ ਕੇ ਵੇਖ ਚੁੱਕੀ, ਤਾਂ ਉਹਨੂੰ ਖ਼ਿਆਲ ਆਇਆ ਕਿ ਸ਼ਾਇਦ ਮੇਰਾ ਜੇਰਾ ਵੇਖਣ ਬਦਲੇ ਸੂਰਤ ਕਿਤੇ ਲੁਕ ਗਿਆ ਹੋਵੇ। ਉਹਨੇ ਹੌਲੀ-ਹੌਲੀ ਕਹਿਣਾ ਸ਼ੁਰੂ ਕੀਤਾ, "ਮੈਂ ਕਿਹਾ, ਜੀ ! ਮੇਰੇ ਦਿਲ ਨੂੰ ਬੜਾ ਡਰ ਲੱਗਦਾ ਜੇ! ਆ ਜਾਓ ਨਾ ਤੁਸੀਂ ! ਕਿੱਥੇ ਲੁੱਕੇ ਬੈਠੇ ਜੇ ? ਮੈਂ ਨਹੀਂ ਤਾਂ ਉੱਚੀ ਉੱਚੀ ਰੌਲਾ ਪਾਉਣ ਲੱਗ ਪਵਾਂਗੀ ਜੇ ? ਸੁਣ ਕੇ ਲੋਕੀਂ ਕੀ ਆਖਣਗੇ ? ਮੈਨੂੰ ਡਰਾਓ ਨਾ! ਮੇਰਾ ਦਿਲ ਬੇਕਾਬੂ ਹੁੰਦਾ ਜਾਂਦਾ ਜੇ। ਮੈਂ ਫਿਰ ਲੱਗੀ ਜੇ ਬੂ ਬੂ ਕਰਨ।..."

ਐਨ ਓਸੇ ਵੇਲੇ 'ਮਾਰ ਘੱਤਿਆ, ਮਾਰ ਘਤਿਆ' ਦਾ ਰੌਲਾ ਪੈ ਗਿਆ, ਤੇ ਪਿੰਡ ਵਿੱਚ ਬੂ-ਬੂ ਹੋ ਉਠੀ।

## ੩੨

ਰਾਤ ਨੂੰ ਵੀ ਚੰਦੋ ਨੇ ਕੁਛ ਨਾ ਖਾਧਾ ਪੀਤਾ। ਕੁਲਵੰਤ ਨੂੰ ਦੁੱਧ ਨਾਲ ਰਜਾ ਕੇ ਸੁਆ ਦਿੱਤਾ ਤੇ ਆਪ ਉਹ ਓਵੇਂ ਹੀ ਪੈ ਗਈ। ਦੂਲਾ ਸਿੰਘ ਦੀਆਂ ਸ਼ਾਮ ਦੀਆਂ ਗੱਲਾਂ ਉਹਨੂੰ ਕਿਸੇ ਭਾਵੀ ਦਾ ਸੁਨੇਹਾ ਦੇ ਰਹੀਆਂ ਸਨ। ਉਹਦਾ ਦਿਲ ਘਟ ਰਿਹਾ ਸੀ। ਪਲ-ਪਲ ਪਿੱਛੋਂ ਉਹ ਕੁਲਵੰਤ ਨੂੰ ਛਾਤੀ ਨਾਲ ਘੁੱਟ ਲੈਂਦੀ। ਉਹਦੇ ਅੰਦਰ ਐਨੀਆਂ ਸੋਚਾਂ ਸਨ ਕਿ ਉਹ ਕੁਛ ਵੀ ਨਹੀਂ ਸੀ ਸੋਚ ਸਕਦੀ। ਰੱਜਵੀਂ ਨੀਂਦ ਤਾਂ ਉਹਨੂੰ ਓਸੇ ਦਿਨ ਦੀ ਨਹੀਂ ਸੀ ਆਈ, ਪਰ ਅੱਜ ਤਾਂ ਮੰਜਾ ਨਮਰੂਦ ਦੀ ਚਿਖਾ ਵਰਗਾ ਲੱਗਦਾ ਸੀ! ਦੱਖਣ ਤੋਂ ਕੁਛ ਲਹਿੰਦੇ ਪਾਸਿਓਂ ਚੰਦ ਚੜ੍ਹਿਆ, ਜੋ ਡੇਢ ਕੁ ਪਹਿਰ ਵਿੱਚ ਆਪਣਾ ਪੰਧ ਮੁਕਾ ਕੇ ਪੱਛਮ ਦੇ ਡੂੰਘ ਵਿੱਚ ਅਸਤ ਹੋ ਗਿਆ। ਪਿੱਛੋਂ ਜਿਉਂ-ਜਿਉਂ ਹਨ੍ਹੇਰਾ ਪਸਰਦਾ ਗਿਆ, ਤਾਰੇ ਵਧੇਰੇ ਸ਼ੋਖ ਹੁੰਦੇ ਗਏ। ਚੰਦੋ ਵੇਖ ਰਹੀ ਸੀ ਕਿ ਉਹ ਸਾਰੇ ਓਸੇ ਦੀ ਹਾਲਤ 'ਤੇ ਹੱਸ ਰਹੇ ਸਨ। ਉਹ ਹੱਸਦੇ ਸਨ ਤੇ ਚੰਦੋ ਨੂੰ ਰੋਣ ਆਉਂਦਾ ਸੀ।

ਉਹਨੂੰ ਗਲੀ ਵੱਲੋਂ ਕਿਸੇ ਦੇ ਕੰਧ 'ਤੇ ਚੜ੍ਹਨ ਦਾ ਝਾਉਲਾ ਪਿਆ। ਉਹ ਤ੍ਰਭਕ ਕੇ ਉਠ ਬੈਠੀ। ਉਹਦਾ ਦਿਲ ਚਾਹਿਆ, ਕਿ ਉੱਚੀ ਉੱਚੀ ਰੌਲਾ ਪਾ ਦੇਵੇ, ਪਰ ਦੂਲਾ ਸਿੰਘ ਨੂੰ ਪਛਾਣ ਕੇ ਜਿਵੇਂ ਉਹਦੇ 'ਤੇ ਮੂਰਛਾ ਛਾ ਗਈ। ਉਹ ਬਿਟ-ਬਿਟ ਉਹਦੇ ਵੱਲੇ ਵੇਖ ਰਹੀ ਸੀ। ਉਹਦੀ ਹੋਸ਼ ਬੇਹੋਸ਼ੀ ਵਿੱਚ ਵਟਦੀ ਜਾ ਰਹੀ ਸੀ। ਦੂਲਾ ਸਿੰਘ ਨੇੜੇ ਪਹੁੰਚਿਆ ਤਾਂ ਉਹ ਡਰ ਕੇ ਮੰਜੇ ਤੋਂ ਉਠ ਬੈਠੀ। ਪਤਾ ਨਹੀਂ ਉਹਦਾ ਇਹ ਡਰ ਕਿਹੋ ਜਿਹਾ ਸੀ। ਦੋਵੇਂ ਹੱਥ ਉਹਨੇ ਅੱਗੇ ਪਸਾਰੇ ਹੋਏ ਸਨ ਤੇ ਪਿਛਲੇ ਪੈਰੀਂ ਪਿਛਾਂਹ ਹਟਦੀ ਜਾ ਰਹੀ ਸੀ, ਜਿਵੇਂ ਕਿਤੇ ਲੁਕਣਾ ਚਾਹੁੰਦੀ ਹੋਵੇ। ਦੂਲਾ ਸਿੰਘ ਮੰਜੇ ਦੇ ਇਕ ਪਾਸੇ ਸੀ, ਚੰਦੋ ਦੂਜੇ ਪਾਸੇ। ਉਹ ਉਸ ਪਾਸੇ ਹੋਇਆ, ਤਾਂ ਚੰਦੋ ਭੱਜ ਕੇ ਦੂਜੇ ਪਾਸੇ ਹੋ ਗਈ। ਦੂਲਾ ਸਿੰਘ ਇਸਦਾ ਕਾਰਨ ਸਮਝਣ ਵਾਸਤੇ ਪਲ ਕੁ ਖਲੋ ਗਿਆ। ਉਹ ਉਸ ਰਾਤ ਦੇ ਚੰਦੋ ਦੇ ਵਰਤਾਉ ਤੇ ਸ਼ਾਮ ਨੂੰ ਕਹੀਆਂ ਜਵੰਦੀ ਦੀਆਂ ਗੱਲਾਂ 'ਤੇ ਵਿਚਾਰ ਕਰਨ ਲੱਗਾ।

ਸੂਰਤ ਸਿੰਘ ਘਰੋਂ ਉਠ ਕੇ ਸਿੱਧਾ ਓਸੇ ਪਾਸੇ ਆ ਰਿਹਾ ਸੀ। ਉਹ ਗਲੀ ਦੇ ਮੋੜ 'ਤੇ ਪੁਜਾ ਤਾਂ ਉਹਨੇ ਚੰਦੋ ਦੇ ਘਰ ਕਿਸੇ ਨੂੰ ਕੰਧੋਂ ਉਤਰਦਿਆਂ ਵੇਖਿਆ। ਉਹਦਾ ਧੀਰਜ ਜਾਂਦਾ ਰਿਹਾ। ਉਹ ਕ੍ਰੋਧ ਵਿੱਚ ਪਾਗ਼ਲ ਹੋ ਉਠਿਆ। ਵਾਹੋ ਦਾਹੀ ਉਹ ਓਸੇ ਟਿਕਾਣੇ ਆ ਪੁੱਜਾ। ਕੰਧ ਉਤੋਂ ਦੀ ਉਹਨੇ ਜੋ ਨਾਟਕ ਵੇਖਿਆ, ਉਸਨੇ ਉਹਦੇ ਅੰਦਰ ਲੰਬੂ ਲਾ ਦਿੱਤੇ। ਦੂਲਾ ਸਿੰਘ ਚੰਦੋ ਨੂੰ ਬਾਂਹੋਂ ਫੜ ਕੇ ਆਪਣੇ ਵੱਲੋ ਖਿੱਚ ਰਿਹਾ ਸੀ ਤੇ ਉਹ ਤਾਣ ਨਾਲ ਬਾਂਹ ਛੁਡਾਉਣ ਦਾ ਚਾਰਾ ਕਰ ਰਹੀ ਸੀ। ਸੂਰਤ ਸਿੰਘ ਨੇ ਕੰਧ ਤੋਂ ਛਾਲ ਮਾਰ ਦਿੱਤੀ। ਵੇਖਦੇ ਸਾਰਾ ਦੂਲਾ ਸਿੰਘ ਨੇ ਚੰਦੋ ਦੀ ਬਾਂਹ ਛੱਡ ਦਿੱਤੀ, ਤੇ ਨੱਸਣ ਦੀ ਸੋਚਣ ਲੱਗਾ। ਬੂਹੇ ਨੂੰ ਜੰਦਰਾ ਵੱਜਾ ਹੋਇਆ ਸੀ, ਤੇ ਛੋਟੀ ਕੰਧ ਵਾਲੇ ਪਾਸੇ ਸੂਰਤ ਸਿੰਘ ਬਰਛੀ ਲਈ ਖਲਾ ਸੀ। ਅੰਤ ਦੋਹਾਂ ਨੂੰ ਆਮ੍ਹੋ ਸਾਮ੍ਹਣੇ ਹੋਣਾ ਪਿਆ। ਦੋਹਾਂ ਦੇ ਹੱਥਾਂ ਵਿੱਚ ਬਰਛੀਆਂ ਸਨ। ਦੋਹਾਂ ਨੇ ਇੱਕ ਦੂਜੇ ਉੱਤੇ 'ਕੱਠੇ ਵਾਰ ਕੀਤੇ। ਸੂਰਤ ਸਿੰਘ ਦੀ ਬਰਛੀ ਦੂਲਾ ਸਿੰਘ ਦੇ ਪੱਟ ਵਿੱਚ ਵੱਜੀ : ਪਰ ਦੂਜੇ ਦੀ ਪਹਿਲੇ ਦੀ ਹਿੱਕ ਵਿੱਚ। ਵੇਖ ਕੇ ਚੰਦੋ ਦੀ ਚੀਕ ਨਿਕਲ ਗਈ। ਸੂਰਤ ਸਿੰਘ ਉਸ ਵਾਰ ਨੂੰ ਸਹਿ ਨਾ ਸਕਿਆ। ਉਹ ਉਲਰ ਕੇ ਇਕ ਪਾਸੇ ਡਿੱਗ ਪਿਆ। ਦੂਲਾ ਸਿੰਘ ਨੇ ਡਿੱਗੇ ਪਏ ਨੂੰ ਇਕ ਹੋਰ ਮਾਰ ਦਿੱਤੀ, ਜੋ ਢਿੱਡ ਪਾੜ ਕੇ ਆਂਦਰਾਂ ਬਾਹਰ ਲੈ ਆਈ। ਸੂਰਤ ਸਿੰਘ ਦੇ ਮੂਹੋਂ ਇਕੋਰਾਂ 'ਹਾਇ ਮਾਂ !' ਨਿਕਲਿਆ ਤੇ ਉਹ ਸਦਾ ਵਾਸਤੇ ਚੁੱਪ ਹੋ ਗਿਆ।

ਇਸ 'ਹਾਇ ਮਾਂ' ਸ਼ਬਦ ਨੇ ਚੰਦੋ ਦਾ ਕਲੇਜਾ ਚੀਰ ਦਿੱਤਾ। ਉਹ 'ਮਾਂ ਮਰ ਗਈ' ਕਹਿੰਦੀ ਹੋਈ ਉਸ ਦੇ ਉੱਤੇ ਆ ਡਿੱਗੀ। ਦੂਲਾ ਸਿੰਘ ਓਥੋਂ ਦੀ ਕੰਧ ਟੱਪ ਕੇ ਡਿਗਦਾ ਢਹਿੰਦਾ ਆਪਣੇ ਘਰ ਜਾ ਵੜਿਆ। ਚੰਦੋ ਨੇ ਸੂਰਤ ਦਾ ਸਿਰ ਚੁੱਕ ਕੇ ਗੋਦ ਵਿੱਚ ਰੱਖ ਲਿਆ ਤੇ ਹਉਕਾ ਲੈ ਕੇ ਕਿਹਾ, "ਸੂਰਤ ! ਮੇਰਿਆ ਬੱਚਿਆ ! ਇਹ ਕੀ ਕਰ ਚਲਿਆ ਏਂ? ਪਾਪਣ ਮਾਂ ਦੇ ਪਿੱਛੇ ਜਾਨ ਦੇ ਚਲਿਆ ਏਂ !"

ਸੂਰਤ ਨੇ ਪੰਜ ਚਾਰ ਲੰਮੇ ਲੰਮੇ ਸਾਹ ਲਏ, ਦੋ ਤਿੰਨ ਵਾਰ ਉਤਾਂਹ ਚੰਦੋ ਦੇ ਚਿਹਰੇ ਵੱਲੋ ਤਕਿਆ ਤੇ ਸਦਾ ਵਾਸਤੇ ਅੱਖਾਂ ਮੀਟ ਲਈਆਂ। ਉਹਦਾ ਸਿਰ ਇੱਕ ਪਾਸੇ ਉੱਲਰ ਗਿਆ। ਚੰਦੋ ਦੀਆਂ ਚੀਕਾਂ ਅਸਮਾਨ ਪਾੜਨ ਲੱਗੀਆਂ। ਉਹਦੇ ਅੰਦਰ ਪੁਰਾਣਾ ਮੋਹ ਜਾਗ ਆਇਆ। ਮਤੇਆ ਨਹੀਂ, ਇਸ ਵੇਲੇ ਉਹਨੂੰ ਸੂਰਤ ਢਿੱਡੋਂ ਜੰਮਿਆਂ ਪੁੱਤਰ ਭਾਸ ਰਿਹਾ ਸੀ। ਉਹ ਸਿਰ ਨੂੰ ਦੁਹੱਥੜਾਂ ਮਾਰਨ ਤੇ ਵਾਲ ਖੋਹਣ ਲੱਗ ਪਈ। ਉਹਦੇ ਵੈਣਾਂ ਵਿੱਚ ਲੋਹੜੇ ਦਾ ਕਰੁਣਾ ਸੀ। ਉਹਦੀਆਂ ਦਿਲ ਹਿਲਾਊ ਕੂਕਾਂ ਸੁਣ ਕੇ ਆਂਢ-ਗੁਆਂਢ ਜਾਗ ਉੱਠੇ। ਬਹੁਤ ਸਾਰੇ ਬੰਦਿਆਂ ਨੇ ਬਾਹਰੋਂ ਬੂਹਾ ਖੜਕਾਇਆ, ਤਾਂ ਕੋਠੇ ਉਤਦੀਂ ਉਤਰ ਕੇ ਹਰਪਾਲ ਸਿੰਘ ਨੇ ਅੰਦਰੋਂ ਬੂਹਾ ਖੋਲ੍ਹ ਦਿੱਤਾ। ਮਿੰਟਾਂ ਵਿੱਚ ਚੰਦੋ ਦਾ ਵਿਹੜਾ ਬੰਦਿਆਂ ਨਾਲ ਭਰ ਗਿਆ। ਉਹ ਸੂਰਤ ਦਾ ਸਿਰ ਗੋਦ ਵਿਚ ਰੱਖੀ ਸਿਰ ਖੋਹ ਰਹੀ ਸੀ। ਉਹਨੂੰ ਸਿਰ 'ਤੇ ਲੀੜਾ ਲੈਣ ਜਾਂ ਕਿਸੇ ਤੋਂ ਮੂੰਹ ਕੱਜਣ ਦੀ ਵੀ ਸੁੱਧ ਨਹੀਂ ਸੀ। ਉਹਦੀਆਂ 'ਹਾਇ ਪੁੱਤਰ' ਦੀਆਂ

ਚੀਕਾਂ ਪੱਥਰ ਪੰਘਾਰ ਰਹੀਆਂ ਸਨ। 'ਮਾਰ ਘੱਤਿਆ, ਮਾਰ ਘੱਤਿਆ' ਦਾ ਰੌਲਾ ਸਾਰੇ ਪਿੰਡ ਵਿੱਚ ਪੈ ਗਿਆ। ਇਹ ਮਾਰੂ 'ਵਾਜ ਮਨਜੀਤ ਦੇ ਕੰਨਾਂ ਤੱਕ ਪਹੁੰਚੀ ਤਾਂ ਉਹਦਾ ਹਿਰਦਾ ਪਾਟ ਗਿਆ। ਉਹ ਸੁੰਞਾ ਘਰ ਛੱਡ ਕੇ ਅੰਨ੍ਹੀ ਹੋਈ ਓਧਰ ਨੂੰ ਭੱਜੀ ਆਈ। ਜੋ ਕੁਛ ਉਹਨੇ ਓਥੇ ਆ ਕੇ ਵੇਖਿਆ, ਉਹ ਸਹਿਣ ਦੀ ਉਸ ਵਿੱਚ ਸਮਰੱਥਾ ਨਹੀਂ ਸੀ। ਲੋਕਾਂ ਨੇ ਵੇਖ ਕੇ ਉਹਦੇ ਲੰਘਣ ਵਾਸਤੇ ਰਾਹ ਛੱਡ ਦਿੱਤਾ। ਦੋ ਤਿੰਨ ਲਾਲਟੈਣਾਂ ਵਾਲੇ ਸੁਰਤ ਦੀ ਲੋਥ 'ਤੇ ਚਾਨਣ ਕਰੀ ਖਲੋਤੇ ਸਨ। ਉਸਦੇ ਕੱਪੜੇ ਤੇ ਆਸ ਪਾਸ ਦੀ ਜ਼ਮੀਨ ਨਰੋਏ ਲਹੂ ਨਾਲ ਭਰੀ ਪਈ ਸੀ। ਮਨਜੀਤ ਦੀਆਂ ਅੱਖਾਂ ਆਪਣੇ-ਆਪ ਬੰਦ ਹੋ ਗਈਆਂ ਤੇ ਉਹ ਮੂਧੇ ਮੂੰਹ ਪਤੀ ਦੀ ਲੋਥ 'ਤੇ ਡਿੱਗ ਪਈ।

"ਸੁਰਤ ਅਣਿਆਈ ਮੌਤੇ ਮਾਰਿਆ ਗਿਆ।"

"ਵਿਚਾਰੇ ਨੂੰ ਜੁਆਨੀ ਮਾਨਣੀ ਨਾ ਮਿਲੀ।"

"ਏਸ ਨਿਮਾਣੀ ਦਾ ਕੋਈ ਵੀ ਆਸਰਾ ਨਾ ਰਿਹਾ।"

"ਆਹ ਉਮਰ ਤੇ ਇਹ ਭਾਣਾ, ਰੱਬ ਨੂੰ ਚਾਹੀਦਾ ਨਹੀਂ ਸੀ।"

"ਗਰੀਬਣੀ ਨਾਲ ਰੱਬ ਉਤਰ ਕੇ ਲੜਿਆ।"

ਭਾਂਤੋ ਭਾਂਤ ਏਹੋ ਜਿਹੀਆਂ ਕਈ 'ਵਾਜਾਂ ਆ ਰਹੀਆਂ ਸਨ, ਜੋ ਨੂੰਹ ਸੱਸ ਦੀਆਂ ਚੀਕਾਂ ਵਿਚ ਘੁਲ ਮਿਲ ਕੇ ਸਗੋਂ ਹਿਰਦੇ ਵੇਧਕ ਬਣਦੀਆਂ ਜਾਂਦੀਆਂ ਸਨ। ਉਹਨਾਂ ਦੋਹਾਂ ਦੇ ਅੰਗਿਆਰਿਆਂ ਵਾਂਗ ਬਲਦੇ ਹੰਝੂ ਧਰਤੀ 'ਤੇ ਪੈਂਦੇ, ਤਾਂ ਬ੍ਰਹਿਮੰਡ ਭਸਮ ਕਰ ਦੇਂਦੇ। ਉਹਨਾਂ ਦੀਆਂ ਦੁੱਖਾਂ ਭਰੀਆਂ ਝੋਲੀਆਂ ਹੀ ਸਨ, ਜਿੱਥੇ ਉਹਨਾਂ ਦੀ ਸਮਾਈ ਹੁੰਦੀ ਜਾ ਰਹੀ ਸੀ। ਮਘਦਾ ਅੰਗਿਆਰ ਜਿੱਥੇ ਵੀ ਡਿੱਗੇ, ਭਾਂਬੜ ਬਾਲ ਦੇਂਦਾ ਹੈ, ਪਰ ਮੱਚਦੀ ਅੱਗ ਵਿੱਚ ਢਹਿ ਕੇ ਉਸ ਦੇ ਸੇਕ ਵਿੱਚ ਕੁਛ ਵਾਧਾ ਤਾਂ ਕਰ ਦੇਂਦਾ ਹੈ, ਵਿਗਾੜ ਕੁਛ ਨਹੀਂ ਸਕਦਾ। ਏਹਾ ਹਾਲ ਉਹਨਾਂ ਦੇ ਹੰਝੂਆਂ ਦਾ ਸੀ।

ਇਕ ਨੇ ਸਿਰ ਝੋਲੀ ਵਿੱਚ ਰੱਖ ਕੇ ਤੇ ਇਕ ਨੇ ਪੈਰਾਂ 'ਤੇ ਸਿਰ ਧਰ ਕੇ ਰਹਿੰਦੀ ਰਾਤ ਗੁਜ਼ਾਰ ਦਿੱਤੀ। ਕੱਲ੍ਹ ਜਿਹੜੀ ਗੱਲ ਨੂੰ ਉਹ ਚਿਤਵ ਵੀ ਨਹੀਂ ਸੀ ਸਕਦੀ, ਅੱਜ ਓਹਾ ਮਨਜੀਤ ਨੂੰ ਝੱਲਣੀ ਪੈ ਗਈ।

## ੩੩

ਮਨਜੀਤ ਦੇ ਪਿਤਾ ਨੇ ਇਹ ਗੱਲ ਤਾਂ ਕਿਵੇਂ ਨਾ ਕਿਵੇਂ ਮੰਨ ਲਈ ਕਿ ਧੀ ਦੀ ਕੋਝੀ ਕਰਤੂਤ ਨੂੰ ਆਈ ਗਈ ਕਰ ਕੇ ਵਿਸਾਰ ਦੇਵੇ ਤੇ ਉਹਦੇ ਰਾਹ ਵਿੱਚ ਦਖ਼ਲ ਨਾ ਦੇਵੇ, ਪਰ ਇਹ ਕਦੇ ਨਹੀਂ ਸੀ ਮੰਨ ਸਕਦਾ ਕਿ ਉਸ ਨਾਲ ਦੋਬਾਰਾ ਮੇਲ ਮਿਲਾਪ ਦੀ ਖੁੱਲ੍ਹ ਹੋ ਜਾਵੇ। ਉਹ ਘਰ ਵਿੱਚ ਕਿਸੇ ਨੂੰ ਮਨਜੀਤ ਦਾ ਨਾਂ ਤੱਕ ਨਹੀਂ ਸੀ ਲੈਣ ਦੇਂਦਾ। ਉਸ ਦਿਨ ਤੋਂ ਪਿੱਛੋਂ ਉਹ ਕਦੇ ਪਰ੍ਹੇ ਵਿੱਚ ਜਾ ਕੇ ਨਹੀਂ ਸੀ ਬੈਠਾ।

ਮਨਜੀਤ ਦੀ ਮਾਂ ਦੇ ਦਿਲ ਵਿੱਚ ਵਿਛੋੜੇ ਦਾ ਵਰਮ ਬਣ ਗਿਆ ਸੀ। ਉਹ ਉਸਦੇ ਦਾਜ ਲਈ ਬਣਾਈਆਂ ਚੀਜ਼ਾਂ ਨੂੰ ਵੇਖਦੀ, ਤਾਂ ਬੁੱਕਲ 'ਚ ਮੂੰਹ ਪਾ ਕੇ ਰੋਣ



WWW.SIKHBOOKCLUB.COM 

ਲੱਗ ਪੈਂਦੀ। ਕਿਸੇ ਵੇਲੇ ਵੀ ਧੀ ਦੀ ਸੂਰਤ ਮਾਂ ਦੀਆਂ ਅੱਖਾਂ ਅੱਗੋਂ ਉਹਲੇ ਨਾ ਹੁੰਦੀ। ਜਿਸ ਵੇਲੇ ਅੰਦਰ ਦਰਦ ਸਮਾਉਣਾ ਔਖਾ ਹੋ ਜਾਂਦਾ, ਉਹ ਇਹਨਾਂ ਸ਼ਬਦਾਂ ਰਾਹੀਂ ਹਵਾੜ ਬਾਹਰ ਕੱਢਦੀ : "ਮਨਜੀਤ! ਨਾ ਤੂੰ ਮੈਨੂੰ ਜਿਉਂਦਿਆਂ ਵਿੱਚ ਰਹਿਣ ਦਿੱਤਾ, ਨਾ ਮਰ ਗਿਆਂ ਵਿਚ। ਤੈਨੂੰ ਜਣ ਕੇ ਮੈਂ ਉਮਰ ਭਰ ਲਈ ਹਉਕੇ ਵਿਹਾਝ ਲਏ। ਨਿਕਰਮਣੇ ! ਤੂੰ ਜਿਉਂਦੀ ਹੀ ਸਾਥੋਂ ਵਿਛੜ ਗਈਓਂ।" ਇਹ ਵਾਕ ਉਹਦੇ ਮੂੰਹੋਂ ਬਾਹਰ ਨਹੀਂ ਸੀ ਨਿਕਲਦੇ, ਪਰ ਉਹਦੇ ਕੰਨ ਪੂਰੀ ਤਰ੍ਹਾਂ ਸੁਣ ਲੈਂਦੇ ਸਨ।

ਕਦੇ ਜਵੰਦੀ ਪੇਕੇ ਗਈ ਉਹਨੂੰ ਮਿਲਦੀ, ਤਾਂ ਉਹ ਦਿਲ ਨੂੰ ਕਾਬੂ ਕਰਕੇ ਮਨਜੀਤ ਦਾ ਸੁਖ-ਸੁਨੇਹਾ ਪੁੱਛ ਲੈਂਦੀ। ਇਹ ਸੁਣ ਕੇ ਕਿ ਸੂਰਤ ਤੇ ਮਨਜੀਤ ਆਪਸ ਵਿੱਚ ਬੜੇ ਸੁਖੀ ਵਸਦੇ ਹਨ, ਉਹਨੂੰ ਅੰਦਰ ਕੋਈ ਗੁੱਝੀ ਖ਼ੁਸ਼ੀ ਮਹਿਸੂਸ ਹੁੰਦੀ। ਉਹ ਠੰਡਾ ਸਾਹ ਭਰ ਕੇ ਕਹਿੰਦੀ, "ਮਾਂ ਦੀਆਂ ਤੱਤੀਆਂ ਆਂਦਰਾਂ ਤਾਂ ਸਿਵੇ ਤੱਕ ਕਲਪਦੀਆਂ ਹੀ ਰਹਿਣਗੀਆਂ, ਪਰ ਵਾਹਿਗੁਰੂ ਮੇਰੀ ਬੱਚੀ ਨੂੰ ਸੁਖੀ ਰੱਖੇ। ਉਸ ਵੱਲੋਂ ਠੰਡੀ 'ਵਾ ਆਉਂਦੀ ਰਹੇ, ਮੈਂ ਏਸੇ ਆਸ 'ਤੇ ਜਿਉਂਦੀ ਰਹਾਂਗੀ।"

ਦਿਲ ਵਿਚ ਅਨੇਕਾਂ ਸੁਨੇਹੇ ਹੁੰਦਿਆਂ ਹੋਇਆਂ ਵੀ ਉਹ ਗ਼ੁੱਸੇ ਵਿੱਚ ਭਰੀ ਹੋਣ ਕਰਕੇ ਤੇ ਪਤੀ ਤੋਂ ਡਰਦੀ ਉਸ ਨੂੰ ਕੋਈ ਸੁਨੇਹਾ ਨਾ ਭੇਜਦੀ। ਮਾਂ ਦੀ ਮਮਤਾ ਤੜਫਦੀ ਸੀ ਧੀ ਨੂੰ ਇੱਕ ਵਾਰ ਮਿਲਣ ਵਾਸਤੇ, ਪਰ ਅਣਖ ਤੇ ਭੈਅ ਵਿਚਾਲੇ ਆ ਕੇ ਰਾਹ ਰੋਕ ਲੈਂਦੇ ਸਨ। ਮਨਜੀਤ ਤਾਂ ਪਤੀ ਕੋਲੋਂ ਰੱਜਵਾਂ ਪਿਆਰ ਪ੍ਰਾਪਤ ਕਰ ਕੇ ਕੇਈ ਵਾਰ ਮਾਂ ਨੂੰ ਭੁੱਲ ਜਾਂਦੀ ਹੋਵੇਗੀ, ਪਰ ਮਾਂ ਦੇ ਦਿਲੋਂ ਉਹ ਕਿਸੇ ਵੇਲੇ ਵੀ ਨਹੀਂ ਸੀ ਭੁਲਦੀ। ਉਹ ਇਕੱਲੀ ਬੈਠੀ ਹੋਈ ਵੀ ਰਾਤ ਦਿਨੇ ਓਸੇ ਦੀਆਂ ਗੱਲਾਂ ਕਰਦੀ ਰਹਿੰਦੀ। ਉਹਦੇ ਵਾਸਤੇ ਏਨੀ ਸ਼ਾਂਤੀ ਹੀ ਕਾਫ਼ੀ ਸੀ ਕਿ ਧੀ ਆਪਣੇ ਘਰ ਸੁਖੀ ਵਸਦੀ ਹੈ।

ਸੂਰਤ ਦੇ ਕਤਲ ਹੋਣ ਦੀ ਖ਼ਬਰ ਸੁਣੀ ਤਾਂ ਮਾਂ ਦੇ ਦਿਲ ਦਾ ਧੀਰਜ ਸਮੂਲ 'ਚੋਂ ਜਾਂਦਾ ਰਿਹਾ। ਉਹਦੇ ਦਿਲੋਂ ਲੋਕ ਲਾਜ, ਅਣਖ ਜਾਂ ਗ਼ੁੱਸਾ ਸਭ ਕੁਛ ਜਾਂਦਾ ਰਿਹਾ। ਇਕ ਮਮਤਾ ਹੀ ਬਾਕੀ ਰਹਿ ਗਈ, ਜੋ ਆਪ ਮੁਹਾਰੀ ਉਹਦੇ ਅੰਦਰ ਕੁਰਲਾ ਰਹੀ ਸੀ। ਧੀ ਵੱਲੋਂ ਉਹਦੇ ਦਿਲ ਵਿੱਚ ਦੂਹਰਾ ਸੱਲ ਪੈ ਗਿਆ। ਉਹ ਪਿੱਟ-ਪਿੱਟ ਕੇ ਆਪਣਾ-ਆਪ ਕੋਹ ਰਹੀ ਸੀ ਤੇ ਉਹਦੀਆਂ ਚੀਕਾਂ ਸੁਣਨ ਵਾਲਿਆਂ ਦੇ ਸੀਨੇ ਪਾੜ ਰਹੀਆਂ ਸਨ। ਉਹਦੀਆਂ ਆਹੀਂ ਦਾ ਧੂੰਆਂ ਅਸਮਾਨ ਨੂੰ ਧੁੰਧਲਾ ਕਰ ਰਿਹਾ ਸੀ। ਸਾਰਾ ਘਰ ਗੁਆਂਢਣਾਂ ਨਾਲ ਭਰ ਗਿਆ। ਤੱਤੀ ਮਾਂ ਵਾਸਤੇ ਸਾਰੀ ਦੁਨੀਆਂ ਮਾਤਮ-ਘਰ ਬਣ ਗਈ। ਉਹਦੀ ਬੁਰੀ ਹਾਲਤ ਵੱਲ ਵੇਖ ਕੇ ਦੁਸ਼ਮਣ ਦਾ ਦਿਲ ਵੀ ਪਘਰ ਆਉਂਦਾ ਸੀ। ਲਾਗਲੀਆਂ ਉਹਨੂੰ ਬਥੇਰਾ ਹੌਸਲਾ ਦੇਂਦੀਆਂ ਤੇ ਚੁੱਪ ਕਰਾਉਣ ਦਾ ਉਪਰਾਲਾ ਕਰਦੀਆਂ, ਪਰ ਜੀਹਦੇ ਦਿਲ ਦੀ ਸ਼ਾਂਤੀ ਮੌਤ ਨੇ ਲੁੱਟ ਲਈ ਹੋਵੇ, ਉਹਨੂੰ ਧੀਰਜ ਕਿੱਥੇ ?

ਬਾਹਰੋਂ ਮਨਜੀਤ ਦਾ ਪਿਤਾ ਵੀ ਸੁਣ ਕੇ ਘਰ ਨੂੰ ਆਇਆ। ਉਹਦੇ ਦਿਲ

ਵਿੱਚ ਅਜੇ ਓਨਾ ਹੀ ਗ਼ੁੱਸਾ ਸੀ। ਉਹ ਸੋਚਦਾ ਆਉਂਦਾ ਸੀ ਕਿ ਇਕ ਦਬਕਾ ਮਾਰ ਕੇ ਸਭ ਨੂੰ ਰੋਣੋਂ ਚੁੱਪ ਕਰਾ ਦਿਆਂਗਾ। ਪਰ ਮਨਜੀਤ ਦੀ ਮਾਂ ਦੀ ਤਰਸਯੋਗ ਹਾਲਤ ਵੇਖ ਕੇ ਉਸ ਵਿੱਚ ਬੋਲਣ ਦੀ ਸਮਰੱਥਾ ਨਾ ਰਹੀ। ਉਹ ਅਗਲੇ ਅੰਦਰ ਵੜ ਕੇ ਮੂੰਹ ਅੱਗੇ ਪੱਲਾ ਲੈ ਕੇ ਰੋਣ ਲੱਗ ਪਿਆ। ਭਾਵੇਂ ਇਸਤਰੀ ਨਾਲੋਂ ਮਰਦ ਦਾ ਦਿਲ ਸਖ਼ਤ ਹੁੰਦਾ ਹੈ ਪਰ ਆਂਦਰਾਂ ਨੂੰ ਲੱਗੀ ਹੋਈ, ਹਰ ਇਕ ਦੀਆਂ ਅੱਖਾਂ ਵਿੱਚ ਪਾਣੀ ਲੈ ਆਉਂਦੀ ਹੈ। ਉਹ ਰੋ ਰਿਹਾ ਸੀ, ਪਰ ਕਿਹਾ ਨਹੀਂ ਜਾ ਸਕਦਾ ਕਿ ਉਹ ਰੋਣਾ ਮਨਜੀਤ ਦੀ ਕੀਤੀ ਦਾ ਸੀ, ਜਾਂ ਸੂਰਤ ਦੀ ਮੌਤ ਦਾ। ਸ਼ਾਇਦ ਦੋਵੇਂ ਕਾਰਨ ਸਨ।

ਬਾਕੀ ਜ਼ਨਾਨੀਆਂ ਚਲੀਆਂ ਗਈਆਂ ਤਾਂ ਮਨਜੀਤ ਦੀ ਮਾਂ ਗਲ ਵਿਚ ਪੱਲਾ ਪਾ ਕੇ ਪਤੀ ਦੇ ਚਰਨਾਂ 'ਤੇ ਢਹਿ ਪਈ। ਉਹ ਹੱਥ ਜੋੜ ਕੇ ਕਹਿਣ ਲੱਗੀ, "ਰੱਬ ਦਾ ਵਾਸਤਾ ਪੁਆ ਲਉ, ਪਰ ਮੈਨੂੰ ਇੱਕ ਵਾਰ ਮਨਜੀਤ ਨੂੰ ਵੇਖ ਆਉਣ ਦੀ ਆਗਿਆ ਦੇ ਦਿਓ। ਹੋਰ ਜਿਵੇਂ ਆਖੋਗੇ, ਮੈਂ ਮੰਨ ਲਵਾਂਗੀ।"

ਏਨਾ ਤਰਲਾ ਸੀ ਉਹਦੀ ਕਰੁਣਾਮਈ 'ਵਾਜ ਵਿੱਚ ਕਿ ਪਤੀ ਅੱਗੋਂ ਨਾਂਹ ਨਾ ਕਰ ਸਕਿਆ। ਕਿੰਨਾ ਚਿਰ ਉਹ ਦੋਵੇਂ ਚੁੱਪ ਰਹੇ। ਕੇਵਲ ਦੋਹਾਂ ਦੇ ਹਉਕੇ ਕਦੇ-ਕਦੇ ਸੁਣੀਦੇ ਸਨ। ਦੋਵੇਂ ਨੀਵੀਆਂ ਪਾਈ ਆਪੋ-ਆਪਣੇ ਖ਼ਿਆਲ ਵਿੱਚ ਡੁੱਬੇ ਹੋਏ ਸਨ। ਕਿਸੇ ਵਿੱਚ ਵੀ ਦੂਜੇ ਵੱਲੇ ਤੱਕਣ ਦੀ ਤਾਕਤ ਨਹੀਂ ਸੀ। ਮਨਜੀਤ ਦੀ ਮਾਂ ਦਾ ਦਿਲ ਸਹਿਮ ਵਿੱਚ ਡੂੰਘਾ ਡੁੱਬਦਾ ਜਾ ਰਿਹਾ ਸੀ। ਇਕੋ ਸਵਾਲ ਪਲ-ਪਲ ਪਿੱਛੋਂ ਉਠਦਾ, 'ਜੇ ਇਹਨਾਂ ਨਾਂਹ ਕਰ ਦਿੱਤੀ ਤਾਂ !' ਅੱਧਾ ਘੰਟਾ ਇਹਨਾਂ ਹੀ ਸੋਚਾਂ ਵਿੱਚ ਲੰਘ ਗਿਆ। ਅੰਤ ਮਨਜੀਤ ਦੇ ਪਿਉ ਨੇ ਲੰਮਾ ਸਾਰਾ ਸਾਹ ਪਹਿਲਾਂ ਅੰਦਰ ਨੂੰ ਖਿਚਿਆ ਤੇ ਫੇਰ ਓਸੇ ਤਰ੍ਹਾਂ ਬਾਹਰ ਛੌਡਿਆ। ਇਹ ਉਸ ਦੇ ਕੁਛ ਮੂੰਹੋਂ ਕਹਿਣ ਦੀ ਨਿਸ਼ਾਨੀ ਸੀ। 'ਉਹ ਕੀ ਕਹੇਗਾ' ਇਹ ਸੁਣਨ ਵਾਸਤੇ ਮਨਜੀਤ ਦੀ ਮਾਂ ਨੇ ਦਮ ਵੱਟ ਲਿਆ ਤੇ ਉਚੇਚੀ ਸ਼ਕਤੀ ਨਾਲ ਕੰਮ ਓਸ ਪਾਸੇ ਲਾ ਦਿੱਤੇ। ਉਹ ਹੌਲੀ ਜਿਹੀ ਬੋਲਿਆ, "ਤੇਰੀ ਮਰਜ਼ੀ, ਪਰ ਮੇਰੇ ਜਿਉਂਦੇ ਜੀ ਉਹਨੂੰ ਏਸ ਘਰ ਵਿੱਚ ਨਾ ਲਿਆਵੀਂ, ਨਹੀਂ ਤਾਂ ਮੈਂ ਆਤਮ-ਘਾਤ ਕਰ ਲਵਾਂਗਾ। ਉਹਨੇ ਮੈਨੂੰ ਕਿਤੇ ਮੂੰਹ ਦੇਣ ਜੋਗਾ ਨਹੀਂ ਛੱਡਿਆ।"

ਇਹ ਵਾਕ ਉਹਦੇ ਅੰਦਰੋਂ ਜਵਾਲਾ-ਮੁਖੀ ਦੇ ਬਲਦੇ ਲਾਵੇ ਵਾਂਗ ਨਿਕਲੇ, ਜਿੰਨ੍ਹਾਂ ਦੇ ਸੇਕ ਨਾਲ ਸਾਰਾ ਘਰ ਭੱਠ ਵਾਂਗ ਤਪ ਗਿਆ। ਆਸ ਪਾਸ ਦੀ ਹਰ ਚੀਜ਼ ਤਪਦੀ ਤੇ ਹਵਾ ਦਾ ਹਰ ਬੁੱਲਾ ਸੜਦਾ ਪ੍ਰਤੀਤ ਹੋ ਰਿਹਾ ਸੀ। ਮਨਜੀਤ ਦੀ ਮਾਂ ਨੇ ਧੰਨਵਾਦ ਵਜੋਂ ਸਿਰ ਝੁਕਾ ਦਿੱਤਾ, ਪਰ ਪਤੀ ਦੀ ਗੁੱਝੀ ਪੀੜ ਨੇ ਉਹਦੇ ਗ਼ਮ ਵਿੱਚ ਹੋਰ ਵਾਧਾ ਕਰ ਦਿੱਤਾ। ਉਹਦੀ ਆਤਮਾ ਰੇਤਥਲੇ ਦੀ ਮੱਛੀ ਵਾਂਗ ਤੜਪ ਰਹੀ ਸੀ। ਇਹ ਸਮਾਂ ਉਸ ਵਾਸਤੇ ਨਮਰੂਦ ਦੀ ਅੱਗ ਨਾਲੋਂ ਵਧੇਰੇ ਸਾੜਵਾਂ ਸੀ।

ਕੁਛ ਚਿਰ ਚੁੱਪ ਰਹਿਣ ਪਿੱਛੋਂ ਮਨਜੀਤ ਦਾ ਪਿਉ ਫੇਰ ਬੋਲਿਆ, "ਜ਼ਰਾ

ਤੜਕੇ ਕਲ੍ਹੀ ਜਾਈਂ। ਕਿਸੇ ਨੂੰ ਪਤਾ ਨਾ ਲੱਗੇ।...ਅਸੀਂ ਮਨਜੀਤ ਜੰਮਦੀ ਨੂੰ ਮਾਰ ਦੇਂਦੇ ਤਾਂ ਸ਼ਾਇਦ ਸਾਡੇ ਦੋਹਾਂ ਵਾਸਤੇ ਚੰਗਾ ਹੁੰਦਾ।"

ਘਰ ਵਿੱਚ ਨਾ ਕਿਸੇ ਪੱਕੀਆਂ ਤੇ ਨਾ ਖਾਧੀਆਂ। ਚਹੁੰ ਜਣਿਆਂ—ਮਾਂ, ਪਿਉ, ਭਰਾ ਤੇ ਭਰਜਾਈ—ਵਿਚੋਂ ਕਿਸੇ ਵੀ ਰਾਤ ਅੱਖ ਨਹੀਂ ਝਮਕੀ। ਮਨਜੀਤ ਦੀ ਮਾਂ ਮੂੰਹ-ਸੋਝਲੇ ਉਠੀ ਤੇ ਕੁਛ ਕਹਿਣ ਵਾਸਤੇ ਪਤੀ ਨੂੰ ਉਠਾ ਕੇ ਅੰਦਰ ਲੈ ਗਈ, ਪਰ ਹਜ਼ਾਰ ਯਤਨ ਕਰਨ 'ਤੇ ਵੀ ਉਹ ਮਨ ਵਿੱਚ ਆਈ ਜ਼ਬਾਨ 'ਤੇ ਨਾ ਲਿਆ ਸਕੀ। ਦੋਵੇਂ ਜਣੇ ਚੁੱਪ ਬੈਠੇ ਸਨ। ਦੋਹਾਂ ਦੇ ਦਿਲ 'ਕੱਠੇ ਮਿਲ ਕੇ ਵੈਣ ਪਾ ਰਹੇ ਸਨ। ਅੰਤ ਬਿਨਾਂ ਕੁਛ ਬੋਲੇ ਹੀ ਉਹ ਉਠ ਕੇ ਬਾਹਰ ਨੂੰ ਤੁਰ ਪਈ। ਬਾਹਰਲੇ ਬੂਹੇ ਤੱਕ ਪਤੀ ਉਹਦੇ ਨਾਲ ਗਿਆ। ਇਕ ਦਲ੍ਹੀਜੋਂ ਅੰਦਰ ਤੇ ਇਕ ਬਾਹਰ, ਫਿਰ ਖਲੋ ਗਏ। ਦੋਹਾਂ ਦੀਆਂ ਅੱਖਾਂ ਵਹਿ ਰਹੀਆਂ ਸਨ, ਪਰ ਜ਼ਬਾਨਾਂ ਬੰਦ। ਪਤੀ ਨੇ ਜੇਬ ਵਿੱਚੋਂ ਬਟੂਆ ਕੱਢਿਆ। ਉਸ ਵਿੱਚੋਂ ਸੌ ਸੌ ਦੇ ਦੋ ਨੋਟ ਕੱਢ ਕੇ ਉਹਨੇ ਮਨਜੀਤ ਦੀ ਮਾਂ ਨੂੰ ਫੜਾ ਦਿੱਤੇ। ਦੋਹਾਂ ਨੇ ਇੱਕ ਦੂਜੇ ਦੀਆਂ ਅੱਖਾਂ ਵਿੱਚ ਤੱਕਿਆ, ਜਿੱਥੇ ਹੰਝੂਆਂ ਦੇ ਪਰਦੇ ਉਹਲੇ ਮਮਤਾ ਕੁਰਲਾ ਰਹੀ ਸੀ। ਬਿਨਾਂ ਕੋਈ ਸ਼ਬਦ ਮੂੰਹੋਂ ਕਹੇ ਦੋਵੇਂ ਵੱਖ ਵੱਖ ਹੋ ਗਏ। ਮਨਜੀਤ ਦਾ ਪਿਉ ਅੰਦਰ ਵੜ ਕੇ ਭੁੱਬੀਂ ਭੁੱਬੀਂ ਰੋਣ ਲੱਗ ਪਿਆ। ਭਰਾ ਤੇ ਭਰਜਾਈ ਬਾਹਰ ਬੈਠੇ ਰੋ ਰਹੇ ਸਨ। ਕਿਸੇ ਵਿੱਚ ਵੀ ਇਹ ਹਿੰਮਤ ਨਹੀਂ ਸੀ ਕਿ ਦੂਜੇ ਨੂੰ ਧੀਰਜ ਦੇ ਕੇ ਚੁੱਪ ਕਰਾਉਂਦਾ।

ਮਨਜੀਤ ਦੇ ਸਹੁਰੇ ਓਥੋਂ ਪੰਜ-ਛੇ ਕੋਹ ਸਨ। ਸਾਰੇ ਰਾਹ ਮਾਂ ਰੋਂਦੀ ਗਈ। ਉਹ ਪਿੰਡ ਦੇ ਨੇੜੇ ਪਹੁੰਚੀ ਤਾਂ ਸਿਵਿਆਂ ਵਿੱਚ ਲੋਕਾਂ ਦਾ ਇਕੱਠ ਵੇਖ ਕੇ ਸਭ ਕੁਛ ਸਮਝ ਗਈ। ਰੋਣ ਵਾਲੀਆਂ ਵਿਚੋਂ ਦੋਹਾਂ ਦੀਆਂ ਚੀਕਾਂ ਬਹੁਤ ਉੱਚੀਆਂ ਸੁਣੀਦੀਆਂ ਸਨ। ਇਹਨਾਂ ਵਿਚੋਂ ਇਕ 'ਵਾਜ ਉਹਨੇ ਕੰਨੀਂ ਪੈਂਦਿਆਂ ਹੀ ਪਛਾਣ ਲਈ। ਇਹ ਮਨਜੀਤ ਦੀ ਸੀ।

ਕਤਲ ਤੋਂ ਅਗਲੀ ਸਵੇਰ ਸੂਰਤ ਦੀ ਲੋਥ ਹਸਪਤਾਲ ਪੁਚਾਈ ਗਈ ਸੀ, ਜੋ ਡਾਕਟਰ ਨੇ ਚੀਰ-ਪਾੜ ਕਰਨ ਪਿੱਛੋਂ ਸ਼ਾਮ ਨੂੰ ਵਾਪਸ ਕੀਤੀ। ਪਿੰਡ ਆਉਂਦਿਆਂ ਤੱਕ ਪਹਿਰ ਕੁ ਰਾਤ ਚਲੀ ਗਈ ਸੀ। ਸਸਕਾਰ ਦਾ ਪ੍ਰਬੰਧ ਓਸੇ ਵੇਲੇ ਨਾ ਹੋ ਸਕਿਆ। ਅਗਲੇ ਦਿਨ ਸੂਰਤ ਦੀ ਆਖ਼ਰੀ ਤਿਆਰੀ ਹੋਈ। ਚਿਖਾ ਤੋਂ ਥੋੜ੍ਹੀ ਦੂਰ ਉਹਦੀ ਅਰਥੀ ਪਈ ਹੋਈ ਸੀ। ਮਨਜੀਤ ਤੇ ਚੰਦੋ ਉਹਦੀ ਲੋਥ ਉੱਤੇ ਢੱਠੀਆਂ ਹੋਈਆਂ ਸਨ। ਚੰਦੋ ਘੜੀ ਮੁੜੀ ਸੂਰਤ ਦਾ ਮੱਥਾ ਚੁੰਮ ਰਹੀ ਸੀ। ਉਸ ਨੂੰ ਉਹ ਦਿਨ ਯਾਦ ਆ ਰਿਹਾ ਸੀ, ਜਦ ਉਹਨੇ ਪਹਿਲੇ ਦਿਨ ਉਹਨੂੰ ਗੋਦ ਵਿੱਚ ਲੈ ਕੇ ਉਹਦਾ ਮੱਥਾ ਚੁੰਮਿਆ ਸੀ, ਤੇ ਉਹ ਅੱਖਾਂ ਨੀਵੀਆਂ ਕੀਤੀ ਬੁੱਲ੍ਹਾਂ ਵਿੱਚ ਮੁਸਕਰਾ ਰਿਹਾ ਸੀ। ਚੰਦੋ ਅੱਜ ਵੀ ਓਸੇ ਤਰ੍ਹਾਂ ਮੱਥਾ ਚੁੰਮਦੀ ਸੀ ਪਰ ਅੱਗੋਂ ਉਹ ਨਹੀਂ ਸੀ ਮੁਸਕਰਾਉਂਦਾ। ਉਹ ਵੈਣ ਪਾਉਂਦੀ ਕਹਿ ਰਹੀ ਸੀ, "ਚੰਨਿਆਂ ! ਨਕਰਮਣ ਮਾਂ ਨਾਲ ਕਿਹੜੀ ਗੱਲੋਂ ਰੁੱਸ ਤੁਰਿਆਂ ਏਂ ? ਇਕ ਵਾਰ ਮੁਸਕਰਾ, ਸੂਰਤ ! ਮਾਂ ਸਦਕੇ ਹੋ ਜਾਏ।"

ਇਹ ਕੀਰਨੇ ਸੁਣ ਕੇ ਕੋਈ ਵੀ ਅੱਖ ਸੁੱਕੀ ਨਹੀਂ ਸੀ ਰਹੀ। ਮਨਜੀਤ ਦੀਆਂ ਕੂਕਾਂ—ਇਸ ਨਾਲੋਂ ਵੀ ਵਧੇਰੇ—ਬਲਦੀਆਂ ਲਾਟਾਂ ਵਾਂਗ ਉਠ ਰਹੀਆਂ ਸਨ, ਜਿਨ੍ਹਾਂ ਦਾ ਸੇਕ ਆਪਣੇ ਬੇਗਾਨੇ ਹਰ ਦਿਲ ਨੂੰ ਲੂਹ ਰਿਹਾ ਸੀ। ਏਸ ਵੇਲੇ ਇਕ ਅਧਖੜ ਉਮਰ ਦੀ ਮਾਈ ਰੋਂਦੀ ਪਿੱਟਦੀ ਲੋਥ ਦੇ ਉੱਤੇ ਆ ਡਿੱਗੀ। ਉਹਨੂੰ ਕੋਈ ਨਹੀਂ ਸੀ ਜਾਣਦਾ, ਪਰ ਉਹ ਦੱਸਿਆ ਬਿਨਾਂ ਹੀ ਸਭ ਕੁਛ ਜਾਣਦੀ ਸੀ। ਜਵੰਦੀ ਨੇ ਅਗ੍ਹਾਂ ਹੋ ਕੇ ਮਨਜੀਤ ਨੂੰ ਬਾਹੋਂ ਫੜ ਕੇ ਕਿਹਾ, "ਮਨਜੀਤ ਕੁਰੇ! ਪੁੱਤਰ ਉਠ ਕੇ ਮਿਲ ਲੈ ਸੂ, ਤੇਰੀ ਮਾਂ ਆ ਗਈ ਉ।"

ਇਹ ਸੁਣ ਕੇ ਬਾਕੀ ਸਭ ਜ਼ਰਾ ਪਿੱਛੇ ਹਟ ਗਏ। ਮਾਂ ਧੀ ਨੇ ਇਕ ਦੂਜੀ ਵੱਲ ਵਧ ਕੇ ਗਲਵੱਕੜੀ ਪਾ ਲਈ। ਦੋਹਾਂ ਦੀਆਂ ਚੀਕਾਂ ਹੋਰ ਉੱਚੀਆਂ ਹੋ ਗਈਆਂ। ਭਾਵੇਂ ਦਸਾਂ ਪਹਿਰਾਂ ਤੋਂ ਰੋਂਦੀ ਮਨਜੀਤ ਦੀਆਂ ਘੁਘਾਂ ਬਹਿ ਗਈਆਂ ਸਨ, ਪਰ ਮਾਂ ਦੇ ਗਲ ਲੱਗ ਕੇ ਉਹਦੇ ਅੰਦਰ ਨਵੇਂ ਸਿਰਿਓਂ ਰੋਣ ਦੀ ਸੱਤਿਆ ਆ ਗਈ। ਦੋਹਾਂ ਦੇ ਮਿਲਵੇਂ ਹੰਝੂ ਵਿਚਕਾਰ ਪਈ ਸੂਰਤ ਦੀ ਲੋਥ 'ਤੇ ਪੈ ਰਹੇ ਸਨ। ਦੋਹਾਂ ਦੀਆਂ ਰੂਹਾਂ ਅੱਜ ਤੋਂ ਕੁਛ ਸਮਾਂ ਪਿੱਛੇ ਹਟ ਗਈਆਂ ਸਨ। ਇਹ ਮੇਲ ਕਿੰਨਾ ਦੁਖਦਾਈ ਸੀ।

ਲੋਕਾਂ ਨੇ 'ਸਬਰ ਕਰੋ, ਜੇਰਾ ਕਰੋ, ਭਾਣਾ ਮੰਨੋ' ਕਹਿ ਕੇ ਦੋਹਾਂ ਨੂੰ ਵੱਖ-ਵੱਖ ਕੀਤਾ। ਮਨਜੀਤ ਦੀ ਮਾਂ ਨੇ ਕਿਹਾ, "ਮੈਂ ਜਾਣਦੀ ਆਂ, ਮੇਰੇ ਬੱਚੇ ਨੂੰ ਗੋਦ ਵਿਚ ਲੁਕਾਉਣ ਵਾਸਤੇ ਚਿਖਾ ਕਾਹਲੀ ਪੈ ਰਹੀ ਏ, ਪਰ ਮੈਨੂੰ ਇਕ ਵਾਰ ਪੁੱਤਰ ਦਾ ਮੂੰਹ ਤਾਂ ਵੇਖ ਲੈਣ ਦਿਓ।"

ਸੂਰਤ ਦੇ ਮੂੰਹ ਤੋਂ ਕਫਨ ਲਾਹ ਦਿੱਤਾ ਗਿਆ। ਡਾਕਟਰ ਦੇ ਖੱਲ ਚੀਰ ਕੇ ਲਾਏ ਹੋਏ ਤੋਪਿਆਂ ਤੋਂ ਬਿਨਾਂ ਸਾਰਾ ਚਿਹਰਾ ਬੇਦਾਗ ਸੀ। ਰੱਤ ਨੁਚੜ ਚੁੱਕੀ ਸੀ ਤੇ ਗੋਰਾ ਰੰਗ ਚਿੱਟੇ ਲੱਠੇ ਵਾਂਗ ਨਿਖਰਿਆ ਹੋਇਆ ਸੀ। ਉਹਦੇ ਸੁੰਦਰ ਨਕਸ਼ ਆਪਣੇ ਲੁੱਟੇ ਗਏ ਹੁਸਨ ਬਾਰੇ ਕਾਫ਼ੀ ਕੁਛ ਦੱਸ ਰਹੇ ਸਨ। ਗਿੱਠ ਲੰਮੀ ਧੌਣ ਵਿੱਚ ਧੀ ਸਿੱਧੀ ਛਾਤੀ ਵੱਲੋ ਗਈ ਹੋਈ ਸਿਊਣ ਵੇਖਣ ਵਾਲਿਆਂ ਦੀਆਂ ਛਾਤੀਆਂ ਵਿੱਚ ਚੀਰ ਪਾ ਰਹੀ ਸੀ। ਸੱਸ ਨੇ ਉਹਦੇ ਮੂੰਹ 'ਤੇ ਮੂੰਹ ਰੱਖ ਦਿੱਤਾ ਤੇ ਬੇੜਾ ਡੋਬ ਚੁੱਕੇ ਮੁਹਾਣੇ ਵਾਂਗ ਲੱਛਣ ਲੱਗ ਪਈ।

ਸੂਰਤ ਦੀਆਂ ਦੋਵੇਂ ਭੈਣਾਂ ਵੀ ਪਿੱਛੇ ਖਲੋਤੀਆਂ ਰੋ ਰਹੀਆਂ ਸਨ, ਪਰ ਉਹਨਾਂ ਦੇ ਦਿਲ ਵਿੱਚ ਦਰਦ ਨਾਲੋਂ ਈਰਖਾ ਵਧੇਰੇ ਸੀ।

ਅੰਤ ਲੋਕਾਂ ਨੇ ਬੜੇ ਜ਼ੋਰ ਨਾਲ ਚੰਦੋ, ਮਨਜੀਤ ਤੇ ਉਸਦੀ ਮਾਂ ਨੂੰ ਲੋਥ ਤੋਂ ਦੂਰ ਕੀਤਾ। ਸੂਰਤ ਨੂੰ ਆਖਰੀ ਸਿੰਘਾਸਨ 'ਤੇ ਲਿਟਾ ਦਿੱਤਾ ਗਿਆ। ਪੁੱਤਰ ਨੂੰ ਲਾਂਬੂ ਲਾਉਣਾ ਚੰਦੋ ਦੇ ਭਾਗਾਂ ਵਿੱਚ ਹੀ ਲਿਖਿਆ ਸੀ। ਕਿਸਮਤ ਜਿਸਦੇ ਬੁਰੇ ਲੇਖ ਲਿਖਦੀ ਹੈ, ਅਸਲੋਂ ਕਾਲੇ ਕਰ ਛੱਡਦੀ ਹੈ।

ਸੂਰਤ ਦਾ ਸਿਵਾ ਬਲ ਕੇ ਠੰਢਾ ਹੋ ਗਿਆ, ਪਰ ਮਨਜੀਤ ਦੇ ਅੰਦਰ ਬਲਦੀ ਠੰਢੀ ਨਾ ਹੋਈ।

ਰਾਤ ਨੂੰ ਦੋਵੇਂ ਮਾਂ-ਧੀ ਗਲਵੱਕੜੀ ਪਾ ਕੇ ਸੁੱਤੀਆਂ। ਦੋਹਾਂ ਦੇ ਹਉਕੇ

ਤਿਖੀਆਂ ਸੂਲਾਂ ਵਾਂਗ ਛਾਤੀਆਂ ਵਿੱਚ ਰੜਕਦੇ ਰਹੇ। ਤੇ ਨੀਂਦ ? ਉਹ ਸਦਾ ਕੰਵਲ-ਨੈਣਾਂ ਵਿੱਚ ਆਇਆ ਕਰਦੀ ਹੈ, ਭਰ-ਭਰ ਵਹਿੰਦੀਆਂ ਨਦੀਆਂ ਦੇ ਰੋੜ੍ਹ ਅੱਗੇ ਨਹੀਂ ਖਲੋਇਆ ਕਰਦੀ। ਦੋਹਾਂ ਦੇ ਦਿਲਾਂ ਵਿੱਚ ਇਕ ਦੂਜੀ ਨੂੰ ਕਹਿਣ ਵਾਸਤੇ ਬਹੁਤ ਕੁਛ ਸੀ, ਪਰ ਹਿੰਮਤ ਕਿਸੇ ਵਿੱਚ ਵੀ ਨਹੀਂ ਸੀ। ਤੜਕੇ ਤੁਰਨ ਲਗਿਆਂ ਮਾਂ ਨੇ ਦੋ ਨੋਟ ਸੌ ਸੌ ਤੇ ਪੰਜ ਦਸਾਂ ਦਸਾਂ ਦੇ ਧੀ ਦੇ ਹੱਥ 'ਤੇ ਧਰੇ। ਉਹਨੇ ਪ੍ਰਸ਼ਨ ਭਰੀਆਂ ਅੱਖਾਂ ਨਾਲ ਮਾਂ ਵੱਲੋ ਵੇਖਿਆ। ਮਾਂ ਨੇ ਉਸਦਾ ਭਾਵ ਸਮਝ ਕੇ ਕਿਹਾ, "ਮਨਜੀਤ ! ਤੇਰੇ ਭਾਗਾਂ ਜੋਗਾ ਸਾਡੇ ਕੋਲ ਏਹਾ ਕੁਛ ਸੀ। ਦੋ ਸੌ ਤੇਰੇ ਪਿਤਾ ਜੀ ਨੇ ਦਿੱਤਾ ਏ ਤੇ ਬਾਕੀ...।" ਇਸ ਤੋਂ ਅਗ੍ਹਾਂ ਉਹ ਵਾਕ ਪੂਰਾ ਨਾ ਕਰ ਸਕੀ। ਅੰਤ ਦੋਵੇਂ ਰੋ ਕੇ ਵਿਛੜੀਆਂ। ਰੋਟੀ ਵੇਲੇ ਤੱਕ ਭਾਗਾਂ ਨੂੰ ਕੋਸਦੀ ਮਾਂ ਫੇਰ ਆਪਣੇ ਘਰ ਜਾ ਪੁੱਜੀ।

## ੩੪

ਸੂਰਤ ਦੀ ਮੌਤ ਦਾ ਮਾਤਮ ਇਕ ਘਰ ਨਹੀਂ, ਸਾਰੇ ਪਿੰਡ ਵਿੱਚ ਸੀ। ਘਰ-ਘਰ ਇਸ ਘਟਨਾ 'ਤੇ ਵਿਚਾਰਾਂ ਹੋ ਰਹੀਆਂ ਸਨ। ਕੋਈ ਕਿਸੇ ਸਿਰ ਤੇ ਕੋਈ ਕਿਸੇ ਸਿਰ ਦੋਸ਼ ਮੜ੍ਹਦਾ ਸੀ। ਇਸ ਦੇ ਉਲਟ ਕਈ ਮਨਚਲਿਆਂ ਵਾਸਤੇ ਇਹ ਹਾਸੇ ਠੱਠੇ ਦਾ ਕਾਰਨ ਵੀ ਸੀ। ਹਰ ਹਾਲ ਕਿਸੇ ਨਾ ਕਿਸੇ ਢੰਗ ਨਾਲ ਇਸ ਦੀ ਚਰਚਾ ਹਰ ਥਾਂ ਹੁੰਦੀ ਸੀ।

ਹਰਪਾਲ ਦਾ ਮਨ ਵੀ ਏਸੇ ਗੱਲ ਵਿਚ ਉਲਝਿਆ ਹੋਇਆ ਸੀ। ਉਹ ਵੀ ਕੁਛ ਚਿਰ ਹਾਣੀਆਂ ਦੇ ਹਾਸੇ ਠੱਠੇ ਦਾ ਨਿਸ਼ਾਨਾ ਇਕ ਥਾਂ ਬਣਿਆ ਰਿਹਾ ਸੀ। ਏਹਾ ਕਾਰਨ ਸੀ ਕਿ ਉਹ ਘਰ ਵਿਚ ਕਿਸੇ ਨਾਲ ਅੱਜ ਖੁੱਲ੍ਹ ਕੇ ਨਹੀਂ ਸੀ ਬੋਲਦਾ। ਰਾਤ ਨੂੰ ਨਿਤ ਵਾਂਗ ਉਹ ਤੇ ਸੁਰਿੰਦਰ ਕੋਲੋ ਕੋਲ ਸੁੱਤੇ ਹੋਏ ਸਨ, ਪਰ ਦਿਲੋਂ ਥੋੜ੍ਹੇ ਥੋੜ੍ਹੇ ਦੂਰ। ਹਰਪਾਲ, ਸੁਰਿੰਦਰ ਨਾਲ ਕੁਛ ਨਾਰਾਜ਼ ਸੀ, ਪਰ ਉਸ ਨੂੰ ਇਸ ਦੇ ਕਾਰਨ ਦਾ ਵੀ ਪਤਾ ਨਹੀਂ ਸੀ। ਪਤੀ ਦੇ ਚੁੱਪ ਰਹਿਣ ਤੋਂ ਉਹ ਇਹ ਸਮਝ ਰਹੀ ਸੀ ਕਿ ਕੋਈ ਗੱਲ ਜ਼ਰੂਰ ਹੈ। ਉਹਨੇ ਗੁਜ਼ਰੇ ਸਮੇਂ ਦੀ ਇਕ-ਇਕ ਘਟਨਾ 'ਤੇ ਝਾਤੀ ਮਾਰ ਕੇ ਵਿਚਾਰ ਕੀਤੀ, ਪਰ ਉਹਦੇ ਪਿੜ ਪੱਲੇ ਕੁਛ ਨਾ ਪਿਆ। ਉਹ ਦੋਵੇਂ ਆਪਸ ਵਿੱਚ ਕਦੇ ਰੁੱਸੇ ਨਹੀਂ ਸਨ ਤੇ ਨਾ ਉਹ ਕਿਸੇ ਨੂੰ ਰੁੱਸਣ ਦਾ ਮੌਕਿਆ ਹੀ ਦੇਂਦੀ ਸੀ। ਉਹ ਸੋਚਣ ਲੱਗੀ, 'ਖ਼ਬਰੇ ਇਹ ਮੇਰਾ ਭਰਮ ਈ ਹੋਵੇ। ਉਹ ਹਾਸੇ ਭਾਣੇ ਈਂ ਚੁੱਪ ਕੀਤੇ ਹੋਣ, ਐਵੇਂ ਮੈਨੂੰ ਖਿਝਾਉਣ ਬਦਲੇ। ਜਿਸ ਨਾਲ ਪਿਆਰ ਹੋਵੇ, ਕਈ ਵੇਰਾਂ ਉਹਨੂੰ ਖਿਝਾਉਣ ਵਿੱਚ ਬੜਾ ਸੁਆਦ ਆਉਂਦਾ ਏ, ਪਰ ਇਹ ਤਾਂ ਅੱਜ ਮਾਂ ਜੀ ਨਾਲ ਵੀ ਖੁੱਲ੍ਹ ਕੇ ਨਹੀਂ ਸਨ ਬੋਲੇ। ਹਰ ਹਾਲ ਪਤਾ ਕਰਨਾ ਚਾਹੀਦਾ ਏ।' ਅੰਤ ਉਹਨੇ ਬੁਲਾਉਣ ਵਿੱਚ ਪਹਿਲ ਕਰਨ ਦਾ ਇਰਾਦਾ ਬਣਾ ਲਿਆ। ਉਹਨੂੰ ਇਹ ਨਾ ਸੁਝੇ, ਕਿ ਗੱਲ ਕਿੱਥੋਂ ਸ਼ੁਰੂ ਕਰੇ ? ਇਸ ਨਾਲੋਂ ਵੀ ਉਹ ਏਸ ਗੱਲੋਂ ਵਧੇਰੇ ਹੈਰਾਨ ਸੀ, ਕਿ ਅੱਜ ਉਹਨੂੰ ਬੁਲਾਉਣ ਵਿਚ ਝਿਜਕ ਕਿਉਂ ਪ੍ਰਤੀਤ ਹੋ ਰਹੀ ਹੈ ? ਏਸੇ ਵੇਲੇ

ਉਹਦੇ ਕੰਨਾਂ ਵਿਚ ਚੰਦੋ ਦੇ ਰੋਣ ਦੀ 'ਵਾਜ ਪਈ। ਉਹਦਾ ਦਿਲ ਦਰਦ ਨਾਲ ਭਰ ਗਿਆ। ਕੁਦਰਤ ਨੇ ਉਹਨੂੰ ਅੱਤ ਕੋਮਲ ਹਿਰਦਾ ਦਿੱਤਾ ਸੀ। ਉਹਨੂੰ ਆਪਣੀ ਚਿੰਤਾ ਭੁੱਲ ਗਈ ਤੇ ਚੰਦੋ ਦਾ ਦੁੱਖ ਸਾਮ੍ਹਣੇ ਆ ਗਿਆ। ਉਹ ਭਰੇ ਹੋਏ ਮਨ ਨਾਲ ਬੋਲੀ, "ਵੇਖੋ ਨਾ ਜੀ ! ਏਸ ਵਿਚਾਰੀ ਦੇ ਲੇਖ ਲਿਖਣ ਲਗਿਆਂ ਰੱਬ ਨੇ ਕਿੰਨੀ ਸਖ਼ਤੀ ਵਰਤੀ ਏ?"

"ਹੂੰ-ਊਂ!"

ਹਰਪਾਲ ਨੇ ਇਹ 'ਹੂੰ-ਊ' ਏਨੇ ਓਪਰੇ ਢੰਗ ਨਾਲ ਆਖੀ ਕਿ ਸੁਣ ਕੇ ਸੁਰਿੰਦਰ ਕੰਬ ਉੱਠੀ। ਉਹ ਪਾਸਾ ਪਰਤ ਕੇ ਪਤੀ ਦੇ ਚਿਹਰੇ ਵੱਲੇ ਵੇਖਣ ਲੱਗ ਪਈ। ਹਰਪਾਲ ਦੀ ਨਿਗ੍ਹਾ ਅਸਮਾਨ 'ਤੇ ਟਿਕੀ ਹੋਈ ਸੀ, ਜਿਵੇਂ ਉਹ ਤਾਰੇ ਗਿਣ ਰਿਹਾ ਹੁੰਦਾ ਹੈ। ਉਹਦੇ ਚਿਹਰੇ ਉੱਤੇ ਨਾਰਾਜ਼ਗੀ ਦੇ ਚਿੰਨ੍ਹ ਸਾਫ਼ ਦਿਸ ਰਹੇ ਸਨ, ਜਿਨ੍ਹਾਂ ਨੂੰ ਲੁਕਾਉਣ ਦੀ ਉਹ ਕੋਈ ਕੋਸ਼ਿਸ਼ ਨਹੀਂ ਕਰ ਰਿਹਾ ਸੀ। ਸਗੋਂ ਸੁਰਿੰਦਰ ਨੂੰ ਇਉਂ ਭਾਸਿਆ, ਜਿਵੇਂ ਉਹ ਗ਼ੁੱਸੇ ਦੀਆਂ ਰੇਖਾਂ ਜਾਣ ਬੁਝ ਕੇ ਪ੍ਰਗਟ ਕਰ ਰਿਹਾ ਹੁੰਦਾ ਹੈ। ਸੁਰਿੰਦਰ ਸੋਚੀਂ ਪੈ ਗਈ। ਉਹ ਇਹ ਤਾਂ ਸਮਝ ਗਈ ਕਿ ਹਰਪਾਲ ਨਾਰਾਜ਼ ਹੈ, ਪਰ ਇਸ ਦਾ ਕਾਰਨ ਉਹਦੀ ਸਮਝ ਵਿੱਚ ਨਾ ਆਇਆ। ਉਹਨੇ ਪਤੀ ਦੀ 'ਵਾਜ ਵਿੱਚ ਏਨਾ ਰੁੱਖਾਪਨ ਅੱਗੇ ਕਦੇ ਨਹੀਂ ਸੀ ਵੇਖਿਆ, ਜਿੰਨਾ ਅੱਜ ਇਹਨਾਂ ਦੋ ਅੱਖਰਾਂ—ਹੂੰ ਊਂ—ਵਿੱਚ ਸੀ। ਜਿੰਨਾ ਚਿਰ ਉਹ ਪਤੀ ਵੱਲੇ ਟਿਕ ਲਾਈ ਵਿਹੰਦੀ ਰਹੀ, ਏਨੇ ਸਮੇਂ ਵਿਚ ਹਰਪਾਲ ਨੇ ਇਕ ਵਾਰ ਵੀ ਉਹਦੇ ਵੱਲੇ ਨਿਗ੍ਹਾ ਨਾ ਪਰਤੀ। ਸੁਰਿੰਦਰ ਨੂੰ ਦਿਲ ਘਟਦਾ ਮਾਲੂਮ ਹੋਣ ਲੱਗਾ। ਉਹ ਹਰਪਾਲ ਨੂੰ ਬਾਂਹੋਂ ਫੜ ਕੇ ਹਲੂਣਦੀ ਹੋਈ ਬੋਲੀ, "ਅੱਜ ਕੀ ਗੱਲ ਏ? ਇਹ ਏਨੀ ਰੁੱਖੀ 'ਵਾਜ ਮੈਂ ਤੁਹਾਡੇ ਹੀ ਮੂਹੋਂ ਸੁਣ ਰਹੀ ਹਾਂ ?" ਜਿਵੇਂ ਉਹਨੂੰ ਕੰਨਾਂ 'ਤੇ ਯਕੀਨ ਨਹੀਂ ਸੀ ਆਇਆ ਕਿ ਉਹਦੇ ਪਤੀ ਦੀ 'ਵਾਜ ਹੈ।

"ਜੀ।"

ਹਰਪਾਲ ਦੀ ਇਹ 'ਜੀ' ਪਹਿਲਾਂ ਨਾਲੋਂ ਵੀ ਫਿੱਕੀ ਸੀ, ਜਿਸ ਨੂੰ ਸੁਣ ਕੇ ਸੁਰਿੰਦਰ ਲੰਮੀ ਪਈ ਨਾ ਰਹਿ ਸਕੀ। ਉਹ ਇਉਂ ਛੇਤੀ ਨਾਲ ਉੱਠੀ, ਜਿਵੇਂ ਵਿਛਾਈ ਵਿੱਚੋਂ ਸੂਈ ਚੁੱਭ ਗਈ ਹੋਵੇ। ਇਕ ਹੱਥ ਹਰਪਾਲ ਦੇ ਮੰਜੇ ਦੀ ਬਾਹੀ ਨੂੰ ਪਾ ਕੇ ਤੇ ਦੂਜੇ ਨਾਲ ਉਹਦਾ ਮੂੰਹ ਆਪਣੇ ਵੱਲੇ ਕਰਕੇ ਉਹ ਘਬਰਾਈ ਹੋਈ ਬੋਲੀ, "ਕੀ ਹੋ ਗਿਆ ਏ ਤੁਹਾਨੂੰ ? ਐਵੇਂ ਜਾਣ ਕੇ ਡਰਾਉਂਦੇ ਓ ਕਿ ਮੈਥੋਂ ਕੋਈ ਭੁੱਲ ਹੋ ਗਈ ਏ?"

ਐਤਕੀਂ ਹਰਪਾਲ ਨੇ ਅੰਦਰ ਦੀ ਗਰਮੀ ਨੂੰ ਬਾਹਰ ਨਿਕਲਨ ਵਾਸਤੇ ਰਾਹ ਦਿੱਤਾ ਤੇ ਵਿਅੰਗ ਪੂਰਕ ਸ਼ਬਦਾਂ ਵਿੱਚ ਕਿਹਾ, "ਤੁਹਾਥੋਂ ਵੀ ਕੋਈ ਭੁੱਲ ਹੋ ਸਕਦੀ ਏ?"

ਇਸ ਵਾਕ ਨੇ ਸੁਰਿੰਦਰ ਨੂੰ ਤੜਪਾ ਦਿੱਤਾ, ਖ਼ਾਸ ਕਰ ਇਸ ਬਹੁ ਵਚਨ ਸੰਬੋਧਨ ਨੇ। ਉਹ 'ਤੁਹਾਥੋਂ' ਦੀ ਥਾਂ 'ਤੈਥੋਂ' ਕਹਿੰਦਾ, ਤਾਂ ਫਿਰ ਵੀ ਉਹਨੂੰ ਐਨੀ

ਤਕਲੀਫ਼ ਨਾ ਹੁੰਦੀ। ਅੱਗੇ ਵੀ ਉਹ ਕਈ ਵਾਰ ਉਹਨੂੰ ਬਹੁ ਵਚਨ ਸੰਬੋਧਨ ਦੁਆਰਾ ਬੁਲਾਉਂਦਾ ਹੁੰਦਾ ਸੀ, ਓਦੋਂ, ਜਦੋਂ ਪਿਆਰ ਵਿਚ ਦੋਵੇਂ ਬੇਸੁੱਧ ਹੋਣ ਜਾਂ ਉਹਦੀਆਂ ਸਹੇਲੀਆਂ ਕੋਲ ਹੋਣ। ਪਰ ਅੱਜ ਦੋਹਾਂ ਵਿੱਚੋਂ ਕੋਈ ਕਾਰਨ ਵੀ ਨਹੀਂ ਸੀ। ਅੱਜ ਇਸ ਵਿੱਚ ਨਾਰਾਜ਼ਗੀ, ਗੁੱਸਾ, ਤਾਹਨਾ, ਵਿਅੰਗ–ਤੇ ਨਾ ਜਾਣਾ, ਹੋਰ ਕੀ ਕੁਛ–ਲੁਕਿਆ ਹੋਇਆ ਸੀ। ਕਿੰਨਾ ਚਿਰ ਸੁਰਿੰਦਰ ਚੁੱਪ ਚਾਪ ਪਤੀ ਦੇ ਚਿਹਰੇ ਵੱਲੇ ਬਿਤਰ ਬਿਤਰ ਝਾਕਦੀ ਰਹੀ। ਉਹਦੀ ਬੋਲਣ ਸ਼ਕਤੀ ਜਿਵੇਂ ਉਹਨੂੰ ਅਸਲੋਂ ਜਵਾਬ ਦੇ ਗਈ ਸੀ। ਉਹ ਇਸ ਬਾਰੇ ਬੜਾ ਕੁਛ ਸੋਚਦੀ, ਪਰ ਉਹਨੂੰ ਕੁਛ ਵੀ ਸਮਝ ਨਾ ਆਉਂਦੀ। ਨਾ ਉਹਨੂੰ ਬੋਲਣ ਵਾਸਤੇ ਕੋਈ ਸ਼ਬਦ ਅਹੁੜਦਾ ਸੀ ਤੇ ਨਾ ਚੁੱਪ ਹੀ ਰਿਹਾ ਜਾਂਦਾ ਸੀ। ਉਹ ਜ਼ਰਾ-ਕੁ ਹੋਰ ਪਤੀ ਵੱਲ ਉਲਰ ਕੇ ਬੋਲੀ, "ਵੇਖੋ ਨਾ, ਜੀ ! ਮੇਰਾ ਦਿਲ ਬੈਠਾ ਜਾਂਦਾ ਜੇ। ਕੋਈ ਗੱਲ ਏ, ਤਾਂ ਮੈਨੂੰ ਸਿੱਧੀ ਦੱਸ ਦਿਉ। ਅੰਤ ਮੈਂ ਤੇ ਤੁਸੀਂ ਕੋਈ ਦੋ ਤਾਂ ਨਹੀਂ।"

ਲੋਹੜੇ ਦਾ ਤਰਲਾ ਸੀ, ਉਹਦੀ ਬੋਲੀ ਵਿੱਚ, ਜਿਸ ਨੇ ਹਰਪਾਲ ਨੂੰ ਆਪਣੇ ਪੈਂਤੜੇ ਤੋਂ ਹਿਲਾ ਦਿੱਤਾ। ਉਹ ਹਜ਼ਾਰ ਯਤਨ ਕਰਨ 'ਤੇ ਵੀ ਓਧਰ ਤਕਣੋਂ ਅੱਖਾਂ ਨੂੰ ਨਾ ਰੋਕ ਸਕਿਆ। ਸਦਾ ਹੱਸਦੀ ਰਹਿਣ ਵਾਲੀ ਸੁਰਿੰਦਰ ਦੇ ਲੂੰ-ਲੂੰ ਵਿਚੋਂ ਉਹਨੂੰ ਦਰਦ ਸਿੰਮਦਾ ਨਜ਼ਰ ਆਇਆ। ਉਹ ਦਿਲ ਵਿੱਚ ਸੋਚਣ ਲੱਗਾ, 'ਕੀ ਇਸ ਥੋੜ੍ਹੀ ਜੇਹੀ ਗੱਲ ਨੇ ਇਹਦੇ ਸੁਹਲ ਦਿਲ ਉੱਤੇ ਏਨਾ ਅਸਰ ਕੀਤਾ ਏ ?' ਉਹਦਾ ਮਨ ਚਾਹਿਆ ਕਿ ਹੱਸ ਕੇ ਕਹਿ ਦੇਵੇ, 'ਮੇਰੀ ਲਾਜਵੰਤੀ! ਕੁਮਲਾ ਨਾ। ਕੋਈ ਖ਼ਾਸ ਗੱਲ ਨਹੀਂ।' ਪਰ ਕੁਛ ਸੋਚ ਕੇ ਥੋੜ੍ਹਾ ਜਿਹਾ ਸਮਾਂ ਉਹਨੇ ਓਸੇ ਤਰ੍ਹਾਂ ਬਣੇ ਰਹਿਣ ਦਾ ਮਨ ਨਾਲ ਫ਼ੈਸਲਾ ਕਰ ਲਿਆ। ਹੁਣ ਪਹਿਲਾਂ ਵਰਗੀ ਨਾਰਾਜ਼ਗੀ ਉਹਦੇ ਦਿਲ ਵਿੱਚ ਨਹੀਂ ਸੀ। ਉਹ ਬਣਾਉਟੀ ਗ਼ੁੱਸਾ ਅੱਖਾਂ ਰਾਹੀਂ ਬਾਹਰ ਉਗਲਦਾ ਹੋਇਆ ਬੋਲਿਆ, "ਪਰ ਤੂੰ ਉਹਦਾ ਸਹੇਲਪੁਣਾ ਛੱਡਣਾ ਏਂ, ਜਾਂ ਨਹੀਂ ?"

ਸੁਰਿੰਦਰ ਨੂੰ ਕਾਰਨ ਦਾ ਪਤਾ ਲੱਗਾ। ਉਹਦੀ ਘਬਰਾਹਟ ਕੁਛ ਘਟੀ। ਉਹ ਜ਼ਰਾ ਉਤਸ਼ਾਹ ਭਰੀ 'ਵਾਜ ਵਿਚ ਬੋਲੀ, "ਏ ਜੀ ! 'ਜਾਂ ਨਹੀਂ' ਦਾ ਕੀ ਅਰਥ ? ਇਸਤਰੀ ਤਾਂ ਪਤੀ ਬਦਲੇ ਬਾਕੀ ਸਾਰੀ ਦੁਨੀਆਂ ਦਾ ਸਹੇਲਪੁਣਾ ਛੱਡ ਸਕਦੀ ਏ। ਅੱਗੇ ਵੀ ਕਦੇ ਤੁਹਾਡੀ ਆਗਿਆ ਦਾ ਦਾਸੀ ਨੇ ਉਲੰਘਣ ਕੀਤਾ ਏ?"

ਇਕ ਵਾਰ ਫਿਰ ਹਰਪਾਲ ਦਾ ਮੁਸਕਰਾਉਣ ਨੂੰ ਦਿਲ ਕਰ ਆਇਆ। ਉਹਨੂੰ ਦੋ ਸ਼ਬਦ 'ਏ ਜੀ !' ਤੇ 'ਦਾਸੀ' ਉਚੇਚੇ ਤੇ ਚੰਗੇ ਲੱਗੇ। ਉਹਨੇ ਸੁਰਿੰਦਰ ਦੀਆਂ ਅੱਖਾਂ ਵਿਚ ਤਕਿਆ, ਪਰ ਛੇਤੀ ਹੀ ਅੱਖਾਂ ਨੀਵੀਆਂ ਕਰ ਲਈਆਂ। ਨਾਲ ਹੀ ਉਹਨੂੰ ਦਿਲ ਪ੍ਰਗਟ ਕਰਨ ਵਾਸਤੇ ਇਕ ਨਵਾਂ ਮਜ਼ਮੂਨ ਲੱਭ ਗਿਆ। ਉਹ ਬੋਲਿਆ, "ਕੀ ਹਰ ਇਕ ਇਸਤਰੀ ਹੀ ਇਕ ਪਤੀ ਬਦਲੇ ਬਾਕੀ ਦੁਨੀਆਂ ਛੱਡ ਸਕਦੀ ਏ?"

ਸੁਰਿੰਦਰ ਸਮਝ ਗਈ ਕਿ ਇਹ ਸਵਾਲ ਨਹੀਂ, ਬਹਿਸ ਦਾ ਮੁਢ ਹੈ। ਉਹ ਜ਼ਰਾ ਸੰਭਲ ਕੇ ਬੋਲੀ, "ਜੇ ਉਸ ਜੋੜੀ ਨੂੰ ਇਸਤਰੀ ਪਤੀ ਕਿਹਾ ਜਾ ਸਕੇ ਤਾਂ।"

"ਅਜਿਹੇ ਜੋੜੇ ਵੀ ਹੁੰਦੇ ਨੇ, ਜੋ ਹੁੰਦੇ ਹੋਏ ਵੀ ਪਤੀ-ਪਤਨੀ ਨਹੀਂ ਹੁੰਦੇ ?"

"ਕਿਉਂ ਨਹੀਂ।"

"ਤਾਂ ਚੰਦੋ ਦੇ ਗੰਡਾ ਸਿੰਘ ਪਤੀ-ਪਤਨੀ ਨਹੀਂ ਸਨ. ?"

"ਮਰਦ ਦੇ ਬਣਾਏ ਹੋਏ ਸਮਾਜ ਦੀ ਗੱਲ ਪੁੱਛਦੇ ਓ, ਜਾਂ ਕੁਦਰਤ ਦੇ ?"

"ਮਰਦ ਦਾ ਬਣਾਇਆ ਹੋਇਆ ਸਮਾਜ ਝੂਠਾ ਹੈ ?"

"ਪਹਿਲਾਂ ਇਹ ਦੱਸ ਲਵੋ ਕਿ ਇਸਤਰੀ ਨੂੰ ਇਸ ਪ੍ਰਸ਼ਨ ਦਾ ਉੱਤਰ ਦੇਣ ਦਾ ਹੱਕ ਹੈ?"

"ਹੱਕ ਕਿਉਂ ਨਹੀਂ, ਜਦ ਦੋਹਾਂ ਦਾ ਬਰਾਬਰ ਦਾ ਦਰਜਾ ਏ।"

"ਇਹ ਤੁਹਾਡਾ ਚੰਗਾ ਦਿਲ ਬੋਲ ਰਿਹਾ ਏ, ਜਾਂ ਗੁਰਬਾਣੀ ਦੀ ਸਿੱਖਿਆ। ਨਹੀਂ ਤਾਂ ਆਮ ਮਰਦ ਤੇ ਇਸਤਰੀ ਵਿੱਚ ਬਰਾਬਰ ਦਾ ਦਰਜਾ ਕਹਿਣ ਮਾਤਰ ਹੈ, ਅਮਲੀ ਤੌਰ 'ਤੇ ਨਹੀਂ।"

"ਕਿਵੇਂ ?"

"ਕਿਤੇ ਸੱਠ ਸਾਲ ਦੀ ਬਿਰਧ ਇਸਤਰੀ ਤੇ ਪੰਦਰਾਂ-ਸੋਲ੍ਹਾਂ ਸਾਲ ਦੇ ਗਭਰੂ ਮਰਦਾਂ ਦੇ ਲਾਵਾਂ ਫੇਰੇ ਹੋਏ ਨੇ?"

ਹਰਪਾਲ ਇਕ ਨਵੀਂ ਉਲਝਣ ਵਿੱਚ ਪੈ ਗਿਆ ਤੇ ਸੱਚਾਈ ਮੱਲੋ-ਮੱਲੀ ਉਹਦੇ ਮੂੰਹੋਂ ਨਿਕਲ ਗਈ, "ਨਹੀਂ।"

"ਤੇ ਚੰਦੋ ਤੇ ਉਹਦੇ ਪਤੀ ਦੀ ਉਮਰ ਦਾ ਕਿੰਨਾ-ਕੁ ਫ਼ਰਕ ਸੀ ?"

ਹਰਪਾਲ ਨੂੰ ਉਤਰ ਕੋਈ ਨਾ ਅਹੁੜਿਆ।

"ਕੀ ਇਕ ਇਸਤਰੀ ਨੂੰ ਇਕ ਸਮੇਂ ਇਕ ਤੋਂ ਵੱਧ ਪਤੀ ਰੱਖਣ ਦਾ ਹੱਕ ਏ?"

"ਤਾਂ ਤੁਸੀਂ ਹੁਣ ਇਹ ਹੱਕ ਚਾਹੁੰਦੀਆਂ ਓ?"

"ਇਹ ਸਵਾਲ ਦਾ ਜਵਾਬ ਨਹੀਂ। ਇਸ ਵਿਚ ਮਰਦਾਵਾਂ ਰੋਅਬ ਬੋਲ ਰਿਹਾ ਏ। ਇਸ ਵਾਰਤਾਲਾਪ ਦਾ ਸੁਰਿੰਦਰ ਤੇ ਉਹਦੇ ਪਤੀ ਦੇਵ ਨਾਲ ਸੰਬੰਧ ਨਹੀਂ, ਮਰਦ ਤੇ ਇਸਤਰੀ ਨਾਲ ਹੈ। ਤੇ ਜੇ ਤੁਸਾਂ ਵੀ ਨਿਰੇ ਇਕ ਮਰਦ ਬਣ ਕੇ ਈ ਚਰਚਾ ਕਰਨੀ ਏਂ, ਤਾਂ ਇਸਤਰੀ ਨੂੰ ਚੁੱਪ ਕਰਾਉਣ ਵਾਸਤੇ ਕਿਸੇ ਯੁਕਤੀ ਦੀ ਲੋੜ ਨਹੀਂ, ਇਕ ਝਿੜਕ ਈ ਕਾਫ਼ੀ ਏ।"

"ਤੇਰਾ ਮਤਲਬ, ਕਿ ਵੇਦ-ਸ਼ਾਸਤਰ ਦੀ ਮਰਯਾਦਾ ਸਭ ਝੂਠੀ ਹੈ।"

"ਝੂਠੀ ਨਾ ਸਹੀ, ਇਕ-ਦਾਈ ਜ਼ਰੂਰ ਹੈ। ਕਿਉਂਕਿ ਸਭ ਸ਼ਾਸਤਰਾਂ ਦਾ ਕਰਤਾ ਮਰਦ ਹੈ। ਤੇ ਕਾਨੂੰਨ ਘੜਨ ਲੱਗਿਆਂ ਹਰ ਕੋਈ ਆਪਣਾ ਲਾਭ ਮੁਖ ਰੱਖਦਾ ਏ।"

"ਤਾਂ ਤੇਰੇ ਖ਼ਿਆਲ ਵਿੱਚ ਇਸਤਰੀਆਂ ਨੂੰ ਪਤੀ-ਬ੍ਰਤ ਨਹੀਂ ਰਹਿਣਾ ਚਾਹੀਦਾ, ਇਹ ਐਵੇਂ ਢਕੋਂਸਲਾ ਏ।"

"ਮਿਹਣਿਆਂ 'ਤੇ ਨਾ ਨਾ ਆਓ ਹੁਣ। ਪਤੀ-ਬ੍ਰਤ ਇਸਤਰੀ ਦਾ ਸਭ ਤੋਂ ਉਤਮ ਸ਼ਿੰਗਾਰ ਏ। ਪਰ ਮੈਂ ਪੁੱਛਦੀ ਆਂ ਕਿ ਇਹ ਸ਼ਿੰਗਾਰ ਮਰਦ ਨੂੰ ਕਿਉਂ ਨਹੀਂ ਸੁਖਾਉਂਦਾ ?"


WWW.SIKHBOOKCLUB.COM

"ਮਰਦ ਨੂੰ ਬਚਲਣ ਹੋਣ ਵਾਸਤੇ ਕੌਣ ਕਹਿੰਦਾ ਏ?"

"ਓ ਜੀ ! ਮਰਦ ਤਾਂ ਬਦਚਲਣ ਹੁੰਦਾ ਈ ਨਹੀਂ। ਇਹ ਕਲੰਕ ਇਸਤਰੀ ਵਾਸਤੇ ਹੀ ਹੈ। ਮਰਦ ਇਕ ਦੇ ਹੁੰਦਿਆਂ ਦੂਜੀ, ਤੀਜੀ, ਚੌਥੀ....ਗਿਣਤੀ ਦੀ ਗੱਲ ਈ ਨਹੀਂ—ਵਿਆਹ ਸਕਦਾ ਏ ਤੇ ਜਦੋਂ ਚਾਹਵੇ, ਉਹਨਾਂ ਨੂੰ ਤਿਆਗ ਵੀ ਸਕਦਾ ਏ, ਪਰ ਇਸਤਰੀ ਇਕ ਵਾਰ ਬੁੱਢੇ, ਰੋਗੀ, ਐਬੀ, ਭਾਵੇਂ ਕਿਸੇ ਤਰ੍ਹਾਂ ਦੇ ਮਰਦ ਦੇ ਲੜ ਲਾ ਦਿੱਤੀ ਜਾਵੇ, ਤਾਂ ਮੌਤ ਤੋਂ ਉਰੇ ਉਹਦਾ ਛੁਟਕਾਰਾ ਨਹੀਂ। ਮਰਦ ਕਿਸੇ ਨਾਲ ਵੀ ਕੋਈ ਸੰਬੰਧ ਰੱਖੇ, ਤਾਂ ਉਹ ਨਿਹਕਲੰਕ ਹੈ, ਉਲਾਮ੍ਹੇ ਤੋਂ ਬਰੀ ਹੈ, ਉਸ ਨੂੰ ਪੁੱਛਣ ਵਾਲਾ ਕੋਈ ਨਹੀਂ, ਪਰ ਇਸਤਰੀ ਤੋਂ ਮਜਬੂਰੀ ਜਾਂ ਭੁੱਲ ਭੁਲੇਖੇ ਕੋਈ ਗੱਲ ਹੋ ਜਾਵੇ ਤਾਂ ਉਹ ਬਦਚਲਣ, ਦੁਰਾਚਾਰਨ, ਪਾਪਣ, ਤੇ ਹੋਰ—ਰੱਬ ਜਾਣੇ—ਕੀ ਕੀ ਖ਼ਿਤਾਬ ਉਹਦੇ ਨਾਮ ਨਾਲ ਮੜ੍ਹੇ ਜਾਂਦੇ ਨੇ।"

"ਤੇਰੇ ਖ਼ਿਆਲ ਵਿੱਚ ਤਾਂ ਫਿਰ ਚੰਦੋ ਦਾ ਗੁਨਾਹ ਕੋਈ ਨਾ ਹੋਇਆ?"

"ਜੇ ਤੁਸੀਂ ਮੈਥੋਂ ਪੁੱਛਦੇ ਓ, ਤਾਂ ਮੈਂ ਉਹਨੂੰ ਹਜ਼ਾਰ ਵਾਰ ਗੁਨਾਹਗਾਰ ਕਹਾਂਗੀ, ਤੇ ਜੇ ਮੇਰੀ ਆਤਮਾ ਤੋਂ ਪੁੱਛੋ, ਤਾਂ ਉਹ ਨਿਰਦੋਸ਼ ਹੈ।"

"ਕਿਉਂ ?"

"ਕਿਉਂਕਿ ਮੈਂ ਤੁਹਾਡੀ ਦਾਸੀ ਹਾਂ ਤੇ ਮੇਰੀਆਂ ਨਜ਼ਰਾਂ ਵਿੱਚ ਹਰ ਕੋਈ ਓਸੇ ਤਰ੍ਹਾਂ ਦਾ ਹੈ, ਜਿਸ ਤਰ੍ਹਾਂ ਦਾ ਉਹ ਮੇਰੇ ਪਤੀ ਦੇ ਖ਼ਿਆਲ ਵਿੱਚ ਹੈ। ਪਰ ਮੇਰੀ ਆਤਮਾ ਇਸਤਰੀ ਦੀ ਆਤਮਾ ਹੈ।"

"ਤਾਂ ਇਸਤਰੀ ਜਾਤੀ ਦੇ ਸਿਧਾਂਤ ਅਨੁਸਾਰ ਉਹ ਵਿਭਚਾਰਨ ਨਹੀਂ।"

"ਮੈਂ ਉਸ ਦੇ ਵਿਭਚਾਰਨ ਹੋਣ ਜਾਂ ਨਾ ਹੋਣ 'ਤੇ ਬਹਿਸ ਨਹੀਂ ਕਰ ਰਹੀ, ਮੈਂ ਉਸ ਨੂੰ ਨਿਰਦੋਸ਼ ਕਿਹਾ ਹੈ। ਉਸ ਨੇ ਜੋ ਵੀ ਕੀਤਾ ਹੈ, ਚਾਅ ਨੂੰ ਨਹੀਂ ਕੀਤਾ। ਉਸ ਨਾਲ ਧੱਕਾ ਕੀਤਾ ਗਿਆ ਹੈ। ਉਹਨੇ ਆਪਣਾ ਸਤ ਵੇਚਿਆ ਨਹੀਂ। ਹਾਂ, ਉਹ ਇਕ ਰਾਕਸ਼ ਤੋਂ ਆਪਣਾ ਸਤ ਬਚਾ ਨਹੀਂ ਸਕੀ, ਪਰ ਮੈਂ ਪੁੱਛਦੀ ਆਂ ਕਿ ਇਸ ਵਿੱਚ ਵੀ ਇਸਤਰੀ ਦਾ ਵਾਧਾ ਹੈ ਜਾਂ ਮਰਦ ਦਾ ?"

ਹਰਪਾਲ ਨੂੰ ਆਪਣੀ ਪੂਰੀ ਹਾਰ ਹੁੰਦੀ ਦਿੱਸੀ। ਇਸ ਪ੍ਰਸ਼ਨ ਦਾ ਉਹਦੇ ਕੋਲ ਕੋਈ ਉੱਤਰ ਨਹੀਂ ਸੀ। ਫਿਰ ਵੀ ਉਹ ਐਡੀ ਛੇਤੀ ਹਾਰ ਮੰਨਣ ਵਾਸਤੇ ਤਿਆਰ ਨਾ ਹੋਇਆ। ਉਹਨੇ ਗੱਲ ਨੂੰ ਹੋਰ ਪਾਸੇ ਤੋਰਨ ਵਾਸਤੇ ਕਿਹਾ, "ਤੇ ਪਤੀ ਨੂੰ ਅਫ਼ੀਮ ਦੇਣੀ ਵੀ ਚੰਦੋ ਦਾ ਗੁਨਾਹ ਨਹੀਂ ਸੀ?"

ਸੁਰਿੰਦਰ ਉਸ ਵੱਲ ਵੇਖ ਕੇ ਮੁਸਕਰਾ ਪਈ, ਜਿਵੇਂ ਨਿਗ੍ਹਾ ਹੀ ਨਿਗ੍ਹਾ ਵਿੱਚ ਕਹਿ ਰਹੀ ਹੋਵੇ ਕਿ ਇਹ ਉਸ ਸਵਾਲ ਦਾ ਜਵਾਬ ਹੈ ? ਕਹਿਣ ਲੱਗੀ, "ਕੋਈ ਹੋਰ ਵੀ ਦੂਸ਼ਣ ਲੱਭਦਾ ਏ, ਤਾਂ ਲੱਭ ਲਵੋ। ਅਫ਼ੀਮ ਦੇਣਾ ਪਾਪ ਏ ਤੇ ਨਿਤ ਨਵੇਂ ਸੂਰਜ ਗਾਲ੍ਹੀਂ, ਮਿਹਣੇ, ਹੱਡ ਤੋੜਨੇ, ਪੁੰਨ ਏਂ। ਪਰ ਇਹ ਮਰਦ ਤੇ ਮਰਦ ਦੇ ਬਣਾਏ ਹੋਏ ਸਮਾਜ ਦੀ ਵਰਤੋਂ ਏ ਨਾ ! ਇਸਤਰੀ ਨੂੰ ਉਭਾਸਰਨ ਦਾ ਵੀ ਹੱਕ ਨਹੀਂ ਤੇ ਮਰਦ ਨੂੰ—ਗਾਲ੍ਹੀਂ ਦੇਣ ਦਾ, ਝੂਠੀਆਂ ਊਜਾਂ ਲਾਉਣ ਦਾ, ਮਾਰਨ ਕੁਟਣ ਦਾ—ਸਭ ਕਾਸੇ

ਦਾ ਹੱਕ ਹਾਸਲ ਹੈ। ਮੁੱਲ ਖ਼ਰੀਦੀ ਹੋਈ ਚੰਦੋ ਤੰਗ ਆ ਕੇ ਅਫ਼ੀਮ ਦੇਣ ਲੱਗੀ ਸੀ, ਤੇ ਉਹਦੇ ਅੰਦਰ ਵਸਦੀ ਇਸਤਰੀ ਨੇ ਪਤੀ ਦੇ ਮੂੰਹ ਕੋਲ ਜਾਣ ਤੋਂ ਪਹਿਲਾਂ ਹੀ ਜ਼ਹਿਰ ਦਾ ਪਿਆਲਾ ਖੋਹ ਕੇ ਤੋੜ ਦਿੱਤਾ, ਪਰ ਉਹਦੀ ਡਾਂਗਾਂ ਨਾਲ ਲਹੂ ਲੁਹਾਨ ਹੋਈ-ਹੋਈ ਲੁਛਦੀ ਲੋਥ ਨੂੰ ਵੇਖ ਕੇ ਮਰਦ ਨੂੰ ਤਰਸ ਨਾ ਆਇਆ?"

"ਮੈਂ ਮੰਨਦਾ ਹਾਂ ਕਿ ਗੰਡਾ ਸਿੰਘ ਚੰਗਾ ਨਹੀਂ ਸੀ ਕਰਦਾ, ਪਰ ਚੰਦੋ ਨੂੰ ਆਪਣਾ ਫ਼ਰਜ਼ ਪਛਾਨਣਾ ਚਾਹੀਦਾ ਸੀ ਨਾ ਕਿ ਉਹਦੇ ਮਗਰ ਜਾਣਾ ਚਾਹੀਦਾ ਸੀ?"

"ਫ਼ਰਜ਼ ਦੀ ਕੈਦ ਨਿਰੀ ਚੰਦੋ ਵਾਸਤੇ ਹੀ ਸੀ ਜਾਂ ਕਿਸੇ ਹੋਰ ਵਾਸਤੇ ਵੀ ? ਪਹਿਲਾਂ ਉਹਦੇ ਮਾਪਿਆਂ ਕੀ ਫ਼ਰਜ਼ ਪਛਾਣਿਆਂ ? ਪੈਸਿਆਂ ਦੇ ਲਾਲਚ ਪਿੱਛੇ ਉਸ ਮਲੂਕੜੀ ਨੂੰ ਬੁੱਢੇ ਢੋਰ ਦੇ ਗਲ ਨਰੜ ਕਰ ਦਿੱਤਾ। ਬਾਬਾ-ਪੋਤਰੀ ਨੂੰ ਸਮਾਜ ਨੇ ਪਤੀ-ਪਤਨੀ ਬਣਨ ਵਾਸਤੇ ਮਜਬੂਰ ਕਰ ਦਿੱਤਾ। ਜਿਸਦੀ ਛਾਤੀ ਵਿੱਚ ਦਿਲ ਹੈ, ਉਹ ਇਸ ਕਾਨੂੰਨ ਨੂੰ ਮੰਨਣ ਲਈ ਤਿਆਰ ਹੋਵੇਗਾ ? ਜੇ ਫਿਰ ਅਸੀਂ ਇਹ ਆਸ ਰੱਖੀਏ ਕਿ ਜੁਆਨੀ ਬੁਢਾਪੇ ਨੂੰ ਦਿਲੋਂ ਪਿਆਰ ਕਰੇ ਜਾਂ ਪਤੀ-ਬ੍ਰਤ ਰਹੇ ਤਾਂ ਇਹ ਇਨਸਾਫ਼ ਏ? ਉਸ ਬੁੱਢੇ ਦਾ ਨਿਤ ਦਾ ਸਲੂਕ ਬੰਦਿਆਂ ਵਾਲਾ ਸੀ ? ਕੀ ਉਹ ਤੰਗ ਆ ਕੇ ਹੀ ਖੂਹ ਵਿਚ ਨਹੀਂ ਜਾ ਡਿੱਗੀ ਸੀ ? ਅਫ਼ੀਮ ਦਾ ਮਿਹਣਾ ਦੇਂਦੇ ਓ, ਪਰ ਇਹ ਕੁਛ ਕਰਨ ਵਾਸਤੇ ਉਹਨੂੰ ਮਜਬੂਰ ਕੀਹਨੇ ਕੀਤਾ ਸੀ ? ਤੇ ਅਖ਼ੀਰੀ ਗੱਲ : ਵਿਭਚਾਰ ਦੀ। ਕੀ ਉਸ ਦੁਸ਼ਟ ਨੇ ਬਦੋ-ਬਦੀ ਉਹਦਾ ਸਤ ਨਹੀਂ ਤੋੜਿਆ ? ਮਾਈ ਜਵੰਦੀ ਤੇ ਪੰਡਤ ਨੇ ਉਹਨੂੰ ਧਰਮੋ ਡੇਗਣ ਵਾਸਤੇ ਅੱਡੀ ਚੋਟੀ ਦਾ ਜ਼ੋਰ ਨਹੀਂ ਲਾਇਆ? ਜੇ ਨਿਰਬਲ ਚਿੜੀ ਨਿਰਦਈ ਬਾਜ਼ ਤੋਂ ਆਪਣੇ ਪ੍ਰਾਣ ਨਾ ਬਚਾ ਸਕੇ ਤਾਂ ਉਹਨੂੰ ਗੁਨਾਹਗਾਰ ਕਹੋਗੇ? ਵਿਚਾਰੇ ਸੂਰਤ ਦੀ ਮੌਤ ਤੇ ਮਨਜੀਤ ਦੀ ਤਬਾਹੀ ਦਾ ਕਾਰਨ ਚੰਦੋ ਹੈ ਜਾਂ ਕੋਈ ਹੋਰ ? ਤੁਹਾਡੇ ਇਨਸਾਫ਼ 'ਤੇ ਈ ਛੱਡ ਦੇਈਏ ਤਾਂ ਤੁਸੀਂ ਉਸਨੂੰ ਪਾਪਣ ਕਹੋਗੇ, ਜਾਂ ਦੇਵੀ ?"

ਹਰਪਾਲ ਦੇ ਹਾਰਨ ਵਿੱਚ ਕੋਈ ਵੀ ਕਸਰ ਨਹੀਂ ਰਹਿ ਗਈ ਸੀ, ਪਰ ਆਖ਼ਰ ਉਹ ਮਰਦ ਸੀ ਤੇ ਮਰਦ ਵਿੱਚ ਇਹ ਸੁਭਾਵਕ ਕਮਜ਼ੋਰੀ ਹੈ ਕਿ ਉਹ ਇਸਤਰੀ ਕੋਲੋਂ ਹਾਰਿਆ ਹੋਇਆ ਵੀ ਹਾਰ ਮੰਨਣ ਨੂੰ ਤਿਆਰ ਨਹੀਂ ਹੁੰਦਾ। ਉਹ ਅੱਗੋਂ ਕੁਛ ਕਹਿਣਾ ਚਾਹੁੰਦਾ ਸੀ, ਪਰ ਕਹੇ ਕੀ ? ਉਹਨੂੰ ਚੁੱਪ ਵੇਖ ਕੇ ਸੁਰਿੰਦਰ ਨੂੰ ਸ਼ਰਾਰਤ ਸੁੱਝੀ। ਉਹਦੀਆਂ ਅੱਖਾਂ ਵਿੱਚ ਤਕ ਕੇ ਮੁਸਕਰਾਉਂਦੀ ਹੋਈ ਬੋਲੀ, "ਜੀ !"

ਇਸ 'ਜੀ' ਦਾ ਅਰਥ ਉਸ ਨੂੰ ਵੰਗਾਰਨਾ ਸੀ ਕਿ ਹੁਣ ਦਿਓ ਉੱਤਰ। ਹਰਪਾਲ ਨੂੰ ਮਰਦਾਨਾ ਅਣਖ ਨੇ ਟੁੰਬਿਆ ਤੇ ਉਹ ਫਿਰ ਗੁੱਸੇ ਵਿੱਚ ਆ ਕੇ ਬੋਲਿਆ, "ਇਸ 'ਜੀ' ਦਾ ਅਰਥ ਤਾਂ ਹੋਇਆ ਕਿ ਤੂੰ ਉਹਦਾ ਸਹੇਲਪੁਣਾ ਛੱਡਣਾ ਨਹੀਂ ਚਾਹੁੰਦੀ, ਸਗੋਂ ਹਿੱਕ ਦੇ ਤਾਣ ਰੱਖਣਾ ਚਾਹੁੰਦੀ ਏਂ। ਮੇਰੀ ਹੋਂਠੀ ਦਾ ਤੇਰੇ ਸਾਮ੍ਹਣੇ ਕੋਈ ਮੁੱਲ ਨਹੀਂ।"

ਸੁਰਿੰਦਰ ਸੁਹਲ ਕਲੀ ਇਹਨਾਂ ਗੁੱਸੇ ਭਰੇ ਵਾਕਾਂ ਦੀ ਗਰਮੀ ਨਾਲ ਕੁਮਲਾ


WWW.SIKHBOOKCLUB.COM 

ਗਈ ਤੇ ਗੱਲ ਨੂੰ ਸੁਖਾਵੇਂ ਪਾਸੇ ਪਰਤਣ ਵਾਸਤੇ ਬੋਲੀ, "ਹੁਣ ਖੋਟਿਆਂ ਹਥਿਆਰਾਂ 'ਤੇ ਆ ਗਏ ਓਂ ਨਾ। ਮਰਦ ਜਦੋਂ ਹਾਰ ਜਾਂਦਾ ਏ, ਓਦੋਂ ਗ਼ੁਸੇ ਹੋ ਪੈਂਦਾ ਏ। ਤੇ ਜਦੋਂ ਮਰਦ ਨੂੰ ਗ਼ੁੱਸਾ ਆਵੇ, ਉਹ ਇਸਤਰੀ 'ਤੇ ਕੱਢ ਲੈਂਦਾ ਏ। ਪਰ ਵਿਚਾਰੀ ਇਸਤਰੀ ਨੂੰ ਗ਼ੁੱਸਾ ਆਵੇ ਤਾਂ ਉਹ ਰੋ ਧੋ ਕੇ ਠੰਢਾ ਕਰ ਲੈਂਦੀ ਏ। ਲੜਨ ਵਾਸਤੇ ਇਸਤਰੀ ਕੋਲ ਇਕੋ ਹਥਿਆਰ ਹੰਝੂ ਹੀ ਹਨ ਤੇ ਮਰਦ ਕੋਲ ਧੱਫਾ, ਮੁੱਕੀ, ਡੰਡਾ, ਸੋਟਾ, ਬਹੁਤ ਕੁਛ। ਤੁਸੀਂ ਹੁਣ ਮੇਰੇ ਹੰਝੂ ਵੇਖਣੇ ਚਾਹੁੰਦੇ ਓ।"

"ਤਾਂ ਮੈਂ ਵੀ ਉਹਨਾਂ ਮਰਦਾਂ ਵਿਚੋਂ ਈ ਹੋਵਾਂਗਾ, ਮਾਰਨ ਕੁੱਟਣ ਵਾਲਾ।" ਹਰਪਾਲ ਨੇ ਜ਼ਰਾ ਖਿੱਝ ਕੇ ਕਿਹਾ।

ਇਸ ਵਿਚ ਉਹਨੇ ਅਹਿਸਾਨ ਜਤਾਇਆ ਸੀ ਕਿ ਮੈਂ ਤੈਨੂੰ ਅੱਜ ਤਕ ਮਾਰਿਆ ਜਾਂ ਬੁਰਾ ਤਕ ਨਹੀਂ ਕਿਹਾ। ਸੁਰਿੰਦਰ ਦਾ ਪਹਿਲਾਂ ਤਾਂ ਦਿਲ ਚਾਹਿਆ, ਕਿ ਓਸੇ ਤਰ੍ਹਾਂ ਏਸ ਗੱਲ ਦਾ ਵੀ ਉੱਤਰ ਦੇਵੇ, ਪਰ ਹੁਣ ਉਹ ਇਸ ਬਹਿਸ ਨੂੰ ਵਧੇਰੇ ਲੰਮਾ ਨਹੀਂ ਸੀ ਕਰਨਾ ਚਾਹੁੰਦੀ। ਉਹਨੇ ਗੱਲ ਨੂੰ ਹਾਸੇ ਵਿਚ ਬਦਲਣ ਦੇ ਖ਼ਿਆਲ ਨਾਲ ਕਿਹਾ, "ਵੇਖੋ ਜੀ ! ਬਹਿਸ ਤੁਹਾਡੀ ਮੇਰੇ ਨਾਲ ਏ, ਤੁਹਾਨੂੰ ਇਹ ਹੱਕ ਨਹੀਂ, ਕਿ ਤੁਸੀਂ ਮੇਰੇ ਪਤੀ ਦੀ ਸ਼ਾਨ ਵਿੱਚ ਕੁਛ ਕਹੋ। ਮੈਂ ਇਹ ਨਹੀਂ ਸੁਣ ਸਕਦੀ। ਮੇਰਾ ਪਤੀ ਦੇਵਤਾ ਹੈ, ਪਿਆਰ ਦਾ ਮੁਜੱਸਮਾ ਏਂ, ਮਿਠਬੋਲਾ ਏ, ਉਹ ਮੇਰਾ ਸੱਜਣ-ਸੁਆਮੀ। ਪਰ ਮੈਂ ਇਕ ਵੇਰਾਂ ਇਕ ਮਰਦ ਨੂੰ ਪਿਆਰ ਕੀਤਾ ਸੀ ਤਾਂ ਕੀ ਨਗੂਣੀ ਇਕ ਗਿੱਠ ਟਾਕੀ—ਰੁਮਾਲ—ਜਿਸ ਬਦਲੇ ਉਹਦੇ ਕੋਲੋਂ ਗੁੱਤ ਪੁਟਵਾਈ ਤੇ ਧੌਲ੍ਹਾਂ ਖਾਧੀਆਂ ਸਨ।"

ਬੜੀ ਮਿੱਠੀ ਟਕੋਰ ਸੀ, ਜੋ ਹਰਪਾਲ ਨੂੰ ਫੁੱਲਾਂ ਨਾਲੋਂ ਵੀ ਕੋਮਲ ਜਾਪੀ। ਉਹਨੂੰ ਬਚਪਨ ਯਾਦ ਆ ਗਿਆ। ਛੋਟੀ ਜਿਹੀ ਸੁਰਿੰਦਰ ਉਹਦੀਆਂ ਅੱਖਾਂ ਵਿਚ ਆ ਵਸੀ। ਉਹਦਾ ਚਿੱਤ ਚਾਹਿਆ ਕਿ ਓਸੇ ਛਿੱਨ ਉਹਨੂੰ ਗਲਵਕੜੀ ਵਿਚ ਘੁੱਟ ਲਵੇ। ਹੁਣ ਉਹਦੇ ਦਿਲ ਵਿੱਚ ਗ਼ੁੱਸਾ ਨਹੀਂ, ਕੇਵਲ ਪਿਆਰ ਹੀ ਪਿਆਰ ਬਾਕੀ ਰਹਿ ਗਿਆ ਸੀ। ਉਹ ਇਸ ਸੁਆਦ ਨੂੰ ਜ਼ਰਾ ਹੋਰ ਵਧਾਉਣ ਵਾਸਤੇ ਕਹਿਣ ਲੱਗਾ, "ਸੁਰਿੰਦਰ ! ਮੈਂ ਤੇਰੀਆਂ ਸਾਰੀਆਂ ਮੰਨ ਲੈਂਦਾ ਹਾਂ। ਚੰਦੋ ਨਿਰਦੋਸ਼ ਸਹੀ, ਮੈਂ ਤੈਨੂੰ ਉਹਦਾ ਦਰਦ ਵੰਡਾਉਣ ਤੋਂ ਨਹੀਂ ਰੋਕਦਾ, ਪਰ ਇਕ ਗੱਲ ਦੱਸ। ਉਹਦੇ ਵਾਂਗ ਤੂੰ ਵੀ ਕਿਸੇ ਬੁੱਢੇ ਨਾਲ ਵਿਆਹੀ ਜਾਂਦੀਓਂ ਤਾਂ ਫੇਰ ?"

"ਫਿਰ ਮੈਂ ਤੁਹਾਨੂੰ ਪਿਆਰ ਕਰਦੀ ।" ਸੁਰਿੰਦਰ ਪਤੀ ਦੀ ਛਾਤੀ 'ਤੇ ਸਿਰ ਸੁੱਟ ਕੇ ਬੋਲੀ।

ਸਾਰੇ ਰੁਸੇਵੇਂ ਦਾ ਇਕੋ ਵਾਕ ਨੇ ਮੁੱਲ ਮੋੜ ਦਿੱਤਾ, ਤੇ ਉਹ ਦੋਵੇਂ....।

## ੩੫

ਸੂਰਤ ਦੇ ਕਤਲ ਦੇ ਮੁਕੱਦਮੇ ਦਾ ਛੇਤੀ ਫ਼ੈਸਲਾ ਹੋ ਗਿਆ। ਮੌਕੇ ਦਾ ਮੋਢੀ ਗਵਾਹ ਚੰਦੋ ਸੀ, ਜਿਸ ਦੇ ਬਿਆਨਾਂ ਉਤੇ ਅਦਾਲਤ ਨੇ ਦੂਲਾ ਸਿੰਘ ਨੂੰ ਮੌਤ ਦੀ



WWW.SIKHBOOKCLUB.COM 

ਸਜ਼ਾ ਦਿੱਤੀ। ਉਹਦੀ ਅਪੀਲ ਵੀ ਹਾਈਕੋਰਟ ਨੇ ਨਾ-ਮਨਜ਼ੂਰ ਕਰ ਦਿੱਤੀ। ਅੰਤ ਉਹ ਦਿਨ ਆ ਗਿਆ ਜਾਂ ਆਪਣੇ ਕਰਮਾਂ ਦਾ ਫਲ ਭੋਗਣ ਵਾਸਤੇ ਉਸਨੂੰ ਫਾਂਸੀ 'ਤੇ ਲਟਕਣਾ ਪਿਆ। ਰੱਬ ਦੇ ਰੰਗ, ਤਿੰਨ ਮਹੀਨੇ ਦੀ ਵਿੱਥ ਪਿੱਛੋਂ ਸੂਰਤ ਸਿੰਘ ਦੇ ਸਿਵੇ ਤੋਂ ਇਕ ਕਦਮ ਦੀ ਵਿੱਥ ਉਤੇ ਦੂਲਾ ਸਿੰਘ ਦੀ ਚਿਖਾ ਬਲ ਰਹੀ ਸੀ। ਹੁਣ ਉਹਨਾਂ ਦੋਹਾਂ ਵਿਚ ਕੋਈ ਵੱਟ ਵਿਰੋਧ ਬਾਕੀ ਨਹੀਂ ਰਿਹਾ ਸੀ।

ਚੰਦੋ ਇਕ ਆਖ਼ਰੀ ਹਸਰਤ ਪੂਰੀ ਹੁੰਦੀ ਵੇਖਣ ਵਾਸਤੇ ਜਿਉਂ ਰਹੀ ਸੀ। ਸੂਰਤ ਦੇ ਗ਼ਮ ਵਿੱਚ ਉਹ ਵਹਿਸ਼ਣ ਹੋ ਗਈ ਸੀ। ਉਹ ਪਾਗ਼ਲ ਨਹੀਂ ਸੀ, ਪਰ ਪਾਗਲਾਂ ਤੋਂ ਘੱਟ ਵੀ ਨਹੀਂ। ਬਾਹਰਲੀ ਹਵੇਲੀ ਵਿੱਚ—ਜਿਥੇ ਸੂਰਤ ਰਹਿੰਦਾ ਸੀ—ਜਾ ਕੇ ਉਹ ਉੱਚੀ-ਉੱਚੀ 'ਵਾਜਾਂ ਮਾਰਨ ਲੱਗ ਪੈਂਦੀ, ਪਰ ਉਹਦੀਆਂ 'ਵਾਜਾਂ ਦਾ ਉੱਤਰ ਦੇਣ ਵਾਲਾ ਨਾ ਕੋਈ ਓਥੇ ਸੀ, ਤੇ ਨਾ ਹੀ ਉਹਨੂੰ ਕੋਈ ਉੱਤਰ ਮਿਲਦਾ। ਉਹ ਪਿਟਦੀ-ਪਿਟਦੀ ਫੇਰ ਘਰ ਨੂੰ ਮੁੜ ਆਉਂਦੀ। ਸਵੇਰੇ ਜਾਂ ਸ਼ਾਮ ਨੂੰ ਇਕ ਵਾਰ ਉਹ ਸੂਰਤ ਦੇ ਸਿਵੇ ਤੱਕ ਜ਼ਰੂਰ ਅਪੜਦੀ। ਕਈ ਵੇਰਾਂ ਤਾਂ ਓਥੇ ਵੈਣ ਪਾਉਂਦੀ ਨੂੰ ਮਸਾਂ ਜ਼ਨਾਨੀਆਂ ਉਠਾ ਕੇ ਲਿਆਉਂਦੀਆਂ। ਉਹ ਸਵੇਰੇ ਉਠ ਕੇ ਮਨਜੀਤ ਦੀਆਂ-ਰੋਂਦੀ ਰਹਿਣ ਕਰਕੇ—ਸੁੱਜੀਆਂ ਹੋਈਆਂ ਅੱਖਾਂ ਵਿਹੰਦੀ ਤਾਂ ਉਹਦੇ ਅੰਦਰੋਂ ਲਾਟਾਂ ਬਲ ਉਠਦੀਆਂ। ਹੁਣ ਮਨਜੀਤ ਉਹਦੀ ਵੈਰਨ ਨਹੀਂ, ਤਰਸ ਦੀ ਪਾਤਰ ਸੀ। ਉਹ ਸੋਚਦੀ, 'ਮੇਰੀ ਜਵਾਨੀ ਤਾਂ ਭੰਗ ਦੇ ਭਾੜੇ ਗਈ ਹੀ ਸੀ, ਪਰ ਇਹ ਵਿਚਾਰੀ ਵੀ। ਇਸ ਨੇ ਕਿੱਥੇ ਧੁੱਪੇ ਬਹਿ ਕੇ ਲੇਖ ਲਿਖਾ ਲਏ ? ਆਹ ਰੂਪ ਤੇ ਆਹ ਜੋਬਨ, ਨਿਮਾਣੀ ਕਿੱਥੇ ਮਾਣੇਗੀ ? ਵੇ ਸੂਰਤ ! ਬੱਚਿਆ ਇਕ ਵਾਰ ਆ ਜਾਵੇਂ, ਤਾਂ ਮੈਂ ਤੈਨੂੰ ਇਹਦੇ ਕੀਰਨੇ ਸੁਣਾਵਾਂ।' ਜਦ ਦਿਲ ਬਿਲਕੁਲ ਬੇਕਾਬੂ ਹੋ ਜਾਂਦਾ, ਉਹ ਮਨਜੀਤ ਨੂੰ ਗਲ ਨਾਲ ਲਾ ਕੇ ਵੈਣ ਪਾਉਣ ਲੱਗ ਪੈਂਦੀ, "ਧੀਏ! ਕਾਹਨੂੰ ਤੱਤੀ ਸੱਸ ਕੋਲ ਬਹਿ ਕੇ ਤੱਤੇ ਲੇਖ ਲਿਖਾ ਲੈ। ਵੇ ਸੂਰਤ! ਤੇਰੇ ਬਿਨਾਂ ਮੇਰਾ ਵਿਹੜਾ ਨਾ ਸੁਹਾਵੇ। ਤੇਰੇ ਲੜ ਲੱਗਣ ਵਾਲੀ ਮੈਥੋਂ ਰੋਂਦੀ ਝੱਲੀ ਨਾ ਜਾਵੇ। ਇਸ ਕੁਰਲਾਉਂਦੀ ਕੂੰਜ ਨੂੰ ਚੰਨ, ਕੌਣ ਵਰਾਵੇ। ਆ ਜਾ ਚੰਨਿਆਂ ! ਮੈਂ ਤੈਨੂੰ ਕਦੇ ਮੰਦਾ ਨਾ ਬੋਲਾਂ। ਤੇਰੇ ਬਿਨਾਂ ਪੁੱਤ, ਸਾਡਾ ਕੋਈ ਨਾ ਵਾਲੀ।...

ਨੂੰਹ ਸੱਸ ਦੇ ਵੈਣ ਸੁਣ ਕੇ ਘਰ ਦੀਆਂ ਕੰਧਾਂ ਵੀ ਕੁਰਲਾ ਉਠਦੀਆਂ। ਦੋਹਾਂ ਵਾਸਤੇ ਚਾਰ ਚੁਫੇਰੇ ਹਨ੍ਹੇਰਾ ਸੀ। ਮਨਜੀਤ ਬੈਠੀ-ਬੈਠੀ ਦਾ ਕਿਸੇ ਵੇਲੇ ਦਿਲ ਘਟ ਜਾਂਦਾ। ਉਹਦੀਆਂ ਅੱਖਾਂ ਦੇ ਹੰਝੂ ਵੀ ਸੁੱਕ ਜਾਂਦੇ। ਉਹ ਅੰਦਰ ਸਮਾਈ ਹੋਈ ਪਤੀ ਦੀ ਯਾਦ ਨੂੰ ਕਹਿਣ ਲੱਗ ਪੈਂਦੀ, 'ਕਿਉਂ ਜੀ! ਤੁਸੀਂ ਤਾਂ ਆਂਹਦੇ ਸੀ, ਮੈਂ ਬਾਂਹ ਫੜੀ ਦੀ ਲਾਜ ਤੋੜ ਨਿਭਾਵਾਂਗਾ। ਕੀ ਏਨੀ ਹੀ ਨਿਭਾਉਣੀ ਸੀ ? ਕੀ ਏਨੇ ਬਦਲੇ ਈ ਮੈਨੂੰ ਮਾਪਿਆਂ ਦੀ ਚੋਰ ਬਣਾਇਆ ਸੀ? ਤੁਸਾਂ ਇਹ ਦਗ਼ਾ ਮੇਰੇ ਨਾਲ ਈ ਕਰਨਾ ਸੀ? ਮੈਂ ਤਾਂ ਤੁਹਾਡੇ ਨਾਲ ਸਤਜੁਗੀ ਕੀਤੀ ਸੀ, ਪਰ ਤੁਸਾਂ ? ਮੇਰਾ ਹੋਰ ਵੀ ਕੋਈ ਟਿਕਾਣਾ ਹੈਗਾ ਸੀ, ਜਿਸ ਗੋਚਰੀ ਛੱਡ ਗਏ ਓ? ਸੁੱਤੀ ਪਈ ਨੂੰ ਛੱਡ ਨਸਣਾ ਮਰਦਾਂ ਦਾ ਕੰਮ ਸੀ ? ਮੈਨੂੰ ਵੀ ਨਾਲ ਲੈ ਜਾਂਦੇ। ਜਿਹੜੀ ਪੇਕੇ ਛੱਡ ਕੇ ਆ ਗਈ



WWW.SIKHBOOKCLUB.COM 

ਸੀ, ਉਹ ਅਗ੍ਹਾਂ ਤੁਹਾਡਾ ਸਾਥ ਨਾ ਕਰਦੀ ? ਆਹ ਦਸਾਂ ਦਿਨਾਂ ਬਦਲੇ ਐਨਾ ਪਿਆਰ ਪਾ ਲਿਆ ਸੀ? ਪਿਆਰ ਦੇ ਚੋਰ ਨੂੰ ਤਾਂ ਕਹਿੰਦੇ ਨੇ, ਰੱਬ ਵੀ ਨਹੀਂ ਬਖ਼ਸ਼ਦਾ। ਕਹਿੰਦੇ ਹੁੰਦੇ ਸੌ: ਤੈਨੂੰ ਇਕ ਘੜੀ ਨਾ ਵੇਖਾਂ, ਤਾਂ ਮੈਨੂੰ ਹਨ੍ਹੇਰ ਪੈ ਜਾਂਦਾ ਏ, ਪਰ ਹੁਣ ਐਨੇ ਦਿਨ ਕਿਵੇਂ ਲੰਘ ਗਏ ? ਕੀ ਇਹ ਸਭ ਮੂੰਹ ਦੀਆਂ ਗੱਲਾਂ ਸਨ?.....'

ਇਹਨਾਂ ਹੀ ਵਹਿਣਾਂ ਵਿੱਚ ਦਿਨ ਪਿੱਛੋਂ ਰਾਤ ਤੇ ਰਾਤ ਪਿੱਛੋਂ ਦਿਨ ਹੋ ਜਾਂਦਾ ਸੀ। ਸੂਰਤ ਦੀ ਮੌਤ ਤੋਂ ਇੱਕ ਦਿਨ ਪਹਿਲਾਂ ਮਨਜੀਤ ਨੂੰ ਕੋਈ ਇਹ ਗੱਲ ਕਹਿੰਦਾ ਤਾਂ ਸ਼ਾਇਦ ਉਹ ਸੁਣ ਵੀ ਨਾ ਸਕਦੀ। ਜੋ ਉਹ ਖ਼ਿਆਲ ਵਿੱਚ ਵੀ ਨਹੀਂ ਲਿਆ ਸਕਦੀ ਸੀ, ਹੋਣੀ ਨੇ ਉਹ ਕੁਛ ਸਹਾਰਨ ਵਾਸਤੇ ਮਜਬੂਰ ਕਰ ਦਿੱਤਾ।

ਮਨਜੀਤ ਹੁਣ ਚੰਦੋ ਦੇ ਕੋਲ ਹੀ ਰਹਿੰਦੀ ਸੀ। ਬਾਹਰਲੀ ਹਵੇਲੀ ਵਿਚੋਂ ਸਭ ਸਾਮਾਨ ਚੁਕਾ ਕੇ ਓਸੇ ਘਰ ਲੈ ਆਂਦਾ ਸੀ। ਚੰਦੋ ਦੀ ਹਾਲਤ ਉਸ ਨਾਲੋਂ ਵਧੇਰੇ ਤਰਸਯੋਗ ਸੀ। ਉਹਨੇ ਸਭ ਕੁਛ ਮਨਜੀਤ ਦੇ ਹਵਾਲੇ ਕਰ ਦਿੱਤਾ ਸੀ। ਕੁਲਵੰਤ ਦੀ ਸੰਭਾਲ ਵੀ ਮਨਜੀਤ ਦੇ ਜ਼ਿੰਮੇ ਸੀ। ਓਹਾ ਪਕਾਉਂਦੀ ਤੇ ਸੱਸ ਤੇ ਦਿਉਰ ਨੂੰ ਖੁਆਉਂਦੀ। ਉਹ ਕੁਛ ਪੜ੍ਹੀ ਲਿਖੀ ਤੇ ਸੁਭਾਵਕ ਧੀਰਜਵਾਨ ਸੀ, ਪਰ ਚੰਦੋ ਦਾ ਧੀਰਜ ਜਾਂਦਾ ਰਿਹਾ ਸੀ। ਕਿਸੇ ਵੇਲੇ ਤਾਂ ਉਹ ਪਾਗਲਾਂ ਵਾਂਗ ਜੋ ਮੂੰਹ ਆਵੇ ਕਹਿਣ ਲੱਗ ਪੈਂਦੀ ਸੀ। ਜਦ ਉਹਨੂੰ ਚੁੱਪ ਕਰਾਉਣ ਵਿੱਚ ਸਾਰੇ ਹਾਰ ਜਾਂਦੇ, ਮਨਜੀਤ ਦੇ ਹੰਝੂ ਕੰਮ ਆਉਂਦੇ। ਸਿੱਪਾਂ ਵਿਚ ਡਲ੍ਹਕਦੇ ਮੋਤੀ ਵੇਖ ਕੇ ਉਹ ਅੰਦਰ ਦੇ ਹਉਕੇ ਅੰਦਰੇ ਰੋਕ ਲੈਂਦੀ।

ਜਿਦਣ ਦੂਲਾ ਸਿੰਘ ਦੀ ਲੋਥ ਪਿੰਡ ਆਈ, ਓਦਣ ਚੰਦੋ ਦੇ ਚਿਹਰੇ 'ਤੇ ਓਪਰੀ ਜਿਹੀ ਖ਼ੁਸ਼ੀ ਦੇ ਚਿੰਨ੍ਹ ਨਜ਼ਰ ਆਏ। ਉਹ ਮਨਜੀਤ ਨੂੰ ਗਲ ਲਾ ਕੇ ਉੱਚੀ ਉੱਚੀ ਹੱਸਣ ਲੱਗ ਪਈ ਤੇ ਤਦ ਤਕ ਹੱਸਦੀ ਗਈ, ਜਦ ਤਕ ਬੇਸੁੱਧ ਨਾ ਹੋ ਗਈ। ਮਨਜੀਤ ਨੇ ਉਹਦੇ ਚਿਹਰੇ ਵੱਲੋਂ ਵੇਖਿਆ ਤਾਂ ਉਹਦੀ ਡਰ ਕੇ ਚੀਕ ਨਿਕਲ ਗਈ। ਉਹਨੇ 'ਮਾਂ ਜੀ, ਮਾਂ ਜੀ!' ਕਹਿ ਕੇ 'ਵਾਜਾਂ ਮਾਰੀਆਂ, ਮੋਢਿਆਂ ਤੋਂ ਫੜ ਕੇ ਹਿਲਾਇਆ, ਪਰ ਉਹ ਓਸੇ ਤਰ੍ਹਾਂ ਹੱਸੀ ਗਈ। ਅੰਤ ਉਹਨੇ ਚੰਦੋ ਨੂੰ ਮੰਜੇ 'ਤੇ ਲਿਟਾ ਦਿੱਤਾ। ਉਹਦੇ ਮੂੰਹ 'ਤੇ ਪਾਣੀ ਦੇ ਛੱਟੇ ਮਾਰੇ। ਉਹ ਹੱਸਣੋਂ ਚੁੱਪ ਕੀਤੀ, ਤਾਂ ਅਸਲੋਂ ਚੁੱਪ ਕਰ ਗਈ। ਪਲ ਪਲ ਪਿੱਛੋਂ ਮਨਜੀਤ ਉਹਨੂੰ ਬੁਲਾਉਂਦੀ, ਪਰ ਉਹ ਉਹਦੇ ਚਿਹਰੇ ਵੱਲੋਂ ਵੇਖ ਕੇ ਚੁੱਪ ਹੋ ਰਹੀ। ਏਸੇ ਹਾਲਤ ਵਿੱਚ ਉਹ ਕਈ ਘੜੀਆਂ ਪਈ ਰਹੀ। ਉਹਦੇ ਹੋਸ਼ ਹਵਾਸ ਕੁਛ ਕੁਛ ਪਰਤੇ ਤਾਂ ਉਹਨੇ ਇੱਕ ਵਾਰ ਫਿਰ ਮਨਜੀਤ ਦੇ ਚਿਹਰੇ ਵੱਲੋਂ ਬੜੇ ਧਿਆਨ ਨਾਲ ਵੇਖਿਆ। ਉਹਦੀਆਂ ਮੋਟੀਆਂ ਮੋਟੀਆਂ ਅੱਖਾਂ ਵਿੱਚ ਹੰਝੂ ਡਲ੍ਹਕਦੇ ਵੇਖ ਕੇ ਚੰਦੋ ਦੇ ਨੇਤਰ ਵੀ ਭਰ ਆਏ। ਉਹਨੇ ਨੂੰਹ ਨੂੰ ਹਿੱਕ ਨਾਲ ਲਾ ਕੇ ਕਿਹਾ, "ਮੇਰੀ ਬਚੜੀ ! ਅੱਜ ਦਾ ਦਿਨ ਨਾ ਰੋ।"

ਇਹ ਵਾਕ ਉਪਰੋਂ ਜਿੰਨਾ ਸਾਧਾਰਨ ਸੀ, ਓਨਾ ਹੀ ਗੂੜ੍ਹਾ ਭਾਵ ਇਸ ਦੀ ਤਹਿ ਥੱਲੇ ਲੁਕਿਆ ਪਿਆ ਸੀ। ਮਨਜੀਤ ਇਕੋ ਵਾਰ ਤ੍ਰਭਕ ਉਠੀ, 'ਮਾਂ ਜੀ! ਮਾਂ

ਜੀ! ਤੁਸੀਂ ਕੇਹੋ ਜਿਹੀਆਂ ਗੱਲਾਂ ਕਰਦੇ ਜੇ ? ਤੁਹਾਨੂੰ ਕੀ ਹੁੰਦਾ ਜਾਂਦਾ ਏ ? ਮੈਨੂੰ ਤਾਂ ਹੁਣ ਤੁਹਾਡਾ ਈ ਆਸਰਾ ਏ? ਵੇਖਿਓ, ਕਿਤੇ ਆਪਣੇ ਪੁੱਤਰ ਵਾਲੀ ਨਾ ਕਰਿਓ ਮੇਰੇ ਨਾਲ ?"

ਚੰਦੋ ਨੇ ਇਸਦਾ ਉੱਤਰ ਕੋਈ ਨਹੀਂ ਦਿੱਤਾ, ਕੇਵਲ ਹਸਰਤ ਭਰੀਆਂ ਅੱਖਾਂ ਨਾਲ ਉਸ ਵੱਲੇ ਵੇਖ ਕੇ ਨੀਵੀਂ ਪਾ ਲਈ। ਉਹਦੇ ਚਿਹਰੇ ਤੋਂ ਪਤਾ ਲੱਗਦਾ ਸੀ ਕਿ ਉਹ ਕਿਸੇ ਡੂੰਘੀ ਸੋਚ ਵਿੱਚ ਪਈ ਹੋਈ ਹੈ, ਕਿਸੇ ਅਖ਼ੀਰੀ ਸਿੱਟੇ 'ਤੇ ਪਹੁੰਚਣ ਵਾਸਤੇ ਦਿਲ ਨਾਲ ਫ਼ੈਸਲਾ ਕਰ ਰਹੀ ਹੈ। ਕੁਲਵੰਤ ਸੁੱਤਾ ਪਿਆ ਜਾਗ ਉਠਿਆ ਤੇ ਬੁਸਕਣ ਲੱਗ ਪਿਆ। ਮਨਜੀਤ ਨੇ ਸੱਸ ਕੋਲੋਂ ਉਠ ਕੇ ਕੁਲਵੰਤ ਨੂੰ ਚੁੱਕ ਲਿਆ, ਉਹਦਾ ਮੂੰਹ ਧੋਤਾ ਤੇ ਕੁਛ ਖੁਆਉਣ ਪਿਆਉਣ ਵਿੱਚ ਰੁੱਝ ਗਈ। ਚੰਦੋ ਉਹਨਾਂ ਦੋਹਾਂ ਵੱਲ ਨਿਰਾਰਥਕ ਜਿਹੇ ਭਾਵ ਨਾਲ ਵੇਖ ਰਹੀ ਸੀ।

ਰਾਤ ਨੂੰ ਮਨਜੀਤ ਨੇ ਰੋਟੀ ਪਕਾਈ, ਕੁਲਵੰਤ ਨੂੰ ਖੁਆਈ ਤੇ ਜਦ ਚੰਦੋ ਵਾਸਤੇ ਲੈ ਕੇ ਗਈ, ਉਹ ਅੱਗੋਂ ਬੋਲੀ, "ਮਨਜੀਤ ! ਅੱਜ ਮੈਨੂੰ ਕੁਛ ਵੀ ਚੰਗਾ ਨਹੀਂ ਲੱਗਦਾ। ਤੂੰ ਖਾ ਲੈ ਤੇ ਸੌਂ ਜਾ।"

ਮਨਜੀਤ ਨੇ ਬਥੇਰੇ ਵਾਸਤੇ ਪਾਏ, ਪਰ ਚੰਦੋ ਨੇ ਮੂੰਹ ਨਹੀਂ ਜੁਠਾਇਆ। ਮਨਜੀਤ ਦਾ ਦਿਲ—ਜੋ ਪਹਿਲਾਂ ਹੀ ਘਾਵਾਂ ਨਾਲ ਟੁਕੜੇ-ਟੁਕੜੇ ਹੋਇਆ ਸੀ—ਉਹਦਾ ਸਾਥ ਛੱਡਦਾ ਜਾਂਦਾ ਸੀ। ਉਹ ਸਮਝ ਰਹੀ ਸੀ ਕਿ ਅੱਜ ਜ਼ਰੂਰ ਕੋਈ ਨਵੀਂ ਭਾਵੀ ਵਰਤਣ ਵਾਲੀ ਹੈ।

ਚਾਰ-ਕੁ ਘੜੀਆਂ ਰਾਤ ਚਲੀ ਗਈ ਸੀ ਜਾਂ ਚੰਦੋ ਉਠ ਕੇ ਬਾਹਰ ਨੂੰ ਤੁਰ ਪਈ। ਮਨਜੀਤ ਨੇ ਉਠ ਕੇ ਰੋਕਣਾ ਚਾਹਿਆ, ਪਰ ਇਹ ਕਹਿੰਦੀ ਹੋਈ ਚੰਦੋ ਬਾਹਰ ਨਿਕਲ ਗਈ, "ਤੂੰ ਕੁਲਵੰਤ ਕੋਲ ਬਹੁ। ਮੈਂ ਹੁਣੇ ਆਉਂਦੀ ਆਂ।"

ਕੱਲ-ਮਕੱਲੀ ਚੰਦੋ ਸਿਵਿਆਂ ਵਿੱਚ ਜਾ ਪਹੁੰਚੀ। ਹਨ੍ਹੇਰੀ ਰਾਤ ਦੇ ਤਾਰੇ ਆਸਮਾਨ 'ਤੇ ਡਲ੍ਹਕ ਰਹੇ ਸਨ। ਹਵਾ ਬੰਦ ਸੀ ਤੇ ਚੁਫੇਰੇ ਸੁੰਞ ਵਰਤੀ ਹੋਈ ਸੀ। ਦੂਲਾ ਸਿੰਘ ਦਾ ਸਿਵਾ ਮੱਠਾ-ਮੱਠਾ ਬਲ ਰਿਹਾ ਸੀ। ਉਹਦੀਆ ਉੱਚੀਆਂ ਲਾਟਾਂ ਹੁਣ ਅੰਗਿਆਰਾਂ ਦੇ ਵਿਚੇ ਲੁਕਦੀਆਂ ਜਾ ਰਹੀਆਂ ਸਨ। ਸਭ ਲੱਕੜੀਆਂ ਅੰਗਿਆਰਾਂ ਵਿੱਚ ਤੇ ਹੱਡ ਮਾਸ ਸੁਆਹ ਦੇ ਢੇਰ ਵਿੱਚ ਬਦਲ ਚੁੱਕੇ ਸਨ। ਦੋ ਲਕੜਾਂ ਅੱਧੀਆਂ ਅੱਧੀਆਂ ਬਲ ਕੇ ਇਕ ਪਾਸੇ ਬੁਝੀਆਂ ਪਈਆਂ ਸਨ। ਸਿਵੇ ਦੇ ਸਰ੍ਹਾਣੇ ਵਾਲੇ ਪਾਸੇ ਚੰਦੋ ਖਲੋਤੀ ਮੂੰਹ ਵਿੱਚ ਕੁਛ ਕਹਿ ਰਹੀ ਸੀ। ਉਹਦੇ ਨੇਤਰਾਂ ਵਿਚੋਂ ਕ੍ਰੋਧ ਤੇ ਘਿਰਣਾ ਦੀਆਂ ਲੰਬਾਂ ਨਿਕਲ ਰਹੀਆਂ ਸਨ। ਉਹਨੇ ਬਾਹਰ ਡਿੱਗੀਆਂ ਹੋਈਆਂ ਦੋਵੇਂ ਲੱਕੜੀਆਂ ਚੁੱਕ ਕੇ ਗ਼ੁੱਸੇ ਨਾਲ ਸਿਵੇ ਵਿੱਚ ਮਾਰੀਆਂ, ਜਿਸ ਨਾਲ ਮਘਦਿਆਂ ਕੋਲਿਆਂ ਦੀ ਲਾਟ ਜ਼ਰਾ ਹੋਰ ਉੱਚੀ ਹੋ ਗਈ। ਚੰਦੋ ਦੇ ਮੱਥੇ 'ਤੇ ਕਿਸੇ ਗੁੱਝੀ ਪ੍ਰਸੰਨਤਾ ਦੀ ਲਾਲੀ ਮਾਤਰ ਚਮਕ ਆਈ। ਉਹਨੇ ਨਫ਼ਰਤ ਨਾਲ ਬਲਦੇ ਸਿਵੇ 'ਤੇ ਥੁੱਕ ਦਿੱਤਾ ਤੇ ਭੌਂ ਕੇ ਸੂਰਤ ਦੇ ਸਰ੍ਹਾਣੇ ਜਾ ਬੈਠੀ। ਉਹਨੇ ਦੋਵੇਂ ਹੱਥ ਇਉਂ ਸਿਵੇ ਵਾਲੀ ਥਾਂ 'ਤੇ ਧਰ ਦਿੱਤੇ, ਜਿਵੇਂ ਸੁੱਤੇ ਪਏ ਸੂਰਤ ਦਾ ਸਿਰ ਪਲੋਸ

ਰਹੀ ਹੋਵੇ। ਠੰਡਾ ਸਾਹ ਭਰ ਕੇ ਉਹ ਬੋਲੀ, "ਸੂਰਤ ! ਪੁੱਤਰ, ਹੁਣ ਮੇਰੇ ਦਿਲ ਵਿੱਚ ਕੁਛ ਵੀ ਬਾਕੀ ਨਹੀਂ ਰਹਿ ਗਿਆ। ਮੇਰਾ ਜੀਵਨ-ਪੰਧ ਪੂਰਾ ਹੋ ਗਿਆ ਹੈ। ਮੈਂ ਓਸੇ ਦਿਨ ਮਰ ਜਾਂਦੀ, ਜਿੱਦਣ ਤੂੰ ਮੇਰੀ ਗੋਦ ਸੁੰਞੀ ਕੀਤੀ ਸੀ, ਪਰ ਮੇਰੇ ਦਿਲ ਵਿੱਚ ਓਦੋਂ ਬਦਲੇ ਦੀ ਅੱਗ ਬਲ ਰਹੀ ਸੀ। ਮੈਂ ਪੁੱਤਰ ਦੇ ਕਾਤਲ ਦਾ ਵੀ ਓਸੇ ਤਰ੍ਹਾਂ ਸਿਵਾ ਬਲਦਾ ਵੇਖਣਾ ਚਾਹੁੰਦੀ ਸਾਂ। ਰੱਬ ਨੇ ਮੇਰੀ ਮੁਰਾਦ ਪੂਰੀ ਕਰ ਦਿੱਤੀ ਏ। ਉਸ ਪਾਪੀ ਦੀ ਮੱਚਦੀ ਚਿਖਾ ਵੇਖ ਕੇ ਮੇਰੇ ਸੀਨੇ ਠੰਢ ਪੈ ਰਹੀ ਏ। ਮੈਂ ਬਦਲਾ ਲੈ ਲਿਆ ਏ। ਅੱਜ ਮੈਂ ਤੈਨੂੰ ਰੋਂਦੀ ਨਹੀਂ। ਦਿਨ ਚੜ੍ਹਦੇ ਨੂੰ ਮੈਂ ਆਪ ਤੇਰੇ ਕੋਲ ਹੋਵਾਂਗੀ। ਬੱਸ, ਪੁੱਤਰ, ਇਹ ਮਾਂ ਦਾ ਆਖ਼ਰੀ ਪਿਆਰ ਹਈ।"

ਉਹ ਸਿਵੇਂ 'ਤੇ ਝੁਕ ਗਈ। ਉਹਦਾ ਮੂੰਹ ਆਪਣੇ ਹੀ ਹੱਥਾਂ 'ਤੇ ਜਾ ਲੱਗਾ, ਜਿਵੇਂ ਉਹ ਸੂਰਤ ਦਾ ਮੱਥਾ ਚੁੰਮ ਰਹੀ ਹੋਵੇ। ਕਈ ਸਾਲ ਪਹਿਲੋਂ ਹੋਈ ਘਟਨਾ ਉਹਦੀਆਂ ਅੱਖਾਂ ਅੱਗੇ ਆ ਗਈ, ਜਦ ਪਹਿਲੇ ਦਿਨ ਸੂਰਤ ਨੂੰ ਗੋਦ ਵਿੱਚ ਲੈ ਕੇ ਉਹਨੇ ਉਹਦਾ ਮੱਥਾ ਚੁੰਮਿਆ ਸੀ। ਅਜੇ ਵੀ ਉਹਦੀਆਂ ਅੱਖਾਂ ਵਿੱਚ ਹੰਝੂ ਨਹੀਂ ਆਏ, ਸਗੋਂ ਥੋੜ੍ਹੀ ਜਿਹੀ ਲਾਲੀ ਚਮਕ ਆਈ। ਪਰ ਇਸ ਲਾਲੀ ਵਿੱਚ ਮੌਤ ਤੋਂ ਬਿਨਾਂ ਹੋਰ ਕੁਛ ਵੀ ਬਾਕੀ ਨਹੀਂ ਸੀ। ਉਹ ਸਿਵੇ ਤੋਂ ਉੱਠੀ ਤੇ ਓਸੇ ਤਰ੍ਹਾਂ ਚੁੱਪ-ਚਾਪ ਘਰ ਨੂੰ ਮੁੜ ਪਈ।

ਅੱਗੋ ਘਬਰਾਈ ਹੋਈ ਮਨਜੀਤ ਬਰੂਹਾਂ ਵਿੱਚ ਉਹਦੀ ਵਾਟ ਉਡੀਕ ਰਹੀ ਸੀ। ਚੰਦੋ ਚੁੱਪ ਚਾਪ ਘਰ ਵਿੱਚ ਦਾਖ਼ਲ ਹੋਈ। ਮਨਜੀਤ ਦਾ ਹੌਲ ਵਧੇਰੇ ਵਧ ਗਿਆ। ਚੰਦੋ ਨਿਤ ਵਾਂਗ ਰੋਂਦੀ ਕੁਰਲਾਉਂਦੀ ਆਉਂਦੀ, ਤਾਂ ਕੋਈ ਗੱਲ ਨਹੀਂ ਸੀ, ਪਰ ਉਹਦੀ ਚੁੱਪ ਵਧੇਰੇ ਡਰਾਉਣੀ ਸੀ। ਮਨਜੀਤ ਦਾ ਹੌਸਲਾ ਨਾ ਪਿਆ ਉਹਨੂੰ ਬੁਲਾਉਣ ਦਾ। ਉਹ ਬਾਹਰਲਾ ਬੂਹਾ ਮਾਰ ਕੇ ਸੱਸ ਦੇ ਮਗਰੇ ਮੁੜੀ। ਕਿਸੇ ਨਵੇਂ ਸਹਿਮ ਦੇ ਭਾਰ ਥੱਲੇ ਉਹ ਦੱਬੀ ਜਾ ਰਹੀ ਸੀ।

ਚੰਦੋ ਰਵਾਂ ਰਵੀਂ ਸੁਫੇ ਵਿੱਚ ਜਾ ਵੜੀ ਤੇ ਬੂਹਾ ਢੋ ਕੇ ਅੰਦਰੋਂ ਕੁੰਡਾ ਮਾਰ ਲਿਆ। ਬਾਹਰੋਂ ਬੂਹਾ ਖੜਕਾ ਕੇ ਮਨਜੀਤ ਨੇ ਤ੍ਰਭਕ ਕੇ ਕਿਹਾ, "ਮਾਂ ਜੀ !"

"ਜਾਹ, ਬਹੁ ਕਾਕੇ ਕੋਲ। ਮੇਰਾ ਦਿਲ ਟਿਕਾਣੇ ਨਹੀਂ।" ਚੰਦੋ ਬੜੀ ਖਰ੍ਹਵੀ ਸੁਰ ਵਿੱਚ ਬੋਲੀ। ਇਤਨੀ ਉੱਚੀ ਤੇ ਕੌੜੀ ਸੀ ਇਹ 'ਵਾਜ, ਜਿਸ ਨੂੰ ਸੁਣ ਕੇ ਮਨਜੀਤ ਡਰ ਨਾਲ ਕੰਬ ਉਠੀ। ਦੂਜੀ ਵਾਰ ਬੁਲਾਉਣ ਦੀ ਉਸ ਵਿੱਚ ਹਿੰਮਤ ਨਾ ਰਹੀ। ਮਿੰਟ ਕੁ ਬੂਹੇ ਅੱਗੇ ਖਲੋ ਕੇ ਉਹ ਆਪਣੇ ਮੰਜੇ 'ਤੇ ਆ ਬੈਠੀ। ਉਹਦਾ ਦਿਲ ਧਕ ਧਕ ਵੱਜ ਰਿਹਾ ਸੀ ਤੇ ਸਾਹ ਬੜਾ ਕਾਹਲਾ ਆ ਰਿਹਾ ਸੀ। ਉਹਦੀ ਨਿਗ੍ਹਾ ਸੁੱਤੇ ਹੋਏ ਕੁਲਵੰਤ ਦੇ ਨੰਗੇ ਚਿਹਰੇ 'ਤੇ ਟਿਕੀ ਹੋਈ ਸੀ। ਬੀਤੇ ਜੀਵਨ ਦੀਆਂ ਸੁੱਖ ਦੁੱਖ ਮਿਲੀਆਂ ਯਾਦਾਂ ਚੱਲਦੀ ਫਿਲਮ ਵਾਂਗ ਉਹਦੇ ਸਾਮ੍ਹਣੇ ਤੇਜ਼ ਦੌੜੀਆਂ ਜਾ ਰਹੀਆਂ ਸਨ।

ਦੋ-ਕੁ ਘੜੀਆਂ ਚੰਦੋ ਮੰਜੇ 'ਤੇ ਲੰਮੀ ਪਈ ਰਹੀ। ਉਹਨੇ ਇੱਕ ਵਾਰ ਫਿਰ ਆਪਣੇ ਬੀਤੇ ਜੀਵਨ 'ਤੇ ਝਾਤੀ ਮਾਰੀ। ਉਹਨੂੰ ਸਮੇਂ ਦਾ ਕੋਈ ਹਿੱਸਾ ਵੀ ਸੁਖ

ਵਿੱਚ ਲੰਘਿਆ ਨਜ਼ਰ ਨਾ ਆਇਆ। ਉਹਦੇ ਭੂਤ ਤੇ ਭਵਿੱਖ ਦੋਵੇਂ ਹਨ੍ਹੇਰੇ ਤੇ ਅੱਤ ਡਰਾਉਣੇ ਸਨ। ਕਿਤੇ ਵੀ ਉਹਨੂੰ ਰੌਸ਼ਨੀ ਦੀ ਝਲਕ ਨਹੀਂ ਸੀ ਪੈਂਦੀ। ਕੋਈ ਵੀ ਬੀਤੀ ਘੜੀ ਅਜਿਹੀ ਨਹੀਂ ਸੀ, ਜਿਸ ਨੂੰ ਇੱਕ ਵਾਰ ਫੇਰ ਵੇਖਣ ਦੀ ਉਸ ਵਿੱਚ ਰੀਝ ਹੁੰਦੀ। ਉਹਦੀ ਸੁਰਤ ਕਿਤੇ ਅਟਕਦੀ ਵੀ, ਤਾਂ ਦੋ ਭਿਆਨਕ ਘਟਨਾਵਾਂ 'ਤੇ : ਇਕ ਜਦ ਖੂਹ ਵਿੱਚ ਛਾਲ ਮਾਰਨ ਵਾਸਤੇ ਖਲੋਤੀ ਸੀ, ਤੇ ਦੂਜੀ ਜਦ ਉਹ ਪਤੀ ਨੂੰ ਅਫ਼ੀਮ ਦੇਣ ਲੱਗੀ ਸੀ। ਖੂਹ ਉਹਦੀ ਆਪਣੀ ਮੌਤ ਸੀ ਤੇ ਅਫ਼ੀਮ ਕਿਸੇ ਹੋਰ ਦੀ। ਉਹ ਦੋਹਾਂ ਘਟਨਾਵਾਂ ਨੂੰ ਇੱਕੋ ਥਾਂ ਕਰਨਾ ਚਾਹੁੰਦੀ ਸੀ, ਭਾਵ ਅਫ਼ੀਮ ਤੇ ਉਸ ਦੀ ਆਪਣੀ ਮੌਤ। ਹੁਣ ਉਹਦੀ ਵਿਚਾਰ ਸ਼ਕਤੀ ਸਿਮਟਦੀ-ਸਿਮਟਦੀ ਕੇਵਲ ਦੋ ਸ਼ਬਦਾਂ 'ਤੇ ਆ ਟਿਕੀ ਸੀ, ਅਫ਼ੀਮ ਤੇ ਮੌਤ। ਇਹ ਦੋਵੇਂ ਚੀਜ਼ਾਂ ਉਹਦੀਆਂ ਅੱਖਾਂ ਅੱਗੇ ਵਾਰੀ ਵਾਰੀ ਨੱਚ ਰਹੀਆਂ ਸਨ। ਗੰਡਾ ਸਿੰਘ ਦੀ ਪਿੱਛੇ ਰਹੀ ਨਸ਼ਾਨੀ—ਡੱਬੀ—ਵਿਚ ਕੁਛ ਅਫ਼ੀਮ ਪਈ ਸੀ, ਜੋ ਚੰਦੋ ਨੇ ਸੰਭਾਲ ਕੇ ਰੱਖੀ ਹੋਈ ਸੀ। ਇਸ ਵੇਲੇ ਉਹਦੇ ਧਿਆਨ ਵਿੱਚ ਘਰ ਦੀਆਂ ਸਾਰੀਆਂ ਚੀਜ਼ਾਂ ਵਿਚੋਂ ਇੱਕ ਓਹਾ ਡੱਬੀ ਹੀ ਸੀ। ਪਤਾ ਨਹੀਂ ਉਹ ਕਿੰਨਾ-ਕੁ ਚਿਰ ਇਸ ਹਾਲਤ ਵਿੱਚ ਪਈ ਰਹੀ।

ਉਹ ਹੰਭਲਾ ਮਾਰ ਕੇ ਉਠੀ, ਤੇ ਸੰਦੂਕ ਖੋਲ੍ਹ ਕੇ ਓਹਾ ਡੱਬੀ ਭਾਲਣ ਲੱਗੀ। ਪਲ-ਕੁ ਪਿੱਛੋਂ ਉਹ ਅੱਧੇ-ਕੁ ਤੋਲੇ ਦੀ ਕਾਲੀ ਜਿਹੀ ਡਲੀ ਨੂੰ ਪਾਣੀ ਵਿੱਚ ਘੋਰ ਰਹੀ ਸੀ। ਪਾਣੀ ਦਾ ਰੰਗ ਗਾੜ੍ਹਾ ਕਾਲਾ ਹੁੰਦਾ ਜਾਂਦਾ ਸੀ ਤੇ ਉਸ ਤੋਂ ਵਧੇਰੇ ਉਹਦਾ ਆਪਣਾ। ਅਫ਼ੀਮ ਦੀ ਡਲੀ ਖੁਰ ਗਈ ਸੀ, ਪਰ ਉਹ ਅਜੇ ਵੀ ਪਾਣੀ ਵਿੱਚ ਹੱਥ ਮਾਰ ਰਹੀ ਸੀ। ਚੰਦ੍ਰਮਾ ਦੇ ਮਧਮ ਜਿਹੇ ਚਾਨਣ ਵਿੱਚ, ਜੋ ਤਖ਼ਤਿਆਂ ਦੀਆਂ ਝੀਤਾਂ ਥਾਣੀ ਅੰਦਰ ਆ ਰਿਹਾ ਸੀ, ਉਹ ਟਿਕ ਬਧੀ ਉਸ ਗਾੜ੍ਹੇ ਕਾਲੇ ਪਾਣੀ ਵੱਲੋ ਵੇਖ ਰਹੀ ਸੀ। ਪਾਣੀ ਠੰਢਾ ਸੀ, ਪਰ ਉਹਨੂੰ ਉਸ ਵਿਚੋਂ ਧੂੰਆਂ ਉਠਦਾ ਨਜ਼ਰ ਆ ਰਿਹਾ ਸੀ, ਜਿਵੇਂ ਉਹ ਅੱਗ ਉੱਤੇ ਉਬਾਲੇ ਖਾ ਰਿਹਾ ਹੁੰਦਾ ਹੈ। ਸ਼ਾਇਦ ਢਾਈ ਤਿੰਨ ਸਾਲ ਪਹਿਲਾਂ ਦੀ ਕੋਈ ਯਾਦ ਉਹਦੇ ਸਾਮ੍ਹਣੇ ਨੱਚ ਰਹੀ ਸੀ।

ਉਹਨੇ ਦੋਹਾਂ ਹੱਥਾਂ ਨਾਲ ਛੰਨੇ ਨੂੰ ਇਉਂ ਚੁੱਕਿਆ, ਜਿਵੇਂ ਕੋਈ ਬਹੁਤ ਭਾਰੀ ਚੀਜ਼ ਹੁੰਦੀ ਹੈ। ਉਹ ਛੰਨਾ ਮੂੰਹ ਕੋਲ ਲੈ ਗਈ ਤੇ ਉਹਨੂੰ ਭਾਸਣ ਲੱਗਾ ਜਿਵੇਂ ਕੋਈ ਉਹਦੇ ਹੱਥੋਂ ਛੰਨਾ ਖੋਹ ਰਿਹਾ ਹੈ, ਦੂਰ ਸੁੱਟ ਕੇ ਤੋੜ ਦੇਣ ਵਾਸਤੇ। ਉਹ ਵੇਖ ਰਹੀ ਸੀ ਕਿ ਛੰਨਾ ਸਾਮ੍ਹਣੇ ਥੱਥਰੀ ਥੱਥਰੀ ਹੋਇਆ ਪਿਆ ਹੈ ਤੇ ਅਫ਼ੀਮ ਭੋਇੰ 'ਤੇ ਡੁਲ੍ਹੀ ਪਈ ਹੈ, ਪਰ ਉਹਦੀ ਹੈਰਾਨੀ ਦੀ ਹੱਦ ਨਾ ਰਹੀ ਜਾਂ ਉਹਨੇ ਓਹਾ ਜ਼ਹਿਰ ਦਾ ਪਿਆਲਾ ਆਪਣੇ ਮੂੰਹ ਨਾਲ ਲੱਗਾ ਹੋਇਆ ਵੇਖਿਆ। ਉਹਦੇ ਮੱਥੇ ਉੱਤੇ ਡੂੰਘੀਆਂ ਤਿਉੜੀਆਂ ਪਈਆਂ ਹੋਈਆਂ ਸਨ ਤੇ ਅੱਖਾਂ ਬੰਦ। ਫਿਰ ਵੀ ਉਹ ਸਭ ਕੁਛ ਵੇਖ ਰਹੀ ਸੀ। ਅਫ਼ੀਮ ਦੀ ਇਕ ਘੁੱਟ ਹੀ ਅੰਦਰ ਗਈ ਸੀ ਜਾਂ ਉਹਦਾ ਸਿਰ ਚਕਰਾਉਣ ਲੱਗ ਪਿਆ। ਸ਼ਾਇਦ ਇਹ ਅਜੇ ਜ਼ਹਿਰ ਦਾ ਨਹੀਂ, ਵਹਿਮ ਦਾ ਅਸਰ ਸੀ। ਉਹਨੇ ਛੰਨਾ ਫਿਰ ਭੋਇੰ 'ਤੇ ਰੱਖ ਦਿੱਤਾ ਤੇ ਉਠ ਕੇ ਅੰਦਰ ਟਹਿਲਣ ਲੱਗ ਪਈ। ਉਹਦਾ ਸੰਘ ਕੁੜੱਤਣ ਨਾਲ ਸੜ ਰਿਹਾ ਸੀ, ਤੇ ਰਗਾਂ ਮਿਲ ਰਹੀਆਂ ਸਨ। ਸਾਹ ਬੜਾ ਔਖਾ

ਆਉਂਦਾ ਸੀ, ਜਿਵੇਂ ਦਿਲ ਦੀ ਹਰਕਤ ਬੰਦ ਹੁੰਦੀ ਜਾ ਰਹੀ ਸੀ। ਉਹਨੂੰ ਇਉਂ ਭਾਸਣ ਲੱਗਾ, ਜਿਵੇਂ ਹੋਸ਼ ਹਵਾਸ ਪਿੱਛਾ ਦਿੱਤੀ ਜਾ ਰਹੇ ਹਨ। ਉਹ ਖਲੋਤੀ ਖਲੋਤੀ ਕੰਬਣ ਲੱਗ ਪਈ। ਤੁਰਦਿਆਂ-ਤੁਰਦਿਆਂ ਉਹਦੇ ਥੰਮ੍ਹ ਖਿੜਕਣ ਲੱਗ ਪਏ। ਉਹ ਸਾਰਾ ਜ਼ੋਰ ਲਾ ਕੇ ਅੱਖਾਂ ਉਘੇੜਨ ਦਾ ਯਤਨ ਕਰ ਰਹੀ ਸੀ, ਪਰ ਛੱਪਰ ਮੱਲੋ-ਮੱਲੀ ਮਿਲਦੇ ਜਾਂਦੇ ਸਨ। ਉਹਨੇ ਆਪਣਾ-ਆਪ ਬੇ-ਕਾਬੂ ਹੁੰਦਾ ਵੇਖਿਆ ਤਾਂ ਉਹ ਆਖ਼ਰੀ ਹੱਲਾ ਕਰਕੇ ਫਿਰ ਓਸੇ ਛੰਨੇ ਕੋਲ ਆ ਬੈਠੀ। ਉਹਨੇ ਐਦਕੀਂ ਛੰਨਾ ਚੁਕਿਆ ਤਾਂ ਉਹ ਫੁੱਲ ਨਾਲੋਂ ਵੀ ਹੌਲਾ ਸੀ। ਇਕੋ ਝੀਕ ਨਾਲ ਉਹ ਸਾਰਾ ਜ਼ਹਿਰ ਪੀ ਗਈ। ਇਸ ਵਾਰ ਉਹਨੂੰ ਉਹ ਕੌੜਾ ਨਹੀਂ ਲੱਗਾ, ਤੇ ਜਾਂ ਉਸ ਵਿੱਚ ਰਸ ਦੀ ਪਛਾਣ ਸ਼ਕਤੀ ਹੀ ਨਹੀਂ ਰਹਿ ਗਈ ਸੀ। ਉਹ ਓਵੇਂ ਉਠ ਖਲੋਤੀ। ਦੋਹਾਂ ਹੱਥਾਂ ਵਿੱਚ ਫੜਿਆ ਹੋਇਆ ਖ਼ਾਲੀ ਛੰਨਾ ਉਹ ਸਿਰੋਂ ਉੱਚਾ ਲੈ ਗਈ, ਤੇ ਫਿਰ ਸਾਰੇ ਜ਼ੋਰ ਨਾਲ ਉਹਨੂੰ ਭੋਇੰ 'ਤੇ ਪਟਕਾ ਮਾਰਿਆ। ਕਿਸੇ ਖ਼ਾਲੀ ਜੀਵਨ ਵਾਂਗ ਉਹ ਖ਼ਾਲੀ ਭਾਂਡਾ ਵੀ ਫ਼ਰਸ਼ 'ਤੇ ਵੱਜ ਕੇ ਟੁਕੜੇ-ਟੁਕੜੇ ਹੋ ਗਿਆ। ਉਹਦੇ ਟੁੱਟਣ ਦੀ ਕਰੁਣਾ-ਮਈ 'ਵਾਜ ਅੰਦਰ ਬਾਹਰ ਗੂੰਜ ਉਠੀ। ਨਾਲ ਹੀ ਚੰਦੋ ਉੱਚੀ-ਉੱਚੀ ਖਿੜ-ਖਿੜਾ ਕੇ ਹੱਸ ਪਈ। ਉਹਦਾ ਹਾਸਾ ਉਹਦੇ ਆਪਣੇ ਜੀਵਨ ਵਾਂਗ ਫਿੱਕਾ ਤੇ ਮੌਤ ਵਰਗਾ ਡਰਾਉਣਾ ਸੀ। ਉਹ ਬੇਤਹਾਸ਼ਾ ਹੱਸੀ ਜਾ ਰਹੀ ਸੀ। ਮਨਜੀਤ—ਜੋ ਮੰਜੇ ਤੋਂ ਥੱਲੇ ਲੱਤਾਂ ਲਮਕਾਈ ਬੈਠੀ, ਕਿਸੇ ਡੂੰਘੀ ਸੋਚ ਵਿੱਚ ਡੁੱਬੀ ਹੋਈ ਸੀ—ਸੁਣ ਕੇ ਡਰ ਗਈ। ਘਬਰਾਈ ਹੋਈ ਉਹ ਅੰਦਰ ਨੂੰ ਉੱਠ ਭੱਜੀ। ਵੱਜੇ ਹੋਏ ਬੂਹੇ ਨੂੰ ਸਾਰੇ ਜ਼ੋਰ ਨਾਲ ਖੜਕਾਉਂਦੀ ਹੋਈ ਉਹ 'ਮਾਂ ਜੀ, ਮਾਂ ਜੀ' ਕਰ ਕੇ ਉੱਚੀ-ਉੱਚੀ 'ਵਾਜਾਂ ਮਾਰਨ ਲੱਗੀ। ਚੰਦੋ ਦੇ ਹਾਸੇ ਵਾਂਗ ਮਨਜੀਤ ਦੀਆਂ ਵਾਜਾਂ ਵੀ ਏਨੀਆਂ ਉੱਚੀਆਂ ਸਨ, ਜਿਵੇਂ ਕਿਸੇ ਦੂਰ ਖਲੋਤੇ ਨੂੰ ਬੁਲਾਉਣ ਵਾਸਤੇ ਹੁੰਦੀਆਂ ਹਨ। ਬਾਹਰ ਦਾ ਰੌਲਾ ਸੁਣ ਕੇ ਚੰਦੋ ਨੇ ਬੜੇ ਠਰ੍ਹੰਮੇ ਨਾਲ ਅੱਗੋਂ ਪੁੱਛਿਆ, "ਕੌਣ ਏਂ ਤੂੰ ?" ਉਹਦੀ 'ਵਾਜ ਭਾਰੀ ਹੋਈ ਹੋਈ ਸੀ ਤੇ ਰਗਾਂ ਵਿੱਚ ਅਫ਼ੀਮ ਬੋਲ ਰਹੀ ਸੀ।

"ਮਾਂ ਜੀ! ਛੇਤੀ ਬੂਹਾ ਖੋਲ੍ਹੋ। ਤੁਸਾਂ ਸਗੋਂ ਕੋਈ ਕਾਰਾ ਤਾਂ ਨਹੀਂ ਕਰ ਲਿਆ ?"

"ਕਾਰਾ ? ਕਿਹਾ ਕਾਰਾ ?"

"ਮਾਂ ਜੀ !" ਮਨਜੀਤ ਨੇ ਸੰਘ ਪਾੜ ਕੇ ਕਿਹਾ, ਤੇ ਸਾਰੇ ਜ਼ੋਰ ਦਾ ਬੂਹਾ ਖੜਕਾਇਆ।

"ਮਾਂ ਜੀ ? ਕੌਣ ਮਾਂ ਜੀ ? ਕਿਹੜੀ ਏ ਤੇਰੀ ਮਾਂ ਜੀ ?" ਚੰਦੋ ਦਾ ਗਿਆਨ ਸ਼ਕਤੀ ਨੂੰ ਜ਼ਹਿਰ ਆਪਣੇ ਅਸਰ ਹੇਠ ਦਬਾਈ ਜਾ ਰਿਹਾ ਸੀ।

ਇਹ ਰੌਲਾ ਸੁਣ ਕੇ ਕੁਲਵੰਤ ਵੀ ਉਠ ਬੈਠਾ ਤੇ ਡਰ ਕੇ ਰੋਣ ਲੱਗ ਪਿਆ।

"ਮਾਂ ਜੀ ! ਡਰ ਕੇ ਕਾਕਾ ਰੋ ਪਿਆ ਜੇ। ਛੇਤੀ ਬੂਹਾ ਖੋਲ੍ਹੋ।"

"ਕਾਕਾ ? ਕੀਹਦਾ ਕਾਕਾ ? ਕੌਣ ਏਂ ਤੂੰ ਕਾਕੇ ਵਾਲੀ ? ਮੇਰਾ ਬੂਹਾ ਕਿਉਂ ਖੜਕਾਉਨੀ ਏਂ? ਮੈਂ ਤੁਹਾਡੇ ਸਭ ਦੇ ਚਾਲੇ ਜਾਣਦੀ ਆਂ। ਚਲੀ ਜਾ ਏਥੋਂ ਫਫੇ-


WWW.SIKHBOOKCLUB.COM 

ਕੁਟਣੇ, ਨਹੀਂ ਤਾਂ ਮੈਂ ਕੱਚੀ ਖਾ ਜਾਊਂਗੀ।" ਚੰਦੋ ਇਸ ਵੇਲੇ ਪੂਰੀ ਪਾਗਲ ਹੋ ਚੁੱਕੀ ਸੀ। ਉਹਨੂੰ ਆਪਣੇ-ਆਪ ਦੀ ਕੋਈ ਸੋਝੀ ਨਹੀਂ ਸੀ। ਬੇ-ਲੋੜੇ ਹੀ ਉਹ ਕਈ ਗੱਲਾਂ ਕਹਿ ਗਈ ਸੀ।

ਮਨਜੀਤ ਡਰ ਕੇ ਛੇਤੀ ਨਾਲ ਬੂਹੇ ਤੋਂ ਪਿਛਾਂਹ ਹਟ ਗਈ। ਉਹ ਭੈ-ਭੀਤ ਹੋਈ-ਹੋਈ ਕੁਛ ਚਿਰ ਕੁਛ ਵੀ ਨਾ ਸੋਚ ਸਕੀ। ਉਹਨੂੰ ਯਕੀਨ ਹੋ ਰਿਹਾ ਸੀ ਕਿ ਚੰਦੋ ਨੇ ਕੋਈ ਮਾਰੂ ਕਾਰਾ ਕਰ ਲਿਆ ਹੈ। ਜ਼ਰਾ ਹੌਸਲਾ ਕਰਕੇ ਉਹਨੇ ਫੇਰ ਬੂਹਾ ਖੜਕਾਇਆ ਤੇ ਬੜੇ ਤਰਲੇ ਨਾਲ ਕਿਹਾ, "ਮਾਂ ਜੀ! ਮੇਰੇ ਵਾਸਤੇ ਨਹੀਂ ਤਾਂ ਤੁਸੀਂ ਆਪਣੇ ਪੁੱਤਰ ਸਦਕਾ ਹੀ ਬੂਹਾ ਖੋਲ੍ਹੋ।"

ਕੋਈ ਭੁੱਲੀ ਹੋਈ ਗੱਲ ਯਾਦ ਕਰਕੇ ਚੰਦੋ ਅੰਦਰੋਂ ਬੋਲੀ, "ਪੁੱਤਰ, ਮੇਰਾ ਪੁੱਤਰ? ਸੂਰਤ ? ਕਿੱਥੇ ਆ ਉਹ ? ਉਹ ਤਾਂ ਮਰ....ਅਗਲੇ ਜਹਾਨ....ਅਹੁ ਵੇਖਾਂ, ਉਹ ਮੈਨੂੰ 'ਵਾਜਾਂ ਮਾਰ ਰਿਹਾ। ਮੈਂ ਓਸੇ ਕੋਲ ਜਾ ਰਹੀ ਹਾਂ। ਹੋਰ ਮੈਨੂੰ ਕਿਸੇ ਦੀ ਲੋੜ ਨਹੀਂ।"

"ਮੈਂ ਆਹਨੀ ਆਂ, ਬੂਹਾ ਖੋਲ੍ਹੋ। ਕੁਲਵੰਤ ਡਾਡਾਂ ਮਾਰਨ ਲੱਗਾ ਹੋਇਆ ਏ।" ਮਨਜੀਤ ਨੇ ਸਾਰੇ ਤਾਣ ਨਾਲ ਬੂਹਾ ਭੰਨਦਿਆਂ ਡਡਿਆ ਕੇ ਕਿਹਾ।

"ਕੁਲਵੰਤ?" 'ਵਾਜ ਨੂੰ ਲੰਮੀ ਖਿੱਚ ਕੇ ਚੰਦੋ ਨੇ ਕਿਹਾ, ਜਿਵੇਂ ਕੁਛ ਭੁੱਲਿਆ ਹੋਇਆ ਚੇਤੇ ਆਇਆ ਹੋਵੇ। "ਕੁਲਵੰਤ ਹੁਣ ਤੇਰਾ ਏ।" ਕੁਛ ਚਿਰ ਚੁੱਪ ਰਹਿ ਕੇ ਉਹ ਫਿਰ ਬੋਲੀ, "ਮੇਰਾ ਕੋਈ ਕੁਲਵੰਤ ਨਹੀਂ। ਮੇਰਾ ਸੂਰਤ ਸੀ, ਤੇ ਮੈਂ ਦਿਨ ਚੜ੍ਹਦੇ ਨੂੰ ਉਹਦੇ ਕੋਲ ਅਪੜੀ ਹੋਵਾਂਗੀ। ਹਾ-ਹ-ਹਾ-ਹ-ਹਾ।" ਏਨੇ ਜ਼ੋਰ ਦੀ ਉਹ ਹੱਸੀ ਕਿ ਉਹਦਾ ਸਾਹ ਉਲਟ ਗਿਆ ਤੇ ਉਹ ਬੇਹੋਸ਼ ਹੋ ਕੇ ਧੰੜਮ ਭੋਇੰ 'ਤੇ ਡਿੱਗ ਪਈ।

ਮਨਜੀਤ ਦਾ ਆਪਣਾ-ਆਪ ਬੇਕਾਬੂ ਹੋ ਗਿਆ। ਉਹਨੇ ਬੂਹੇ ਨੂੰ ਏਨੇ ਜ਼ੋਰ ਦੀ ਧੱਕਾ ਮਾਰਿਆ ਕਿ ਉਹ ਚੋਪਟ ਲਹਿ ਗਿਆ। ਅੰਦਰਲੇ ਕੁੰਡੇ ਦੀ ਇਕ ਘੁੰਡੀ ਚਰੋਕਣੀ ਤਿੜਕੀ ਹੋਈ ਸੀ ਜੋ ਏਸ ਧੱਕੇ ਨਾਲ ਟੁੱਟ ਕੇ ਦੂਰ ਜਾ ਪਈ। ਮਨਜੀਤ ਚੰਦੋ ਦੇ ਉੱਤੇ ਜਾ ਡਿੱਗੀ। ਦੋਹਾਂ ਹੱਥਾਂ ਨਾਲ ਉਹਨੂੰ ਹਿਲਾ ਕੇ ਉਹ 'ਮਾਂ ਜੀ, ਮਾਂ ਜੀ' ਕਹਿ ਕੇ ਪੁਕਾਰਨ ਲੱਗੀ। ਚੰਦੋ ਦੀ ਸੁਰਤ ਨੇ ਥੋੜ੍ਹਾ ਜਿਹਾ ਮੋੜਾ ਖਾਧਾ ਤੇ ਉਹ ਬੁੜ-ਬੁੜਾਉਣ ਲੱਗੀ, "ਸੂਰਤ ! ਪੁੱਤਰ, ਮੈਂ ਹੁਣ ਤੈਨੂੰ ਮਾਂ-ਮਹਿੱਟਰ ਨਹੀਂ ਹੋਣ ਦਿਆਂਗੀ। ਮੇਰੇ ਸਾਮ੍ਹਣੇ...ਤੂੰ....ਰੋਇਆ ਨਾ ਕਰ। ਮੈਂ.....ਮੈਂ.....।"

"ਮਾਂ ਜੀ! ਹੋਸ਼ ਕਰੋ ਖਾਂ ! ਤੁਹਾਨੂੰ ਕੀ ਹੋ ਗਿਆ ਏ?"

ਚੰਦੋ ਨੂੰ ਮਨਜੀਤ ਦੀ ਨਹੀਂ, ਇਹ 'ਵਾਜ ਸੂਰਤ ਦੀ ਮਾਲੂਮ ਹੋ ਰਹੀ ਸੀ। ਉਹ ਆਪਣੇ ਵੱਲੋਂ ਸੂਰਤ ਨਾਲ ਗੱਲਾਂ ਕਰ ਰਹੀ ਸੀ। ਉਹਦੀ ਗੱਲ ਦੀ ਹੁਣ ਪੂਰੀ ਸਮਝ ਨਹੀਂ ਸੀ ਆਉਂਦੀ। ਉਹ ਹੌਲੀ ਹੌਲੀ ਟੁਟਵੀਂ ਸੁਰ ਵਿੱਚ ਕਹਿ ਰਹੀ ਸੀ! "ਸੂਰਤ! 'ਮੈਂ......ਡੱਡੀਏ! ਫੀਮ....ਫੀਮ ਖਾ...ਲਈ ਏ। ਮੈਂ ਤੈਨੂੰ....ਤੈਂ ....।"

ਓਸ ਦੀਆਂ ਰਗਾਂ ਮਿਲ ਗਈਆਂ ਸਨ। ਸਾਰੇ ਜ਼ੋਰ ਨਾਲ ਉਹ ਮੂੰਹੋਂ ਕੁਛ ਕਹਿਣਾ ਚਾਹੁੰਦੀ ਸੀ, ਪਰ ਵਾਜ ਸੰਘੋਂ ਬਾਹਰ ਨਹੀਂ ਸੀ ਨਿਕਲਦੀ। ਉਹਦੇ ਲੂੰ ਲੂੰ


WWW.SIKHBOOKCLUB.COM

ਵਿੱਚ ਜ਼ਹਿਰ ਰਚ ਚੁੱਕਾ ਸੀ। ਉਹਦਾ ਦਿਲ ਵਢੀਦਾ ਸੀ ਪਿਆ। ਉਹਦੇ ਸਾਰੇ ਸਰੀਰ ਨੂੰ ਖੋਹਾ-ਤੋੜੀ ਲੱਗੀ ਹੋਈ ਸੀ। ਉਹ ਲੱਤਾਂ ਬਾਂਹੀਂ ਚੁੱਕ-ਚੁੱਕ ਕੇ ਭੋਇੰ 'ਤੇ ਮਾਰ ਰਹੀ ਸੀ। ਉਹਦਾ ਏਸ ਤਰ੍ਹਾਂ ਤੜਫਣਾ ਵੇਖ ਕੇ ਮਨਜੀਤ ਦਾ ਦਿਲ ਟੋਟੇ ਹੋ ਰਿਹਾ ਸੀ। ਉਹ ਉੱਚੀ-ਉੱਚੀ ਰੋਣਾ ਚਾਹੁੰਦੀ ਸੀ, ਪਰ ਉਹਨੂੰ ਰੋਣ ਆਉਂਦਾ ਨਹੀਂ ਸੀ। ਏਨੇ ਨੂੰ ਰੋਂਦਾ-ਰੋਂਦਾ ਕੁਲਵੰਤ ਵੀ ਕੋਲ ਆ ਖਲੋਤਾ। ਮਨਜੀਤ ਦਾ ਵੇਖ ਕੇ ਰੋਣ ਨਿਕਲ ਗਿਆ। ਉਹਨੇ ਕੁਲਵੰਤ ਨੂੰ ਫੜ ਕੇ ਚੰਦੋ ਦੀ ਹਿੱਕ 'ਤੇ ਪਾ ਦਿੱਤਾ। ਉਹ ਦੋਵੇਂ ਦਿਉਰ-ਭਰਜਾਈ ਰੋ ਰਹੇ ਸਨ, ਤੇ ਚੰਦੋ ਅੱਖਾਂ ਪਾੜ ਕੇ ਉਹਨਾਂ ਵੱਲ ਵੇਖ ਰਹੀ ਸੀ। ਕੁਲਵੰਤ ਨੂੰ ਛਾਤੀ 'ਤੇ ਪਿਆ ਵੇਖ ਕੇ ਉਹਦੀ ਹੋਸ਼ ਨੇ ਕੁਛ ਮੋੜਾ ਖਾਧਾ, ਜਾਂ ਉਹਨੇ ਧੱਕੋ ਧੱਕੀ ਕੁਛ ਚਿਰ ਵਾਸਤੇ ਹੋਸ਼ ਨੂੰ ਫਿਰ ਪਰਤਾ ਲਿਆਂਦਾ। ਉਹਦੇ ਬੁੱਲ੍ਹ ਥੋੜ੍ਹੇ-ਥੋੜ੍ਹੇ ਹਿੱਲੇ, ਜਿਵੇਂ ਕੁਛ ਕਹਿਣ ਲੱਗੀ ਹੋਵੇ। ਉਹਨੇ ਕੁਛ ਕਿਹਾ ਵੀ, ਪਰ ਸੁਣਿਆ ਨਹੀਂ ਗਿਆ। ਉਹਨੇ ਮਰਦੇ ਜਾਂਦੇ ਹੱਥਾਂ ਨੂੰ ਸਾਰੇ ਜ਼ੋਰ ਨਾਲ ਚੁੱਕਿਆ ਤੇ ਆਪਣੀ ਹਿੱਕ 'ਤੇ ਲਿਆਂਦਾ। ਇਕ ਹੱਥ ਵਿੱਚ ਉਹਨੇ ਮਨਜੀਤ ਦੀ ਬਾਂਹ ਫੜੀ ਤੇ ਇਕ ਵਿੱਚ ਕੁਲਵੰਤ ਦੀ। ਉਹ ਦੋਹਾਂ ਹੱਥਾਂ ਨੂੰ ਨੇੜੇ ਕਰਨ ਲੱਗੀ, ਪਰ ਏਨੀ ਉਸ ਵਿੱਚ ਹੁਣ ਸੱਤਿਆ ਬਾਕੀ ਨਹੀਂ ਸੀ। ਉਹ ਕੁਲਵੰਤ ਦੀ ਬਾਂਹ ਮਨਜੀਤ ਦੇ ਹੱਥ ਦੇ ਕੇ ਉਹਨੂੰ ਉਹਦੀ ਸੌਂਪਣਾ ਕਰਨਾ ਚਾਹੁੰਦੀ ਸੀ। ਅਣਪੁੱਜੀਆਂ ਰੀਝਾਂ ਵਾਲੀ ਦੀ ਇਹ ਸੱਧਰ ਵੀ ਹਸਰਤ ਬਣ ਕੇ ਰਹਿ ਗਈ। ਉਹਦੀ ਹਿੱਕੋਂ ਘਰੜ-ਘਰੜ ਦੀ 'ਵਾਜ ਆਈ, ਉਹ ਜ਼ੋਰ ਨਾਲ ਖੰਘੀ ਤੇ ਉਹਦੇ ਅੰਦਰੋਂ ਲੱਪ-ਕੁ ਲਹੂ ਬਾਹਰ ਆ ਪਿਆ। ਉਹਦੀਆਂ ਅੱਖਾਂ ਨਸ਼ੇ ਦੇ ਭਾਰ ਨਾਲ ਫਿਰ ਮੀਟੀਆਂ ਗਈਆਂ। ਮਨਜੀਤ ਨੇ ਉਹਦੀ ਹਿੱਕ ਤੋਂ ਕੁਲਵੰਤ ਨੂੰ ਚੁੱਕ ਲਿਆ, ਤੇ ਉੱਚੀ-ਉੱਚੀ ਚੀਕਾਂ ਮਾਰਨ ਲੱਗ ਪਈ।

ਪੂਰੇ ਦੋ ਘੰਟੇ ਚੰਦੋ ਬੇਹੋਸ਼ ਤੜਫਦੀ ਰਹੀ। ਉਹਦੇ ਮੂੰਹ ਤੇ ਨਾਸਾਂ ਵਿਚੋਂ ਲਹੂ ਵਗ ਰਿਹਾ ਸੀ ਤੇ ਉਹ ਕਤਲ ਕੀਤੇ ਹੋਏ ਬੱਕਰੇ ਵਾਂਗ ਲੱਤਾਂ ਬਾਹੀਂ ਮਾਰ ਰਹੀ ਸੀ। ਉਹਦਾ ਘਰ ਆਂਢਣਾਂ ਗੁਆਂਢਣਾਂ ਨਾਲ ਭਰਿਆ ਹੋਇਆ ਸੀ। ਵੇਖਣ ਵਾਲੇ ਉਹਦੀ ਇਹ ਤਰਸਯੋਗ ਹਾਲਤ ਵੇਖ ਕੇ ਹੰਝੂ ਕੇਰ ਰਹੇ ਸਨ ਤੇ ਰੱਬ ਅੱਗੇ ਅਰਦਾਸ ਕਰ ਰਹੇ ਸਨ ਕਿ ਉਸ ਦੀ ਛੇਤੀ ਖ਼ਲਾਸੀ ਹੋਵੇ। ਅੰਤ ਮੌਤ ਨੂੰ ਉਸ ਦੁਖਿਆਰਨ ਉਤੇ ਦਇਆ ਆ ਗਈ ਤੇ ਉਹਨੇ ਉਸ ਨੂੰ ਆਪਣੀ ਵਿਸ਼ਾਲ ਗੋਦੀ ਵਿੱਚ ਲੈ ਲਿਆ।

ਕਾਦੀ ਵਿੰਡ (ਕਸੂਰ)
੪-੪-੧੯੪੭

ਸੋਹਣ ਸਿੰਘ
'ਸੀਤਲ'

---



ਸੋਹਣ ਸਿੰਘ ਸੀਤਲ

ਲਾਹੌਰ ਬੁੱਕ ਸ਼ਾਪ
ਲੁਧਿਆਣਾ

WWW.SIKHBOOKCLUB.COM